Listing and Selling Homes
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763



COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587





Buy/Sell Real Estate
in Bay Area
Call: Jaideep Singh
Ph: 510-565-5250
Email: jaideeprealtor@gmail.com
I can help you every step of the way.
No Pressure, No Obligation.
DRE#02021283
Fluent in Punjabi and Hindi.



Twentieth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 16, April 20, 2019
20451 N. Plum Grove Rd., Palatine, IL 60074
Ph:847-359-0746, Fax:847-705-9388

## ਕੈਨੇਡਾ ਸਰਕਾਰ ਨੇ ਸਿੱਖਾਂ ਸਿਰੋਂ ਅਤਿਵਾਦ ਦਾ ਦਾਗ ਲਾਹਿਆ

**ਟੋਰਾਂਟੋ:** ਖਾਲਸਾ ਸਾਜਨਾ ਦਿਵਸ ਮੌਕੇ ਸਿੱਖਾਂ ਨੂੰ ਵੱਡੀ ਰਾਹਤ ਦਿੰਦਿਆਂ ਕੈਨੇਡਾ ਦੀ ਜਸਟਿਨ ਟਰੂਡੋ ਸਰਕਾਰ ਨੇ ਸਾਲ 2018 ਦੀ ਸਾਲਾਨਾ ਰਿਪੋਰਟ ਵਿਚੋਂ 'ਸਿੱਖ ਅਤਿਵਾਦ' ਸਬੰਧੀ ਹਵਾਲਾ ਹਟਾ ਦਿੱਤਾ ਹੈ। ਪਹਿਲਾਂ ਇਸ ਰਿਪੋਰਟ ਵਿਚ ਸਿੱਖ ਅਤਿਵਾਦ ਉਨ੍ਹਾਂ ਸਿਖਰਲੇ ਪੰਜ ਖਤਰਿਆਂ ਵਿਚ ਸ਼ਾਮਲ ਸੀ ਜਿਨ੍ਹਾਂ ਤੋਂ ਕੈਨੇਡਾ ਨੂੰ ਸਭ ਤੋਂ ਵੱਧ ਖਤਰਾ ਹੈ।

ਕੈਨੇਡਾ ਨੂੰ ਅਤਿਵਾਦ ਤੋਂ ਖਤਰੇ ਸਬੰਧੀ 2018 ਦੀ ਪਬਲਿਕ ਰਿਪੋਰਟ ਦਾ ਸੋਧਿਆ ਹੋਇਆ ਰੂਪ ਜਾਰੀ ਕੀਤਾ ਗਿਆ ਹੈ। ਰਿਪੋਰਟ ਵਿਚੋਂ ਭਾਰਤ ਵਿਚ ਹਿੰਸਕ ਢੰਗਾਂ ਨਾਲ ਆਜ਼ਾਦ ਦੇਸ਼ ਸਥਾਪਤ ਕਰਨ ਸਬੰਧੀ ਵੇਰਵਿਆਂ ਵਿਚੋਂ ਧਰਮ ਸਬੰਧੀ ਵੇਰਵੇ ਕੱਢ ਕੇ ਇਸ ਦੀ ਭਾਸ਼ਾ ਬਦਲ ਦਿੱਤੀ ਗਈ ਹੈ। ਇਸ ਵਿਚ ਦਰਜ ਵੇਰਵਿਆਂ ਅਨੁਸਾਰ, ਅਤਿਵਾਦੀ ਜੋ ਹਿੰਸਕ ਢੰਗ ਤਰੀਕਿਆਂ ਨਾਲ ਭਾਰਤ ਵਿਚ ਵੱਖਰਾ ਦੇਸ਼ ਸਥਾਪਤ ਕਰਨਾ ਚਾਹੁੰਦੇ ਹਨ, ਦਰਜ ਕਰ ਦਿੱਤਾ ਹੈ। ਅਤਿਵਾਦ ਸਬੰਧੀ ਸਾਲ 2018 ਦੀ ਰਿਪੋਰਟ ਜੋ ਪਹਿਲੀ ਵਾਰ ਦਸੰਬਰ 2018 ਵਿਚ ਰਿਲੀਜ਼ ਕੀਤੀ ਸੀ, ਵਿਚ ਕੈਨੇਡਾ ਨੂੰ ਸਭ ਤੋਂ ਵੱਧ ਪੰਜ ਖਤਰਿਆਂ ਵਿਚ ਸਿੱਖ ਅਤਿਵਾਦ ਦਾ ਜ਼ਿਕਰ ਆਉਣ ਕਾਰਨ ਸਿੱਖ ਭਾਈਚਾਰੇ ਵਿਚ ਰੋਸ ਦੀ ਲਹਿਰ ਪੈਦਾ ਹੋ ਗਈ ਸੀ।

ਬੀਤੇ ਸਾਲ 11 ਦਸੰਬਰ ਨੂੰ ਜਨਤਕ ਸੁਰੱਖਿਆ (ਪਬਲਿਕ ਸੇਫਟੀ) ਕੈਨੇਡਾ ਵਲੋਂ ਜਾਰੀ ਸਾਲਾਨਾ ਰਿਪੋਰਟ ਵਿਚ ਖਾਲਿਸਤਾਨ ਦੀ ਪ੍ਰਾਪਤੀ ਲਈ ਕੱਟੜ ਵਿਚਾਰਧਾਰਾ ਵਲਿਆਂ ਦੇ ਹਵਾਲੇ ਨਾਲ ਪੰਜ ਕੁ ਸਤਰਾਂ ਦਾ ਇਕ ਪੈਰਾ ਸ਼ਾਮਲ ਕੀਤਾ ਗਿਆ ਸੀ। ਪੈਰੇ ਦਾ ਸਿਰਲੇਖ 'ਸਿੱਖ (ਖਾਲਿਸਤਾਨੀ) ਕੱਟੜਵਾਦ' ਰੱਖਿਆ ਗਿਆ ਸੀ। ਉਸ ਰਿਪੋਰਟ ਵਿਚ ਸਪਸ਼ਟ ਲਿਖਿਆ ਗਿਆ ਸੀ ਕਿ ਖਾਲਿਸਤਾਨੀ ਅਤਿਵਾਦੀਆਂ ਵਲੋਂ 1985 ਵਿਚ ਏਅਰ ਇੰਡੀਆ ਬੰਬ ਕਾਂਡ ਵਿਚ 331 ਲੋਕ ਮਾਰੇ ਗਏ ਸਨ ਜੋ ਕੈਨੇਡਾ ਦੇ ਇਤਿਹਾਸ ਦੀ ਸਭ ਤੋਂ ਵੱਡੀ ਅਤਿਵਾਦੀ ਸਾਜ਼ਿਸ਼ ਸੀ। ਅਜਿਹੀ ਸੰਵੇਦਨਸ਼ੀਲ ਰਿਪੋਰਟ ਵਿਚ ਸਿੱਖ ਅਤੇ ਖਾਲਿਸਤਾਨੀ ਸ਼ਬਦ ਸ਼ਾਮਲ ਕੀਤੇ ਜਾਣ ਤੋਂ ਸਿੱਖਾਂ ਅੰਦਰ ਰੋਸ ਸੀ, ਕਿਉਂਕਿ ਉਸ ਪੈਰੇ ਤੋਂ ਪ੍ਰਭਾਵ ਅਜਿਹਾ ਮਿਲਦਾ ਸੀ ਕਿ ਸਾਰੇ ਸਿੱਖਾਂ ਤੋਂ ਕੈਨੇਡਾ ਨੂੰ ਖਤਰਾ ਹੈ। ਇਸ ਨਾਲ ਕੈਨੇਡਾ ਵਾਸੀ ਸਿੱਖਾਂ ਦੇ ਮਨਾਂ ਅੰਦਰ ਅਸੁਰੱਖਿਆ (ਨਸਲਵਾਦੀ ਹਮਲੇ ਦਾ ਸ਼ਿਕਾਰ ਹੋਣ) ਦੀ ਭਾਵਨਾ ਵਧੀ ਸੀ। ਕੈਨੇਡਾ ਵਿਚ ਡੇਢ ਦਰਜਨ ਸੰਸਦ ਮੈਂਬਰਾਂ ਅਤੇ ਸਰਕਾਰ ਵਿਚ ਚਾਰ ਸੀਨੀਅਰ ਸਿੱਖ ਕੈਬਨਿਟ ਮੰਤਰੀਆਂ ਦੇ ਹੁੰਦਿਆਂ ਸਿੱਖ ਕੌਮ ਦੇ ਅਕਸ ਨੂੰ ਠੇਸ ਪਹੁੰਚਾਉਣ ਵਾਲੀ ਇਸ ਰਿਪੋਰਟ ਦਾ ਵੱਡੇ ਪੱਧਰ

(ਬਾਕੀ ਸਫਾ 6 ਉਤੇ)



### ਕੈਪਟਨ ਵਲੋਂ ਫੈਸਲੇ ਦਾ ਵਿਰੋਧ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੈਨੇਡਾ ਸਰਕਾਰ ਵੱਲੋਂ ਮੁਲਕ ਨੂੰ ਅਤਿਵਾਦ ਤੋਂ ਖਤਰਿਆਂ ਬਾਰੇ ਜਾਰੀ ਕੀਤੀ ਗਈ ਰਿਪੋਰਟ ਵਿਚੋਂ ਗਰਮਖਿਆਲੀ ਸਿੱਖਾਂ ਸਬੰਧੀ ਸਾਰੇ ਵੇਰਵੇ ਹਟਾਏ ਜਾਣ ਦਾ ਵਿਰੋਧ ਕੀਤਾ ਹੈ। ਕੈਪਟਨ ਨੇ ਕਿਹਾ ਕਿ ਸਰਕਾਰ ਨੇ ਘਰੇਲੂ ਸਿਆਸੀ ਦਬਾਅ ਅੱਗੇ ਗੋਡੇ ਟੇਕ ਦਿੱਤੇ ਹਨ। ਇਹ ਕਦਮ ਭਾਰਤੀ ਅਤੇ ਆਲਮੀ ਸੁਰੱਖਿਆ ਲਈ ਖਤਰਾ ਹੈ। ਕੈਨੇਡਾ ਦੀ ਲਿਬਰਲ ਪਾਰਟੀ ਦੀ ਸਰਕਾਰ ਦਾ ਇਹ ਫੈਸਲਾ ਇਸ ਚੋਣ ਵਰ੍ਹੇ ਦੌਰਾਨ ਸਿਆਸੀ ਹਿੱਤਾਂ ਖਾਤਰ ਕੀਤਾ ਗਿਆ ਹੈ। ਇਸ ਫੈਸਲੇ ਨਾਲ ਭਾਰਤ ਅਤੇ ਕੈਨੇਡਾ ਦੇ ਰਿਸ਼ਤਿਆਂ 'ਤੇ ਗੰਭੀਰ ਪ੍ਰਭਾਵ ਪੈ ਸਕਦੇ ਹਨ।

## ਪੰਜਾਬ: ਤੀਜੇ ਫਰੰਟ ਲਈ ਰਾਹ ਮੁੜ ਖੁੱਲ੍ਹਿਆ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਦੇ ਐਨ ਮੌਕੇ ਪੰਜਾਬ ਦੀਆਂ ਰਵਾਇਤੀ ਧਿਰਾਂ ਦੇ ਟਾਕਰੇ ਲਈ ਗੱਠਜੋੜ ਲਈ ਮੁੜ ਲਾਮਬੰਦੀ ਸ਼ੁਰੂ ਹੋ ਗਈ ਹੈ। ਇਸ ਦੀ ਪਹਿਲ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਨੇ ਖਡੂਰ ਸਾਹਿਬ ਤੋਂ ਆਪਣੇ ਉਮੀਦਵਾਰ ਜਨਰਲ ਜੇ.ਜੇ. ਸਿੰਘ ਦਾ ਨਾਮ ਵਾਪਸ ਲੈ ਕੇ ਕੀਤੀ ਹੈ। ਟਕਸਾਲੀਆਂ ਨੇ ਖਡੂਰ ਸਾਹਿਬ ਤੋਂ ਬੀਬੀ ਪਰਮਜੀਤ ਕੌਰ ਖਾਲੜਾ ਦੀ ਹਮਾਇਤ ਕਰਨ ਦਾ ਐਲਾਨ ਕਰ ਦਿੱਤਾ ਹੈ।

ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦੇ ਜਨਰਲ ਸਕੱਤਰ ਕਰਨੈਲ ਸਿੰਘ ਪੀਰਮੁਹੰਮਦ ਨੇ ਸੁਖਪਾਲ ਖਹਿਰਾ ਨੂੰ ਅਪੀਲ ਕੀਤੀ ਕਿ ਹੁਣ ਉਹ ਵੀ ਫਰਾਖਦਿਲੀ ਦਿਖਾਉਂਦੇ ਹੋਏ ਪੰਜਾਬ ਭਰ ਵਿਚ ਟਕਸਾਲੀਆਂ ਦੇ ਮੁਕਾਬਲੇ ਆਪਣਾ ਕੋਈ ਉਮੀਦਵਾਰ ਖੜ੍ਹਾ ਨਾ ਕਰਨ। ਉਨ੍ਹਾਂ ਦਾ ਮੰਨਣਾ ਹੈ ਕਿ ਟਕਸਾਲੀ ਦਲ, ਪੰਜਾਬ ਏਕਤਾ ਪਾਰਟੀ ਸਮੇਤ ਸਾਰੀਆਂ ਹਮਖਿਆਲੀ ਪਾਰਟੀਆਂ ਨੂੰ ਪੰਜਾਬ ਵਿਚ ਤੀਜਾ ਫਰੰਟ ਬਣਾਉਣ ਲਈ ਨਵੇਂ ਸਿਰਿਉਂ ਸਾਂਝੇ ਉਪਰਾਲੇ ਕਰਨੇ ਚਾਹੀਦੇ ਹਨ।

ਜਨਰਲ ਜੇ.ਜੇ. ਸਿੰਘ ਦੀ ਨਾਮ ਵਾਪਸੀ ਤੋਂ ਬਾਅਦ ਪੰਜਾਬ ਵਿਚ ਨਵੇਂ ਸਿਰਿਉਂ ਤੀਜਾ ਫਰੰਟ ਬਣਨ ਦੇ ਆਸਾਰ ਬਣ ਗਏ ਹਨ। ਬੀਬੀ ਖਾਲੜਾ ਪੰਜਾਬ ਏਕਤਾ ਪਾਰਟੀ ਵਲੋਂ ਉਮੀਦਵਾਰ ਹਨ। ਇਸ ਤੋਂ ਬਾਅਦ ਹੋਰਾਂ ਧਿਰਾਂ ਨੂੰ ਵੀ ਬੀਬੀ ਖਾਲੜਾ ਖਿਲਾਫ ਖੜ੍ਹੇ ਕੀਤੇ ਉਮੀਦਵਾਰ ਵਾਪਸ ਲੈਣ ਦੀ ਅਪੀਲ ਕੀਤੀ ਗਈ ਹੈ। ਦੱਸ ਦਈਏ ਕਿ ਲੋਕ ਸਭਾ ਚੋਣਾਂ ਦੇ ਐਲਾਨ ਤੋਂ ਪਹਿਲਾਂ ਪੰਜਾਬ ਵਿਚ ਤੀਜੇ ਫਰੰਟ ਦੀ ਚਰਚਾ ਵੱਡੇ ਪੱਧਰ ਉਤੇ ਚੱਲੀ ਸੀ ਪਰ ਸੀਟਾਂ ਦੀ ਵੰਡ ਨੇ ਸਾਰੀ ਖੇਡ ਵਿਗਾੜ ਦਿੱਤੀ ਜਿਸ ਤੋਂ ਬਾਅਦ ਰਵਾਇਤੀ ਧਿਰਾਂ ਨੂੰ ਟੱਕਣ ਦੇਣ ਦੇ ਦਾਅਵੇ ਕਰਨ ਵਾਲੀਆਂ ਸਾਰੀਆਂ ਧਿਰਾਂ ਆਪਣੇ ਉਮੀਦਵਾਰ ਖੜ੍ਹੇ ਕਰਨ ਵਿਚ ਜੁਟ ਗਈਆਂ ਤੇ ਗੱਠਜੋੜ ਵਾਲਾ ਰਾਹ ਬਿਲਕੁਲ ਬੰਦ ਹੀ ਕਰ ਦਿੱਤਾ ਸੀ ਪਰ ਹੁਣ ਟਕਸਾਲੀਆਂ ਦੀ ਪਹਿਲ ਨਾਲ ਇਸ ਪਾਸੇ ਮੁੜ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ ਸਨ।

ਯਾਦ ਰਹੇ ਕਿ ਇਸ ਵਾਰ ਵਿਰੋਧੀ ਧਿਰਾਂ ਮੁੱਖ ਤੌਰ 'ਤੇ ਚਾਰ ਹਿੱਸਿਆਂ- ਪੰਜਾਬ ਜਮਹੂਰੀ ਗਠਜੋੜ (ਪੀ.ਡੀ.ਏ.), ਆਮ ਆਦਮੀ ਪਾਰਟੀ (ਆਪ), ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਅਤੇ ਸੀ.ਪੀ.ਆਈ. (ਐਮ.) ਵਿਚ ਵੰਡੀਆਂ ਗਈਆਂ ਹਨ। ਪੀ.ਡੀ.ਏ. ਵਿਚ 6 ਪਾਰਟੀਆਂ ਵਲੋਂ ਸ਼ਾਮਲ ਹੋ ਕੇ ਸਾਰੀਆਂ 13 ਸੀਟਾਂ 'ਤੇ ਚੋਣ ਲੜੀ ਜਾ ਰਹੀ ਹੈ ਜਿਨ੍ਹਾਂ ਵਿਚ ਮੁੱਖ ਤੌਰ 'ਤੇ ਬਹੁਜਨ ਸਮਾਜ ਪਾਰਟੀ (ਬਸਪਾ), ਬੈਂਸ ਭਰਾਵਾਂ ਦੀ ਲੋਕ ਇਨਸਾਫ ਪਾਰਟੀ ਅਤੇ ਸੁਖਪਾਲ ਖਹਿਰਾ ਦੀ ਪਾਰਟੀ ਵਲੋਂ 3-3 ਸੀਟਾਂ 'ਤੇ ਚੋਣ ਲੜੀ ਜਾ ਰਹੀ ਹੈ। ਨਵਾਂ ਪੰਜਾਬ ਪਾਰਟੀ ਦੇ ਮੋਢੀ ਤੇ 'ਆਪ' ਤੋਂ ਮੁਅੱਤਲ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਮੁੜ ਪਟਿਆਲਾ ਤੋਂ ਉਮੀਦਵਾਰ ਹਨ। ਇਸ ਗੱਠਜੋੜ ਵਿਚ ਸ਼ਾਮਲ ਪੰਜਵੀਂ ਪਾਰਟੀ ਸੀ.ਪੀ.ਆਈ.ਵਲੋਂ ਦੋ ਸੀਟਾਂ- ਅੰਮ੍ਰਿਤਸਰ ਤੋਂ ਦਸਵਿੰਦਰ ਕੌਰ ਤੇ ਫਿਰੋਜ਼ਪੁਰ ਤੋਂ ਹੰਸ ਰਾਜ ਗੋਲਡਨ ਨੂੰ ਉਮੀਦਵਾਰ ਐਲਾਨਿਆ ਗਿਆ ਹੈ। ਗੱਠਜੋੜ ਦੀ ਛੇਵੀਂ ਪਾਰਟੀ- ਮੰਗਤ ਰਾਮ ਪਾਸਲਾ ਦੀ ਆਰ.ਸੀ.ਪੀ.ਆਈ. ਗੁਰਦਾਸਪੁਰ ਤੋਂ ਲਾਲ ਚੰਦ ਕਟਾਰੂਚੱਕ ਨੂੰ ਚੋਣ ਲੜਾ ਰਹੀ ਹੈ।

ਦੂਜੀ ਮੁੱਖ ਵਿਰੋਧੀ ਪਾਰਟੀ 'ਆਪ' ਵੱਲੋਂ ਸਮੂਹ 13 ਸੀਟਾਂ ਉਤੇ ਇਕੱਲਿਆਂ ਚੋਣ ਲੜਨ ਦੇ ਦਾਅਵੇ ਕੀਤੇ ਜਾ ਰਹੇ ਹਨ। 'ਆਪ' ਨੇ ਪੀ.ਡੀ.ਏ. ਨਾਲ ਇਸ ਆਧਾਰ 'ਤੇ ਸਮਝੌਤਾ

(ਬਾਕੀ ਸਫਾ 6 ਉਤੇ)

Ad Space Available
Please Call
Ph: 847-359-0746

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & CATERING
Follow us on:
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com



# ਸ਼ਤਾਬਦੀ ਮੌਕੇ ਯਾਦਗਾਰੀ ਸਿੱਕਾ ਤੇ ਡਾਕ ਟਿਕਟ ਜਾਰੀ

## ਸਾਕਾ ਜਲ੍ਹਿਆਂਵਾਲਾ ਬਾਗ

**ਅੰਮ੍ਰਿਤਸਰ:** ਜਲ੍ਹਿਆਂਵਾਲਾ ਬਾਗ ਦੇ ਖੂਨੀ ਸਾਕੇ ਦੀ ਸ਼ਤਾਬਦੀ ਮੌਕੇ ਦੇਸ਼ ਦੇ ਉਪ ਰਾਸ਼ਟਰਪਤੀ ਐਮ. ਵੈਂਕਈਆ ਨਾਇਡੂ ਨੇ ਜਲ੍ਹਿਆਂਵਾਲਾ ਬਾਗ ਵਿਚ ਸ਼ਹੀਦੀ ਸਮਾਰਕ 'ਤੇ ਫੁੱਲਮਾਲਾ ਭੇਟ ਕਰਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਇਸ ਮੌਕੇ ਸ਼ਹੀਦਾਂ ਦੀ ਯਾਦ ਵਿਚ ਯਾਦਗਾਰੀ ਸਿੱਕਾ ਅਤੇ ਡਾਕ ਟਿਕਟ ਵੀ ਜਾਰੀ ਕੀਤੀ ਗਈ ਹੈ।

ਉਪ ਰਾਸ਼ਟਰਪਤੀ ਨੇ ਇਥੇ ਜਲ੍ਹਿਆਂਵਾਲਾ ਬਾਗ ਵਿਚ ਆਪਣੀ ਜਾਨ ਕੁਰਬਾਨ ਕੀਤੀ ਸੀ। ਉਹ ਇਥੇ ਆਉਣ ਮਗਰੋਂ ਜਿਥੇ ਗਮਗੀਨ ਮਹਿਸੂਸ ਕਰਦੇ ਹਨ, ਉਥੇ ਸ਼ਹੀਦਾਂ ਵੱਲੋਂ ਦਿੱਤੀ ਕੁਰਬਾਨੀ 'ਤੇ ਫਖਰ ਵੀ ਮਹਿਸੂਸ ਕਰਦੇ ਹਨ। ਉਨ੍ਹਾਂ ਕਿਹਾ ਕਿ ਇਤਿਹਾਸ ਸਾਨੂੰ ਆਪਣੀਆਂ ਸ਼ਹੀਦਾਂ ਦੀ ਯਾਦ ਵਿਚ ਯਾਦਗਾਰੀ ਸਿੱਕਾ ਅਤੇ ਡਾਕ ਟਿਕਟ ਜਾਰੀ ਕੀਤੀ। ਯਾਦਗਾਰੀ ਸਿੱਕਾ ਸੌ ਰੁਪਏ ਦਾ ਹੈ। ਇਸ ਮੌਕੇ ਇਥੇ ਐਲ.ਸੀ.ਡੀ. ਸਕਰੀਨ ਉਤੇ ਕੇਂਦਰ ਸਰਕਾਰ ਵੱਲੋਂ ਜਲ੍ਹਿਆਂਵਾਲਾ ਬਾਗ ਦੀ ਸੁੰਦਰਤਾ ਤੇ ਸਾਂਭ ਸੰਭਾਲ







ਬਾਗ ਦੀ 'ਯਾਤਰੂ ਕਿਤਾਬ' ਵਿਚ ਦਰਜ ਕੀਤੀਆਂ ਆਪਣੀਆਂ ਭਾਵਨਾਵਾਂ ਅਤੇ ਸੋਸ਼ਲ ਮੀਡੀਆ ਉਤੇ ਇਕ ਟਵੀਟ ਰਾਹੀਂ ਆਖਿਆ ਕਿ ਜਲ੍ਹਿਆਂਵਾਲਾ ਬਾਗ ਦਾ ਖੂਨੀ ਸਾਕਾ ਸਾਨੂੰ ਯਾਦ ਦਿਵਾਉਂਦਾ ਹੈ ਕਿ ਦੇਸ਼ ਦੀ ਆਜ਼ਾਦੀ ਲਈ ਕਿੰਨੀਆਂ ਕੁਰਬਾਨੀਆਂ ਦਿੱਤੀਆਂ ਗਈਆਂ ਸਨ। ਇਹ ਸ਼ਰਧਾਂਜਲੀ ਉਨ੍ਹਾਂ ਸਾਰੇ ਬੇਦੋਸ਼ੇ ਦੇਸ਼ ਵਾਸੀਆਂ ਨੂੰ ਹੈ, ਜਿਨ੍ਹਾਂ ਨੇ 1919 ਵਿਚ ਵਿਸਾਖੀ ਵਾਲੇ ਦਿਨ ਜਲ੍ਹਿਆਂਵਾਲਾ ਗਲਤੀਆਂ ਤੋਂ ਸਿੱਖਿਆ ਲੈਣ ਲਈ ਸੁਚੇਤ ਵੀ ਕਰਦਾ ਹੈ ਅਤੇ ਸਿਖਾਉਂਦਾ ਵੀ ਹੈ ਕਿ ਜ਼ੁਲਮ ਦੀ ਉਮਰ ਘੱਟ ਹੀ ਹੁੰਦੀ ਹੈ। ਉਨ੍ਹਾਂ ਨੇ ਦੇਸ਼ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਤਿਹਾਸ ਤੋਂ ਸਬਕ ਲੈ ਕੇ ਮਨੁੱਖਤਾ ਨੂੰ ਬਿਹਤਰ ਭਵਿੱਖ ਦੇਣ ਦੀ ਦਿਸ਼ਾ ਵੱਲ ਯਤਨ ਕਰਨ।

ਇਸ ਮੌਕੇ ਪ੍ਰਾਰਥਨਾ ਸਭਾ ਵਿਚ ਗੁਰਬਾਣੀ ਦੇ ਕੀਰਤਨ ਤੋਂ ਬਾਅਦ ਉਪ ਰਾਸ਼ਟਰਪਤੀ ਨੇ ਲਈ 19.21 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤੀ ਯੋਜਨਾ ਦੀ ਰੂਪ ਰੇਖਾ ਦਾ ਖੁਲਾਸਾ ਕੀਤਾ ਗਿਆ। ਇਸ ਤਹਿਤ 3-ਡੀ ਹਾਲ ਵਿਚ ਜਲ੍ਹਿਆਂਵਾਲਾ ਬਾਗ ਦੇ ਸਾਕੇ ਨੂੰ ਦਿਖਾਇਆ ਜਾਵੇਗਾ। ਸਮਾਰਕ ਦੀ ਮੁਰੰਮਤ ਕਰਕੇ ਇਸ ਦੇ ਆਲੇ ਦੁਆਲੇ ਦੀ ਦਿੱਖ ਨੂੰ ਸੁਧਾਰਿਆ ਜਾਵੇਗਾ। ਰਾਤ ਵੇਲੇ ਵੱਖ-ਵੱਖ ਭਾਸ਼ਾਵਾਂ ਵਿਚ ਲਾਈਟ ਐਂਡ ਸਾਊਂਡ ਸ਼ੋਅ ਚਲਾਇਆ ਜਾਵੇਗਾ।

## ਪ੍ਰਧਾਨ ਮੰਤਰੀ ਵੱਲੋਂ ਸ਼ਹੀਦਾਂ ਨੂੰ ਸ਼ਰਧਾਂਜਲੀਆਂ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਾਕਾ ਜਲ੍ਹਿਆਂਵਾਲਾ ਬਾਗ ਅੰਮ੍ਰਿਤਸਰ ਵਿਚ 13 ਅਪਰੈਲ 1919 ਨੂੰ ਵਿਸਾਖੀ ਵਾਲੇ ਦਿਨ ਅੰਗਰੇਜ਼ ਹਾਕਮਾਂ ਵੱਲੋਂ ਮਾਰੇ ਗਏ ਲੋਕਾਂ ਨੂੰ 100ਵੀਂ ਵਰ੍ਹੇਗੰਢ ਮੌਕੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਕੁਰਬਾਨੀ ਸਾਨੂੰ ਭਾਰਤ ਦੇ ਨਿਰਮਾਣ ਲਈ ਪ੍ਰੇਰਣਾ ਦਿੰਦੀ ਹੈ ਅਤੇ ਸਾਨੂੰ ਉਨ੍ਹਾਂ ਦੀ ਕੁਰਬਾਨੀ ਉਤੇ ਮਾਣ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਵੀਟ ਕੀਤਾ, 'ਅੱਜ ਅਸੀਂ ਸਾਕਾ ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਦੀ 100ਵੀਂ ਵਰ੍ਹੇਗੰਢ ਮਨਾ ਰਹੇ ਹਾਂ ਅਤੇ ਭਾਰਤ ਵਾਸੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਭੇਟ ਕਰਦੇ ਹਨ ਤੇ ਇਹ ਵਚਨਬੱਧਤਾ ਪ੍ਰਗਟਾਉਂਦੇ ਹਨ ਕਿ ਉਨ੍ਹਾਂ ਦੀ ਕੁਰਬਾਨੀ ਨੂੰ ਹਮੇਸ਼ਾਂ ਯਾਦ ਰੱਖਿਆ ਜਾਵੇਗਾ।'

## ਸ਼ਹੀਦਾਂ ਦੀਆਂ ਕੁਰਬਾਨੀਆਂ ਕਦੇ ਨਹੀਂ ਭੁਲਾਵਾਂਗੇ: ਰਾਹੁਲ

**ਅੰਮ੍ਰਿਤਸਰ:** ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸ਼ਹੀਦਾਂ ਪ੍ਰਤੀ ਆਪਣੀਆਂ ਭਾਵਨਾਵਾਂ ਜਲ੍ਹਿਆਂਵਾਲਾ ਬਾਗ ਵਿਚ ਯਾਤਰੂ ਕਿਤਾਬ ਵਿਚ ਦਰਜ ਕਰਦਿਆਂ ਉਨ੍ਹਾਂ ਲਿਖਿਆ ਕਿ ਦੇਸ਼ ਦੀ ਆਜ਼ਾਦੀ ਲਈ ਦਿੱਤੀਆਂ ਕੁਰਬਾਨੀਆਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਅਸੀਂ ਦੇਸ਼ ਦੇ ਉਨ੍ਹਾਂ ਸਾਰੇ ਲੋਕਾਂ ਨੂੰ ਸਲਾਮ ਕਰਦੇ ਹਾਂ, ਜਿਨ੍ਹਾਂ ਨੇ ਆਜ਼ਾਦੀ ਲਈ ਆਪਣਾ ਸਭ ਕੁਝ ਵਾਰ ਦਿੱਤਾ। ਉਨ੍ਹਾਂ ਨਾਲ ਸੂਬੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਮੰਤਰੀ ਅਤੇ ਵਿਧਾਇਕ ਸ਼ਾਮਲ ਸਨ।

## ਬ੍ਰਿਟਿਸ਼ ਹਾਈ ਕਮਿਸ਼ਨਰ ਵੱਲੋਂ ਦੁੱਖ ਦਾ ਪ੍ਰਗਟਾਵਾ

**ਅੰਮ੍ਰਿਤਸਰ:** ਭਾਰਤ ਵਿਚ ਬਰਤਾਨੀਆ ਦੇ ਹਾਈ ਕਮਿਸ਼ਨਰ ਡੌਮੀਨਿਕ ਐਸਕੁਇਥ ਨੇ ਬਰਤਾਨਵੀ ਸਰਕਾਰ ਵੱਲੋਂ ਇਥੇ ਜਲ੍ਹਿਆਂਵਾਲਾ ਬਾਗ ਵਿਚ ਸ਼ਹੀਦੀ ਸਮਾਰਕ ਵਿਖੇ ਪੁੱਜ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਹੈ। ਉਨ੍ਹਾਂ ਨੇ ਸੌ ਸਾਲ ਪਹਿਲਾਂ ਵਾਪਰੇ ਇਸ ਖੂਨੀ ਸਾਕੇ ਉਤੇ ਦੁੱਖ ਦਾ ਪ੍ਰਗਟਾਵਾ ਵੀ ਕੀਤਾ। ਸਾਕੇ ਦੀ ਸ਼ਤਾਬਦੀ ਮੌਕੇ ਬਰਤਾਨੀਆ ਦੇ ਹਾਈ ਕਮਿਸ਼ਨਰ ਜਲ੍ਹਿਆਂਵਾਲਾ ਬਾਗ ਪੁੱਜੇ, ਜਿਥੇ ਉਨ੍ਹਾਂ ਸਮਾਰਕ 'ਤੇ ਫੁੱਲਮਾਲਾ ਭੇਟ ਕੀਤੀ ਅਤੇ ਮੌਨ ਧਾਰਨ ਕਰਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਮੀਡੀਆ ਨਾਲ ਸੰਖੇਪ ਗੱਲਬਾਤ ਦੌਰਾਨ ਅਤੇ 'ਯਾਤਰੂ ਕਿਤਾਬ' ਵਿਚ ਦਰਜ ਕੀਤੀਆਂ ਆਪਣੀਆਂ ਭਾਵਨਾਵਾਂ ਵਿਚ ਉਨ੍ਹਾਂ ਆਖਿਆ ਕਿ ਸੌ ਸਾਲ ਪਹਿਲਾਂ ਜਲ੍ਹਿਆਂਵਾਲਾ ਬਾਗ ਵਿਚ ਵਾਪਰੀ ਘਟਨਾ ਇਕ ਸ਼ਰਮਨਾਕ ਕਾਰਾ ਸੀ, ਜਿਸ ਦਾ ਬਰਤਾਨੀਆ ਦੀ ਸਰਕਾਰ ਨੂੰ ਬੇਹੱਦ ਦੁੱਖ ਹੈ। ਉਨ੍ਹਾਂ ਆਖਿਆ ਕਿ ਇਹ ਘਟਨਾ ਭਾਰਤ ਅਤੇ ਬਰਤਾਨੀਆ ਦੇ ਇਤਿਹਾਸ 'ਤੇ ਇਕ ਧੱਬਾ ਹੈ ਪਰ ਇਸ ਦੇ ਬਾਵਜੂਦ ਦੋਵੇਂ ਦੇਸ਼ 21ਵੀਂ ਸਦੀ ਵਿਚ ਵਿਕਾਸ ਅਤੇ ਸ਼ਾਂਤੀ ਦੇ ਰਾਹ ਉਤੇ ਇਕੱਠੇ ਚੱਲਦੇ ਰਹਿਣਗੇ।

## ਸ਼ਤਾਬਦੀ ਮੌਕੇ ਹਜ਼ਾਰਾਂ ਨੌਜਵਾਨ ਵੱਲੋਂ ਸ਼ਹੀਦਾਂ ਨੂੰ ਸਿਜਦਾ

**ਅੰਮ੍ਰਿਤਸਰ:** ਨਸ਼ਿਆਂ ਅਤੇ ਗੈਂਗਵਾਰਾਂ ਦੇ ਦੌਰ ਵਿਚ ਪੰਜਾਬ ਦੀ ਜਵਾਨੀ ਸਾਮਰਾਜ ਵਿਰੋਧੀ ਸੰਗਰਾਮ ਦੇ ਪ੍ਰਤੀਕ ਜਲ੍ਹਿਆਂਵਾਲਾ ਬਾਗ ਦੇ ਖੂਨੀ ਸਾਕੇ ਦੇ ਸ਼ਹੀਦਾਂ ਨੂੰ ਸਿਜਦਾ ਕਰਨ ਲਈ ਪੰਜਾਬ ਦੇ ਕੋਨੇ-ਕੋਨੇ ਵਿਚੋਂ ਅੰਮ੍ਰਿਤਸਰ ਪੁੱਜੇ। ਹਜ਼ਾਰਾਂ ਨੌਜਵਾਨਾਂ ਵਿਦਿਆਰਥੀਆਂ ਨੇ ਸਾਮਰਾਜ ਵਿਰੋਧੀ ਖਰੀ ਤੇ ਸੱਚੀ ਦੇਸ਼ ਭਗਤੀ ਲਈ ਫਿਰਕਾਪ੍ਰਸਤ ਹਿੰਦੂਤਵੀ ਫਾਸ਼ੀਵਾਦੀ ਵਿਚਾਰਧਾਰਾ ਨੂੰ ਰੱਦ ਕਰਕੇ ਸੱਚੀ ਧਰਮ ਨਿਰਪੱਖਤਾ ਉਸਾਰਨ ਦਾ ਪ੍ਰਣ ਲਿਆ।

ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਜਲ੍ਹਿਆਂਵਾਲਾ ਬਾਗ ਦੀ ਸ਼ਤਾਬਦੀ ਨੂੰ ਸਮਰਪਤ ਕਾਨਫਰੰਸ ਕੰਪਨੀ ਬਾਗ ਵਿਚ ਕਰਨ ਤੋਂ ਬਾਅਦ ਜਲ੍ਹਿਆਂਵਾਲੇ ਬਾਗ ਤੱਕ ਸ਼ਰਧਾਂਜਲੀ ਮਾਰਚ ਕਰ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਤੋਂ ਬਾਅਦ ਸਾਮਰਾਜੀ ਲੁੱਟ ਖਸੁੱਟ ਖਿਲਾਫ ਸੰਗਰਾਮ ਜਾਰੀ ਰੱਖਣ ਦਾ ਪ੍ਰਣ ਕਰਦਿਆਂ ਐਲਾਨ ਕੀਤਾ ਕਿ ਜਲ੍ਹਿਆਂਵਾਲਾ ਬਾਗ ਦੇ ਖੂਨੀ ਸਾਕੇ ਦੀ ਸ਼ਤਾਬਦੀ ਵਰ੍ਹੇ 2019 ਦੌਰਾਨ ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ, ਸ਼ਹੀਦ ਚੰਦਰ ਸ਼ੇਖਰ ਆਜ਼ਾਦ ਅਤੇ ਸ਼ਹੀਦ ਊਧਮ ਸਿੰਘ ਦੇ ਜਨਮ ਦਿਹਾੜੇ ਅਤੇ ਸ਼ਹੀਦੀ ਦਿਹਾੜੇ ਸਾਮਰਾਜ ਵਿਰੋਧੀ ਦਿਨ ਵਜੋਂ ਮਨਾਏ ਜਾਣਗੇ। ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਨੌਜਵਾਨ ਭਾਰਤ ਸਭਾ ਦੇ ਸੂਬਾ ਪ੍ਰਧਾਨ ਰਮਿੰਦਰ ਪਟਿਆਲਾ ਤੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਪ੍ਰਧਾਨ ਰਣਵੀਰ ਰੰਧਾਵਾ ਨੇ ਕਿਹਾ ਕਿ ਸੌ ਸਾਲ ਪਹਿਲਾਂ ਅੰਗਰੇਜ਼ੀ ਸਾਮਰਾਜ ਵੱਲੋਂ ਲੋਕਾਂ ਦੀ ਜ਼ੁਬਾਨਬੰਦੀ ਕਰਨ ਲਈ ਲਿਆਂਦੇ ਕਾਲੇ ਕਾਨੂੰਨ ਰੌਲਟ ਐਕਟ ਖਿਲਾਫ ਰੋਸ ਜ਼ਾਹਿਰ ਕਰ ਰਹੇ ਲੋਕਾਂ ਉਪਰ ਜਨਰਲ ਡਾਇਰ ਨੇ ਗੋਲੀਆਂ ਚਲਾ ਕੇ ਵਹਿਸ਼ੀਆਨਾ ਜਬਰ ਕੀਤਾ। ਨੌਜਵਾਨਾਂ ਨੇ ਸੰਗਰਾਮ ਜਾਰੀ ਰੱਖਣ ਦਾ ਪ੍ਰਣ ਕਰਵਾਇਆ ਤੇ ਮੰਗਾਂ ਆਜ਼ਾਦ ਨੇ ਆਏ ਹੋਏ ਸਾਥੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਚਿੰਤਨ ਪ੍ਰਕਾਸ਼ਨ ਲੁਧਿਆਣਾ ਨੇ ਜਲ੍ਹਿਆਂਵਾਲਾ ਬਾਗ ਬਾਰੇ ਛਾਪਿਆ ਗਿਆ ਕਿਤਾਬਚਾ ਜਾਰੀ ਕੀਤਾ।

## ਜਲ੍ਹਿਆਂਵਾਲਾ ਬਾਗ ਸਾਕੇ ਸਬੰਧੀ ਪ੍ਰਦਰਸ਼ਨੀ

**ਲੰਡਨ:** ਮੈਨਚੈਸਟਰ ਦੇ ਅਜਾਇਬਘਰ 'ਚ ਪਾਰਟੀਸ਼ਨ ਮਿਊਜ਼ੀਅਮ, ਅੰਮ੍ਰਿਤਸਰ ਦੇ ਸਹਿਯੋਗ ਨਾਲ ਜਲ੍ਹਿਆਂਵਾਲਾ ਬਾਗ ਸਾਕੇ ਸਬੰਧੀ ਪ੍ਰਦਰਸ਼ਨੀ ਲਾਈ ਗਈ। ਸਾਕੇ ਦੀ ਸ਼ਤਾਬਦੀ ਮੌਕੇ 'ਜਲ੍ਹਿਆਂਵਾਲਾ ਬਾਗ 1919: ਪੰਜਾਬ ਦੀ ਘੇਰਾਬੰਦੀ' ਨਾਮ ਦੀ ਇਸ ਪ੍ਰਦਰਸ਼ਨੀ 'ਚ ਉਸ ਸਮੇਂ ਦੇ ਹਾਲਾਤ ਨੂੰ ਦਰਸਾਇਆ ਗਿਆ ਹੈ।

ਮੈਨਚੈਸਟਰ ਅਜਾਇਬਘਰ ਨੇ ਬਿਆਨ 'ਚ ਕਿਹਾ ਕਿ ਪ੍ਰਦਰਸ਼ਨਕਾਰੀ ਬ੍ਰਿਟਿਸ਼ ਹਕੂਮਤ ਨੂੰ ਚੁਣੌਤੀ ਦੇਣ ਲਈ ਜਲ੍ਹਿਆਂਵਾਲਾ ਬਾਗ 'ਚ ਇਕੱਠੇ ਹੋਏ ਸਨ ਜਿਥੇ ਉਨ੍ਹਾਂ 'ਤੇ ਬ੍ਰਿਗੇਡੀਅਰ ਰੈਜੀਨਾਲਡ ਡਾਇਰ ਦੇ ਹੁਕਮਾਂ ਉਤੇ ਫੌਜ ਨੇ ਬੇਕਸੂਰ ਭਾਰਤੀਆਂ 'ਤੇ ਅੰਨ੍ਹੇਵਾਹ ਗੋਲੀਆਂ ਵਰ੍ਹਾ ਦਿੱਤੀਆਂ ਗਈਆਂ ਜਿਸ 'ਚ ਸੈਂਕੜੇ ਭਾਰਤੀ ਮਾਰੇ ਗਏ ਅਤੇ ਹਜ਼ਾਰਾਂ ਜ਼ਖਮੀ ਹੋ ਗਏ ਸਨ। ਬਿਆਨ 'ਚ ਕਿਹਾ ਗਿਆ ਹੈ ਕਿ ਸਾਕੇ ਨਾਲ ਬ੍ਰਿਟਿਸ਼ ਹਕੂਮਤ ਦਾ ਦੱਖਣੀ ਏਸ਼ੀਆ 'ਚ ਖਾਤਮਾ ਸ਼ੁਰੂ ਹੋ ਗਿਆ ਸੀ। ਜਲ੍ਹਿਆਂਵਾਲਾ ਬਾਗ ਸ਼ਤਾਬਦੀ ਯਾਦਗਾਰ ਕਮੇਟੀ (ਜੇ.ਬੀ.ਸੀ.ਸੀ.ਸੀ.) ਦੇ ਮੁੱਖ ਸਰਪ੍ਰਸਤ ਮਨਜੀਤ ਸਿੰਘ ਜੀਕੇ ਨੇ ਕਿਹਾ ਕਿ ਬ੍ਰਿਟਿਸ਼ ਸਰਕਾਰ ਲਈ ਭਾਰਤ ਤੋਂ ਮੁਆਫੀ ਮੰਗਣ ਦਾ ਇਹ ਢੁਕਵਾਂ ਸਮਾਂ ਹੈ।

ਕਮੇਟੀ ਦੇ ਸਰਪ੍ਰਸਤ ਵਿਕਰਮਜੀਤ ਸਿੰਘ ਸਾਹਨੀ ਨੇ ਕਿਹਾ, "ਸਰ ਵਿੰਸਟਨ ਚਰਚਿਲ ਅਤੇ ਸਾਬਕਾ ਪ੍ਰਧਾਨ ਮੰਤਰੀ ਐਚ.ਐਚ. ਐਸਕੁਇਥ ਨੇ ਹਮਲੇ ਦੀ ਨਿਖੇਧੀ ਕੀਤੀ ਸੀ ਅਤੇ ਜਲ੍ਹਿਆਂਵਾਲਾ ਬਾਗ ਸਾਕੇ ਨੂੰ ਸਾਡੇ ਪੂਰੇ ਇਤਿਹਾਸ ਦਾ ਸਭ ਤੋਂ ਭਿਆਨਕ ਜ਼ੁਲਮ ਕਰਾਰ ਦਿੱਤਾ ਸੀ।" ਕਮੇਟੀ ਦੇ ਮੈਂਬਰਾਂ ਭਾਰਤੀ ਮੂਲ ਦੇ ਲਾਰਡ ਮੇਘਨਾਦ ਦੇਸਾਈ ਅਤੇ ਲਾਰਡ ਰਾਜ ਲੂੰਬਾ ਨੇ ਬ੍ਰਿਟਿਸ਼ ਪ੍ਰਧਾਨ ਮੰਤਰੀ ਪੱਤਰ ਲਿਖ ਕੇ ਸਾਕੇ ਦੀ ਮੁਆਫੀ ਮੰਗਣ ਲਈ ਕਿਹਾ ਸੀ।

# ਬਰਤਾਨਵੀ ਸੰਸਦ ਨੇ ਜਲ੍ਹਿਆਂਵਾਲਾ ਬਾਗ ਦੁਖਾਂਤ 'ਤੇ ਪ੍ਰਗਟਾਇਆ ਅਫਸੋਸ

**ਲੰਡਨ:** ਬਰਤਾਨੀਆ ਦੀ ਪ੍ਰਧਾਨ ਮੰਤਰੀ ਟੈਰੇਜ਼ਾ ਮੇਅ ਨੇ ਜਲ੍ਹਿਆਂਵਾਲਾ ਬਾਗ ਦੇ ਦੁਖਾਂਤ ਨੂੰ ਬਰਤਾਨਵੀ ਭਾਰਤੀ ਇਤਿਹਾਸ ਵਿਚ ਸ਼ਰਮਨਾਕ ਧੱਬਾ ਕਰਾਰ ਦਿੱਤਾ ਹੈ ਪਰ ਉਨ੍ਹਾਂ ਬਰਤਾਨਵੀ ਸੰਸਦ ਵਿਚ ਜਲ੍ਹਿਆਂਵਾਲਾ ਬਾਗ ਦੇ ਸਾਕੇ ਨੂੰ ਲੈ ਕੇ ਰਸਮੀ ਮੁਆਫੀ ਮੰਗਣ ਦੀ ਉਠੀ ਮੰਗ ਤੋਂ ਟਾਲਾ ਵੱਟ ਲਿਆ। ਬਰਤਾਨਵੀ ਸੰਸਦ ਦੇ ਪ੍ਰਤੀਨਿਧ ਸਦਨ ਵਿਚ ਪ੍ਰਧਾਨ ਮੰਤਰੀ ਦੇ ਹਫਤਾਵਾਰੀ ਪ੍ਰਸ਼ਨਾਂ ਦੀ ਸ਼ੁਰੂਆਤ ਮੌਕੇ ਜਲ੍ਹਿਆਂਵਾਲਾ ਬਾਗ ਦੇ ਦੁਖਾਂਤ ਦੀ 100ਵੀਂ ਵਰ੍ਹੇਗੰਢ ਮਨਾਉਣ ਮੌਕੇ ਪ੍ਰਧਾਨ ਮੰਤਰੀ ਟੈਰੇਜ਼ਾ ਮੇਅ ਨੇ ਇਹ ਬਿਆਨ ਜਾਰੀ ਕੀਤਾ ਹੈ।

ਜ਼ਿਕਰਯੋਗ ਹੈ ਕਿ ਜਲ੍ਹਿਆਂਵਾਲੇ ਬਾਗ ਦਾ ਦੁਖਾਂਤ 1919 ਵਿਚ ਵਿਸਾਖੀ ਵਾਲੇ ਦਿਨ ਵਾਪਰਿਆ ਸੀ, ਜਦੋਂ ਬਰਤਾਨਵੀ ਭਾਰਤੀ ਫੌਜਾਂ ਨੇ ਕਰਨਲ ਰੈਜੀਨਾਲਡ ਡਾਇਰ ਦੇ ਹੁਕਮਾਂ ਉਤੇ ਜਲ੍ਹਿਆਂਵਾਲਾ ਬਾਗ ਵਿਚ ਆਜ਼ਾਦੀ ਦੇ ਹੱਕ ਵਿਚ ਸ਼ਾਂਤਮਈ ਜਲਸਾ ਕਰਦੇ ਨਿਹੱਥੇ ਲੋਕਾਂ ਉਤੇ ਗੋਲੀ ਚਲਾਉਣ ਦੇ ਹੁਕਮ ਦੇ ਦਿੱਤੇ ਸਨ। ਬਰਤਾਨਵੀ ਸਰਕਾਰ ਦੇ ਰਿਕਾਰਡ ਅਨੁਸਾਰ ਪੁਰਸ਼ਾਂ, ਔਰਤਾਂ ਅਤੇ ਬੱਚਿਆਂ ਸਮੇਤ 379 ਲੋਕ ਮਾਰੇ ਗਏ ਸਨ ਅਤੇ 1200 ਦੇ ਕਰੀਬ ਜ਼ਖਮੀ ਹੋਏ ਸਨ।

ਵਿਰੋਧੀ ਧਿਰ ਲੇਬਰ ਪਾਰਟੀ ਦੇ ਆਗੂ ਜੈਰੇਮੀ ਕੌਰਬਿਨ ਵੱਲੋਂ ਸੰਸਦ ਵਿਚ ਜਲ੍ਹਿਆਂਵਾਲੇ ਬਾਗ ਦੇ ਦੁਖਾਂਤ 'ਚ ਮਾਰੇ ਗਏ ਲੋਕਾਂ ਤੋਂ ਸਪੱਸ਼ਟ ਤੌਰ ਉਤੇ ਮੁਆਫੀ ਮੰਗਣ ਦੀ ਮੰਗ, ਦੇ ਸਬੰਧ ਵਿਚ ਪ੍ਰਧਾਨ ਮੰਤਰੀ ਨੇ ਆਪਣੇ ਬਿਆਨ ਵਿਚ



ਕਿਹਾ ਕਿ 1919 ਵਿਚ ਜਲ੍ਹਿਆਂਵਾਲਾ ਬਾਗ ਵਿਚ ਵਾਪਰਿਆ ਦੁਖਾਂਤ ਬ੍ਰਿਟਿਸ਼ ਭਾਰਤੀ ਇਤਿਹਾਸ ਵਿਚ ਇਕ ਸ਼ਰਮਨਾਕ ਧੱਬਾ ਹੈ। ਉਨ੍ਹਾਂ ਆਪਣੇ ਬਿਆਨ ਵਿਚ ਕਿਹਾ ਕਿ ਇਸ ਤੋਂ ਪਹਿਲਾਂ ਸਾਡੇ ਸਤਿਕਾਰਯੋਗ ਮਹਾਰਾਣੀ ਐਲਿਜ਼ਾਬੈੱਥ ਦੋਇਮ ਵੀ 1997 ਵਿਚ ਜਲ੍ਹਿਆਂਵਾਲਾ ਬਾਗ ਦੀ ਫੇਰੀ ਦੌਰਾਨ ਕਹਿ ਚੁੱਕੇ ਹਨ ਕਿ ਇਹ ਭਾਰਤ ਨਾਲ ਸਾਡੇ ਪੁਰਾਤਨ ਇਤਿਹਾਸ ਦੀ ਇਕ ਦੁੱਖਦਾਈ ਉਦਾਹਰਨ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਸ ਘਟਨਾ ਦੇ ਵਾਪਰਨ ਅਤੇ ਇਸ ਨਾਲ ਪੁੱਜੇ ਦੁੱਖ ਉਤੇ ਬੇਹੱਦ ਅਫਸੋਸ ਹੈ। 'ਮੈਨੂੰ ਇਸ ਗੱਲ ਦੀ ਤਸੱਲੀ ਵੀ ਹੈ ਕਿ ਦੋਵਾਂ ਦੇਸ਼ਾਂ ਦੇ ਸਬੰਧ ਖੁਸ਼ਹਾਲ, ਸੁਰੱਖਿਅਤ ਅਤੇ ਟਿਕਾਊ ਹਨ। ਭਾਰਤੀ ਭਾਈਚਾਰਾ ਬ੍ਰਿਟਿਸ਼ ਸਮਾਜ ਵਿਚ ਅਹਿਮ ਭੂਮਿਕਾ ਅਦਾ ਕਰ ਰਿਹਾ ਹੈ। ਮੈਨੂੰ ਯਕੀਨ ਹੈ ਕਿ ਸਮੁੱਚਾ ਸਦਨ ਭਾਰਤ ਦੇ ਨਾਲ ਬਰਤਾਨੀਆ ਦੇ ਸਬੰਧਾਂ ਨੂੰ ਹੋਰ ਪ੍ਰਫੁਲਿਤ ਹੁੰਦਿਆਂ ਦੇਖਣਾ ਚਾਹੁੰਦਾ ਹੈ।' ਮੇਅ ਦਾ ਬਿਆਨ ਬਰਤਾਨਵੀ ਸੰਸਦ ਵਿਚ ਜਲ੍ਹਿਆਂਵਾਲੇ ਬਾਗ ਦੇ ਸਾਕੇ ਨੂੰ ਲੈ ਕੇ ਮੁਆਫੀ ਮੰਗਣ ਲਈ ਦਿਨ ਭਰ ਚੱਲੀ ਬਹਿਸ ਤੋਂ ਬਾਅਦ ਆਇਆ ਹੈ। ਇਸ ਦੌਰਾਨ ਵਿਦੇਸ਼ ਮਾਮਲਿਆਂ ਦੇ ਮੰਤਰੀ ਮਾਰਕ ਫੀਲਡ ਨੇ ਸੰਸਦ ਮੈਂਬਰਾਂ ਨੂੰ ਦੱਸਿਆ ਕਿ ਉਹ ਸੰਸਦ ਮੈਂਬਰਾਂ ਵੱਲੋਂ ਉਠਾਏ ਇਸ ਮੁੱਦੇ ਉਤੇ ਡੂੰਘੇ ਦੁੱਖ ਦਾ ਇਜ਼ਹਾਰ ਕਰਦੇ ਹਨ। ਉਨ੍ਹਾਂ ਕਿਹਾ ਕਿ ਇਸ ਮੁੱਦੇ 'ਤੇ ਅੱਗੇ ਵਧਣ ਦੀ ਲੋੜ ਹੈ। ਉਹ ਕੋਈ ਵਾਅਦਾ ਨਹੀਂ ਕਰ ਸਕਦੇ ਪਰ ਅਤੇ ਰਸਮੀ ਮੁਆਫੀ ਦੀ ਭਵਿੱਖ ਵਿਚ ਕੁਝ ਉਮੀਦ ਰੱਖੀ ਜਾ ਸਕਦੀ ਹੈ। ਇਸ ਤੋਂ ਪਹਿਲਾਂ ਲੇਬਰ ਸੰਸਦ ਮੈਂਬਰ ਵਰਿੰਦਰ ਸ਼ਰਮਾ ਨੇ ਵੀ ਬਹਿਸ ਦੌਰਾਨ ਕਿਹਾ ਕਿ ਇਹ ਮੁਆਫੀ ਮੰਗਣ ਦਾ ਢੁਕਵਾਂ ਸਮਾਂ ਹੈ।

## ਘਟਨਾ ਲਈ ਬਰਤਾਨੀਆ ਮੁਆਫੀ ਮੰਗੇ: ਪਾਕਿਸਤਾਨ

**ਲਾਹੌਰ:** ਪਾਕਿਸਤਾਨ ਦੇ ਸੂਚਨਾ ਮੰਤਰੀ ਫਵਾਦ ਚੌਧਰੀ ਨੇ ਬਰਤਾਨੀਆ ਤੋਂ ਮੰਗ ਕੀਤੀ ਹੈ ਕਿ ਬ੍ਰਿਟਿਸ਼ ਸਾਮਰਾਜ ਵੱਲੋਂ ਜਲ੍ਹਿਆਂਵਾਲਾ ਬਾਗ ਕਤਲੇਆਮ ਘਟਨਾ ਲਈ ਪਾਕਿਸਤਾਨ ਤੇ ਭਾਰਤ ਤੋਂ ਮੁਆਫੀ ਮੰਗਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਹ ਅਤਿ ਨਿੰਦਣਯੋਗ ਘਟਨਾਵਾਂ ਬਰਤਾਨੀਆ ਦੇ ਚਿਹਰੇ 'ਤੇ ਦਾਗ ਹਨ। ਚੌਧਰੀ ਦਾ ਇਹ ਬਿਆਨ ਬਰਤਾਨੀਆ ਦੀ ਪ੍ਰਧਾਨ ਮੰਤਰੀ ਥੈਰੇਸਾ ਮੇਅ ਦੇ ਇਸ ਬਿਆਨ ਤੋਂ ਬਾਅਦ ਆਇਆ, ਜਿਸ 'ਚ ਉਨ੍ਹਾਂ ਨੇ ਜਲ੍ਹਿਆਂਵਾਲਾ ਬਾਗ ਕਤਲੇਆਮ ਨੂੰ ਬ੍ਰਿਟਿਸ਼ ਭਾਰਤੀ ਇਤਿਹਾਸ ਲਈ ਸ਼ਰਮਨਾਕ ਧੱਬਾ ਦੱਸਦੇ ਹੋਏ ਬ੍ਰਿਟਿਸ਼ ਫੌਜ ਦੀ ਇਸ ਕਾਰਵਾਈ ਲਈ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਨੇ ਇਸ ਦੇ ਨਾਲ ਹੀ ਬਰਤਾਨੀਆ ਤੋਂ ਕੋਹਿਨੂਰ ਹੀਰਾ ਵਾਪਸ ਪਾਕਿਸਤਾਨ ਨੂੰ ਦੇਣ ਦੀ ਵੀ ਮੰਗ ਕੀਤੀ ਹੈ। ਇਥੇ ਦੱਸਣਯੋਗ ਹੈ ਕਿ ਕੋਹਿਨੂਰ ਹੀਰੇ 'ਤੇ ਭਾਰਤ, ਅਫਗਾਨਿਸਤਾਨ, ਪਾਕਿਸਤਾਨ ਅਤੇ ਈਰਾਨ ਆਪਣਾ-ਆਪਣਾ ਦਾਅਵਾ ਜਤਾ ਰਹੇ ਹਨ।

## ਜਲ੍ਹਿਆਂਵਾਲਾ ਬਾਗ ਸਾਕੇ ਲਈ ਬਰਤਾਨੀਆ ਸਰਕਾਰ ਮੁਆਫੀ ਮੰਗੇ: ਸਿੱਧੂ

**ਅੰਮ੍ਰਿਤਸਰ:** ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਆਖਿਆ ਕਿ ਜਲ੍ਹਿਆਂਵਾਲਾ ਬਾਗ ਦੇ ਖੂਨੀ ਸਾਕੇ ਦੀ ਸ਼ਤਾਬਦੀ ਮੌਕੇ ਬਰਤਾਨੀਆ ਸਰਕਾਰ ਦੇ ਪ੍ਰਧਾਨ ਮੰਤਰੀ ਨੂੰ 13 ਅਪਰੈਲ, 1919 ਨੂੰ ਜਨਰਲ ਡਾਇਰ ਵੱਲੋਂ ਨਿਹੱਥੇ ਲੋਕਾਂ 'ਤੇ ਚਲਾਈਆਂ ਗੋਲੀਆਂ ਲਈ ਮੁਆਫੀ ਮੰਗਣੀ ਚਾਹੀਦੀ ਹੈ। ਇਸ ਸਬੰਧੀ ਉਨ੍ਹਾਂ ਨੇ ਮੁੱਖ ਮੰਤਰੀ ਪੰਜਾਬ ਨੂੰ ਪੱਤਰ ਭੇਜਿਆ ਹੈ, ਜਿਸ ਵਿਚ ਉਨ੍ਹਾਂ ਅਪੀਲ ਕੀਤੀ ਹੈ ਕਿ ਉਹ ਇਸ ਸਬੰਧੀ ਭਾਰਤ ਸਰਕਾਰ ਅਤੇ ਬਰਤਾਨੀਆ ਸਰਕਾਰ ਨੂੰ ਪੱਤਰ ਭੇਜਣ। ਉਨ੍ਹਾਂ ਨੇ ਗਲੀ ਕੋੜਿਆਂਵਾਲੀ (ਕਲੌਰਿੰਗ ਸਟਰੀਟ) ਦਾ ਨਾਂ ਬਦਲਣ ਦੀ ਵੀ ਅਪੀਲ ਕੀਤੀ ਹੈ। ਨਵਜੋਤ ਸਿੰਘ ਸਿੱਧੂ ਨੇ ਆਪਣੇ ਪੱਤਰ ਵਿਚ ਆਖਿਆ ਕਿ ਇਸ ਖੂਨੀ ਸਾਕੇ ਲਈ ਪਹਿਲਾਂ ਹੀ ਮੁਆਫੀ ਮੰਗੀ ਜਾਣੀ ਚਾਹੀਦੀ ਸੀ। ਪਹਿਲਾਂ ਹੀ ਦੇਰ ਹੋ ਚੁੱਕੀ ਹੈ ਪਰ ਹੁਣ ਜਦੋਂ ਖੂਨੀ ਸਾਕੇ ਦੀ ਸ਼ਤਾਬਦੀ ਮਨਾਈ ਜਾ ਰਹੀ ਹੈ ਤਾਂ ਇਸ ਸਬੰਧੀ ਰਸਮੀ ਤੌਰ 'ਤੇ ਮੁਆਫੀ ਮੰਗੀ ਜਾਣੀ ਚਾਹੀਦੀ ਹੈ।

# ਪੰਜਾਬੀ ਕਲਚਰਲ ਸੈਂਟਰ ਯੂ. ਐਸ. ਏ. ਦਾ ਉਦਘਾਟਨ 20 ਨੂੰ

**ਫਰਿਜ਼ਨੋ:** ਪੰਜਾਬੀ ਰੇਡੀਓ ਯੂ. ਐਸ. ਏ. ਦੇ ਫਰਿਜ਼ਨੋ ਸਥਿਤ ਸਟੂਡੀਓ (2125 ਨਾਰਥ ਬਾਰਟਨ ਐਵੇਨਿਊ) ਵਿਖੇ ਪੰਜਾਬੀ ਕਲਚਰਲ ਸੈਂਟਰ ਦੀ ਸ਼ੁਰੂਆਤ 20 ਅਪਰੈਲ, ਸਨਿਚਰਵਾਰ ਨੂੰ ਕੀਤੀ ਜਾਵੇਗੀ।

ਪੰਜਾਬੀ ਰੇਡੀਓ ਯੂ. ਐਸ. ਏ. ਨੇ ਰੇਡੀਓ ਦੇ ਸਪਾਂਸਰਾਂ, ਸਰੋਤਿਆਂ ਅਤੇ ਸਹਿਯੋਗੀਆਂ ਦੇ ਮਾਣ ਵਿਚ 20 ਅਪਰੈਲ ਨੂੰ ਸ਼ਾਮ 6 ਵਜੇ ਤੋਂ ਰਾਤ 9:30 ਵਜੇ ਤੱਕ ਹੋਣ ਵਾਲੇ ਇਸ ਪ੍ਰੋਗਰਾਮ ਲਈ ਸਭਨਾਂ ਨੂੰ ਪਰਿਵਾਰ ਸਮੇਤ ਪਹੁੰਚਣ ਦਾ ਸੱਦਾ ਦਿੱਤਾ ਹੈ। ਪ੍ਰੋਗਰਾਮ ਦੇ ਅਖੀਰ ਵਿਚ ਸਭਨਾਂ ਲਈ ਰਾਤ ਦੇ ਖਾਣੇ ਦਾ ਪ੍ਰਬੰਧ ਹੋਵੇਗਾ।

ਪ੍ਰਬੰਧਕਾਂ ਅਨੁਸਾਰ ਫਰਿਜ਼ਨੋ ਇਲਾਕੇ ਦੇ ਪੰਜਾਬੀ ਭਾਈਚਾਰੇ ਵਿਚ ਆਪਸੀ ਮੇਲ-ਜੋਲ ਅਤੇ ਸਹਿਯੋਗ ਵਧਾਉਣ ਦੇ ਨਾਲ ਨਾਲ ਉਨ੍ਹਾਂ ਨੂੰ ਉਸਾਰੂ ਰੁਝੇਵਿਆਂ ਵਾਸਤੇ ਪਲੈਟਫਾਰਮ ਪ੍ਰਦਾਨ ਕਰਨ ਲਈ ਇਸ ਕਲਚਰਲ ਸੈਂਟਰ ਦੀ ਸਥਾਪਨਾ ਕੀਤੀ ਜਾ ਰਹੀ ਹੈ।

ਇਹ ਸੈਂਟਰ ਰੇਡੀਓ ਦੇ ਮਿਆਰ ਨੂੰ ਹੋਰ ਉਚਾ ਚੁਕਣ ਵਿਚ ਸਹਾਈ ਹੋਵੇਗਾ। ਹੋਰ ਜਾਣਕਾਰੀ ਲਈ ਫੋਨ: 408-272-5200 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਅਣਖ ਖਾਤਰ ਕਤਲ ਕੇਸ 'ਚ ਇਕ ਨੂੰ ਫਾਂਸੀ ਦੀ ਸਜ਼ਾ; ਛੇ ਬਰੀ

**ਮਾਨਸਾ:** ਅਦਾਲਤ ਨੇ ਅਣਖ ਖਾਤਰ ਕੀਤੇ ਕਤਲ ਦੇ ਕੇਸ ਦੀ ਸੁਣਵਾਈ ਕਰਦਿਆਂ ਇਕ ਦੋਸ਼ੀ ਨੂੰ ਫਾਂਸੀ ਦੀ ਸਜ਼ਾ ਸੁਣਾਈ ਹੈ, ਜਦੋਂਕਿ ਬਾਕੀ ਛੇ ਜਣਿਆਂ ਨੂੰ ਬਰੀ ਕਰ ਦਿੱਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਰਦੂਲਗੜ੍ਹ ਦੇ ਪ੍ਰਾਈਵੇਟ ਸਕੂਲ 'ਚ ਅਧਿਆਪਕ ਗੁਰਪਿਆਰ ਸਿੰਘ ਵਾਸੀ ਪਿੰਡ ਫੱਤਾ ਮਾਲੋਕਾ ਨੇ ਪਿੰਡ ਭੰਮੇ ਕਲਾਂ ਦੀ ਵਸਨੀਕ ਸਿਮਰਜੀਤ ਕੌਰ ਨਾਲ 29 ਸਤੰਬਰ 2014 ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਵਿਚ ਕੋਰਟ ਮੈਰਿਜ ਕਰਵਾਈ ਸੀ, ਜਿਸ ਤੋਂ ਲੜਕੀ ਦਾ ਪਰਿਵਾਰ ਨਾਖੁਸ਼ ਸੀ।

16 ਅਪਰੈਲ, 2015 ਸਵੇਰੇ ਗੁਰਪਿਆਰ ਸਿੰਘ ਤੇ ਉਸ ਦੀ ਪਤਨੀ ਸਿਮਰਜੀਤ ਕੌਰ ਰੋਜ਼ਾਨਾ ਦੀ ਤਰ੍ਹਾਂ ਮੋਟਰਸਾਈਕਲ 'ਤੇ ਸਵਾਰ ਹੋ ਕੇ ਸਰਦੂਲਗੜ੍ਹ ਡਿਊਟੀ ਉਤੇ ਜਾ ਰਹੇ ਸਨ। ਇਸ ਦੌਰਾਨ ਰਸਤੇ ਵਿਚ ਪੈਂਦੇ ਗਿੱਲ ਪੈਟਰੋਲ ਪੰਪ ਨੇੜੇ ਕਾਰ ਸਵਾਰ ਵਿਅਕਤੀਆਂ ਨੇ ਦੋਵਾਂ ਜਣਿਆਂ ਨੂੰ ਗੋਲੀਆਂ ਮਾਰੀਆਂ। ਇਸ ਦੌਰਾਨ ਸਿਮਰਜੀਤ ਕੌਰ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦੋਂਕਿ ਗੁਰਪਿਆਰ ਸਿੰਘ ਜਖਮੀ ਹੋ ਗਿਆ। ਇਸ ਸਬੰਧੀ ਗੁਰਪਿਆਰ ਸਿੰਘ ਦੀ ਸ਼ਿਕਾਇਤ 'ਤੇ ਥਾਣਾ ਝੁਨੀਰ ਦੇ ਤਤਕਾਲੀਨ ਮੁੱਖ ਅਫਸਰ ਜਸਕਰਨ ਸਿੰਘ ਨੇ 16 ਅਪਰੈਲ 2015 ਨੂੰ ਮ੍ਰਿਤਕਾ ਦੇ ਪਿਤਾ ਗਮਦੂਰ ਸਿੰਘ, ਭਰਾ ਸੁਖਵਿੰਦਰ ਸਿੰਘ, ਬੂਟਾ ਸਿੰਘ, ਜੱਗੀ ਸਿੰਘ, ਬੱਬੀ ਵਾਸੀ ਭੰਮੇ ਕਲਾਂ, ਗਗਨਦੀਪ ਸਿੰਘ ਵਾਸੀ ਰਤੀਆ ਤੇ ਮਾਮੇ ਦੇ ਪੁੱਤਰ ਮੱਖਣ ਸਿੰਘ ਵਾਸੀ ਫੱਤਾ ਮਾਲੋਕਾ ਖਿਲਾਫ ਕੇਸ ਦਰਜ ਕਰਕੇ ਸੁਣਵਾਈ ਲਈ ਅਦਾਲਤ 'ਚ ਪੇਸ਼ ਕੀਤਾ। ਕੇਸ ਦੀ ਸੁਣਵਾਈ ਕਰਦਿਆਂ ਜ਼ਿਲ੍ਹਾ ਤੇ ਸੈਸ਼ਨ ਜੱਜ ਮਾਨਸਾ ਮਨਦੀਪ ਕੌਰ ਪੰਨੂ ਦੀ ਅਦਾਲਤ ਨੇ ਮ੍ਰਿਤਕਾ ਦੇ ਮਾਮੇ ਦੇ ਲੜਕੇ ਮੱਖਣ ਸਿੰਘ ਨੂੰ ਫਾਂਸੀ ਦੀ ਸਜ਼ਾ ਦਾ ਹੁਕਮ ਸੁਣਾਇਆ, ਜਦੋਂਕਿ ਕੇਸ 'ਚ ਨਾਮਜ਼ਦ ਬਾਕੀਆਂ ਨੂੰ ਬਰੀ ਕਰ ਦਿੱਤਾ।

## ਵਿਕੀਲੀਕਸ ਦਾ ਸਹਿ ਬਾਨੀ ਜੂਲੀਅਨ ਅਸਾਂਜ ਗ੍ਰਿਫਤਾਰ

**ਲੰਡਨ:** ਇਕੁਆਡੋਰ ਦੀ ਅੰਬੈਸੀ ਵਿਚ ਸੱਤ ਸਾਲ ਤੱਕ ਆਸਰਾ ਲੈਣ ਵਾਲੇ ਵਿਕੀਲੀਕਸ ਦੇ ਸਹਿ ਬਾਨੀ ਜੂਲੀਅਨ ਅਸਾਂਜ ਨੂੰ ਸਕਾਟਲੈਂਡ ਯਾਰਡ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਦੱਖਣ ਅਮਰੀਕੀ ਮੁਲਕ ਵੱਲੋਂ ਹੱਥ ਪਿਛਾਂਹ ਖਿੱਚਣ ਨਾਲ ਅਸਾਂਜ ਦੀ ਗ੍ਰਿਫਤਾਰੀ ਲਈ ਰਾਹ ਪੱਧਰਾ ਹੋ ਗਿਆ। ਸਕਾਟਲੈਂਡ ਯਾਰਡ ਨੇ ਗ੍ਰਿਫਤਾਰੀ ਦੀ ਪੁਸ਼ਟੀ ਕੀਤੀ ਹੈ।

# ਚੋਣ ਕਮਿਸ਼ਨ ਵੱਲੋਂ ਐਗਜ਼ਿਟ ਪੋਲ 'ਤੇ ਪਾਬੰਦੀ

**ਚੰਡੀਗੜ੍ਹ:** ਚੋਣ ਕਮਿਸ਼ਨ ਨੇ 11 ਅਪਰੈਲ ਤੋਂ 19 ਮਈ ਤੱਕ ਦੇਸ਼ ਭਰ ਵਿਚ ਐਗਜ਼ਿਟ ਪੋਲ 'ਤੇ ਪਾਬੰਦੀ ਲਾਈ ਹੈ। ਰਾਜ ਦੇ ਮੁੱਖ ਚੋਣ ਅਫਸਰ ਡਾ. ਐਸ ਕਰੁਣਾ ਰਾਜੂ ਨੇ ਦੱਸਿਆ ਕਿ 19 ਮਈ ਸ਼ਾਮ 6:30 ਵਜੇ ਤੱਕ ਕੋਈ ਵੀ ਐਗਜ਼ਿਟ ਪੋਲ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਕੋਈ ਪ੍ਰਿੰਟ ਜਾਂ ਇਲੈਕਟ੍ਰਾਨਿਕ ਮੀਡੀਆ ਅਤੇ ਹੋਰ ਕਿਸੇ ਵੀ ਸੰਚਾਰ ਸਾਧਨ ਉਪਰ ਐਗਜ਼ਿਟ ਪੋਲ ਨੂੰ ਦਿਖਾਇਆ ਜਾ ਸਕਦਾ ਹੈ। ਚੋਣਾਂ ਵਾਲੇ ਖੇਤਰਾਂ ਵਿਚ ਵੋਟਾਂ ਤੋਂ 48 ਘੰਟੇ ਪਹਿਲਾਂ ਕੋਈ ਵੀ ਇਲੈਕਟ੍ਰਾਨਿਕ ਮੀਡੀਆ ਕਿਸੇ ਵੀ ਐਗਜ਼ਿਟ ਪੋਲ ਦੇ ਨਤੀਜੇ ਜਾਂ ਸਰਵੇਖਣ ਨੂੰ ਨਹੀਂ ਦਿਖਾ ਸਕੇਗਾ।


Document Preparation for



- Wills & Trusts ਵਸੀਅਤਨਾਮੇ
- Divorce ਤਲਾਕ
- Pre & Post Nuptial ਹਰ ਤਰ੍ਹਾਂ ਦੇ ਇਕਰਾਰਨਾਮੇ
- Affidavits ਐਫੀਡੈਵਿਟ
- Grant Deeds ਗਰਾਂਟ ਡੀਡ
- Notary ਨੋਟਰੀ

Call Sarvinder

Ph: 510-648-5554

dolly@worryfreelegaldocs.com
www.worryfreelegaldocs.com
35672 Terrace Drive, Fremont, CA 94536

Registered and bonded LDA# 154, Alameda County.
I am not an attorney. I can only provide self help services at your specific direction.



Windermere Western View Properties
484 Bovard, Dallas, OR 97338

To Buy Or Sell Properties
House Or Business

ਘਰ ਜਾਂ ਬਿਜਨਸ ਖਰੀਦਣ/ਵੇਚਣ ਲਈ ਸੰਪਰਕ ਕਰੋ



Contact: Sunny Pal
Real Estate Broker (Licensed In Oregon)
Cell: 503-400-9883
Office: 503-623-2333




US Business Brokers Inc.
American Financing Group LLC

101 W 22nd St, Suite 111, Lombard, IL 60148
23280 Pacific Highway South, Suite 307, Kent, WA 98032


Financing - Loans

ਬਿਜਨਸ ਵੇਚਣ/ਖਰੀਦਣ ਤੇ ਫਾਇਨੈਂਸ ਕਰਵਾਉਣ ਲਈ

- We do all kinds of SBA & Conventional loans.
- We are specialized in Gas Stations, Liquor Stores, Hotels, Convenience Stores, Motels, Apartment Buildings, Strip Plazas, Commercial Buildings, Food Franchise.
- Purchase/Refinance
- Lowest Rates (With or Without Real Estate)
- Best Possible Mortgage Solutions For You...






Contact us for any Financing Need Nationwide.

- FAST APPROVAL
- QUICK CLOSINGS • SBA 504 & 7A
- CONVENTIONAL LOANS
- HOTELS, MOTELS
- GAS STATIONS, TRUCK STOPS
- INDUSTRIAL CLIENT
- SUBWAY, DUNKIN DONUTS
- LIQUOR STORES, C-STORES, CAR WASH

Contact us Buy or Sell business
AJ Sandhu (MBA)
Managing Broker/Realtor/Consultant
Licensed in IL, IN, WA
916-995-0783 (Cell)
425-529-6283 (Cell)
630-206-2467 (Fax)
www.ubbchicago.com
aj@ubbchicago.com



PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made

Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights

RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results

Personal Injury matters are time sensitive!
For a free consultation, please call (510) 474-0028
E-mail: BainsWeiss@gmail.com

Serving the Bay Area and Beyond • Offices in San Francisco and Union City

# ਪੰਜਾਬ 'ਚ ਨਵੀਆਂ ਧਿਰਾਂ ਦੇ ਉਭਾਰ ਨੇ ਦਿਲਚਸਪ ਬਣਾਇਆ ਸਿਆਸੀ ਪਿੜ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਵਿਚ ਰਵਾਇਤੀ ਪਾਰਟੀਆਂ ਦੇ ਨਾਲ-ਨਾਲ ਪੁਰਾਣੇ ਭਲਵਾਨਾਂ ਵਾਲੀਆਂ ਬਣੀਆਂ ਕੁਝ ਨਵੀਆਂ ਸਿਆਸੀ ਪਾਰਟੀਆਂ ਨੇ ਵੀ ਪੰਜਾਬ ਦਾ ਪਿੜ ਪੂਰੀ ਤਰ੍ਹਾਂ ਮੱਲ ਲਿਆ ਹੈ। ਇਸ ਵੇਲੇ ਜਿਥੇ ਕਾਂਗਰਸ ਅਤੇ ਭਾਜਪਾ-ਅਕਾਲੀ ਦਲ ਇਕ-ਦੂਜੇ ਨੂੰ ਫਸਵੀਂ ਟੱਕਰ ਦੇਣ ਦੇ ਰੌਂਅ 'ਚ ਹਨ, ਉਥੇ ਆਮ ਆਦਮੀ ਪਾਰਟੀ ਅਤੇ ਪੁਰਾਣੇ ਭਲਵਾਨਾਂ ਦੀ ਸ਼ਮੂਲੀਅਤ ਨਾਲ ਬਣੀਆਂ ਨਵੀਆਂ ਸਿਆਸੀ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ ਟਕਸਾਲੀ, ਪੰਜਾਬ ਏਕਤਾ ਪਾਰਟੀ, ਨਵਾਂ ਪੰਜਾਬ ਪਾਰਟੀ ਤੇ ਲੋਕ ਇਨਸਾਫ ਪਾਰਟੀ ਇਨ੍ਹਾਂ ਰਵਾਇਤੀ ਪਾਰਟੀਆਂ ਨੂੰ ਭਾਜ ਦੇਣ ਲਈ ਉਤਾਵਲੀਆਂ ਹਨ।

ਨਵੀਆਂ ਸਿਆਸੀ ਪਾਰਟੀਆਂ ਲਈ ਲੋਕ ਸਭਾ ਦਾ ਰਾਹ ਇੰਨਾ ਸੁਖਾਲਾ ਨਹੀਂ ਜਾਪਦਾ, ਪਰ ਇਨ੍ਹਾਂ ਨਵੀਆਂ ਪਾਰਟੀਆਂ ਦੇ ਪੁਰਾਣੇ ਆਗੂ ਆਪੋ-ਆਪਣੇ ਹਲਕਿਆਂ 'ਚ ਨਿੱਜੀ ਪ੍ਰਭਾਵ ਨਾਲ ਸੰਭਾਲੇ ਵੋਟ ਬੈਂਕ ਰਾਹੀਂ ਆਪਣਿਆਂ ਦੀਆਂ ਬੇੜੀਆਂ 'ਚ ਵੱਟੇ ਜ਼ਰੂਰ ਪਾਉਣਗੇ। ਜਿਥੇ ਨਵੀਆਂ ਸਿਆਸੀ ਪਾਰਟੀਆਂ ਲੋਕ ਸਭਾ ਚੋਣਾਂ 'ਚ ਆਪਣੀ ਕਿਸਮਤ ਅਜ਼ਮਾਉਣਗੀਆਂ, ਉਥੇ ਸਿਆਸੀ ਸਮੀਕਰਨਾਂ ਨੂੰ ਵੀ ਵੱਡੇ ਪੱਧਰ 'ਤੇ ਪ੍ਰਭਾਵਿਤ ਕਰਨਗੀਆਂ। ਕਾਂਗਰਸ ਇਕੱਲਿਆਂ ਹੀ ਆਪਣੇ ਬਲਬੂਤੇ ਪੰਜਾਬ ਦਾ ਕਿਲ੍ਹਾ ਫਤਿਹ ਹਾਸਲ ਕਰਨਾ ਚਾਹੁੰਦੀ ਹੈ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ



ਸਿੰਘ ਸਾਰੀਆਂ 13 ਲੋਕ ਸਭਾ ਸੀਟਾਂ ਜਿੱਤਣ ਦਾ ਦਾਅਵਾ ਕਰ ਰਹੇ ਹਨ, ਉਥੇ ਅਕਾਲੀ ਦਲ ਤੇ ਭਾਜਪਾ ਵੀ ਆਪਣੇ ਉਮੀਦਵਾਰ ਚੋਣ ਮੈਦਾਨ 'ਚ ਉਤਾਰਨ ਲਈ ਪੂਰੀ ਸੰਜੀਦਗੀ ਵਰਤ ਰਹੀ ਹੈ ਅਤੇ ਹਰ ਹੀਲੇ ਸਾਰੀਆਂ ਸੀਟਾਂ ਜਿੱਤਣ ਦਾ ਯਤਨ ਕਰ ਰਹੀ ਹੈ।

ਇਸੇ ਤਰ੍ਹਾਂ ਆਮ ਆਦਮੀ ਪਾਰਟੀ ਜਿਸ ਨੂੰ ਕਿ 2014 ਦੀਆਂ ਲੋਕ ਸਭਾ ਚੋਣਾਂ 'ਚ ਭਾਵੇਂ ਹੋਰ ਕਿਤਿਉਂ ਹੁੰਗਾਰਾ ਨਹੀਂ ਮਿਲਿਆ ਸੀ, ਪਰ ਪੰਜਾਬ ਦੇ ਲੋਕਾਂ ਨੇ ਇਸ ਪਾਰਟੀ ਨੂੰ 4 ਸੀਟਾਂ ਜਿਤਾ ਕੇ 4 ਲੋਕ ਸਭਾ 'ਚ ਭੇਜਣ ਅਤੇ ਪੰਜਾਬ ਵਿਧਾਨ ਸਭਾ ਚੋਣਾਂ 'ਚ ਵਿਰੋਧੀ ਧਿਰ ਬਣਨ ਦਾ ਮਾਣ ਬਖਸ਼ਿਆ ਸੀ। ਹੁਣ ਇਹ ਪਾਰਟੀ ਆਪਸੀ ਫੁੱਟ ਦਾ ਸ਼ਿਕਾਰ ਹੋ ਕੇ ਖੇਰੂੰ-ਖੇਰੂੰ ਹੋ ਚੁੱਕੀ ਹੈ। ਜਿਥੇ ਇਸ ਪਾਰਟੀ ਵੱਲੋਂ ਆਪਣੇ ਉਮੀਦਵਾਰ ਚੋਣ ਮੈਦਾਨ 'ਚ ਉਤਾਰੇ ਜਾ ਰਹੇ ਹਨ, ਉਥੇ ਕਾਂਗਰਸ ਛੱਡ ਕੇ ਇਸ ਪਾਰਟੀ 'ਚ ਆਏ ਸੁਖਪਾਲ ਸਿੰਘ ਖਹਿਰਾ ਵੱਲੋਂ ਆਪਣੀ ਨਵੀਂ ਪੰਜਾਬ ਏਕਤਾ ਪਾਰਟੀ ਦਾ ਗਠਨ ਕੀਤਾ ਗਿਆ ਹੈ, ਜਿਸ ਦੇ ਆਗਾਜ਼ ਤੋਂ ਪਹਿਲਾਂ ਉਨ੍ਹਾਂ ਵਲੰਟੀਅਰਾਂ ਦੀ ਮੀਟਿੰਗ ਕਰਕੇ ਉਨ੍ਹਾਂ ਦੀ ਅਤੇ ਬਰਗਾੜੀ 'ਚ ਮਾਰਚ ਕਰਕੇ ਹੋਰ ਲੋਕਾਂ ਦੀ ਨਬਜ਼ ਪਛਾਣੀ ਸੀ ਤੇ ਫਿਰ ਪਾਰਟੀ ਬਣਾ ਕੇ ਹੁਣ ਉਹ ਖੁਦ ਬਠਿੰਡਾ ਹਲਕੇ ਤੋਂ ਚੋਣ ਮੈਦਾਨ 'ਚ ਉਤਰੇ ਹਨ। ਉਨ੍ਹਾਂ ਦੇ ਸਾਥੀ ਵਿਧਾਇਕ ਬਲਦੇਵ ਸਿੰਘ ਵੀ ਫਰੀਦਕੋਟ ਤੋਂ ਚੋਣ ਮੈਦਾਨ ਵਿਚ ਉਤਰੇ ਹਨ। ਭਾਵੇਂ ਕਿ ਇਹ ਨਵੀਂ ਪਾਰਟੀ ਬਣਾ ਕੇ ਚੋਣ ਜ਼ਰੂਰ ਲੜ ਰਹੇ ਹਨ, ਪਰ ਹੁਣ ਤੱਕ ਛੱਡੀ ਪਾਰਟੀ 'ਚ ਰਹਿੰਦਿਆਂ ਮਿਲੇ ਵਿਧਾਇਕ ਦੇ ਅਹੁਦੇ ਤੋਂ ਅਸਤੀਫਾ ਨਹੀਂ ਦਿੱਤਾ। ਇਸੇ ਤਰ੍ਹਾਂ ਆਮ ਆਦਮੀ ਪਾਰਟੀ ਤੋਂ ਵੱਖ ਹੋਏ ਲੋਕ ਸਭਾ ਮੈਂਬਰ ਡਾ. ਧਰਮਵੀਰ ਗਾਂਧੀ ਵੀ ਨਵਾਂ ਪੰਜਾਬ ਪਾਰਟੀ ਦਾ ਗਠਨ ਕਰ ਚੁੱਕੇ ਹਨ ਅਤੇ ਉਹ ਵੀ ਵਿਰੋਧੀਆਂ ਨੂੰ ਟੱਕਰ ਦੇਣ ਲਈ ਜੱਦੋ-ਜਹਿਦ ਕਰ ਰਹੇ ਹਨ।

ਸੂਬੇ ਅੰਦਰ 10 ਵਰ੍ਹੇ ਰਾਜ ਕਰਨ ਵਾਲੀ ਅਕਾਲੀ-ਭਾਜਪਾ ਗੱਠਜੋੜ ਸਰਕਾਰ ਦੌਰਾਨ ਹੋਏ ਕੁਝ ਕੰਮਾਂ ਤੋਂ ਦੁਖੀ ਹੈ ਅਤੇ ਸ਼੍ਰੋਮਣੀ ਅਕਾਲੀ ਦਲ 'ਚ ਹੋਏ ਮਤਭੇਦਾਂ ਕਾਰਨ ਵੱਖਰੇ ਹੋਏ ਆਗੂਆਂ ਵੱਲੋਂ ਬਣਾਇਆ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਵੀ ਅਕਾਲੀ ਦਲ ਲਈ ਸਿਰਦਰਦੀ ਬਣ ਸਕਦਾ ਹੈ।

ਇਸ ਨਵੇਂ ਟਕਸਾਲੀ ਅਕਾਲੀ ਦਲ ਦੇ ਆਗੂ ਰਣਜੀਤ ਸਿੰਘ ਬ੍ਰਹਮਪੁਰਾ, ਸੇਵਾ ਸਿੰਘ ਸੇਖਵਾਂ ਅਤੇ ਡਾ. ਰਤਨ ਸਿੰਘ ਅਜਨਾਲਾ ਤੇ ਹੋਰ ਆਪੋ-ਆਪਣੇ ਹਲਕਿਆਂ 'ਚ ਚੰਗਾ ਨਿੱਜੀ ਪ੍ਰਭਾਵ ਰੱਖਦੇ ਹਨ, ਜੋ ਅਕਾਲੀ ਦਲ ਦੇ ਵੋਟ ਬੈਂਕ ਨੂੰ ਪ੍ਰਭਾਵਤ ਕਰਨ ਦੀ ਸਮਰੱਥਾ ਰੱਖਦਾ ਹੈ। ਭਾਵੇਂ ਕਿ ਅਕਾਲੀ ਦਲ ਵੱਲੋਂ ਇਹ ਕਿਹਾ ਜਾ ਰਿਹਾ ਹੈ ਕਿ ਟਕਸਾਲੀ ਅਕਾਲੀ ਦਲ ਬਣਾਉਣ ਵਾਲਿਆਂ ਦੇ ਜਾਣ ਨਾਲ ਕੋਈ ਫਰਕ ਨਹੀਂ ਪੈਂਦਾ, ਪਰ ਉਨ੍ਹਾਂ ਆਗੂਆਂ ਦੀ ਹੋਂਦ ਨੂੰ ਅੱਖੋਂ-ਪਰੋਖੇ ਕਰਨਾ ਇੰਨਾ ਸੌਖਾ ਨਹੀਂ ਜਾਪਦਾ ਅਤੇ ਉਹ ਅਕਾਲੀ ਦਲ ਲਈ ਕਿੰਨੇ ਨੁਕਸਾਨਦੇਹ ਸਾਬਤ ਹੁੰਦੇ ਹਨ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ। ਭਾਵੇਂ ਕਿ ਨਵੀਆਂ ਸਿਆਸੀ ਪਾਰਟੀਆਂ ਪੰਜਾਬ 'ਚ ਲੋਕ ਸਭਾ ਚੋਣਾਂ 'ਚ ਰਵਾਇਤੀ ਪਾਰਟੀਆਂ ਨੂੰ ਕਰਾਰੀ ਟੱਕਰ ਜਾਂ ਹਾਰ ਦੇਣ ਦੇ ਦਾਅਵੇ ਕਰ ਰਹੇ ਹਨ, ਪਰ ਫਿਰ ਵੀ ਪ੍ਰਮੁੱਖ ਮੁਕਾਬਲਾ ਰਵਾਇਤੀ ਪਾਰਟੀਆਂ 'ਚ ਹੋਣ ਦੀ ਸੰਭਾਵਨਾ ਹੈ ਅਤੇ ਉਨ੍ਹਾਂ ਵੱਲੋਂ ਵੀ ਲੋਕ ਸਭਾ ਚੋਣ ਜਿੱਤਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਜਾ ਰਿਹਾ ਹੈ।

# ਅਕਾਲੀ ਦਲ ਵੱਲੋਂ ਹਰਿਆਣਾ ਵਿਚ ਭਾਜਪਾ ਦੇ ਸਮਰਥਨ ਦਾ ਐਲਾਨ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਹਰਿਆਣਾ ਵਿਚ ਚੌਟਾਲਾ ਪਰਿਵਾਰ ਨਾਲ ਦਹਾਕਿਆਂ ਪੁਰਾਣਾ ਸਿਆਸੀ ਨਾਤਾ ਤੋੜਦਿਆਂ ਇਕ ਨਵੇਂ ਗਠਜੋੜ ਤਹਿਤ ਲੋਕ ਸਭਾ ਚੋਣਾਂ ਵਿਚ ਭਾਜਪਾ ਦਾ ਸਮਰਥਨ ਦੇਣ ਦਾ ਐਲਾਨ ਕੀਤਾ ਹੈ। ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਪਾਰਟੀ ਦੇ ਹਰਿਆਣਾ ਇੰਚਾਰਜ ਬਲਵਿੰਦਰ ਸਿੰਘ ਭੂੰਦੜ ਨੇ ਬਿਆਨ ਰਾਹੀਂ ਦੱਸਿਆ ਕਿ ਇਸ ਗਠਜੋੜ ਤਹਿਤ ਅਕਾਲੀ ਦਲ ਵੱਲੋਂ ਹਰਿਆਣਾ ਦੀਆਂ ਵਿਧਾਨ ਸਭਾ ਚੋਣਾਂ ਵੀ ਭਾਜਪਾ ਨਾਲ ਮਿਲ ਕੇ ਲੜੀਆਂ ਜਾਣਗੀਆਂ।

ਉਨ੍ਹਾਂ ਦੱਸਿਆ ਕਿ ਇਹ ਫੈਸਲਾ ਨਰਵਾਣਾ 'ਚ ਅਕਾਲੀ-ਭਾਜਪਾ ਦੀ ਸਾਂਝੀ ਮੀਟਿੰਗ ਵਿਚ ਲਿਆ ਗਿਆ ਹੈ। ਇਸ ਮੀਟਿੰਗ ਵਿਚ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ, ਭਾਜਪਾ ਦੇ ਸੂਬਾਈ ਆਗੂ ਅਤੇ ਅਕਾਲੀ ਦਲ ਦੀ ਹਰਿਆਣਾ ਇਕਾਈ ਦੇ ਪ੍ਰਧਾਨ ਸ਼ਰਨਜੀਤ ਸਿੰਘ ਸੋਠਾ ਅਤੇ ਬਲਵਿੰਦਰ ਸਿੰਘ ਭੂੰਦੜ ਵੀ ਸ਼ਾਮਲ ਸਨ। ਅਕਾਲੀ ਆਗੂ ਨੇ ਦੱਸਿਆ ਕਿ ਇਸ ਸਬੰਧੀ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਵਿਚਾਲੇ ਹੋਈ ਗੱਲਬਾਤ ਮਗਰੋਂ ਹੋਏ ਰਸਮੀ ਸਮਝੌਤੇ ਮੁਤਾਬਿਕ ਲੋਕ ਸਭਾ ਚੋਣਾਂ ਵਿਚ ਅਕਾਲੀ ਦਲ ਭਾਜਪਾ ਦੇ ਉਮੀਦਵਾਰਾਂ ਦੀ ਹਮਾਇਤ ਕਰੇਗਾ। ਉਨ੍ਹਾਂ ਕਿਹਾ ਕਿ ਇਸ ਗਠਜੋੜ ਦੀਆਂ ਸ਼ਰਤਾਂ ਅਨੁਸਾਰ ਆ ਰਹੀਆਂ ਵਿਧਾਨ ਸਭਾ ਚੋਣਾਂ ਦੌਰਾਨ ਭਾਜਪਾ ਵੱਲੋਂ ਅਕਾਲੀ ਦਲ ਨੂੰ ਵੱਖ ਵੱਖ ਖੇਤਰਾਂ ਵਿਚ ਇਸ ਦੇ ਪ੍ਰਭਾਵ ਅਨੁਸਾਰ ਢੁਕਵੀਆਂ ਸੀਟਾਂ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੂੰ ਦਿੱਤੀਆਂ ਜਾਣ ਵਾਲੀਆਂ ਵਿਧਾਨ ਸਭਾ ਸੀਟਾਂ ਦੀ ਗਿਣਤੀ ਬਾਰੇ ਲੋਕ ਸਭਾ ਚੋਣਾਂ ਤੋਂ ਬਾਅਦ ਚਰਚਾ ਕੀਤੀ ਜਾਵੇਗੀ।

### ਸਿੱਖਾਂ ਨੇ ਪ੍ਰਗਟਾਈ ਨਾਰਾਜ਼ਗੀ

**ਅੰਬਾਲਾ:** ਹਰਿਆਣਾ ਵਿਚ ਲੋਕ ਸਭਾ ਚੋਣਾਂ ਲਈ ਸ਼੍ਰੋਮਣੀ ਅਕਾਲੀ ਦਲ ਵੱਲੋਂ ਆਪਣੇ ਉਮੀਦਵਾਰ ਨਾ ਉਤਾਰਨ ਦੇ ਫੈਸਲੇ 'ਤੇ ਸੂਬੇ ਦੇ ਸਿੱਖ ਭਾਈਚਾਰੇ ਨੇ ਨਾਰਾਜ਼ਗੀ ਜਤਾਈ ਹੈ। ਸ਼੍ਰੋਮਣੀ ਅਕਾਲੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਫੈਸਲੇ ਤੋਂ ਪਲਟਣ ਨਾਲ ਅਕਾਲੀ ਦਲ ਹਰਿਆਣਾ ਹੈਰਾਨ ਹੈ ਕਿਉਂਕਿ ਕੁਰੂਕਸ਼ੇਤਰ ਤੇ ਸਿਰਸਾ ਤੋਂ ਉਮੀਦਵਾਰਾਂ ਨੂੰ ਚੋਣ ਲੜਨ ਲਈ ਨਾਮਜ਼ਦ ਕੀਤਾ ਗਿਆ ਸੀ ਤੇ ਉਨ੍ਹਾਂ ਪਹਿਲਾਂ ਹੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਸਨ। ਇਸ ਫੈਸਲੇ ਤੋਂ ਨਿਰਾਸ਼ ਹੋਏ ਅਕਾਲੀ ਆਗੂਆਂ ਨੇ ਸਥਿਤੀ ਦੀ ਸਮੀਖਿਆ ਲਈ ਇਕ ਬੈਠਕ ਬੁਲਾਈ ਹੈ।

ਸ਼੍ਰੋਮਣੀ ਕਮੇਟੀ ਮੈਂਬਰ ਹਰਪਾਲ ਸਿੰਘ ਪਾਲੀ, ਹਰਿਆਣਾ ਅਕਾਲੀ ਦਲ ਦੇ ਮੁੱਖ ਸਲਾਹਕਾਰ ਰਣਬੀਰ ਸਿੰਘ ਫੌਜੀ ਤੇ ਹੋਰ ਆਗੂਆਂ ਨੇ ਮੀਟਿੰਗ ਦੌਰਾਨ ਨਾਰਾਜ਼ਗੀ ਜ਼ਾਹਰ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਰਿਆਣਾ ਸਿੱਖਾਂ ਦੇ ਮਾਮਲਿਆਂ 'ਚ ਦਖਲਅੰਦਾਜ਼ੀ ਕਰ ਰਿਹਾ ਹੈ, ਜਿਸ ਦੇ ਲਈ ਉਹ ਸੰਘਰਸ਼ ਕਰ ਰਹੇ ਹਨ।

# ਸੰਗਰੂਰ ਸੰਸਦੀ ਸੀਟ ਤੋਂ ਦਿੱਗਜਾਂ ਦਾ ਦਿਲਚਸਪ ਸਿਆਸੀ ਭੇੜ

**ਸੰਗਰੂਰ:** ਕਾਂਗਰਸ ਹਾਈਕਮਾਨ ਵੱਲੋਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੀਤ ਪ੍ਰਧਾਨ ਕੇਵਲ ਸਿੰਘ ਢਿੱਲੋਂ ਦੀ ਉਮੀਦਵਾਰੀ ਦਾ ਐਲਾਨ ਹੋਣ ਨਾਲ ਪੰਜਾਬ ਦੀ ਰਾਜਨੀਤੀ 'ਚ ਅਹਿਮ ਮੰਨੀ ਜਾਂਦੀ ਸੰਗਰੂਰ ਲੋਕ ਸਭਾ ਸੀਟ ਤੋਂ ਚੋਣ ਲੜਨ ਵਾਲੇ ਮੁੱਖ ਉਮੀਦਵਾਰਾਂ ਦੀ ਤਸਵੀਰ ਸਪਸ਼ਟ ਹੋ ਗਈ ਹੈ। ਇਸ ਸੀਟ ਤੋਂ ਕਾਫੀ ਦਿਲਚਸਪ ਮੁਕਾਬਲਾ ਹੋਣ ਦੇ ਆਸਾਰ ਹਨ।

ਆਮ ਆਦਮੀ ਪਾਰਟੀ ਵੱਲੋਂ ਭਗਵੰਤ ਮਾਨ, ਸ਼੍ਰੋਮਣੀ ਅਕਾਲੀ ਦਲ ਵੱਲੋਂ ਪਰਮਿੰਦਰ ਸਿੰਘ ਢੀਂਡਸਾ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਸਿਮਰਨਜੀਤ ਸਿੰਘ ਮਾਨ, ਪੰਜਾਬ ਡੈਮੋਕ੍ਰੈਟਿਕ ਅਲਾਇੰਸ ਵੱਲੋਂ ਜੱਸੀ ਜਸਰਾਜ ਅਤੇ ਅਕਾਲੀ ਦਲ ਟਕਸਾਲੀ ਵੱਲੋਂ ਰਾਜਦੇਵ ਸਿੰਘ ਖਾਲਸਾ ਚੋਣ ਮੈਦਾਨ 'ਚ ਆ ਗਏ ਹਨ। ਕਾਂਗਰਸ ਪਾਰਟੀ ਵੱਲੋਂ ਕੇਵਲ ਸਿੰਘ ਢਿੱਲੋਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ ਜੋ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਅਤਿ ਕਰੀਬੀ ਹਨ। ਸ੍ਰੀ ਢਿੱਲੋਂ ਨੇ 2007 ਅਤੇ 2012 ਵਿਚ ਅਸੈਂਬਲੀ ਚੋਣ ਜਿੱਤੀ ਸੀ ਅਤੇ 2017 ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ ਤੋਂ ਚੋਣ ਹਾਰ ਗਏ ਸਨ। ਸ੍ਰੀ ਢਿੱਲੋਂ ਸੰਸਦੀ ਹਲਕੇ ਅਧੀਨ ਪੈਂਦੇ ਜ਼ਿਲ੍ਹਾ ਬਰਨਾਲਾ ਦੇ ਪਿੰਡ ਟੱਲੇਵਾਲ ਦੇ ਜੰਮਪਲ ਹਨ।

'ਆਪ' ਉਮੀਦਵਾਰ ਭਗਵੰਤ ਮਾਨ ਮੁੜ ਦੂਜੀ ਵਾਰ ਚੋਣ ਮੈਦਾਨ 'ਚ ਹਨ ਜੋ 'ਆਪ' ਦੇ ਸੂਬਾ ਪ੍ਰਧਾਨ ਹਨ। ਸ੍ਰੀ ਮਾਨ ਪਿਛਲੇ ਪੰਜ ਸਾਲ ਦੀ ਆਪਣੀ ਕਾਰਗੁਜ਼ਾਰੀ ਲੈ ਕੇ ਲੋਕਾਂ ਵਿਚ ਜਾ ਰਹੇ ਹਨ ਜਿਨ੍ਹਾਂ ਨੇ ਪਿਛਲੇ ਕਰੀਬ ਇਕ ਮਹੀਨੇ ਤੋਂ ਆਪਣੀ ਚੋਣ ਮੁਹਿੰਮ ਭਖਾ ਰੱਖੀ ਹੈ ਪਰ ਪੀ.ਡੀ.ਏ. ਉਮੀਦਵਾਰ ਜੱਸੀ ਜਸਰਾਜ ਸਿਆਸੀ ਦਾਤੀ ਨਾਲ ਕਣਕ ਦੀ ਫਸਲ ਵਾਂਗ ਮਾਨ ਦੀਆਂ ਪੱਕੀਆਂ ਵੋਟਾਂ ਦੀ ਕਟਾਈ ਕਰਨ 'ਚ ਜੁਟ ਗਿਆ ਹੈ ਜੋ 'ਆਪ' ਦੇ ਖਿੱਲਰੇ ਝਾੜੂ 'ਚੋਂ ਸ਼ਰੀਕ ਬਣ ਕੇ ਨਿਕਲਿਆ ਹੈ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਸਿਮਰਨਜੀਤ ਸਿੰਘ ਮਾਨ ਉਮੀਦਵਾਰ ਹਨ ਜੋ ਖੁਦ ਪਾਰਟੀ ਪ੍ਰਧਾਨ ਹਨ। ਸ੍ਰੀ ਮਾਨ 1996 ਅਤੇ 1998 'ਚ ਅਕਾਲੀ ਦਲ ਦੇ ਉਮੀਦਵਾਰ ਸੁਰਜੀਤ ਸਿੰਘ ਬਰਨਾਲਾ ਤੋਂ ਚੋਣ ਹਾਰ ਗਏ ਸਨ ਅਤੇ 1999 'ਚ ਆਪਣੀ ਹਾਰ ਦਾ ਬਦਲਾ ਲੈਣ ਵਿਚ ਸਫਲ ਹੋਏ ਸਨ। ਬਤੌਰ ਐਮ.ਪੀ. ਰਹਿ ਚੁੱਕੇ ਸਿਮਰਨਜੀਤ ਸਿੰਘ ਮਾਨ ਹਲਕੇ ਦੇ ਹਰ ਪਿੰਡ ਤੋਂ ਵਾਕਫ ਹਨ। ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਪਰਮਿੰਦਰ ਸਿੰਘ ਢੀਂਡਸਾ ਨੂੰ ਚੋਣ ਪਿੜ 'ਚ ਭਾਵੇਂ ਪਿਤਾ ਸੁਖਦੇਵ ਸਿੰਘ ਢੀਂਡਸਾ ਦੇ ਸਾਥ ਦੀ ਘਾਟ ਜ਼ਰੂਰ ਰੜਕ ਰਹੀ ਹੈ ਪਰ ਸੰਸਦੀ ਹਲਕੇ ਦੀ ਸਮੁੱਚੀ ਅਕਾਲੀ ਲੀਡਰਸ਼ਿਪ ਪਰਮਿੰਦਰ ਢੀਂਡਸਾ ਦੀ ਡਟਵੀਂ ਹਮਾਇਤ 'ਚ ਨਿੱਤਰ ਚੁੱਕੀ ਹੈ। ਲਗਾਤਾਰ ਚਾਰ ਵਾਰ ਸੁਨਾਮ ਹਲਕੇ ਤੋਂ ਵਿਧਾਇਕ ਚੁਣੇ ਪਰਮਿੰਦਰ ਸਿੰਘ ਢੀਂਡਸਾ ਹੁਣ ਹਲਕਾ ਲਹਿਰਾਗਾਗਾ ਤੋਂ ਵਿਧਾਇਕ ਹਨ।

# ਡੇਰਾ ਸਿਰਸਾ ਵੱਲੋਂ ਸਿਆਸੀ ਧਿਰਾਂ ਨੂੰ 'ਗੁਪਤ' ਹਮਾਇਤ ਦੀ ਜੁਗਤ

**ਚੰਡੀਗੜ੍ਹ:** ਡੇਰਾ ਸਿਰਸਾ ਐਤਕੀਂ ਚੋਣਾਂ 'ਚ ਖੁੱਲ੍ਹੇਆਮ ਸਿਆਸੀ ਪੱਤੇ ਨਹੀਂ ਖੋਲ੍ਹੇਗਾ। ਸਿਆਸੀ ਵਿੰਗ ਨੇ ਸਿਆਸੀ ਪੈਂਤੜੇ 'ਚ ਬਦਲਾਅ ਕੀਤਾ ਹੈ। ਡੇਰਾ ਪੈਰੋਕਾਰਾਂ ਨੂੰ ਗੁਪਤ ਸੁਨੇਹੇ ਨਾਲ ਸਿਆਸੀ ਹਮਾਇਤ ਤੋਂ ਜਾਣੂ ਕਰਾਇਆ ਜਾਵੇਗਾ। ਪਿਛਲੇ ਸਮੇਂ ਵਿਚ ਡੇਰਾ ਖੁੱਲ੍ਹੇਆਮ ਸਿਆਸੀ ਹਮਾਇਤ ਦਾ ਐਲਾਨ ਕਰਦਾ ਰਿਹਾ ਹੈ। ਪਹਿਲੇ ਗੇੜ ਵਿਚ ਡੇਰਾ ਸਿਰਸਾ ਦੀਆਂ ਟੀਮਾਂ ਨੇ ਮਾਲਵਾ ਖਿੱਤੇ ਦੇ ਵੱਡੇ ਸ਼ਹਿਰਾਂ ਵਿਚ ਨਾਮ ਚਰਚਾ ਪ੍ਰੋਗਰਾਮ ਕੀਤੇ ਹਨ।

ਡੇਰਾ ਮੁਖੀ ਦੇ ਜੇਲ੍ਹ ਜਾਣ ਮਗਰੋਂ ਪਹਿਲੀ ਵਾਰ ਡੇਰਾ ਪੈਰੋਕਾਰ ਘਰਾਂ 'ਚੋਂ ਬਾਹਰ ਨਿਕਲੇ ਹਨ। ਇਨ੍ਹਾਂ ਸਮਾਰੋਹਾਂ ਦੇ ਜ਼ਰੀਏ ਡੇਰਾ ਆਗੂਆਂ ਨੇ ਸਿਆਸੀ ਭਾਰ ਵੀ ਜੋਖਿਆ ਹੈ। ਮਾਨਵਤਾ ਭਲਾਈ ਦੇ ਕਾਰਜਾਂ ਦੇ ਬਹਾਨੇ ਇਹ ਸਮਾਰੋਹ ਕੀਤੇ ਗਏ ਹਨ। ਡੇਰਾ ਸਿਰਸਾ ਨੇ ਕਈ ਟੀਮਾਂ ਦਾ ਗਠਨ ਕੀਤਾ ਹੈ ਜਿਨ੍ਹਾਂ ਵੱਲੋਂ ਪੰਜਾਬ, ਹਰਿਆਣਾ ਤੇ ਰਾਜਸਥਾਨ ਵਿਚ ਐਤਵਾਰੀ ਨਾਮ ਚਰਚਾ ਪ੍ਰੋਗਰਾਮਾਂ ਵਿਚ ਇਕੱਠਾਂ ਦਾ ਪ੍ਰੋਗਰਾਮ ਉਲੀਕਿਆ ਹੈ। ਕੋਈ ਸ਼ੱਕ ਨਹੀਂ ਕਿ ਡੇਰਾ ਮੁਖੀ ਨੂੰ ਸਜ਼ਾ ਮਗਰੋਂ ਡੇਰੇ ਦੀ ਪੈਂਠ ਅਤੇ ਆਧਾਰ ਦਾ ਲੱਕ ਟੁੱਟਿਆ ਹੈ ਪਰ ਡੇਰਾ ਆਗੂ ਸਭ ਅੱਛਾ ਹੋਣ ਦੀ ਗੱਲ ਆਖ ਰਹੇ ਹਨ। ਉਪਰੋਂ ਸਿਆਸੀ ਵਿੰਗ ਆਖ ਰਿਹਾ ਹੈ ਕਿ ਸਭ ਸਿਆਸੀ ਲੀਡਰ ਇਕੋ ਜਿਹੇ ਹੀ ਹਨ ਪਰ ਡੇਰੇ ਸਿਰਸਾ ਦੇ ਅਖਬਾਰ ਦਾ ਕੁਝ ਦਿਨਾਂ ਦਾ ਮੁਲਾਂਕਣ ਕਰਕੇ ਦੇਖੀਏ ਤਾਂ ਇਸ ਅਖਬਾਰ ਵਿਚ ਹੁਣ ਸ਼੍ਰੋਮਣੀ ਅਕਾਲੀ ਦਲ ਦੇ ਪ੍ਰੋਗਰਾਮ ਪ੍ਰਮੁੱਖਤਾ ਨਾਲ ਛਪਣ ਲੱਗੇ ਹਨ। ਜਦੋਂ ਮਈ 2007 ਵਿਚ ਸਿੱਖ ਪੈਰੋਕਾਰਾਂ ਤੇ ਡੇਰਾ ਪੈਰੋਕਾਰਾਂ ਦਰਮਿਆਨ ਟਕਰਾਅ ਹੋਇਆ ਸੀ ਤਾਂ ਉਸ ਮਗਰੋਂ ਡੇਰਾ ਸਿਰਸਾ ਸ਼੍ਰੋਮਣੀ ਅਕਾਲੀ ਦਲ ਤੋਂ ਖਫਾ ਸੀ।



ਡੇਰੇ ਦੇ ਅਖਬਾਰ ਵਿਚ ਪਿਛਲੇ ਸਮੇਂ ਦੌਰਾਨ ਅਕਾਲੀ ਦਲ ਬਹੁਤ ਘੱਟ ਲੱਭਦਾ ਸੀ। ਹੁਣ ਮੋੜਾ ਪਿਆ ਹੈ ਕਿ ਡੇਰੇ ਦੇ ਅਖਬਾਰ ਵਿਚ ਅਕਾਲੀ ਦਲ ਨੂੰ ਮੁੱਖ ਥਾਂ ਮਿਲਣ ਲੱਗੀ ਹੈ। ਬੇਅਦਬੀ ਦੇ ਮਾਮਲੇ ਮਗਰੋਂ ਕਾਂਗਰਸ ਤਾਂ ਖੁੱਲ੍ਹੇਆਮ ਹੀ ਡੇਰੇ ਦੇ ਖਿਲਾਫ ਨਿੱਤਰੀ ਹੈ ਅਤੇ ਅਕਾਲੀ ਦਲ ਦੇ ਆਗੂ ਹਾਲੇ ਵੀ ਦਬੀ ਜ਼ੁਬਾਨ ਵਿਚ ਹੀ ਬੋਲਦੇ ਹਨ। ਮੁੱਢਲੇ ਗੇੜ ਦੀਆਂ ਮੀਟਿੰਗਾਂ ਵਿਚ ਡੇਰਾ ਪੈਰੋਕਾਰਾਂ ਨੇ ਅੰਦਰੋਂ ਅੰਦਰੀਂ ਕਾਂਗਰਸ ਖਿਲਾਫ ਨਾਰਾਜ਼ਗੀ ਜ਼ਾਹਰ ਕੀਤੀ ਹੈ। ਐਤਕੀਂ ਪੰਜਾਬ ਦਾ ਕੋਈ ਉਮੀਦਵਾਰ ਜਾਂ ਸਿਆਸੀ ਨੇਤਾ ਡੇਰਾ ਸਿਰਸਾ ਜਾਣ ਤੋਂ ਪਾਸਾ ਹੀ ਵੱਟੇਗਾ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਇਹ ਆਖਦੇ ਹਨ ਕਿ ਡੇਰਾ ਸਿਰਸਾ ਨਾਲ ਕੋਈ ਸਬੰਧ ਨਹੀਂ ਹੈ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਮਰਿਆਦਾ ਵੀ ਉਨ੍ਹਾਂ ਲਈ ਮੁੱਖ ਹੈ। ਸੂਤਰ ਆਖਦੇ ਹਨ ਕਿ ਅੰਦਰੋਂ ਅੰਦਰੀਂ ਅਕਾਲੀ ਦਲ ਨੂੰ ਡੇਰਾ ਪੈਰੋਕਾਰਾਂ ਦੀ ਵੋਟ 'ਤੇ ਟੇਕ ਹੈ ਕਿਉਂਕਿ ਬੇਅਦਬੀ ਮਾਮਲੇ ਕਰਕੇ ਸਿੱਖ ਵੋਟਰਾਂ ਵਿਚ ਅਕਾਲੀ ਦਲ ਪ੍ਰਤੀ ਅੰਦਰੋਂ ਅੰਦਰੀਂ ਕਾਫੀ ਰੋਹ ਹੈ। ਵੇਰਵਿਆਂ ਅਨੁਸਾਰ ਡੇਰਾ ਸਿਰਸਾ ਦਾ 29 ਅਪਰੈਲ ਨੂੰ ਸਿਰਸਾ ਵਿਖੇ ਸਥਾਪਨਾ ਦਿਵਸ ਹੈ ਅਤੇ ਇਸ ਮੌਕੇ ਪੈਰੋਕਾਰਾਂ ਦਾ ਵੱਡਾ ਇਕੱਠ ਹੋਣਾ ਹੈ। ਭਾਵੇਂ ਸਥਾਪਨਾ ਦਿਵਸ ਮੌਕੇ ਕੋਈ ਐਲਾਨ ਤਾਂ ਨਹੀਂ ਹੋਵੇਗਾ ਪ੍ਰੰਤੂ ਪੈਰੋਕਾਰਾਂ ਦੀ ਨਬਜ਼ ਟੋਹੀ ਜਾਵੇਗੀ ਅਤੇ ਉਨ੍ਹਾਂ ਨੂੰ ਇੱਕਜੁਟ ਰਹਿਣ ਦਾ ਸੁਨੇਹਾ ਦਿੱਤਾ ਜਾਵੇਗਾ। ਦੂਸਰੀ ਤਰਫ ਕਾਂਗਰਸ ਪਾਰਟੀ ਦੀ ਟੇਕ ਹੁਣ ਸਿੱਖ ਵੋਟਰਾਂ 'ਤੇ ਵਧੀ ਹੈ।

ਕਾਂਗਰਸ ਆਸ ਕਰਦੀ ਹੈ ਕਿ ਬੇਅਦਬੀ ਮਾਮਲੇ ਕਰਕੇ ਨਾਰਾਜ਼ ਵੋਟਰ ਕਾਂਗਰਸ ਦੀ ਝੋਲੀ ਪੈਣਗੇ। ਬਠਿੰਡਾ ਸੰਸਦੀ ਹਲਕੇ ਤੋਂ ਬਰਗਾੜੀ ਇਨਸਾਫ ਮੋਰਚਾ ਦੇ ਉਮੀਦਵਾਰ ਗੁਰਸੇਵਕ ਸਿੰਘ ਜਵਾਹਰਕੇ ਦਾ ਕਹਿਣਾ ਸੀ ਕਿ ਸਿੱਖ ਵੋਟਰ ਪੂਰੀ ਤਰ੍ਹਾਂ ਇਨਸਾਫ ਮੋਰਚੇ ਨਾਲ ਖੜ੍ਹਾ ਹੈ ਅਤੇ ਅਕਾਲੀ ਦਲ ਤੇ ਕਾਂਗਰਸ ਤੋਂ ਇਸ ਕਰਕੇ ਨਾਰਾਜ਼ ਹੈ ਕਿ ਇਨ੍ਹਾਂ ਧਿਰਾਂ ਨੇ ਬੇਅਦਬੀ ਮਾਮਲੇ ਵਿਚ ਸਿਰਫ ਸਿਆਸਤ ਹੀ ਕੀਤੀ ਹੈ। ਉਮੀਦਵਾਰ ਜਵਾਹਰਕੇ ਦਾ ਕਹਿਣਾ ਸੀ ਕਿ ਅਕਾਲੀ ਦਲ ਹਾਲੇ ਵੀ ਡੇਰਾ ਸਿਰਸਾ ਖਿਲਾਫ ਬੋਲਣ ਤੋਂ ਗੁਰੇਜ਼ ਕਰ ਰਿਹਾ ਹੈ। ਦੱਸਣਯੋਗ ਹੈ ਕਿ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਵੀ ਇਹ ਖੁਲਾਸਾ ਕੀਤਾ ਹੈ ਕਿ ਭਾਜਪਾ ਵੱਲੋਂ ਡੇਰਾ ਸਿਰਸਾ ਤੋਂ ਵੋਟ ਦੀ ਮੰਗ ਕੀਤੀ ਜਾਵੇਗੀ, ਜਿਸ ਤੋਂ ਸਾਫ ਹੋ ਗਿਆ ਹੈ ਕਿ ਭਾਜਪਾ ਡੇਰੇ ਦੀ ਹਮਾਇਤ ਦੀ ਇੱਛੁਕ ਹੈ। ਵੱਖਰੀ ਗੱਲ ਹੈ ਕਿ ਡੇਰਾ ਸਿਰਸਾ ਭਾਜਪਾ ਵੱਲ ਝੁਕਾਅ ਰੱਖੇਗਾ ਜਾਂ ਨਹੀਂ।

# ਖਾਲਸਾ ਸਾਜਨਾ ਦਿਵਸ ਮੌਕੇ ਗੁਰੂ ਘਰਾਂ 'ਚ ਸ਼ਰਧਾ ਦਾ ਸੈਲਾਬ

**ਤਲਵੰਡੀ ਸਾਬੋ:** ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਚਾਰ ਰੋਜ਼ਾ ਵਿਸਾਖੀ ਮੇਲੇ ਮੌਕੇ ਲੱਖਾਂ ਦੀ ਤਾਦਾਦ ਵਿਚ ਪੁੱਜੇ ਸ਼ਰਧਾਲੂਆਂ ਨੇ ਪਵਿੱਤਰ ਸਰੋਵਰਾਂ ਵਿਚ ਇਸ਼ਨਾਨ ਕਰਕੇ ਤਖਤ ਸਾਹਿਬ ਸਮੇਤ ਇਥੋਂ ਦੇ ਹੋਰ ਗੁਰਦੁਆਰਿਆਂ ਵਿਚ ਮੱਥਾ ਟੇਕਿਆ। ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੰਗਤਾਂ ਨੂੰ ਖਾਲਸੇ ਦੇ ਜਨਮ ਦਿਹਾੜੇ ਦੀ ਵਧਾਈ ਦਿੰਦਿਆਂ ਸਿੱਖ ਧਰਮ ਵਿਚ ਵਿਸਾਖੀ ਦੀ ਮਹੱਤਤਾ ਬਾਰੇ ਚਾਨਣਾ ਪਾਇਆ।

ਉਨ੍ਹਾਂ ਸੰਗਤ ਨੂੰ ਵਿਸਾਖੀ ਦੇ ਸ਼ੁਭ ਦਿਹਾੜੇ 'ਤੇ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗਣ ਦਾ ਸੰਦੇਸ਼ ਵੀ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਸ਼੍ਰੋਮਣੀ ਅਕਾਲੀ ਦਲ (ਬ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ, ਅਕਾਲ ਤਖਤ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ, ਹਲਕਾ ਵਿਧਾਇਕਾ ਪ੍ਰੋ. ਬਲਜਿੰਦਰ ਕੌਰ ਵੀ ਤਖਤ ਸਾਹਿਬ ਵਿਖੇ ਨਤਮਸਤਕ ਹੋਏ। ਇਸ ਵਾਰ ਚੋਣ ਜ਼ਾਬਤੇ ਕਾਰਨ ਸਿਆਸੀ ਕਾਨਫਰੰਸਾਂ ਨਹੀਂ ਹੋਈਆਂ ਤੇ ਵੀ.ਆਈ.ਪੀਜ਼. ਦੇ ਨਾ ਆਉਣ ਕਾਰਨ ਆਮ ਲੋਕਾਂ ਨੇ ਬਿਨਾਂ ਰੋਕ ਟੋਕ ਦੇ ਮੇਲਾ ਦੇਖਿਆ। ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਤੇ ਸ਼੍ਰੋਮਣੀ ਕਮੇਟੀ ਵੱਲੋਂ ਸਾਂਝੇ ਤੌਰ 'ਤੇ ਗਤਕਾ ਮੁਕਾਬਲੇ ਕਰਵਾਏ ਗਏ।

ਇਸੇ ਤਰ੍ਹਾਂ ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੇ ਸਬੰਧ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਤਿੰਨ ਦਿਨਾਂ ਗੁਰਮਤਿ ਸਮਾਗਮ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੱਡੀ ਗਿਣਤੀ ਵਿਚ ਸੰਗਤ ਨੇ ਮੱਥਾ ਟੇਕਿਆ ਅਤੇ ਸਰੋਵਰ ਵਿਚ ਇਸ਼ਨਾਨ ਕੀਤਾ। ਇਸ ਮੌਕੇ ਲਗਭਗ ਇਕ ਹਜ਼ਾਰ ਵਿਅਕਤੀਆਂ ਨੇ ਅੰਮ੍ਰਿਤਪਾਨ ਵੀ ਕੀਤਾ।



## ਮੁਤਵਾਜ਼ੀ ਜਥੇਦਾਰ ਦਾਦੂਵਾਲ ਵੱਲੋਂ ਕੌਮ ਦੇ ਨਾਂ ਸੰਦੇਸ਼

**ਤਲਵੰਡੀ ਸਾਬੋ:** ਸਰਬੱਤ ਖਾਲਸਾ ਵੱਲੋਂ ਤਖਤ ਸ੍ਰੀ ਦਮਦਮਾ ਸਾਹਿਬ ਦੇ ਥਾਪੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਵਿਸਾਖੀ ਮੌਕੇ ਕੌਮ ਦੇ ਨਾਂ ਸੰਦੇਸ਼ ਜਾਰੀ ਕੀਤਾ। ਉਨ੍ਹਾਂ ਕਿਹਾ ਕਿ ਇਸ ਦਿਨ ਕਲਗੀਧਰ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ ਤੇ ਸਾਨੂੰ ਮਹਾਨ ਗੌਰਵਮਈ ਵਿਰਾਸਤ ਬਖਸ਼ਿਸ਼ ਕੀਤੀ ਤੇ ਉਸੇ ਵਿਰਾਸਤ ਨੂੰ ਅੱਜ ਸਾਂਭਣ ਦੀ ਲੋੜ ਹੈ ਕਿਉਂਕਿ ਅੱਜ ਪੰਥ ਵਿਰੋਧੀ ਲੋਕ ਸਾਡੀਆਂ ਮਹਾਨ ਸੰਸਥਾਵਾਂ 'ਤੇ ਕਾਬਜ਼ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਅੰਗਾਂ ਦੀ ਬੇਅਦਬੀ ਜਾਰੀ ਹੈ ਤੇ ਬੇਕਸੂਰ ਸਿੱਖ ਨੌਜਵਾਨ ਜੇਲ੍ਹਾਂ ਵਿਚ ਬੰਦ ਹਨ। ਮੁਤਵਾਜ਼ੀ ਜਥੇਦਾਰ ਨੇ ਕਿਹਾ ਕਿ ਸਿੱਖ ਵਿਰਾਸਤ ਨਾਲ ਸਬੰਧਤ ਨਿਸ਼ਾਨੀਆਂ ਨੂੰ ਜਾਣ ਬੁੱਝ ਕੇ ਖਤਮ ਕੀਤਾ ਜਾ ਰਿਹਾ ਹੈ।

# ਸ਼੍ਰੋਮਣੀ ਕਮੇਟੀ ਵੱਲੋਂ ਫਾਰਗ ਮੁਲਾਜ਼ਮਾਂ ਦੀਆਂ ਸੇਵਾਵਾਂ ਬਹਾਲ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਫਾਰਗ ਕੀਤੇ ਗਏ ਮੁਲਾਜ਼ਮਾਂ ਨੂੰ ਸਬ ਕਮੇਟੀ ਦੀਆਂ ਸਿਫਾਰਸ਼ਾਂ ਤੇ ਅੰਤ੍ਰਿੰਗ ਕਮੇਟੀ ਦੀ ਪ੍ਰਵਾਨਗੀ 'ਤੇ ਮੁੜ ਬਹਾਲ ਕਰ ਦਿੱਤਾ ਗਿਆ ਹੈ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਫਾਰਗ ਮੁਲਾਜ਼ਮਾਂ ਨੂੰ ਮੁੜ ਡਿਊਟੀ 'ਤੇ ਹਾਜ਼ਰ ਹੋਣ ਵਾਸਤੇ ਨਿਯੁਕਤੀ ਪੱਤਰ ਦਿੱਤੇ ਹਨ। ਉਨ੍ਹਾਂ ਨੇ ਸਲਫਾਸ ਖਾ ਕੇ ਖੁਦਕੁਸ਼ੀ ਦੀ ਹੱਥਾਂ ਪੈਰਾਂ ਦੀ ਪਾ ਦਿੱਤੀ ਸੀ, ਜਿਸ ਤੋਂ ਤੁਰਤ ਬਾਅਦ ਇਨ੍ਹਾਂ ਫਾਰਗ ਮੁਲਾਜ਼ਮਾਂ ਨੂੰ ਬਹਾਲ ਕਰਨ ਦਾ ਫੈਸਲਾ ਲਿਆ ਗਿਆ ਹੈ। ਇਸ ਸਬੰਧੀ ਕੀਤੀ ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਗੁਰਬਚਨ ਸਿੰਘ ਕਰਮੂੰਵਾਲ, ਅੰਤ੍ਰਿੰਗ ਕਮੇਟੀ ਮੈਂਬਰ ਅਮਰੀਕ ਸਿੰਘ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਭਾਈ ਰਾਮ ਸਿੰਘ ਤੇ ਮੁੱਖ ਸਕੱਤਰ ਡਾ. ਰੂਪ ਸਿੰਘ ਸ਼ਾਮਲ ਹੋਏ।



ਕੋਸ਼ਿਸ਼ ਕਰਨ ਵਾਲੇ ਮੁਲਾਜ਼ਮ ਦਾ ਹਸਪਤਾਲ ਵਿਚ ਪਤਾ ਲਿਆ ਅਤੇ ਉਸ ਨੂੰ ਉਥੇ ਹੀ ਨਿਯੁਕਤੀ ਪੱਤਰ ਸੌਂਪਿਆ।

ਸ਼੍ਰੋਮਣੀ ਕਮੇਟੀ ਵੱਲੋਂ ਫਾਰਗ ਕੀਤੇ ਗਏ ਮੁਲਾਜ਼ਮਾਂ ਵੱਲੋਂ ਪਿਛਲੇ ਲਗਭਗ 12 ਦਿਨਾਂ ਤੋਂ ਇਥੇ ਸ਼੍ਰੋਮਣੀ ਕਮੇਟੀ ਦੇ ਦਫਤਰ ਦੇ ਬਾਹਰ ਨਿਰੰਤਰ ਧਰਨਾ ਦਿੱਤਾ ਜਾ ਰਿਹਾ ਸੀ। ਉਨ੍ਹਾਂ ਵੱਲੋਂ ਲੜੀਵਾਰ ਭੁੱਖ ਹੜਤਾਲ ਕੀਤੀ ਗਈ। ਇਸ ਸੰਘਰਸ਼ ਦੌਰਾਨ ਹੀ ਇਕ ਫਾਰਗ ਮੁਲਾਜ਼ਮ ਸਰਹੁਸਨ ਸਿੰਘ ਨੇ ਸਲਫਾਸ ਦੀ ਗੋਲੀ ਖਾ ਕੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਸੀ, ਜਿਸ ਨੂੰ ਤੁਰਤ ਗੁਰੂ ਰਾਮਦਾਸ ਹਸਪਤਾਲ ਵਿਚ ਦਾਖਲ ਕਰਾਇਆ ਗਿਆ। ਫਾਰਗ ਮੁਲਾਜ਼ਮ ਦੀ ਇਸ ਕਾਰਵਾਈ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕਾਂ ਨੂੰ

ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਫਾਰਗ ਮੁਲਾਜ਼ਮਾਂ ਸਬੰਧੀ ਅੰਤ੍ਰਿਮ ਕਮੇਟੀ ਨੇ ਇਕ ਸਬ-ਕਮੇਟੀ ਬਣਾਈ ਸੀ, ਜਿਸ ਦੀਆਂ ਸਿਫਾਰਸ਼ਾਂ 'ਤੇ ਇਨ੍ਹਾਂ ਮੁਲਾਜ਼ਮਾਂ ਨੂੰ ਨਿਯੁਕਤੀ ਪੱਤਰ ਦਿੱਤੇ ਗਏ ਹਨ। ਇਨ੍ਹਾਂ ਮੁਲਾਜ਼ਮਾਂ ਦੀ ਸੇਵਾ ਪਹਿਲਾਂ ਵਾਲੇ ਸਥਾਨਾਂ ਉਤੇ ਹੀ ਹੋਵੇਗੀ। ਇਨ੍ਹਾਂ ਮੁਲਾਜ਼ਮਾਂ ਵਿਚ ਬਿਲਮੁਕਤਾ, ਠੇਕੇ ਤੇ ਦਿਹਾੜੀ ਵਾਲੇ ਮੁਲਾਜ਼ਮ ਸ਼ਾਮਲ ਹਨ। ਇਨ੍ਹਾਂ ਸਾਰੇ ਮੁਲਾਜ਼ਮਾਂ ਨੂੰ ਫਾਰਗ ਕਰਨ ਸਮੇਂ ਤੋਂ ਲੈ ਕੇ ਹੁਣ ਬਹਾਲ ਕਰਨ ਤਕ ਦੇ ਸਮੇਂ ਨੂੰ ਬਿਨਾਂ ਤਨਖਾਹ ਛੁੱਟੀ ਵਜੋਂ ਪ੍ਰਵਾਨ ਕੀਤਾ ਜਾਵੇਗਾ, ਜਿਸ ਨਾਲ ਇਨ੍ਹਾਂ ਦੀ ਸੇਵਾ ਵਿਚ ਨਿਰੰਤਰਤਾ ਬਣੀ ਰਹੇਗੀ। ਸਰਹੁਸਨ ਸਿੰਘ ਦੇ ਇਲਾਜ ਦਾ ਸਾਰਾ ਖਰਚਾ ਸ਼੍ਰੋਮਣੀ ਕਮੇਟੀ ਵੱਲੋਂ ਕੀਤਾ ਜਾਵੇਗਾ।

# ਗੁਟਕਿਆਂ ਅਤੇ ਧਾਰਮਿਕ ਸਾਹਿਤ ਨੂੰ ਅੱਗ ਲੱਗੀ

**ਅੰਮ੍ਰਿਤਸਰ:** ਕੋਟ ਖਾਲਸਾ ਇਲਾਕੇ ਦੇ ਇਕ ਘਰ ਵਿਚ ਬਣਾਈ ਵਿਸ਼ੇਸ਼ ਅਲਮਾਰੀ ਵਿਚ ਰੱਖੇ ਗੁਟਕੇ ਅਤੇ ਹੋਰ ਧਾਰਮਿਕ ਸਾਹਿਤ ਅਚਨਚੇਤੀ ਅਗਨ ਭੇਟ ਹੋਣ ਉਤੇ ਇਲਾਕੇ ਵਿਚ ਤਣਾਅ ਵਾਲਾ ਮਾਹੌਲ ਬਣਿਆ ਰਿਹਾ। ਪੁਲਿਸ ਨੇ ਮੌਕੇ 'ਤੇ ਪੁੱਜ ਕੇ ਘਟਨਾ ਦੀ ਜਾਂਚ ਸ਼ੁਰੂ ਕੀਤੀ।

ਇਸ ਘਟਨਾ ਦੀ ਖਬਰ ਸੋਸ਼ਲ ਮੀਡੀਆ ਰਾਹੀਂ ਇਲਾਕੇ ਵਿਚ ਤੇਜ਼ੀ ਨਾਲ ਫੈਲ ਗਈ ਸੀ, ਜਿਸ ਨੂੰ ਸੁਣਨ ਤੇ ਵੇਖਣ ਮਗਰੋਂ ਦਮਦਮੀ ਟਕਸਾਲ ਅਜਨਾਲਾ ਦੇ ਮੁਖੀ ਅਮਰੀਕ ਸਿੰਘ ਅਜਨਾਲਾ ਅਤੇ ਉਨ੍ਹਾਂ ਦੇ ਸਾਥੀ ਵੀ ਘਟਨਾ ਸਥਾਨ ਉਤੇ ਪੁੱਜ ਗਏ। ਕੋਟ ਖਾਲਸਾ ਦੀ ਗੁਰੂ ਨਾਨਕਪੁਰਾ ਆਬਾਦੀ ਦੇ ਘਰ ਵਿਚ ਵਾਪਰੀ ਘਟਨਾ ਬਾਰੇ ਘਰ ਦੀ ਔਰਤ ਨੇ ਪੁਲਿਸ ਨੂੰ ਦੱਸਿਆ ਕਿ ਇਹ ਗੁਟਕੇ ਅਤੇ ਹੋਰ ਧਾਰਮਿਕ ਸਾਹਿਤ ਮੰਦਰ ਨੁਮਾ ਅਲਮਾਰੀ ਵਿਚ ਰੱਖਿਆ ਹੋਇਆ ਸੀ। ਉਹ ਘਰੋਂ ਬਾਹਰ ਸਨ ਅਤੇ ਜਦੋਂ ਵਾਪਸ ਆਈ ਤਾਂ ਉਸ ਦੇ ਬੇਟੇ ਨੇ ਅੱਗ ਲੱਗਣ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਇਸ ਸਬੰਧੀ ਗੁਆਂਢੀਆਂ 'ਤੇ ਦੋਸ਼ ਲਾਇਆ ਹੈ। ਇਸ ਦੌਰਾਨ ਪੁਲਿਸ ਨੇ ਦੱਸਿਆ ਕਿ ਮੁਢਲੀ ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਛੱਤ 'ਤੇ ਖੇਡਦਿਆਂ ਇਕ ਮੁੰਡੇ ਨੇ ਰੂੰ ਨੂੰ ਅੱਗ ਲਾਈ ਸੀ, ਜਿਸ ਨਾਲ ਕੋਠੇ ਉਤੇ ਪਈ ਇਸ ਅਲਮਾਰੀ ਨੂੰ ਵੀ ਅੱਗ ਲੱਗ ਗਈ ਅਤੇ ਉਸ ਨਾਲ ਅਲਮਾਰੀ ਵਿਚ ਰੱਖੇ ਗੁਟਕੇ ਤੇ ਹੋਰ ਧਾਰਮਿਕ ਸਾਹਿਤ ਅਗਨ ਭੇਟ ਹੋ ਗਿਆ। ਅੱਗ ਲੱਗਣ ਨਾਲ ਕੁਝ ਗੁਟਕੇ ਤੇ ਧਾਰਮਿਕ ਸਾਹਿਤ ਪੂਰੀ ਤਰ੍ਹਾਂ ਸੜ ਗਿਆ ਸੀ ਅਤੇ ਕੁਝ ਅੱਧ ਸੜੇ ਸਨ। ਉਨ੍ਹਾਂ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਮਹੇਸ਼ਇੰਦਰ ਗਰੇਵਾਲ ਲੁਧਿਆਣਾ ਤੋਂ ਅਕਾਲੀ ਉਮੀਦਵਾਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸੀਨੀਅਰ ਅਕਾਲੀ ਆਗੂ ਅਤੇ ਸਾਬਕਾ ਮੰਤਰੀ ਮਹੇਸ਼ ਇੰਦਰ ਸਿੰਘ ਗਰੇਵਾਲ ਨੂੰ ਲੋਕ ਸਭਾ ਹਲਕਾ ਲੁਧਿਆਣਾ ਲਈ ਅਕਾਲੀ ਦਲ ਵੱਲੋਂ ਉਮੀਦਵਾਰ ਐਲਾਨ ਦਿੱਤਾ ਹੈ। ਇਹ ਜਾਣਕਾਰੀ ਦਿੰਦਿਆਂ ਹਰਚਰਨ ਬੈਂਸ ਨੇ ਦੱਸਿਆ ਕਿ ਬਾਕੀ ਰਹਿੰਦੇ ਉਮੀਦਵਾਰਾਂ ਦੇ ਨਾਂਵਾਂ ਦਾ ਐਲਾਨ ਵੀ ਜਲਦੀ ਕਰ ਦਿੱਤਾ ਜਾਵੇਗਾ।

ਗਰੇਵਾਲ ਦੇ ਨਾਂ ਦੇ ਐਲਾਨ ਪਿਛੋਂ ਅਕਾਲੀ ਦਲ ਨੇ ਪੰਜਾਬ ਵਿਚ 10 ਉਮੀਦਵਾਰਾਂ 'ਚੋਂ ਅੱਠਾਂ ਦਾ ਐਲਾਨ ਕਰ ਦਿੱਤਾ ਹੈ। ਲੁਧਿਆਣਾ ਤੋਂ ਉਮੀਦਵਾਰ ਦੇ ਨਾਂ ਨੂੰ ਲੈ ਕੇ ਅਕਾਲੀ ਦਲ ਦੁਚਿੱਤੀ 'ਚ ਸੀ। ਅਕਾਲੀ ਦਲ ਦੀ ਭਾਈਵਾਲ ਪਾਰਟੀ ਭਾਜਪਾ ਅੰਮ੍ਰਿਤਸਰ, ਗੁਰਦਾਸਪੁਰ ਅਤੇ ਹੁਸ਼ਿਆਰਪੁਰ ਤਿੰਨ ਸੀਟਾਂ 'ਤੇ ਚੋਣ ਲੜ ਰਹੀ ਹੈ। ਅਕਾਲੀ ਦਲ ਨੇ ਬਠਿੰਡਾ ਅਤੇ ਫਿਰੋਜ਼ਪੁਰ ਸੰਸਦੀ ਹਲਕਿਆਂ ਤੋਂ ਅਜੇ ਉਮੀਦਵਾਰਾਂ ਦੇ ਨਾਂ ਦਾ ਐਲਾਨ ਨਹੀਂ ਕੀਤਾ। ਬਠਿੰਡਾ ਤੋਂ ਹਰਸਿਮਰਤ ਕੌਰ ਬਾਦਲ ਅਤੇ ਫਿਰੋਜ਼ਪੁਰ ਤੋਂ ਸੁਖਬੀਰ ਸਿੰਘ ਬਾਦਲ ਦੇ ਨਾਮ ਹੀ ਉਮੀਦਵਾਰ ਵਜੋਂ ਸਾਹਮਣੇ ਆਉਣ ਦੇ ਆਸਾਰ ਹਨ।


ਪ੍ਰੋਫੈਸ਼ਨਲ ਤੰਦੂਰੀਏ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਪ੍ਰੋਫੈਸ਼ਨਲ ਤੰਦੂਰੀਏ ਦੀ ਲੋੜ ਹੈ ਜੋ ਤੰਦੂਰ ਦਾ ਸਾਰਾ ਕੰਮ ਜਾਣਦਾ ਹੋਵੇ।

ਚੰਗੀ ਤਨਖਾਹ; ਖਾਣਾ ਤੇ ਰਿਹਾਇਸ਼ ਮੁਫਤ

ਸੰਪਰਕ ਕਰੋ: ਮਿ. ਸਿੰਘ

ਫੋਨ: 515-291-1961

15-16



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 14 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

**Punjab Times**

Established in 2000
20th Year in Publication

Published every Saturday
by A B Publication Inc.
20451 N Plum Grove Rd.
Palatine, IL 60074-2018

Ph:847-359-0746
Fax:847-705-9388
Email:punjabtimes1@gmail.com
www.punjabtimesusa.com

Editor:
Amolak Singh Jammu
Astt. Editors:
Jaspreet Kaur
Kuljeet Singh

Our Columnists
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular

California:
Shiara Dhindsa
Photographer
661-703-6664

Sacramento
Gurbarinder Singh Raja
916-533-2678

Distributed in:
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

ਡਾਕ ਰਾਹੀਂ ਪਰਚਾ ਮੰਗਵਾਉਣ ਲਈ
ਸਾਲਾਨਾ ਚੰਦਾ: 100 ਡਾਲਰ
ਪੰਜ ਸਾਲ ਲਈ: 450 ਡਾਲਰ

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਜਲ੍ਹਿਆਂਵਾਲਾ ਬਾਗ ਸਾਕੇ ਬਾਰੇ ਲਿਖੀ ਕਿਤਾਬ ਸੌ ਸਾਲਾਂ ਪਿੱਛੋਂ ਲੋਕ ਅਰਪਣ

**ਅੰਮ੍ਰਿਤਸਰ:** ਜਲ੍ਹਿਆਂਵਾਲਾ ਬਾਗ ਵਿਚ 13 ਅਪਰੈਲ, 1919 ਨੂੰ ਵਾਪਰੇ ਖੂਨੀ ਸਾਕੇ ਦੇ ਚਸ਼ਮਦੀਦ ਗਵਾਹ ਤੇ ਉਘੇ ਨਾਵਲਕਾਰ ਨਾਨਕ ਸਿੰਘ ਵੱਲੋਂ ਇਸ ਸਾਕੇ ਬਾਰੇ ਲਿਖੀ ਗਈ ਕਾਵਿ-ਰਚਨਾ 'ਖੂਨੀ ਵਿਸਾਖੀ' ਨੂੰ ਪੁਸਤਕ ਦੇ ਰੂਪ ਵਿਚ ਸੌ ਸਾਲਾਂ ਮਗਰੋਂ ਇਥੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਤੇ ਹੋਰਨਾਂ ਵੱਲੋਂ ਲੋਕ ਅਰਪਣ ਕੀਤਾ ਗਿਆ।

ਇਹ ਕਾਵਿ ਰਚਨਾ ਨਾਨਕ ਸਿੰਘ ਵੱਲੋਂ 1920 ਵਿਚ ਲਿਖੀ ਗਈ ਸੀ ਪਰ ਉਸ ਵੇਲੇ ਅੰਗਰੇਜ਼ ਸਰਕਾਰ ਵੱਲੋਂ ਇਸ 'ਤੇ ਰੋਕ ਲਾ ਦਿੱਤੀ ਗਈ ਅਤੇ ਕਾਵਿ ਰਚਨਾ ਨੂੰ ਜ਼ਬਤ ਕਰ ਲਿਆ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਨਾਨਕ ਸਿੰਘ ਦੇ ਪਰਿਵਾਰਕ ਮੈਂਬਰਾਂ ਨੇ ਜੱਦੋ-ਜਹਿਦ ਕਰਕੇ ਸਾਬਕਾ ਰਾਸ਼ਟਰਪਤੀ ਮਰਹੂਮ ਗਿਆਨੀ ਜ਼ੈਲ ਸਿੰਘ ਰਾਹੀਂ ਜ਼ਬਤ ਕੀਤੀ ਕਾਵਿ ਰਚਨਾ ਦਾ ਖਰੜਾ ਪ੍ਰਾਪਤ ਕੀਤਾ ਸੀ, ਜਿਸ ਨੂੰ ਹੁਣ ਸੌ ਵਰ੍ਹਿਆਂ ਮਗਰੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਕਾਵਿ ਰਚਨਾ ਦਾ ਅੰਗਰੇਜ਼ੀ ਵਿਚ ਵੀ ਅਨੁਵਾਦ ਕੀਤਾ ਗਿਆ ਹੈ। 'ਖੂਨੀ ਵਿਸਾਖੀ' ਨਾਂ ਦੀ ਇਸ ਪੁਸਤਕ ਨੂੰ ਜਲ੍ਹਿਆਂਵਾਲਾ ਬਾਗ ਖੂਨੀ ਸਾਕੇ ਦੀ ਸ਼ਤਾਬਦੀ ਮੌਕੇ ਪਹਿਲਾਂ ਦਿੱਲੀ ਵਿਚ ਰਿਲੀਜ਼ ਕੀਤਾ ਗਿਆ ਅਤੇ ਹੁਣ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਗੁਰੂ ਗ੍ਰੰਥ ਸਾਹਿਬ ਭਵਨ ਵਿਚ ਲੋਕ ਅਰਪਣ ਕੀਤਾ ਗਿਆ ਹੈ। ਇਸ ਤੋਂ ਬਾਅਦ ਇਹ ਪੁਸਤਕ ਆਬੂਧਾਬੀ ਵਿਚ ਵੀ ਲੋਕ ਅਰਪਣ ਕੀਤੀ ਜਾਵੇਗੀ। ਇਸ ਕਾਵਿ ਰਚਨਾ ਦਾ ਨਵਦੀਪ ਸਿੰਘ ਸੂਰੀ ਨੇ ਅੰਗਰੇਜ਼ੀ ਭਾਸ਼ਾ ਵਿਚ ਅਨੁਵਾਦ ਕੀਤਾ ਹੈ। ਉਹ ਇਸ ਵੇਲੇ ਯੂ.ਏ.ਈ. ਵਿਚ ਭਾਰਤੀ ਸਫੀਰ ਹਨ।

# ਢਿੱਲੋਂ ਸੰਗਰੂਰ ਤੇ ਤਿਵਾੜੀ ਅਨੰਦਪੁਰ ਸਾਹਿਬ ਤੋਂ ਕਾਂਗਰਸੀ ਉਮੀਦਵਾਰ

**ਚੰਡੀਗੜ੍ਹ:** ਕਾਂਗਰਸ ਪਾਰਟੀ ਦੀ ਕੇਂਦਰੀ ਚੋਣ ਕਮੇਟੀ ਨੇ ਸੰਗਰੂਰ ਲੋਕ ਸਭਾ ਹਲਕੇ ਤੋਂ ਸੀਨੀਅਰ ਕਾਂਗਰਸੀ ਆਗੂ ਕੇਵਲ ਸਿੰਘ ਢਿੱਲੋਂ ਅਤੇ ਸ੍ਰੀ ਆਨੰਦਪੁਰ ਸਾਹਿਬ ਤੋਂ ਮਨੀਸ਼ ਤਿਵਾੜੀ ਨੂੰ ਚੋਣ ਮੈਦਾਨ ਵਿਚ ਉਤਾਰ ਦਿੱਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਦੋਵਾਂ ਹਲਕਿਆਂ ਤੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕਰੀਬੀਆਂ ਨੂੰ ਟਿਕਟ ਦਿਵਾਉਣ ਵਿਚ ਸਫਲ ਰਹੇ ਹਨ।

ਸੰਗਰੂਰ ਲੋਕ ਸਭਾ ਹਲਕੇ ਤੋਂ ਕੈਬਨਿਟ ਮੰਤਰੀ ਵਿਜੈਇੰਦਰ ਸਿੰਗਲਾ ਨੂੰ ਮਜ਼ਬੂਤ ਉਮੀਦਵਾਰ ਮੰਨਿਆ ਜਾ ਰਿਹਾ ਸੀ ਪਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸ਼ੁਰੂ ਤੋਂ ਹੀ ਕੇਵਲ ਸਿੰਘ ਢਿੱਲੋਂ ਦੇ ਹੱਕ ਵਿਚ ਸਨ ਤੇ ਉਹ ਉਸ ਦੇ ਹੱਕ ਵਿਚ ਡਟੇ ਰਹੇ ਤੇ ਅਖੀਰ ਆਪਣੇ ਕਰੀਬੀ ਸਨਅਤਕਾਰ ਦੋਸਤ ਢਿੱਲੋਂ ਨੂੰ ਟਿਕਟ ਦਿਵਾਉਣ ਵਿਚ ਸਫਲ ਰਹੇ। ਸਾਬਕਾ ਕੇਂਦਰੀ ਮੰਤਰੀ ਮਨੀਸ਼ ਤਿਵਾੜੀ ਸ੍ਰੀ ਆਨੰਦਪੁਰ ਸਾਹਿਬ ਲੋਕ ਸਭਾ ਹਲਕੇ ਤੋਂ ਟਿਕਟ ਲੈਣ ਵਿਚ ਸਫਲ ਹੋ ਗਏ ਹਨ। ਉਨ੍ਹਾਂ ਦੀ ਹਮਾਇਤ ਮੁੱਖ ਮੰਤਰੀ ਤੋਂ ਇਲਾਵਾ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਯੂ.ਪੀ.ਏ. ਦੀ ਚੇਅਰਪਰਸਨ ਸੋਨੀਆ ਗਾਂਧੀ ਨੇ ਕੀਤੀ ਸੀ।

ਇਸ ਹਲਕੇ ਤੋਂ ਮੁੱਖ ਮੰਤਰੀ ਦੇ ਰਾਜਨੀਤਕ ਸਕੱਤਰ ਸੰਦੀਪ ਸਿੰਘ ਸੰਧੂ ਅਤੇ ਯੂਥ ਕਾਂਗਰਸ ਦੇ ਦੋ ਆਗੂਆਂ ਤੋਂ ਇਲਾਵਾ ਕਈ ਹੋਰ ਦਾਅਵੇਦਾਰ ਸਨ ਪਰ ਉਮੀਦਵਾਰ ਦੀ ਚੋਣ ਸਮੇਂ ਮੁੱਖ ਮੰਤਰੀ ਨੇ ਸੰਧੂ ਦੀ ਥਾਂ ਮਨੀਸ਼ ਤਿਵਾੜੀ ਨੂੰ ਟਿਕਟ ਦੇਣ ਦੀ ਵਕਾਲਤ ਕੀਤੀ ਸੀ ਜਿਸ ਨਾਲ ਉਨ੍ਹਾਂ ਦੇ ਰਾਜਨੀਤਕ ਸਕੱਤਰ ਦੌੜ ਵਿਚੋਂ ਬਾਹਰ ਹੋ ਗਏ ਸਨ।

# ਕੈਨੇਡਾ ਸਰਕਾਰ ਨੇ ਸਿੱਖਾਂ ਸਿਰੋਂ ਅਤਿਵਾਦ ਦਾ ਦਾਗ ਲਾਹਿਆ

*(ਸਫਾ ਇਕ ਦੀ ਬਾਕੀ)*

ਉਤੇ ਵਿਰੋਧ ਹੋਇਆ ਸੀ।

ਕੈਨੇਡੀਅਨ ਸਿੱਖ ਸੰਸਥਾਵਾਂ ਵਲੋਂ ਸਖਤ ਰੁਖ ਅਖਤਿਆਰ ਕਰਨ ਤੋਂ ਬਾਅਦ ਸਰਕਾਰ ਵਿਚ ਹਿਲਜੁਲ ਹੋਈ ਸੀ ਤੇ ਸਿੱਖ ਮੰਤਰੀਆਂ ਅਤੇ ਸੰਸਦ ਮੈਂਬਰਾਂ ਵਲੋਂ ਜਨਤਕ ਸੁਰੱਖਿਆ ਮੰਤਰੀ ਰਾਲਫ ਗੁਡੇਲ ਨਾਲ ਹੰਗਾਮੀ ਮੀਟਿੰਗ ਕੀਤੀ ਗਈ ਤਾਂ ਮੰਤਰੀ ਗੁਡੇਲ ਨੇ ਰਿਪੋਰਟ ਵਿਚ ਸ਼ਾਮਲ ਇਤਰਾਜ਼ਯੋਗ ਸ਼ਬਦਾਵਲੀ ਦੀ ਪੜਚੋਲ ਕਰਨ ਦਾ ਵਾਅਦਾ ਕੀਤਾ ਸੀ। ਉਨ੍ਹਾਂ ਨੇ ਮੰਨਿਆ ਸੀ ਕਿ ਰਿਪੋਰਟ ਦੀ ਸ਼ਬਦਾਵਲੀ ਵਿਚ ਵਿਚਾਰਧਾਰਾ ਦੀ ਗੱਲ ਹੋਣੀ ਚਾਹੀਦੀ ਹੈ, ਨਾ ਕਿ ਕਿਸੇ ਇਕ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਜਾਣਾ ਚਾਹੀਦਾ ਹੈ। ਬੀਤੇ ਚਾਰ ਕੁ ਮਹੀਨੇ ਕੈਨੇਡਾ ਸਰਕਾਰ ਦੀ ਉਸ ਰਿਪੋਰਟ ਬਾਰੇ ਪੜਚੋਲ ਚਲਦੀ ਰਹੀ ਜਿਸ ਦੌਰਾਨ ਸਿੱਖ ਜਥੇਬੰਦੀਆਂ ਤੇ ਕੈਨੇਡੀਅਨ ਪੰਜਾਬੀ ਮੀਡੀਆ ਨੇ ਇਸ ਮੁੱਦੇ ਤੋਂ ਸਰਕਾਰ ਦੇ ਮੰਤਰੀਆਂ, ਸਹਿਯੋਗੀਆਂ ਤੇ ਸੰਸਦ ਮੈਂਬਰਾਂ ਦਾ ਧਿਆਨ ਭਟਕਣ ਨਾ ਦਿੱਤਾ। ਯਾਦ ਰਹੇ ਕਿ 21 ਅਕਤੂਬਰ 2019 ਨੂੰ ਦੇਸ਼ ਵਿਚ ਆਮ ਚੋਣਾਂ ਹਨ ਜਿਸ ਕਰ ਕੇ ਸਰਕਾਰੀ ਖੇਮਿਆਂ ਵਿਚ ਕੈਨੇਡੀਅਨ ਸਿੱਖਾਂ ਦਾ ਰੋਹ ਸ਼ਾਂਤ ਕਰਨਾ ਹੋਰ ਵੀ ਜ਼ਰੂਰੀ ਸਮਝਿਆ ਜਾ ਰਿਹਾ ਸੀ। ਕੁਝ ਕੈਨੇਡੀਅਨ ਸਿੱਖ ਆਗੂਆਂ ਦਾ ਅਜਿਹਾ ਮੰਨਣਾ ਵੀ ਹੈ ਕਿ ਕੈਨੇਡਾ ਸਰਕਾਰ ਭਾਰਤ ਸਰਕਾਰ ਦੇ ਦਬਾਅ ਹੇਠ ਸਿੱਖਾਂ ਨੂੰ ਬਦਨਾਮ ਕਰ ਰਹੀ ਹੈ। ਹੁਣ ਖਾਲਸਾ ਸਾਜਨਾ ਦਿਵਸ ਤੋਂ ਐਨ ਪਹਿਲਾਂ (12 ਅਪਰੈਲ ਨੂੰ) ਮੰਤਰੀ ਰਾਲਫ ਗੁਡੇਲ ਨੇ ਇਕ ਬਿਆਨ ਜਾਰੀ ਕੀਤਾ ਤੇ ਮੰਤਰਾਲੇ ਦੀ ਵੈੱਬਸਾਈਟ 'ਤੇ ਪ੍ਰਕਾਸ਼ਿਤ ਰਿਪੋਰਟ ਵਿਚੋਂ ਉਹ ਇਤਰਾਜ਼ਯੋਗ ਪੈਰਾ ਸੁਧਾਰ ਦਿੱਤਾ ਗਿਆ ਜਿਸ ਦੀ ਜਗ੍ਹਾ 'ਕੈਨੇਡਾ ਵਿਚ ਕੁਝ ਵਿਅਕਤੀ ਜੋ ਹਿੰਸਕ ਤਰੀਕਿਆਂ ਨਾਲ ਭਾਰਤ ਵਿਚ ਆਜ਼ਾਦ ਰਾਜ ਸਥਾਪਤ ਕਰਨ ਦੀ ਹਮਾਇਤ ਕਰਦੇ ਹਨ' ਸ਼ਬਦ ਸ਼ਾਮਲ ਕੀਤੇ ਗਏ ਹਨ।

## ਚੌਟਾਲਾ ਦੀ 3.68 ਕਰੋੜ ਦੀ ਸੰਪਤੀ ਜ਼ਬਤ

**ਨਵੀਂ ਦਿੱਲੀ:** ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਦੀ 3.68 ਕਰੋੜ ਰੁਪਏ ਮੁੱਲ ਦੀਆਂ ਚਾਰ ਸੰਪਤੀਆਂ ਜ਼ਬਤ ਕੀਤੀਆਂ ਹਨ। ਕਾਲੇ ਧਨ ਨੂੰ ਸਫੈਦ ਬਣਾਉਣ ਦੇ ਕੇਸ 'ਚ ਇਹ ਕਾਰਵਾਈ ਹੋਈ ਹੈ। ਈਡੀ ਨੇ ਕਿਹਾ ਕਿ ਅਚੱਲ ਸੰਪਤੀ ਦਿੱਲੀ, ਪੰਚਕੂਲਾ ਅਤੇ ਸਿਰਸਾ 'ਚ ਸਥਿਤ ਹੈ ਅਤੇ ਕਾਲੇ ਧਨ ਨੂੰ ਸਫੈਦ ਬਣਾਉਣ ਤੋਂ ਰੋਕਣ ਵਾਲੇ ਐਕਟ ਤਹਿਤ ਇਨ੍ਹਾਂ ਨੂੰ ਜ਼ਬਤ ਕਰਨ ਦੇ ਪ੍ਰੋਵਿਜ਼ਨਲ ਹੁਕਮ ਜਾਰੀ ਕੀਤੇ ਗਏ ਹਨ। ਈਡੀ ਦਾ ਇਹ ਕੇਸ ਸੀ.ਬੀ.ਆਈ. ਵੱਲੋਂ ਦਰਜ ਐਫ.ਆਈ.ਆਰ. 'ਤੇ ਅਧਾਰਤ ਹੈ।

# ਪਾਕਿਸਤਾਨ 'ਚ ਲੱਗੇਗਾ ਬਾਬੇ ਨਾਨਕ ਦੀ ਯਾਦ 'ਚ ਜੰਗਲ

**ਲਾਹੌਰ:** ਵਾਸ਼ਿੰਗਟਨ ਡੀਸੀ ਦੀ ਈਕੋ ਸਿੱਖ ਸੰਸਥਾ ਵੱਲੋਂ ਪਾਕਿਸਤਾਨ ਵਿਚ 'ਗੁਰੂ ਨਾਨਕ ਪਵਿੱਤਰ ਜੰਗਲ' ਲਾਇਆ ਜਾਵੇਗਾ। ਇਸ ਕੰਮ ਵਿਚ ਪਾਕਿਸਤਾਨ ਦੀ ਸੰਸਥਾ 'ਰਿਸਟੋਰ' ਵੱਲੋਂ ਸਹਿਯੋਗ ਦਿੱਤਾ ਜਾਵੇਗਾ ਤੇ ਇਹ ਜੰਗਲ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਹੋਵੇਗਾ। ਗੁਰੂ ਨਾਨਕ ਦੇਵ ਦਾ ਪ੍ਰਕਾਸ਼ ਦਿਹਾੜਾ ਵੱਖ-ਵੱਖ ਸਿੱਖ ਜਥੇਬੰਦੀਆਂ ਵੱਲੋਂ ਨਵੰਬਰ ਵਿਚ ਮਨਾਇਆ ਜਾ ਰਿਹਾ ਹੈ ਤੇ ਇਸ ਦਿਸ਼ਾ 'ਚ ਪਾਕਿਸਤਾਨ ਸਰਕਾਰ ਨੇ ਵੀ ਕਈ ਪ੍ਰੋਜੈਕਟ ਸ਼ੁਰੂ ਕੀਤੇ ਹੋਏ ਹਨ।

ਦੱਸਣਯੋਗ ਹੈ ਕਿ ਕਸੂਰ ਜ਼ਿਲ੍ਹੇ ਵਿਚ ਪੰਜਾਬੀ ਭਾਸ਼ਾ ਰਿਸਰਚ ਸੈਂਟਰ ਖੋਜਗੜ੍ਹ ਵਿਚ ਹੀ ਇਹ ਜੰਗਲ ਬਣਾਇਆ ਜਾ ਰਿਹਾ ਹੈ। ਇਸ ਕੇਂਦਰ ਦੇ ਡਾਇਰੈਕਟਰ ਇਕਬਾਲ ਕੈਸਰ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਕੁਦਰਤ ਪ੍ਰੇਮੀ ਸਨ ਤੇ ਉਨ੍ਹਾਂ ਦੀ ਯਾਦ ਵਿਚ ਪਵਿੱਤਰ ਜੰਗਲ ਲਾਉਣ ਤੋਂ ਵੱਡਾ ਕੋਈ ਹੋਰ ਉਪਰਾਲਾ ਨਹੀਂ ਹੋ ਸਕਦਾ।

ਉਨ੍ਹਾਂ ਕਿਹਾ ਕਿ ਗੁਰੂ ਜੀ ਨੇ ਚਾਰ ਦਿਸ਼ਾਵਾਂ ਵਿਚ ਜਾ ਕੇ ਲੋਕਾਂ ਨੂੰ ਪਿਆਰ ਦਾ ਪੈਗਾਮ ਦਿੱਤਾ ਤੇ ਉਨ੍ਹਾਂ ਵੱਲੋਂ ਵੀ ਇਸ ਦਿਸ਼ਾ ਵਿਚ ਹੋਰ ਕੰਮ ਕਰਨ ਦਾ ਯਤਨ ਕੀਤਾ ਜਾਵੇਗਾ। 'ਰਿਸਟੋਰ' ਦੇ ਸਰਪ੍ਰਸਤ ਬਿਲਾਲ ਏ ਚੌਧਰੀ ਨੇ ਦੱਸਿਆ ਕਿ ਉਹ ਈਕੋ ਸਿੱਖ ਨਾਲ ਇਸ ਪ੍ਰੋਜੈਕਟ 'ਤੇ ਕੰਮ ਕਰਨ ਨੂੰ ਲੈ ਕੇ ਬਹੁਤ ਉਤਸ਼ਾਹਿਤ ਹਨ। ਉਨ੍ਹਾਂ ਵੱਲੋਂ ਆਮ ਲੋਕਾਂ ਨੂੰ ਵੀ ਵਾਤਾਵਰਨ ਦੀ ਸੰਭਾਲ ਬਾਰੇ ਜਾਗਰੂਕ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਮਨੁੱਖ ਦਾ ਆਦਿ ਕਾਲ ਤੋਂ ਹੀ ਦਰਖਤਾਂ ਨਾਲ ਨਾਤਾ ਰਿਹਾ ਹੈ ਤੇ ਦਰਖਤਾਂ ਨਾਲ ਹੀ ਮਨੁੱਖ ਨੂੰ ਕਈ ਫਾਇਦੇ ਹੋ ਰਹੇ ਹਨ ਤੇ ਕਈ ਦੇਸ਼ ਵਾਤਾਵਰਣ ਦੀ ਸਮੱਸਿਆ ਨਾਲ ਜੂਝ ਰਹੇ ਹਨ ਜਿਸ ਕਰ ਕੇ ਉਥੇ ਵਾਤਾਵਰਣ ਦੀ ਸੰਭਾਲ ਲਈ ਕਈ ਕੰਮ ਕੀਤੇ ਜਾਣੇ ਹਨ। ਇਸ ਕਰਕੇ ਇਹ ਮੁਹਿਮ ਵਿਸ਼ਵ ਭਰ ਵਿਚ ਵਾਤਾਵਰਣ ਪੱਖੀ ਕਈ ਸੁਨੇਹੇ ਦੇਵੇਗੀ।

ਵਾਸ਼ਿੰਗਟਨ ਵਿੱਚ ਈਕੋਸਿੱਖ ਦੇ ਪ੍ਰਧਾਨ ਰਾਜਵੰਤ ਸਿੰਘ ਨੇ ਇਸ ਮੁਹਿਮ ਦਾ ਸਵਾਗਤ ਕਰਦਿਆਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਸਪਸ਼ਟ ਸੰਦੇਸ਼ ਦਿੱਤਾ ਸੀ ਕਿ ਵਾਤਾਵਰਣ ਤੋਂ ਕਾਫੀ ਕੁਝ ਸਿੱਖਣ ਦੀ ਲੋੜ ਹੈ।

# ਸਾਬਕਾ ਵਿਧਾਇਕ ਨੰਦ ਲਾਲ ਦਾ ਦੇਹਾਂਤ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਵਿਧਾਇਕ ਨੰਦ ਲਾਲ ਦਾ ਲੰਬੀ ਬਿਮਾਰੀ ਦੇ ਬਾਅਦ ਮੁਹਾਲੀ ਦੇ ਹਸਪਤਾਲ 'ਚ ਦੇਹਾਂਤ ਹੋ ਗਿਆ। ਉਹ 73 ਸਾਲਾਂ ਦੇ ਸਨ। ਨੰਦ ਲਾਲ ਬਲਾਚੌਰ ਵਿਧਾਨ ਸਭਾ ਹਲਕੇ ਤੋਂ ਚਾਰ ਵਾਰ ਵਿਧਾਇਕ ਰਹਿ ਚੁੱਕੇ ਹਨ। ਉਹ ਆਪਣੇ ਪਿੱਛੇ ਦੋ ਬੇਟੇ ਛੱਡ ਗਏ ਹਨ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਉਨ੍ਹਾਂ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਨੇ ਆਪਣੇ ਸ਼ੋਕ ਸੁਨੇਹੇ 'ਚ ਨੰਦ ਲਾਲ ਨੂੰ ਉਘੇ ਰਾਜਨੀਤੀਵਾਨ ਅਤੇ ਲੋਕਾਂ ਦਾ ਨੇਤਾ ਕਰਾਰ ਦਿੱਤਾ, ਜਿਨ੍ਹਾਂ ਨੇ ਹੇਠਲੇ ਤਬਕੇ ਦੇ ਲੋਕਾਂ ਦੀ ਭਲਾਈ ਅਤੇ ਖੇਤਰ ਦੇ ਵਿਕਾਸ ਲਈ ਅਣਥੱਕ ਮਿਹਨਤ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਨੰਦ ਲਾਲ ਨੂੰ ਸਾਰਿਆਂ ਵੱਲੋਂ ਖਾਸ ਤੌਰ 'ਤੇ ਬਲਾਚੌਰ ਖੇਤਰ ਦੇ ਲੋਕਾਂ ਵੱਲੋਂ ਹਮੇਸ਼ਾ ਯਾਦ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਨੰਦ ਲਾਲ ਦੇ ਤੁਰ ਜਾਣ ਨਾਲ ਸਿਆਸੀ ਸਫਾਂ 'ਚ ਇਕ ਖਲਾਅ ਪੈਦਾ ਹੋ ਗਿਆ ਹੈ ਜਿਸ ਨੂੰ ਭਰਨਾ ਮੁਸ਼ਕਿਲ ਹੈ।

# ਕਰਤਾਰਪੁਰ ਲਾਂਘੇ ਦੇ ਤਕਨੀਕੀ ਪੱਖੇ ਵਿਚਾਰੇ

**ਬਟਾਲਾ:** ਭਾਰਤ ਪਾਕਿਸਤਾਨ ਦੇ ਉਚ ਅਧਿਕਾਰੀਆਂ ਦੀ ਅਹਿਮ ਮੀਟਿੰਗ ਕੌਮਾਂਤਰੀ ਸਰਹੱਦ ਡੇਰਾ ਬਾਬਾ ਨਾਨਕ ਕੋਲ ਸਥਿਤ ਜ਼ੀਰੋ ਲਾਈਨ 'ਤੇ ਹੋਈ। ਇਸ ਵਿਚ ਗੁਰਦੁਆਰਾ ਕਰਤਾਰਪੁਰ ਸੈਲ ਦੇ ਲਾਂਘੇ, ਤਿਆਰ ਕੀਤੇ ਜਾਣ ਵਾਲੇ ਗੇਟ ਅਤੇ ਆਈ.ਸੀ.ਪੀ. ਸਮੇਤ ਤਕ ਹੋਰ ਤਕਨੀਕੀ ਪੱਖਾਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਵਿਚ ਦੋਵਾਂ ਦੇਸ਼ਾਂ ਦੇ ਵਿਦੇਸ਼ ਵਿਭਾਗ ਦੇ ਅਧਿਕਾਰੀਆਂ ਤੇ ਤਕਨੀਕੀ ਮਾਹਰਾਂ ਨੇ ਸ਼ਿਰਕਤ ਕੀਤੀ। ਇਹ ਮੀਟਿੰਗ ਪਹਿਲਾਂ 2 ਅਪਰੈਲ ਨੂੰ ਵਾਹਗਾ ਸਰਹੱਦ 'ਤੇ ਹੋਣੀ ਸੀ ਪਰ ਭਾਰਤ ਵਲੋਂ ਪਾਕਿਸਤਾਨ ਵਲੋਂ ਬਣਾਈ ਕਮੇਟੀ ਵਿਚ ਗੋਪਾਲ ਸਿੰਘ ਚਾਵਲਾ ਅਤੇ ਕੁਝ ਹੋਰ ਖਾਲਿਸਤਾਨੀ ਪੱਖੀ ਮੈਂਬਰਾਂ ਨੂੰ ਲੈਣ 'ਤੇ ਇਤਰਾਜ਼ ਕਰਨ ਪਿਛੋਂ ਇਹ ਮੀਟਿੰਗ ਮੁਅੱਤਲ ਕਰ ਦਿੱਤੀ ਗਈ ਸੀ। ਇਹ ਲਾਂਘਾ ਇਸ ਸਾਲ ਨਵੰਬਰ ਮਹੀਨੇ ਵਿਚ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਖੋਲ੍ਹਿਆ ਜਾਣਾ ਹੈ।

ਜਾਣਕਾਰ ਸੂਤਰਾਂ ਅਨੁਸਾਰ ਮੀਟਿੰਗ ਦੇ ਏਜੰਡੇ ਮੁੱਖ ਤੌਰ 'ਤੇ ਕਰਤਾਰਪੁਰ ਸਾਹਿਬ ਦੇ ਲਾਂਘੇ ਦੀ ਯੋਜਨਾ ਜਲ ਵਿਗਿਆਨ ਪਹਿਲੂ ਤੇ ਨਿਰਮਾਣ ਕਾਰਜਾਂ ਦੇ ਤਕਨੀਕੀ ਕੰਮਾਂ 'ਤੇ ਵਿਚਾਰ ਚਰਚਾ ਕੀਤੀ ਗਈ।

## ਦੂਲੋਂ ਦੀ ਪਤਨੀ 'ਆਪ' 'ਚ ਸ਼ਾਮਲ

**ਜਲੰਧਰ:** ਕਾਂਗਰਸ ਨੂੰ ਉਸ ਸਮੇਂ ਝਟਕਾ ਲੱਗਾ ਕਿ ਪਾਰਟੀ ਦੇ ਸਾਬਕਾ ਸੂਬਾ ਪ੍ਰਧਾਨ ਅਤੇ ਰਾਜ ਸਭਾ ਮੈਂਬਰ ਸ਼ਮਸ਼ੇਰ ਸਿੰਘ ਦੂਲੋ ਦੀ ਪਤਨੀ ਤੇ ਸਾਬਕਾ ਵਿਧਾਇਕਾ ਹਰਬੰਸ ਕੌਰ ਦੂਲੋ ਆਮ ਆਦਮੀ ਪਾਰਟੀ ਵਿਚ ਸ਼ਾਮਿਲ ਹੋ ਗਏ। 'ਆਪ' ਵਿਚ ਸ਼ਾਮਿਲ ਹੁੰਦਿਆਂ ਹੀ ਉਨ੍ਹਾਂ ਨੂੰ ਫਤਿਹਗੜ੍ਹ ਸਾਹਿਬ ਤੋਂ ਉਮੀਦਵਾਰ ਐਲਾਨ ਦਿੱਤਾ, ਹਾਲਾਂਕਿ 'ਆਪ' ਨੇ ਫਤਿਹਗੜ੍ਹ ਸਾਹਿਬ ਤੋਂ ਪਹਿਲਾਂ ਆਪਣਾ ਉਮੀਦਵਾਰ ਬਲਜਿੰਦਰ ਸਿੰਘ ਚੌਂਦਾ ਨੂੰ ਐਲਾਨਿਆ ਹੋਇਆ ਸੀ ਪਰ ਉਨ੍ਹਾਂ ਦੀ ਟਿਕਟ ਕੱਟ ਕੇ ਬੀਬੀ ਹਰਬੰਸ ਕੌਰ ਨੂੰ ਦੇ ਦਿੱਤੀ ਗਈ।

## ਪੰਜਾਬ: ਤੀਜੇ ਫਰੰਟ ਲਈ ਰਾਹ ਮੁੜ ਖੁੱਲ੍ਹਿਆ

*(ਸਫਾ ਇਕ ਦੀ ਬਾਕੀ)*

ਨਹੀਂ ਕੀਤਾ ਸੀ ਕਿ ਉਹ ਖਹਿਰਾ ਅਤੇ ਬੈਂਸ ਨਾਲ ਸਾਂਝ ਨਹੀਂ ਪਾ ਸਕਦੇ। ਇਸੇ ਤਰ੍ਹਾਂ ਅਕਾਲੀ ਦਲ (ਟਕਸਾਲੀ) ਦਾ 'ਆਪ' ਅਤੇ ਪੀ.ਡੀ.ਏ. ਨਾਲ ਆਨੰਦਪੁਰ ਦੀ ਸੀਟ ਦੇ ਰੱਫੜ ਕਾਰਨ ਸਮਝੌਤਾ ਨਹੀਂ ਹੋ ਸਕਿਆ ਸੀ। ਹੁਣ ਇਸ ਪਾਸੇ ਮੁੜ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ ਹਨ। ਕਈ ਆਗੂਆਂ ਨੇ ਮੁੜ ਤੋਂ ਅਜਿਹਾ ਮੰਚ ਉਸਾਰਨ ਲਈ ਭੱਜ ਦੌੜ ਸ਼ੁਰੂ ਕਰ ਦਿੱਤੀ ਹੈ ਅਤੇ ਟੈਲੀਫੋਨ ਤੇ ਸੋਸ਼ਲ ਮੀਡੀਆ ਉਤੇ ਅਪੀਲਾਂ ਕੀਤੀਆਂ ਜਾ ਰਹੀਆਂ ਹਨ। ਇਸ ਸਬੰਧੀ ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਨੇ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਖਡੂਰ ਸਾਹਿਬ ਵਿਚ ਬੀਬੀ ਪਰਮਜੀਤ ਕੌਰ ਖਾਲੜਾ ਦੀ ਹਮਾਇਤ ਕਰਨ ਦੇ ਫੈਸਲੇ ਦੀ ਸ਼ਲਾਘਾ ਕਰਦਿਆਂ ਕਾਂਗਰਸ ਅਤੇ ਅਕਾਲੀ-ਭਾਜਪਾ ਗੱਠਜੋੜ ਨੂੰ ਹਰਾਉਣ ਲਈ ਪੰਜਾਬ ਵਿਚ ਸਾਰੀਆਂ ਸੀਟਾਂ 'ਤੇ ਸਿਰਫ ਇਕ ਹੀ ਉਮੀਦਵਾਰ ਦੀ ਹਮਾਇਤ ਕਰਨ ਲਈ ਅੱਗੇ ਆਉਣ ਦਾ ਸੱਦਾ ਦਿੱਤਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਬਲਵਿੰਦਰ ਸਿੰਘ ਸੰਧੂ | ਅਯੁਧਿਆ ਸਲਵਾਨ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿੱਲੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | |

# Matrimonials

## ਲੜਕੀ ਦੀ ਲੋੜ ਹੈ

Looking for Punjabi Jatt (Girl), Bachelor in 3-D animation from Canada, did one year advance program of sketching in London (UK). Working in (Hollywood Movie studio, The Mill) Canada. Contact, Ph: 216-471-0305 16-

Looking for Punjabi Jatt (Girl) for smart, handsome boy, Age 22. Graduate in Hotel Management from Kolata. Living in Colorado, USA. On work visa. Contact, Ph: 440-901-8806 16-

Jatt Sikh Sangha parents seeking match for their US citizen son, 25 years, 6'-2", non drinker, working as Software Engineer in Boeing. Contact, Ph: 636-577-5615 or E-mail: sangha@charter.net 11-18

## ਜੀਵਨ ਸਾਥੀ ਦੀ ਲੋੜ ਹੈ

ਜੱਟ ਸਿੱਖ, ਅਮਰੀਕਨ ਸਿਟੀਜ਼ਨ, ਵੈਲ ਸੈਟਲਡ ਤਲਾਕਸ਼ੁਦਾ, ਉਮਰ 40 ਸਾਲ, ਕੱਦ 5'-4" ਲੜਕੀ ਲਈ ਵੈਲ ਸੈਟਲਡ ਜੀਵਨ ਸਾਥੀ ਦੀ ਲੋੜ ਹੈ, ਜੋ 40 ਸਾਲ ਤੋਂ ਵੱਧ ਹੋਵੇ। ਬਿਨਾ ਬੱਚੇ ਤੋਂ ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਹਫਤੇ ਦੇ ਕੰਮ ਵਾਲੇ ਦਿਨੀਂ ਸਵੇਰੇ 9 ਤੋਂ ਸ਼ਾਮ 5 ਵਜੇ ਤੱਕ ਸੰਪਰਕ ਕਰੋ, ਫੋਨ: 540-479-0603 (ਵੱਟਸ ਐਪ) 13-16

## ਲੜਕੀ ਦੀ ਲੋੜ ਹੈ

ਸੈਣੀ ਸਿੱਖ ਉਮਰ 32 ਸਾਲ, ਕੱਦ 5'-8" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਾ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 14-17

Wanted suitable girl for my Doctor US born son final year residency Int-Med, 5'-5" wheatish, teetotaler and vegetarian NYC, visa candidates can be considered. Non Jatt elegant Gujjar family from Punjab. Call after 4 pm eastern or text any time. Contact: (321) 888-5109 or E-mail: billsinghtech@gmail.com 14-

Wanted US citizen Suitable girl for Dental specialist Arora Sikh boy, 30, 5'-10", practicing and teaching endodontic. Mother senior professor, father retired Deputy Director, Department of animal husbandry, well settled. Caste no bar. Contact: 91-94174-05453 {Punjab} 13-16

*To Advertise with Punjab Times*
**Call: 847-359-0746**

# ਦੁੱਖ ਭੰਜਨੀ ਬੇਰੀ ਬਾਰੇ ਗਲਤ ਜਾਣਕਾਰੀ ਛਾਪਣ ਵਾਲੇ ਨੂੰ ਨੋਟਿਸ

**ਅੰਮ੍ਰਿਤਸਰ:** ਪ੍ਰਾਈਵੇਟ ਪਬਲਿਸ਼ਰ ਵੱਲੋਂ ਛਾਪੀ ਪੁਸਤਕ 'ਚ ਦਰਬਾਰ ਸਾਹਿਬ ਵਿਚ ਸਥਿਤ ਇਤਿਹਾਸਕ ਦੁੱਖ ਭੰਜਨੀ ਬੇਰੀ ਬਾਰੇ ਗਲਤ ਟਿੱਪਣੀਆਂ ਸ਼ਾਮਲ ਕਰਨ ਦੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਵਿਲਕੋ ਪਬਲਿਸ਼ਿੰਗ ਹਾਊਸ ਮੁੰਬਈ ਵੱਲੋਂ ਛਾਪੀ ਪੁਸਤਕ ਵਿਚ ਦਰਬਾਰ ਸਾਹਿਬ ਵਿਚ ਸਥਾਪਿਤ ਇਤਿਹਾਸਕ ਦੁੱਖ ਭੰਜਨੀ ਬੇਰੀ ਨਾਲ ਧਾਗੇ ਬੰਨ੍ਹ ਕੇ ਮੰਨਤ ਮੰਗਣ ਦੇ ਜ਼ਿਕਰ ਤੋਂ ਇਲਾਵਾ ਇੱਥੇ ਸਥਿਤ ਪਾਵਨ ਸਰੋਵਰ ਨੂੰ ਵੀ ਝੀਲ ਕਿਹਾ ਗਿਆ ਹੈ।

ਇਸ ਤੋਂ ਇਲਾਵਾ ਪੁਸਤਕ ਵਿਚ ਜੂਨ 1984 ਵਿਚ ਸਮੇਂ ਦੀ ਕੇਂਦਰੀ ਹਕੂਮਤ ਵੱਲੋਂ ਦਰਬਾਰ ਸਾਹਿਬ 'ਤੇ ਕਰਵਾਏ ਹਮਲੇ ਦੌਰਾਨ ਮਾਰੇ ਗਏ ਲੋਕਾਂ ਸਬੰਧੀ ਵੀ ਗਲਤ ਟਿੱਪਣੀਆਂ ਦਰਜ ਹਨ। ਉਨ੍ਹਾਂ ਕਿਹਾ ਕਿ ਇਹ ਇਤਿਹਾਸ ਨੂੰ ਰਲਗੱਡ ਕਰਨ ਦੀ ਕੋਝੀ ਸਾਜ਼ਿਸ਼ ਹੈ। ਸ਼੍ਰੋਮਣੀ ਕਮੇਟੀ ਵੱਲੋਂ ਸਬੰਧਤ ਪ੍ਰਕਾਸ਼ਕ ਨੂੰ ਕਾਨੂੰਨੀ ਨੋਟਿਸ ਭੇਜਿਆ ਜਾ ਰਿਹਾ ਹੈ। ਇਸ ਮਾਮਲੇ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਪੜਤਾਲ ਵੀ ਕਰਵਾਈ ਜਾਵੇਗੀ ਤਾਂ ਜੋ ਦੋਸ਼ੀਆਂ ਵਿਰੁਧ ਸਖਤ ਕਾਰਵਾਈ ਨੂੰ ਅਮਲ ਵਿਚ ਲਿਆਂਦਾ ਜਾ ਸਕੇ। ਉਨ੍ਹਾਂ ਕਿਹਾ ਕਿ ਦਰਬਾਰ ਸਾਹਿਬ ਸਿੱਖ ਜਗਤ ਦੇ ਕੇਂਦਰੀ ਧਾਰਮਿਕ ਅਸਥਾਨ ਹੋਣ ਦੇ ਨਾਲ ਨਾਲ ਸਮੁੱਚੇ ਵਿਸ਼ਵ ਲਈ ਅਧਿਆਤਮਿਕਤਾ ਦਾ ਮਹਾਨ ਸਰੋਤ ਹੈ। ਪਰ ਕੁਝ ਲੋਕ ਜਾਣ-ਬੁੱਝ ਕੇ ਇਸ ਪਾਵਨ ਅਸਥਾਨ ਦੇ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦਾ ਯਤਨ ਕਰ ਰਹੇ ਹਨ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਸੰਗਤ ਨੂੰ ਸੁਚੇਤ ਕੀਤਾ ਕਿ ਅਜਿਹੀਆਂ ਪੁਸਤਕਾਂ ਨੂੰ ਮਾਨਤਾ ਦੇਣ ਦੀ ਥਾਂ ਬੱਚਿਆਂ ਨੂੰ ਸਿੱਖ ਇਤਿਹਾਸ ਦੀਆਂ ਪ੍ਰਮਾਣਕ ਪੁਸਤਕਾਂ ਪੜ੍ਹਨ ਲਈ ਪ੍ਰੇਰਿਤ ਕਰਨ।

ਇਸੇ ਦੌਰਾਨ ਸ੍ਰੀ ਲੌਂਗੋਵਾਲ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਦਸਵੀਂ ਜਮਾਤ ਦੀ ਪੁਸਤਕ ਵਿਚ 'ਆਸਾ ਦੀ ਵਾਰ' ਨਾਲ ਸਬੰਧਿਤ ਗੁਰਬਾਣੀ ਦੀ ਗਲਤ ਛਪਾਈ ਨੂੰ ਵੀ ਮੰਦਭਾਗਾ ਆਖਿਆ ਹੈ। ਉਨ੍ਹਾਂ ਕਿਹਾ ਕਿ ਬੋਰਡ ਨੂੰ ਜ਼ਿੰਮੇਵਾਰ ਸੰਸਥਾ ਵਾਲੀ ਭੂਮਿਕਾ ਨਿਭਾਉਣੀ ਚਾਹੀਦੀ ਹੈ ਅਤੇ ਅਜਿਹੀਆਂ ਗਲਤੀਆਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਨੇ ਇਸ ਤੋਂ ਪਹਿਲਾਂ ਵੀ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਸੀ। ਉਨ੍ਹਾਂ ਕਿਹਾ ਇਸ ਗਲਤ ਜਾਣਕਾਰੀ ਨਾਲ ਸਿੱਖ ਧਰਮ ਦਾ ਅਕਸ ਖ਼ਰਾਬ ਹੋ ਰਿਹਾ ਹੈ ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਇਸ ਲਈ ਅਜਿਹੀਆਂ ਗ਼ਲਤੀਆਂ ਕਰਨ ਤੋਂ ਸਭ ਨੂੰ ਸੁਚੇਤ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਖਾਸਕਰ ਬੱਚਿਆਂ ਨੂੰ ਮਿਆਰੀ ਸਾਹਿਤ ਹੀ ਪੜ੍ਹਨ ਲਈ ਦੇਣਾ ਚਾਹੀਦਾ ਹੈ। ਗਲਤ ਜਾਣਕਾਰੀ ਉਨ੍ਹਾਂ ਦੇ ਮਨਾਂ 'ਤੇ ਬੁਰਾ ਅਸਰ ਪਾ ਸਕਦੀ ਹੈ।

### ਭ੍ਰਿਸ਼ਟਾਚਾਰ ਕੇਸਾਂ 'ਚ ਫਸੇ 36 ਕਾਰੋਬਾਰੀ ਦੇਸ਼ ਛੱਡ ਕੇ ਭੱਜੇ

**ਨਵੀਂ ਦਿੱਲੀ:** ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਅਗਸਤਾ ਵੈਸਟਲੈਂਡ ਵੀ.ਵੀ.ਆਈ.ਪੀ. ਹੈਲੀਕਾਪਟਰ ਮਾਮਲੇ ਵਿਚ ਗ੍ਰਿਫਤਾਰ ਕੀਤੇ ਰੱਖਿਆ ਏਜੰਟ ਸੁਸ਼ੇਨ ਮੋਹਨ ਗੁਪਤਾ ਦੀ ਜ਼ਮਾਨਤ ਅਰਜ਼ੀ ਦਾ ਵਿਰੋਧ ਕਰਦਿਆਂ ਅਦਾਲਤ ਨੂੰ ਦੱਸਿਆ ਕਿ ਫੌਜਦਾਰੀ ਕੇਸਾਂ ਦਾ ਸਾਹਮਣਾ ਕਰ ਰਹੇ 36 ਹੋਰ ਕਾਰੋਬਾਰੀਆਂ ਵਾਂਗ ਉਸ (ਸੁਸ਼ੇਨ) ਦੇ ਵੀ ਮੁਲਕ ਛੱਡ ਕੇ ਭੱਜ ਜਾਣ ਦੀ ਸੰਭਾਵਨਾ ਹੈ। ਈਡੀ ਨੇ ਅਦਾਲਤ ਨੂੰ ਦੱਸਿਆ ਕਿ ਪਿਛਲੇ ਸਮੇਂ ਦੌਰਾਨ ਵਿਜੈ ਮਾਲਿਆ ਅਤੇ ਨੀਰਵ ਮੋਦੀ ਸਣੇ ਕੁੱਲ 36 ਕਾਰੋਬਾਰੀ ਮੁਲਕ ਛੱਡ ਕੇ ਭੱਜ ਗਏ ਹਨ।

# ਨਾਮ ਚਰਚਾ ਮੌਕੇ ਆਹਮੋ-ਸਾਹਮਣੇ ਹੋਏ ਡੇਰਾ ਪ੍ਰੇਮੀ ਤੇ ਸਿੱਖ ਜਥੇਬੰਦੀਆਂ

**ਬਨੂੜ:** ਡੇਰਾ ਸਿਰਸਾ ਪ੍ਰੇਮੀਆਂ ਵੱਲੋਂ ਬਨੂੜ ਵਿਚ ਨਾਮ ਚਰਚਾ ਮੌਕੇ ਕਈ ਘੰਟੇ ਸਥਿਤੀ ਤਣਾਅ ਪੂਰਨ ਬਣੀ ਰਹੀ। ਖਾਲਸਾ ਸਾਜਨਾ ਦਿਵਸ ਮੌਕੇ ਨਾਮ ਚਰਚਾ ਕਰਾਉਣ ਦਾ ਵਿਰੋਧ ਕਰ ਰਹੀਆਂ ਪੰਥਕ ਜਥੇਬੰਦੀਆਂ ਨੇ ਬਨੂੜ ਬੈਰੀਅਰ ਉਤੇ ਦੋ ਘੰਟੇ ਦੇ ਕਰੀਬ ਆਵਾਜਾਈ ਠੱਪ ਰੱਖੀ। ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਦੋਹਾਂ ਧਿਰਾਂ ਦਰਮਿਆਨ ਟਕਰਾਅ ਨੂੰ ਟਾਲਣ ਲਈ ਨਾਮ ਚਰਚਾ ਆਰੰਭ ਹੁੰਦਿਆਂ ਹੀ ਚੋਣ ਕਮਿਸ਼ਨ ਤੋਂ ਲਾਊਡ ਸਪੀਕਰ ਲਾਉਣ ਅਤੇ ਨਾਮ ਚਰਚਾ ਕਰਨ ਸਬੰਧੀ ਲੋੜੀਂਦੀ ਮਨਜ਼ੂਰੀ ਨਾ ਲਏ ਜਾਣ ਕਾਰਨ ਨਾਮ ਚਰਚਾ ਬੰਦ ਕਰਾ ਦਿੱਤੀ, ਜਿਸ ਮਗਰੋਂ ਵੱਡੀ ਗਿਣਤੀ ਵਿਚ ਇਕੱਤਰ ਹੋਏ ਡੇਰਾ ਪ੍ਰੇਮੀ ਘਰ ਚਲੇ ਗਏ ਤੇ ਪੰਥਕ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਵੀ ਜਾਮ ਚੁੱਕ ਲਿਆ। ਸੜਕੀ ਜਾਮ ਕਾਰਨ ਆਵਾਜਾਈ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਪਟਿਆਲਾ, ਘਨੌਰ, ਰਾਜਪੁਰਾ ਤੋਂ ਵੱਡੀ ਮਾਤਰਾ ਵਿਚ ਆਈ ਫੋਰਸ ਕਾਰਨ ਸ਼ਹਿਰ ਸਾਰਾ ਦਿਨ ਪੁਲਿਸ ਛਾਉਣੀ ਬਣਿਆ ਰਿਹਾ।

ਜਾਣਕਾਰੀ ਅਨੁਸਾਰ ਡੇਰਾ ਪ੍ਰੇਮੀਆਂ ਵੱਲੋਂ ਡੇਰੇ ਦੇ ਸਥਾਪਨਾ ਦਿਵਸ ਸਬੰਧੀ ਬਨੂੜ ਵਿਖੇ ਜ਼ਿਲ੍ਹਾ ਪੱਧਰੀ ਨਾਮ ਚਰਚਾ ਇਥੋਂ ਦੇ ਵਾਰਡ ਨੰਬਰ ਵਿਖੇ ਲਾਂਡਰਾਂ ਨੂੰ ਜਾਣ ਵਾਲੇ ਮਾਰਗ ਉਤੇ ਦੁਪਹਿਰ ਦੋ ਵਜੇ ਤੋਂ ਚਾਰ ਤੱਕ ਰੱਖੀ ਗਈ ਸੀ। ਇਸ ਨਾਮ ਚਰਚਾ ਵਿਚ ਮੁਹਾਲੀ, ਪਟਿਆਲਾ ਅਤੇ ਟਰਾਈਸਿਟੀ ਤੋਂ ਡੇਰਾ ਪ੍ਰੇਮੀ ਵੱਡੀ ਗਿਣਤੀ ਵਿਚ ਸ਼ਿਰਕਤ ਕਰ ਰਹੇ ਸਨ। ਨਾਮ ਚਰਚਾ ਸਬੰਧੀ ਪੰਥਕ ਜਥੇਬੰਦੀਆਂ ਨੂੰ ਭਿਣਕ ਪੈ ਗਈ। ਦਮਦਮੀ ਟਕਸਾਲ ਜਥਾ ਰਾਜਪੁਰਾ ਦੇ ਮੁਖੀ ਬਰਜਿੰਦਰ ਸਿੰਘ ਪਰਵਾਨਾ ਆਪਣੇ ਤਿੰਨ ਕੁ ਦਰਜਨ ਦੇ ਕਰੀਬ ਸਾਥੀਆਂ ਸਮੇਤ ਦੁਪਹਿਰ ਬਾਰਾਂ ਕੁ ਵਜੇ ਬੈਰੀਅਰ ਉਤੇ ਪੁੱਜ ਗਏ, ਜਿਨ੍ਹਾਂ ਨੂੰ ਬੈਰੀਅਰ ਉਤੇ ਵੱਡੀ ਗਿਣਤੀ ਵਿਚ ਤਾਇਨਾਤ ਪੁਲਿਸ ਫੋਰਸ ਨੇ ਅੱਗੇ ਜਾਣ ਤੋਂ ਰੋਕ ਦਿੱਤਾ। ਉਨ੍ਹਾਂ ਦੋਸ਼ ਲਾਇਆ ਕਿ ਪੁਲਿਸ, ਪ੍ਰਸ਼ਾਸਨ ਅਤੇ ਸਰਕਾਰ ਵਿਸਾਖੀ ਦੇ ਦਿਹਾੜੇ ਉਤੇ ਨਾਮ ਚਰਚਾ ਕਰਾਉਣ ਦੀ ਮਨਜ਼ੂਰੀ ਦੇ ਕੇ ਸਿੱਖਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰ ਰਹੇ ਹਨ।

# ਡਾ. ਕਿਰਪਾਲ ਸਿੰਘ ਕਸੇਲ ਦਾ ਦੇਹਾਂਤ

**ਚੰਡੀਗੜ੍ਹ:** ਪੰਜਾਬੀ ਦੇ ਮਸ਼ਹੂਰ ਵਿਦਵਾਨ ਕਿਰਪਾਲ ਸਿੰਘ ਕਸੇਲ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ। ਅੰਮ੍ਰਿਤਸਰ ਦੇ ਪਿੰਡ ਢੰਡ ਕਸੇਲ ਵਿਚ ਜੰਮੇ ਡਾ. ਕਸੇਲ ਦੇ ਪਰਿਵਾਰ ਦਾ ਪਿਛੋਕੜ ਇਨਕਲਾਬੀ ਸੀ। ਉਨ੍ਹਾਂ ਨੇ ਡਾ. ਪਰਮਿੰਦਰ ਸਿੰਘ ਨਾਲ 'ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ' ਕਿਤਾਬ ਲਿਖੀ, ਜੋ ਪੰਜਾਬੀ ਸਾਹਿਤ ਵਿਚ ਕਲਾਸਿਕ ਦਾ ਦਰਜਾ ਰੱਖਦੀ ਹੈ। ਉਨ੍ਹਾਂ ਪ੍ਰੋ. ਪੂਰਨ ਸਿੰਘ ਦੀਆਂ ਅੰਗਰੇਜ਼ੀ ਲਿਖਤਾਂ ਦਾ ਪੰਜਾਬੀ 'ਚ ਅਨੁਵਾਦ ਅਤੇ ਯਮਲਾ ਜੱਟ ਦੇ ਗੀਤਾਂ ਦਾ ਸੰਪਾਦਨ ਕੀਤਾ।


## ਸ਼ੈਫ ਤੇ ਹੈਲਪਰ ਦੀ ਲੋੜ ਹੈ

ਲਾਰੈਂਸ, ਕੈਨਸਸ ਵਿਚ ਭਾਰਤੀ ਰੈਸਟੋਰੈਂਟ ਲਈ
ਸ਼ੈਫ ਤੇ ਹੈਲਪਰ ਦੀ ਲੋੜ ਹੈ
*ਚੰਗੀ ਤਨਖਾਹ, ਮੁਫਤ ਰਿਹਾਇਸ਼*
**ਸੰਪਰਕ ਕਰੋ: 316-518-5382** 12-15

## Prince's Barber Shop

**37477 Fremont Blvd, suite C, Fremont, CA 94536**

**Men & Children's Hair Cut**

*Threading *Custom Text
*Men's Facials *Hair Coler
*Custom Designing *Shave & Mundan
*Line-ups *Head Massage

ਫੁੱਲ ਟਾਈਮ ਬਾਰਬਰ ਦੀ ਲੋੜ ਹੈ

*ਇੰਡੀਆ ਅਤੇ ਅਮਰੀਕਾ ਦਾ 18 ਸਾਲ ਦਾ ਤਜ਼ਰਬਾ*

**Business hours:**
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



Cell: (510)-677-9942
Shop: (510)-505-9605
*www.princebarbershop.com*

## ਤੰਦੂਰੀਏ ਤੇ ਹਲਵਾਈ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ
ਮਿਠਾਈਆਂ ਬਣਾਉਣ ਵਾਲੇ ਕਾਰੀਗਰ ਅਤੇ ਤੰਦੂਰੀਏ ਦੀ ਲੋੜ ਹੈ
ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

*ਸੰਪਰਕ ਕਰੋ*
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635 4-

## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

**ਫੋਨ (408) 687-1899**

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)
7021 Village Park Way, Dublin, CA 94568

Email:
Homeomedicine@yahoo.com

# ਚੋਣ ਵਾਅਦਿਆਂ ਬਾਰੇ ਬੜਾ ਸੌੜਾ ਹੈ ਸਿਆਸੀ ਧਿਰਾਂ ਦਾ ਚੇਤਾ

**ਚੰਡੀਗੜ੍ਹ:** ਚੋਣਾਂ ਦੌਰਾਨ ਸਿਆਸੀ ਪਾਰਟੀਆਂ ਲੋਕਾਂ ਨਾਲ ਚੋਣ ਮਨੋਰਥ ਪੱਤਰਾਂ ਰਾਹੀਂ ਇਕਰਾਰਨਾਮਾ ਕਰਦੀਆਂ ਹਨ। ਚੋਣ ਮਨੋਰਥ ਪੱਤਰ ਉਤੇ ਅਮਲ ਕਰਨ ਦੀ ਰਵਾਇਤ ਘੱਟ ਰਹੀ ਹੈ ਪਰ ਇਨ੍ਹਾਂ ਪੱਤਰਾਂ ਦੀ ਗੰਭੀਰਤਾ ਵੱਧ ਹੈ। ਇਹੀ ਕਾਰਨ ਹੈ ਕਿ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਨੇ ਆਪਣੇ 2014 ਦੇ ਮਨੋਰਥ ਪੱਤਰ ਬਾਰੇ ਕਾਰਗੁਜ਼ਾਰੀ ਦੇ ਲੇਖੇ-ਜੋਖੇ ਤੋਂ ਬਚ ਕੇ ਨਵਾਂ ਮਨੋਰਥ ਪੱਤਰ ਜਾਰੀ ਕਰ ਦਿੱਤਾ। ਕਾਂਗਰਸ ਨੇ ਆਪਣੇ ਮਨੋਰਥ ਪੱਤਰ ਜ਼ਰੀਏ ਭਾਜਪਾ ਦੇ ਰਾਸ਼ਟਰਵਾਦ, ਬਹੁ ਸੰਖਿਆਵਾਦ ਅਤੇ ਜੰਮੂ ਕਸ਼ਮੀਰ 'ਚ ਧਾਰਾ 370 ਖਤਮ ਕਰਨ ਵਰਗੇ ਮੁੱਦਿਆਂ ਦੇ ਬਜਾਏ ਖੇਤੀ, ਰੁਜ਼ਗਾਰ ਅਤੇ ਕਈ ਹੋਰ ਮੁੱਦਿਆਂ ਉਤੇ ਧਿਆਨ ਕੇਂਦਰਿਤ ਕਰਨ ਦੀ ਕੋਸ਼ਿਸ਼ ਕੀਤੀ ਹੈ।

ਚੋਣ ਕਮਿਸ਼ਨ ਨੇ ਪਹਿਲੀ ਵਾਰ ਹੁਕਮ ਦਿੱਤਾ ਹੈ ਕਿ ਚੋਣ ਮਨੋਰਥ ਪੱਤਰ ਦਾ ਐਲਾਨ ਘੱਟੋ ਘੱਟ ਵੋਟਾਂ ਤੋਂ 48 ਘੰਟੇ ਪਹਿਲਾਂ ਕੀਤਾ ਜਾਣਾ ਚਾਹੀਦਾ ਹੈ। ਪੰਜਾਬ ਯੂਨੀਵਰਸਿਟੀ ਦੇ ਰਾਜਨੀਤੀ ਸ਼ਾਸਤਰ ਦੇ ਪ੍ਰੋਫੈਸਰ ਆਸ਼ੂਤੋਸ਼ ਕੁਮਾਰ ਦਾ ਕਹਿਣਾ ਹੈ ਕਿ ਚੋਣ ਮਨੋਰਥ ਪੱਤਰਾਂ ਬਾਰੇ ਗੰਭੀਰਤਾ ਵਧਦੀ ਜਾ ਰਹੀ ਹੈ, ਕਿਉਂਕਿ ਇਹੀ ਦਸਤਾਵੇਜ਼ ਹੈ, ਜਿਸ ਦੇ ਸਹਾਰੇ ਸਰਕਾਰਾਂ ਨੂੰ ਜਵਾਬਦੇਹ ਬਣਾਇਆ ਜਾ ਸਕਦਾ ਹੈ। ਜੇਕਰ ਚੋਣ ਮਨੋਰਥ ਬਾਹਰ ਕੱਢ ਦਿੱਤਾ ਜਾਵੇ ਤਾਂ ਚੋਣ ਪ੍ਰਕ੍ਰਿਆ ਪੂਰੀ ਤਰ੍ਹਾਂ ਧਨ, ਬਾਹੂਬਲ ਅਤੇ ਫਿਰਕੂ ਤੌਰ ਤਰੀਕਿਆਂ ਵਿਚਾਲੇ ਫਸ ਜਾਂਦੀ ਹੈ। ਆਮ ਆਦਮੀ ਪਾਰਟੀ ਨੇ ਸੂਬਾਈ ਅਤੇ ਹਰ ਹਲਕੇ ਦਾ ਅਲੱਗ ਮਨੋਰਥ ਪੱਤਰ ਬਣਾਉਣ ਦੀ ਪਿਰਤ ਪਾਈ ਸੀ ਪਰ ਇਹ ਵੱਖਰੀ ਗੱਲ ਹੈ ਕਿ ਇਸ ਵਾਰ ਪਾਰਟੀ ਉਕਤ ਮੁੱਦੇ 'ਤੇ ਬਹੁਤੀ ਸਰਗਰਮ ਨਹੀਂ ਹੈ।

ਇਸੇ ਦੌਰਾਨ ਪੀਪਲਜ਼ ਮੈਨੀਫੈਸਟੋ ਦੀ ਧਾਰਨਾ ਵੀ ਪ੍ਰਚੱਲਿਤ ਹੋਈ ਹੈ, ਜਿਸ ਤਰ੍ਹਾਂ ਕਈ ਵਰਗ ਆਪੋ ਆਪਣੇ ਸਮੂਹਕ ਮੁੱਦਿਆਂ ਨੂੰ ਚੋਣ ਮਨੋਰਥ ਪੱਤਰ ਦਾ ਹਿੱਸਾ ਬਣਾਉਣ ਲਈ ਕਈ ਤਰ੍ਹਾਂ ਦੀ ਵਿਸ਼ੇਸ਼ ਮੁਹਿੰਮ ਵੀ ਚਲਾਉਂਦੇ ਹਨ। ਚੋਣ ਮਨੋਰਥ ਪੱਤਰਾਂ ਵਿਚ ਲੋਕਾਂ ਨਾਲ ਕੀਤੇ ਵਾਅਦਿਆਂ ਸਬੰਧੀ ਨਿੱਠ ਕੇ ਚਰਚਾ ਵੀ ਨਹੀਂ ਹੁੰਦੀ ਕਿਉਂਕਿ ਆਗੂ ਜਨਤਕ ਤੌਰ ਉਤੇ ਰੈਲੀਆਂ ਦੌਰਾਨ ਚੋਣ ਮਨੋਰਥ ਪੱਤਰਾਂ ਵਿਚ ਕੀਤੇ ਵਾਅਦਿਆਂ ਤੋਂ ਵੀ ਵੱਖਰਾ ਸਟੈਂਡ ਲੈਂਦੇ ਦਿਖਾਈ ਦੇ ਰਹੇ ਹਨ।

ਦੇਸ਼ ਵਿਚ ਬਹੁਤ ਸਾਰੇ ਸੰਗਠਨ ਇਹ ਮੰਗ ਕਰਨ ਲੱਗੇ ਹਨ ਕਿ ਮੈਨੀਫੈਸਟੋ ਪਾਰਟੀ ਦਾ ਵੋਟਰਾਂ ਨਾਲ ਕੀਤਾ ਗਿਆ ਇਕਰਾਰਨਾਮਾ ਹੈ। ਜੇਕਰ ਸੱਤਾਧਾਰੀ ਧਿਰ ਇਕਰਾਰਨਾਮੇ ਨੂੰ ਨਹੀਂ ਨਿਭਾਉਂਦੀ ਤਾਂ ਉਸ ਖਿਲਾਫ ਅਦਾਲਤ ਤੱਕ ਪਹੁੰਚ ਕੀਤੀ ਜਾਵੇ। ਅਜਿਹਾ ਕਰਨ ਨਾਲ ਝੂਠੇ ਵਾਅਦਿਆਂ ਉਤੇ ਰੋਕ ਲੱਗਣ ਦੀ ਸੰਭਾਵਨਾ ਵੱਧ ਜਾਵੇਗੀ। ਚੋਣ ਮਨੋਰਥ ਪੱਤਰ ਕਾਨੂੰਨੀ ਦਸਤਾਵੇਜ਼ ਬਣਾਉਣ ਬਾਰੇ ਵੀ ਪਾਰਟੀਆਂ ਦਾ ਅਜਿਹਾ ਹੀ ਸਟੈਂਡ ਹੈ। ਪਾਰਲੀਮੈਂਟ ਅਤੇ ਵਿਧਾਨ ਸਭਾਵਾਂ ਵਿਚ ਔਰਤਾਂ ਨੂੰ 33 ਫੀਸਦੀ ਰਾਖਵਾਂਕਰਨ ਦੇਣ ਦਾ ਮਾਮਲਾ ਵੀ ਅਜੇ ਲਟਕ ਰਿਹਾ ਹੈ। ਇਸੇ ਤਰ੍ਹਾਂ ਚੋਣ ਮਨੋਰਥ ਪੱਤਰਾਂ ਨੂੰ ਕਾਨੂੰਨੀ ਦਸਤਾਵੇਜ਼ ਐਲਾਨਣ ਦੇ ਮਾਮਲੇ ਨੂੰ ਸਾਰੇ ਆਗੂ ਵਾਜਬ ਤਾਂ ਮੰਨਦੇ ਹਨ ਪਰ ਬਾਅਦ ਵਿਚ ਗੱਲ ਆਈ ਗਈ ਹੋ ਜਾਂਦੀ ਹੈ। ਚੋਣ ਮਨੋਰਥ ਪੱਤਰਾਂ ਉਤੇ ਅਮਲ ਨਾ ਕੀਤੇ ਜਾਣ ਕਰਕੇ ਪਾਰਟੀਆਂ ਦੀ ਭਰੋਸੇਯੋਗਤਾ ਕਮਜ਼ੋਰ ਹੋ ਰਹੀ ਹੈ। ਇਸੇ ਲਈ ਚੋਣ ਮਨੋਰਥ ਪੱਤਰ ਨੂੰ ਹੁਣ ਸੰਕਲਪ ਪੱਤਰ, ਕਿਸੇ ਪਾਰਟੀ ਨੇ ਪ੍ਰਤਿਗਿਆ ਪੱਤਰ ਵਰਗੇ ਨਵੇਂ ਸ਼ਬਦਾਂ ਦਾ ਇਸਤੇਮਾਲ ਕਰਨਾ ਸ਼ੁਰੂ ਕਰ ਦਿੱਤਾ ਹੈ।

# ਦੂਜੇ ਪੜਾਅ ਤਹਿਤ ਚੋਣ ਲੜਨ ਵਾਲੇ 251 ਉਮੀਦਵਾਰਾਂ ਖਿਲਾਫ ਅਪਰਾਧਕ ਮਾਮਲੇ

**ਕੋਲਕਾਤਾ:** ਏ.ਡੀ.ਆਰ. (ਐਸੋਸੀਏਸ਼ਨ ਆਫ ਡੈਮੋਕ੍ਰੇਟਿਕ ਰਿਫਾਰਮਜ਼) ਨੇ ਆਪਣੀ ਰਿਪੋਰਟ 'ਚ ਦੱਸਿਆ ਕਿ 18 ਅਪਰੈਲ ਨੂੰ ਲੋਕ ਸਭਾ ਚੋਣਾਂ ਦੇ ਦੂਜੇ ਪੜਾਅ ਤਹਿਤ ਚੋਣ ਲੜਨ



ਵਾਲੇ 423 ਉਮੀਦਵਾਰਾਂ ਕੋਲ ਇਕ ਕਰੋੜ ਰੁਪਏ ਜਾਂ ਇਸ ਤੋਂ ਜ਼ਿਆਦਾ ਕੀਮਤ ਦੀ ਜਾਇਦਾਦ ਹੈ। ਏ.ਡੀ.ਆਰ. ਨੇ 1644 ਉਮੀਦਵਾਰਾਂ ਵਿਚੋਂ 1590 ਉਮੀਦਵਾਰਾਂ ਦੇ ਹਲਫਨਾਮਿਆਂ ਦਾ ਵਿਸ਼ਲੇਸ਼ਣ ਕੀਤਾ ਹੈ, ਜਿਹੜੇ ਦੂਜੇ ਪੜਾਅ 'ਚ ਚੋਣ ਲੜ ਰਹੇ ਹਨ।

ਇਸ ਰਿਪੋਰਟ ਨੂੰ ਬਣਾਉਂਦੇ ਸਮੇਂ 54 ਉਮੀਦਵਾਰ ਅਜਿਹੇ ਹਨ ਜਿਨ੍ਹਾਂ ਦੇ ਹਲਫਨਾਮੇ ਉਪਲਬਧ ਨਾ ਹੋਣ ਕਾਰਨ ਵਿਸ਼ਲੇਸ਼ਣ ਨਹੀਂ ਹੋ ਸਕਿਆ। ਮੁੱਖ ਪਾਰਟੀਆਂ 'ਚੋਂ ਆਈ.ਐਨ.ਸੀ. ਦੇ 53 ਉਮੀਦਵਾਰਾਂ ਵਿਚੋਂ 46, ਭਾਜਪਾ ਦੇ 51 'ਚੋਂ 45, ਡੀ.ਐਮ.ਕੇ. ਦੇ 24 ਵਿਚੋਂ 23, ਏ.ਆਈ.ਏ. ਡੀ.ਐਮ.ਕੇ. ਦੇ ਸਾਰੇ 22 ਅਤੇ ਬਸਪਾ ਦੇ 80 'ਚੋਂ 21 ਉਮੀਦਵਾਰਾਂ ਦੀ ਜਾਇਦਾਦ 1 ਕਰੋੜ ਰੁਪਏ ਤੋਂ ਜ਼ਿਆਦਾ ਦੱਸੀ ਗਈ ਹੈ। ਚੋਣਾਂ ਦੇ ਦੂਜੇ ਪੜਾਅ ਵਿਚ ਪ੍ਰਤੀ ਉਮੀਦਵਾਰ ਦੀ ਔਸਤ ਜਾਇਦਾਦ 3.90 ਕਰੋੜ ਰੁਪਏ ਹੈ। ਇਥੇ 201 ਉਮੀਦਵਾਰ ਅਜਿਹੇ ਹਨ, ਜਿਨ੍ਹਾਂ 'ਪੈਨ' ਵੇਰਵਾ ਨਹੀਂ ਦਿੱਤਾ ਤੇ 41 ਉਮੀਦਵਾਰਾਂ ਨੇ ਆਪਣੀ ਸਾਲਾਨਾ ਕੁੱਲ ਆਮਦਨ 1 ਕਰੋੜ ਰੁਪਏ ਤੋਂ ਜ਼ਿਆਦਾ ਦੱਸੀ ਹੈ ਅਤੇ 919 ਉਮੀਦਵਾਰ ਅਜਿਹੇ ਹਨ, ਜਿਨ੍ਹਾਂ ਆਮਦਨ ਕਰ ਦਾ ਵੇਰਵਾ ਨਹੀਂ ਦੱਸਿਆ।

ਰਿਪੋਰਟ ਮੁਤਾਬਕ 1590 ਉਮੀਦਵਾਰਾਂ ਵਿਚੋਂ 251 ਉਮੀਦਵਾਰਾਂ ਖਿਲਾਫ ਅਪਰਾਧਿਕ ਮਾਮਲੇ ਦਰਜ ਹਨ। ਇਨ੍ਹਾਂ ਵਿਚੋਂ 167 ਉਮੀਦਵਾਰਾਂ ਖਿਲਾਫ ਗੰਭੀਰ ਅਪਰਾਧਿਕ ਮਾਮਲਿਆਂ ਦੀ ਪੁਸ਼ਟੀ ਕੀਤੀ ਗਈ ਹੈ। ਤਕਰੀਬਨ 3 ਉਮੀਦਵਾਰਾਂ ਨੇ ਆਪਣੇ ਆਪ ਨੂੰ ਮਾਮਲਿਆਂ 'ਚ ਦੋਸ਼ੀ ਪਾਇਆ ਜਾਣਾ ਦੱਸਿਆ ਹੈ ਅਤੇ 6 ਉਮੀਦਵਾਰਾਂ ਖਿਲਾਫ ਹੱਤਿਆ ਨਾਲ ਜੁੜੇ ਮਾਮਲੇ, 25 ਖਿਲਾਫ ਹੱਤਿਆ ਦੀ ਕੋਸ਼ਿਸ਼ ਦੇ ਮਾਮਲੇ, 8 ਖਿਲਾਫ ਅਗਵਾ ਨਾਲ ਜੁੜੇ ਮਾਮਲੇ, 10 ਖਿਲਾਫ ਔਰਤਾਂ ਨਾਲ ਜਿਨਸੀ ਛੇੜਛਾੜ (ਜਬਰ ਜਨਾਹ) ਦੇ ਮਾਮਲੇ ਤੇ 15 ਉਮੀਦਵਾਰਾਂ ਖਿਲਾਫ ਭੜਕਾਊ ਭਾਸ਼ਣਾਂ ਨਾਲ ਜੁੜੇ ਮਾਮਲਿਆਂ ਬਾਰੇ ਦੱਸਿਆ ਗਿਆ ਹੈ। ਇਸ ਪੜਾਅ ਤਹਿਤ 97 ਹਲਕਿਆਂ 'ਚੋਂ 41 ਹਲਕਿਆਂ ਨੂੰ 'ਰੈੱਡ ਅਲਰਟ' ਐਲਾਨਿਆ ਗਿਆ ਹੈ।

# ਮਹਿਲਾ ਆਗੂ ਨੇ ਭਗਵੰਤ ਮਾਨ 'ਤੇ ਫੰਡਾਂ ਵਿਚ ਘਪਲੇ ਦੇ ਦੋਸ਼ ਲਾਏ

**ਸੰਗਰੂਰ:** ਆਮ ਆਦਮੀ ਪਾਰਟੀ (ਆਪ) ਦੀ ਸੂਬਾ ਜਨਰਲ ਸਕੱਤਰ ਵਜੋਂ ਤੇ ਮੁਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਚੁੱਕੀ ਡਾ. ਅਮਨਦੀਪ ਕੌਰ ਗੋਸਲ ਨੇ ਪਾਰਟੀ ਪ੍ਰਧਾਨ ਤੇ ਸੰਸਦ ਮੈਂਬਰ ਭਗਵੰਤ ਮਾਨ ਉਤੇ ਫੰਡਾਂ ਵਿਚ ਕਥਿਤ ਘਪਲੇਬਾਜ਼ੀ



ਦੇ ਦੋਸ਼ ਲਗਾਏ ਹਨ ਤੇ ਪੰਜਾਬ ਦੇ ਲੋਕਾਂ ਨੂੰ ਭਗਵੰਤ ਮਾਨ ਤੋਂ ਸੌ ਕਰੋੜ ਰੁਪਏ ਦਾ ਹਿਸਾਬ ਮੰਗਣ ਦੀ ਗੱਲ ਆਖੀ ਹੈ। ਡਾ. ਗੋਸਲ ਨੇ ਆਪਣੇ ਫੇਸਬੁੱਕ ਪੇਜ 'ਤੇ ਪੋਸਟ ਪਾ ਕੇ ਦਾਅਵਾ ਕੀਤਾ ਹੈ ਕਿ ਜੇ ਕਿਸੇ ਨਿਰਪੱਖ ਏਜੰਸੀ ਤੋਂ ਜਾਂਚ ਕਰਵਾਈ ਜਾਵੇ ਤਾਂ ਸੱਚ ਸਾਹਮਣੇ ਆ ਸਕਦਾ ਹੈ। ਉਧਰ, ਭਗਵੰਤ ਮਾਨ ਨੇ ਇਨ੍ਹਾਂ ਦੋਸ਼ਾਂ ਨੂੰ ਨਕਾਰ ਦਿੱਤਾ ਹੈ।

ਡਾ. ਅਮਨਦੀਪ ਕੌਰ ਗੋਸਲ ਨੇ ਦੱਸਿਆ ਕਿ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਦੇਸ਼ ਤੇ ਵਿਦੇਸ਼ਾਂ ਵਿਚੋਂ ਕਥਿਤ ਤੌਰ 'ਤੇ ਲਗਭਗ 102 ਕਰੋੜ ਰੁਪਏ ਦੇ ਫੰਡ ਇਕੱਠੇ ਹੋਏ ਸਨ, ਜਿਨ੍ਹਾਂ ਦੀ ਦੁਰਵਰਤੋਂ ਕੀਤੀ ਗਈ। ਉਨ੍ਹਾਂ ਨੇ ਭਗਵੰਤ ਮਾਨ ਦੇ ਚਚੇਰੇ ਭਰਾ ਗਿਆਨ ਸਿੰਘ ਮਾਨ ਤੇ ਉਸ ਦੀ ਪਤਨੀ ਦਾ ਇਸ ਵਿਚ ਹੱਥ ਹੋਣ ਦੇ ਦੋਸ਼ ਵੀ ਲਗਾਏ। ਉਨ੍ਹਾਂ ਕਿਹਾ ਕਿ ਜੇ ਕਿਸੇ ਨਿਰਪੱਖ ਏਜੰਸੀ ਤੋਂ ਜਾਂਚ ਕਰਵਾਈ ਜਾਵੇ ਤਾਂ ਸੱਚ ਸਾਹਮਣੇ ਆ ਜਾਵੇਗਾ। ਉਧਰ, ਭਗਵੰਤ ਮਾਨ ਨੇ ਫੰਡਾਂ ਦੀ ਦੁਰਵਰਤੋਂ ਅਤੇ ਘਪਲੇ ਦੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਉਸ ਨੇ ਕਿਸੇ ਦਾ ਬੁਰਾ ਨਹੀਂ ਕੀਤਾ ਪਰ ਸਭ ਉਸ ਨੂੰ ਹਰਾਉਣਾ ਚਾਹੁੰਦੇ ਹਨ ਅਤੇ ਉਸ ਨੂੰ ਬਦਨਾਮ ਕਰ ਰਹੇ ਹਨ। ਚੋਣਾਂ ਦੌਰਾਨ ਅਜਿਹੀਆਂ ਗੱਲਾਂ ਹੋਣੀਆਂ ਸੁਭਾਵਿਕ ਹਨ। ਭਗਵੰਤ ਮਾਨ ਦੇ ਚਚੇਰੇ ਭਰਾ ਗਿਆਨ ਸਿੰਘ ਮਾਨ ਨੇ ਵੀ ਡਾ. ਅਮਨਦੀਪ ਕੌਰ ਗੋਸਲ ਵੱਲੋਂ ਲਗਾਏ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰਦਿਆਂ ਬੇਬੁਨਿਆਦ ਦੱਸਿਆ ਹੈ।

# ਹੁਣ ਸਿਆਸੀ ਫੰਡਾਂ ਦੇ ਵੇਰਵੇ ਦੇਣੇ ਪੈਣਗੇ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਚੋਣ ਬਾਂਡ ਰਾਹੀਂ ਸਿਆਸੀ ਪਾਰਟੀਆਂ ਨੂੰ ਫੰਡ ਦੇਣ 'ਤੇ ਰੋਕ ਤਾਂ ਨਹੀਂ ਲਾਈ ਪਰ ਉਸ ਨੇ ਇਸ ਯੋਜਨਾ 'ਚ ਪਾਰਦਰਸ਼ਤਾ ਲਿਆਉਣ ਲਈ ਕਈ ਕਦਮ ਉਠਾਏ ਹਨ।

ਸੁਪਰੀਮ ਕੋਰਟ ਨੇ ਸਾਰੀਆਂ ਸਿਆਸੀ ਪਾਰਟੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਚੋਣ ਕਮਿਸ਼ਨ ਨੂੰ ਅਜਿਹੇ ਮਿਲਣ ਵਾਲੇ ਫੰਡਾਂ ਦੀ ਰਸੀਦ ਅਤੇ ਦਾਨੀਆਂ ਦੀ ਪਛਾਣ ਦਾ ਬਿਊਰਾ ਸੀਲਬੰਦ ਲਿਫਾਫੇ 'ਚ ਸੌਂਪਣ। ਚੀਫ ਜਸਟਿਸ ਰੰਜਨ ਗੋਗੋਈ, ਜਸਟਿਸ ਦੀਪਕ ਗੁਪਤਾ ਅਤੇ ਜਸਟਿਸ ਸੰਜੀਵ ਖੰਨਾ 'ਤੇ ਆਧਾਰਿਤ ਬੈਂਚ ਨੇ ਆਪਣੇ ਅੰਤਰਿਮ ਹੁਕਮਾਂ 'ਚ ਸਾਰੀਆਂ ਸਿਆਸੀ ਪਾਰਟੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਚੋਣ ਬਾਂਡ ਦੀ ਰਕਮ ਅਤੇ ਦਾਨੀਆਂ ਦੇ ਬੈਂਕ ਖਾਤਿਆਂ ਦਾ ਬਿਊਰਾ 30 ਮਈ ਤਕ ਚੋਣ ਕਮਿਸ਼ਨ ਨੂੰ ਮੁਹੱਈਆ ਕਰਾਉਣ।

ਬੈਂਚ ਨੇ ਕੇਂਦਰ ਦੀ ਇਸ ਦਲੀਲ ਨੂੰ ਨਕਾਰ ਦਿੱਤਾ ਕਿ ਉਸ ਨੂੰ ਅਜਿਹੇ ਮੌਕੇ 'ਤੇ ਚੋਣ ਬਾਂਡ ਯੋਜਨਾ 'ਚ ਦਖਲ ਨਹੀਂ ਦੇਣਾ ਚਾਹੀਦਾ ਹੈ ਅਤੇ ਆਮ ਚੋਣਾਂ ਮਗਰੋਂ ਹੀ ਇਸ ਬਾਰੇ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਇਸ 'ਤੇ ਅਮਲ ਹੋਇਆ ਹੈ ਜਾਂ ਨਹੀਂ। ਸੁਪਰੀਮ ਕੋਰਟ ਨੇ ਕਿਹਾ ਕਿ ਉਹ ਚੋਣ ਬਾਂਡ ਯੋਜਨਾ ਨੂੰ ਕਾਨੂੰਨ ਦੇ ਘੇਰੇ 'ਚ ਲਿਆਉਣ ਦੇ ਮੰਤਵ ਨਾਲ ਆਮਦਨ ਕਰ, ਜਨ ਪ੍ਰਤੀਨਿਧ ਅਤੇ ਵਿੱਤ ਕਾਨੂੰਨਾਂ ਆਦਿ 'ਚ ਕੀਤੀਆਂ ਗਈਆਂ ਸੋਧਾਂ 'ਤੇ ਵਿਸਥਾਰ ਨਾਲ ਵਿਚਾਰ ਕਰੇਗਾ ਅਤੇ ਇਹ ਯਕੀਨੀ ਬਣਾਏਗਾ ਕਿ ਕਿਸੇ ਇਕ ਸਿਆਸੀ ਪਾਰਟੀ ਵੱਲ ਉਸ ਦਾ ਪੱਲੜਾ ਭਾਰੀ ਨਾ ਹੋਵੇ। ਬੈਂਚ ਨੇ ਚੋਣ ਬਾਂਡ ਖਰੀਦਣ ਦੀ ਮਿਆਦ ਅਪਰੈਲ-ਮਈ 'ਚ 10 ਦਿਨ ਤੋਂ ਘਟਾ ਕੇ ਪੰਜ ਦਿਨ ਕਰਨ ਦੇ ਨਿਰਦੇਸ਼ ਵਿੱਤ ਮੰਤਰਾਲੇ ਨੂੰ ਦਿੱਤੇ ਅਤੇ ਕਿਹਾ ਕਿ ਉਹ ਗੈਰ-ਸਰਕਾਰੀ ਜਥੇਬੰਦੀ (ਐਨ.ਜੀ.ਓ.) ਦੀ ਪਟੀਸ਼ਨ ਦਾ ਨਿਬੇੜਾ ਕਰਨ ਦੀ ਤਰੀਕ ਬਾਅਦ 'ਚ ਤੈਅ ਕਰਨਗੇ।

ਐਨ.ਜੀ.ਓ. ਐਸੋਸੀਏਸ਼ਨ ਆਫ ਡੈਮੋਕ੍ਰੈਟਿਕ ਰਿਫਾਰਮਜ਼ ਨੇ ਇਸ ਯੋਜਨਾ ਦੀ ਵੈਧਤਾ ਨੂੰ ਚੁਣੌਤੀ ਦਿੰਦਿਆਂ ਚੋਣ ਬਾਂਡ ਯੋਜਨਾ 'ਤੇ ਰੋਕ ਲਾਉਣ ਜਾਂ ਫਿਰ ਦਾਨੀਆਂ ਦੇ ਨਾਮ ਜਨਤਕ ਕਰਨ ਦੇ ਨਿਰਦੇਸ਼ ਦੇਣ ਦੀ ਬੇਨਤੀ ਕੀਤੀ ਸੀ।

ਕੇਂਦਰ ਸਰਕਾਰ ਨੇ 2 ਜਨਵਰੀ 2018 'ਚ ਚੋਣ ਬਾਂਡ ਯੋਜਨਾ ਨੂੰ ਨੋਟੀਫਾਈ ਕੀਤਾ ਸੀ। ਯੋਜਨਾ ਅਨੁਸਾਰ ਕੋਈ ਵੀ ਵਿਅਕਤੀ, ਜੋ ਭਾਰਤ ਦਾ ਨਾਗਰਿਕ ਹੈ ਜਾਂ ਜਿਸ ਦੀ ਭਾਰਤ 'ਚ ਕੋਈ ਕੰਪਨੀ ਹੈ, ਚੋਣ ਬਾਂਡ ਖਰੀਦ ਸਕਦਾ ਹੈ। ਕੋਈ ਵੀ ਵਿਅਕਤੀ ਇਕੱਲਿਆਂ ਜਾਂ ਸਾਂਝੇ ਤੌਰ 'ਤੇ ਚੋਣ ਬਾਂਡ ਖਰੀਦ ਸਕਦਾ ਹੈ। ਜਨ ਪ੍ਰਤੀਨਿਧ ਕਾਨੂੰਨ ਦੀ ਧਾਰਾ 29ਏ ਤਹਿਤ ਰਜਿਸਟਰਡ ਸਿਆਸੀ ਪਾਰਟੀਆਂ ਅਤੇ ਜਿਨ੍ਹਾਂ ਨੂੰ ਪਿਛਲੀਆਂ ਲੋਕ ਸਭਾ ਜਾਂ ਵਿਧਾਨ ਸਭਾ ਚੋਣਾਂ 'ਚ ਇਕ ਫੀਸਦੀ ਤੋਂ ਘੱਟ ਵੋਟਾਂ ਨਹੀਂ ਮਿਲੀਆਂ ਹਨ, ਉਹ ਚੋਣ ਬਾਂਡ ਹਾਸਲ ਕਰਨ ਦੇ ਯੋਗ ਹੋਣਗੇ। ਨੋਟੀਫਿਕੇਸ਼ਨ ਮੁਤਾਬਕ ਇਸ ਚੋਣ ਬਾਂਡ ਦੀ ਯੋਗਤਾ ਰੱਖਣ ਵਾਲੀਆਂ ਸਿਆਸੀ ਪਾਰਟੀਆਂ ਕੌਮੀਕ੍ਰਿਤ ਬੈਂਕ 'ਚ ਖਾਤੇ ਰਾਹੀਂ ਉਨ੍ਹਾਂ ਦੀ ਵਰਤੋਂ ਕਰ ਸਕਣਗੀਆਂ।

# ਲੋਕ ਸਭਾ ਲਈ ਟਿਕਟਾਂ ਦੇ ਚਾਹਵਾਨਾਂ ਨੂੰ ਕੈਪਟਨ ਦੀ ਨਸੀਹਤ

**ਜਲੰਧਰ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਟਿਕਟਾਂ ਨਾ ਮਿਲਣ ਕਾਰਨ ਨਾਰਾਜ਼ ਚੱਲ ਰਹੇ ਆਗੂਆਂ ਨੂੰ ਸਪਸ਼ਟ ਕਰ ਦਿੱਤਾ ਹੈ ਕਿ ਪੰਜਾਬ ਵਿਚ ਸਿਰਫ ਲੋਕ ਸਭਾ ਦੀਆਂ 13



ਸੀਟਾਂ ਹੀ ਹਨ, ਟਿਕਟਾਂ ਮੰਗਣ ਵਾਲੇ 117 ਖਾਹਿਸ਼ਮੰਦਾਂ ਨੂੰ ਟਿਕਟਾਂ ਨਹੀਂ ਦਿੱਤੀਆਂ ਜਾ ਸਕਦੀਆਂ। ਉਨ੍ਹਾਂ ਇਹ ਵੀ ਸਪਸ਼ਟ ਕਰ ਦਿੱਤਾ ਹੈ ਕਿ ਜਿਹੜੇ ਉਮੀਦਵਾਰਾਂ ਨੂੰ ਟਿਕਟਾਂ ਦਿੱਤੀਆਂ ਗਈਆਂ ਹਨ, ਉਨ੍ਹਾਂ ਬਾਰੇ ਫੈਸਲਾ ਕਾਂਗਰਸ ਹਾਈਕਮਾਂਡ ਨੇ ਕੀਤਾ ਹੈ। ਚੋਣ ਜਿੱਤਣ ਦੀ ਸਮਰੱਥਾ ਰੱਖਣ ਨੂੰ ਪਾਰਟੀ ਨੇ ਮਾਪਦੰਡ ਬਣਾਇਆ ਹੈ।

ਸਾਬਕਾ ਮੰਤਰੀ ਮਹਿੰਦਰ ਸਿੰਘ ਕੇ.ਪੀ. ਵੱਲੋਂ ਟਕਸਾਲੀ ਕਾਂਗਰਸੀ ਧੜਾ ਬਣਾਏ ਜਾਣ ਦੀ ਚੱਲ ਰਹੀ ਚਰਚਾ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਕਾਂਗਰਸ ਨੇ ਮਹਿੰਦਰ ਸਿੰਘ ਕੇ.ਪੀ. ਤੇ ਉਸ ਦੇ ਪਰਿਵਾਰ ਨੂੰ 7 ਵਾਰ ਟਿਕਟ ਦਿੱਤੀ ਹੈ। ਇਨ੍ਹਾਂ 'ਚ ਵਿਧਾਨ ਸਭਾ ਤੇ ਲੋਕ ਸਭਾ ਦੀਆਂ ਟਿਕਟਾਂ ਸ਼ਾਮਲ ਹਨ। ਵਿਧਾਨ ਸਭਾ ਦੀ ਚੋਣ ਮਹਿੰਦਰ ਸਿੰਘ ਕੇ.ਪੀ. ਤਿੰਨ ਵਾਰ ਹਾਰ ਗਏ ਸਨ। ਇਕ ਵਾਰੀ ਉਨ੍ਹਾਂ ਦੀ ਪਤਨੀ ਨੂੰ ਟਿਕਟ ਦਿੱਤੀ ਸੀ ਉਦੋਂ ਵੀ ਉਹ ਚੋਣ ਹਾਰ ਗਏ ਸਨ। ਉਨ੍ਹਾਂ ਕਿਹਾ ਕਿ ਕੁੱਝ ਲੋਕ ਜਿਹੜੇ ਪਾਰਟੀ 'ਚ ਕਾਫੀ ਸੀਨੀਅਰ ਰਹੇ ਹਨ, ਕਾਂਗਰਸ ਵਰਕਿੰਗ ਕਮੇਟੀ ਵਿਚ ਵੀ ਮੈਂਬਰ ਰਹੇ ਹਨ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਰਹੇ ਹਨ, ਐਮ.ਪੀ. ਰਹੇ ਹਨ, ਪਾਰਟੀ ਨੇ ਉਨ੍ਹਾਂ ਨੂੰ ਮਾਣ ਬਖਸ਼ਿਆ ਹੈ। ਉਮੀਦਵਾਰਾਂ ਬਾਰੇ ਜਿਹੜਾ ਫੈਸਲਾ ਪਾਰਟੀ ਹਾਈ ਕਮਾਂਡ ਨੇ ਕੀਤਾ ਹੈ ਉਸ ਨੂੰ ਮੰਨਦੇ ਹੋਏ ਉਮੀਦਵਾਰਾਂ ਦਾ ਸਾਥ ਦੇਣਾ ਚਾਹੀਦਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਜਦੋਂ ਪਾਰਟੀ ਨੂੰ ਲੋੜ ਹੁੰਦੀ ਹੈ ਉਦੋਂ ਪਾਰਟੀ ਦੇ ਨਾਲ ਖੜ੍ਹਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੀ ਸਫਲਤਾ ਲਈ ਸਾਰੇ ਆਗੂਆਂ ਨੂੰ ਇਕਜੁੱਟਤਾ ਨਾਲ ਕੰਮ ਕਰਨਾ ਚਾਹੀਦਾ ਹੈ।

## ਕਾਂਗਰਸ ਨਾਲ ਹੱਥ ਮਿਲਾਉਣ ਲਈ 'ਆਪ' ਹੁਣ ਵੀ ਤਿਆਰ

**ਨਵੀਂ ਦਿੱਲੀ:** 'ਆਪ' ਨੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮੁਲਕ ਲਈ ਖਤਰਾ ਦੱਸਦਿਆਂ ਲੋਕ ਸਭਾ ਚੋਣਾਂ ਲਈ ਦਿੱਲੀ, ਹਰਿਆਣਾ ਤੇ ਚੰਡੀਗੜ੍ਹ ਵਿਚ ਕਾਂਗਰਸ ਨਾਲ ਗਠਜੋੜ ਕਰਨ ਦੀ ਮੁੜ ਪੇਸ਼ਕਸ਼ ਕੀਤੀ ਹੈ। ਹਾਲਾਂਕਿ ਪਾਰਟੀ ਨੇ ਇਸ ਵਾਰ ਗਠਜੋੜ ਦੇ ਫਾਰਮੂਲੇ ਤੋਂ ਪੰਜਾਬ ਦੀ ਮੰਗ ਨੂੰ ਹਟਾ ਲਿਆ ਹੈ। 'ਆਪ' ਦੇ ਸੀਨੀਅਰ ਆਗੂ ਤੇ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਕਿਹਾ ਕਿ ਮੋਦੀ ਤੇ ਸ਼ਾਹ ਦੀ ਜੋੜੀ ਮੁਲਕ ਲਈ ਖਤਰਨਾਕ ਹੈ। ਇਸ ਨੂੰ ਰੋਕਣ ਲਈ 'ਆਪ' ਸਾਰੇ ਭਾਜਪਾ ਵਿਰੋਧੀ ਦਲਾਂ ਨਾਲ ਹੱਥ ਮਿਲਾਉਣ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਹਾਲੇ ਵੀ ਸਮਾਂ ਹੈ, ਜੇਕਰ ਕਾਂਗਰਸ ਚਾਹੇ ਤਾਂ ਮੋਦੀ ਤੇ ਸ਼ਾਹ ਦੀ ਜੋੜੀ ਨੂੰ 18 ਸੀਟਾਂ (ਹਰਿਆਣਾ, ਦਿੱਲੀ ਤੇ ਚੰਡੀਗੜ੍ਹ) ਉੱਤੇ ਹਰਾਇਆ ਜਾ ਸਕਦਾ ਹੈ। ਸ੍ਰੀ ਸਿਸੋਦੀਆ ਨੇ ਕਿਹਾ ਕਿ ਇਹ ਕਾਂਗਰਸ ਨੇ ਤੈਅ ਕਰਨਾ ਹੈ ਕਿ ਇਸ ਸਮੇਂ ਪਹਿਲ ਮੋਦੀ ਤੇ ਸ਼ਾਹ ਦੀ ਜੋੜੀ ਨੂੰ ਹਰਾਉਣਾ ਹੈ ਜਾਂ ਜ਼ਿਆਦਾ ਸੀਟਾਂ ਉੱਤੇ ਚੋਣ ਲੜਨ ਦਾ ਰਿਕਾਰਡ ਬਣਾਉਣਾ ਹੈ।

## ਕਾਂਗਰਸ ਤੇ 'ਆਪ' ਦਾ ਗੱਠਜੋੜ ਨਹੀਂ ਹੁੰਦਾ ਤਾਂ ਹੋਵੇਗਾ ਤਿਕੋਣਾ ਮੁਕਾਬਲਾ

**ਨਵੀਂ ਦਿੱਲੀ:** ਦਿੱਲੀ ਵਿਚ ਲੋਕ ਸਭਾ ਦੀਆਂ ਚੋਣਾਂ ਪ੍ਰਤੀ ਕਾਂਗਰਸ ਅਤੇ 'ਆਪ' ਵਿਚ ਪਿਛਲੇ ਦਿਨਾਂ ਤੋਂ ਗਠਜੋੜ ਦੇ ਲਗਾਤਾਰ ਚਰਚੇ ਹੋ ਰਹੇ ਹਨ ਅਤੇ ਕਦੇ ਹਾਂ ਅਤੇ ਕਦੇ ਨਾਂਹ ਦੀ ਸਥਿਤੀ ਕਈ ਵਾਰ ਬਣੀ ਹੈ। ਗਠਜੋੜ ਨਾ ਹੋਣ ਕਰਕੇ ਤਿਕੋਣਾ ਮੁਕਾਬਲਾ ਹੋ ਸਕਦਾ ਹੈ, ਜਿਸ ਵਿਚ ਭਾਜਪਾ ਨੂੰ ਲਾਭ ਹੋ ਸਕਦਾ ਹੈ ਅਤੇ ਉਸ ਦੀ ਸਥਿਤੀ ਪਹਿਲਾਂ ਵਾਲੀ ਹੋ ਸਕਦੀ ਹੈ। ਸਾਲ 2014 ਵਿਚ ਚੋਣਾਂ ਵਿਚ ਭਾਜਪਾ ਨੇ ਦਿੱਲੀ ਦੀਆਂ 7 ਸੀਟਾਂ 'ਤੇ ਕਬਜ਼ਾ ਕਰ ਲਿਆ ਸੀ। ਇਸ ਵਾਰ ਕਾਂਗਰਸ ਤੇ 'ਆਪ' ਦਾ ਗਠਜੋੜ ਹੋ ਜਾਂਦਾ ਹੈ ਤਾਂ ਇਹ ਭਾਜਪਾ ਦੇ ਲਈ ਨੁਕਸਾਨਦਾਇਕ ਹੋ ਸਕਦਾ ਹੈ। ਦਿੱਲੀ ਵਿਚ ਕਾਂਗਰਸ ਦੀ ਹਾਲਤ ਸੁਧਰਦੀ ਜਾ ਰਹੀ ਹੈ ਅਤੇ ਕਈ ਕਾਂਗਰਸੀ ਨੇਤਾ ਵੀ ਇਸ ਗਠਜੋੜ ਲਈ ਖੁੱਲ੍ਹ ਕੇ ਆਖ ਰਹੇ ਹਨ। ਥੋੜ੍ਹੇ ਹੀ ਕਾਂਗਰਸੀ ਨੇਤਾ ਹਨ ਜੋ ਇਸ ਗਠਜੋੜ ਦੇ ਹੱਕ ਵਿਚ ਨਹੀਂ ਹਨ, ਕਿਉਂਕਿ ਕਾਂਗਰਸੀ ਨੇਤਾਵਾਂ ਨੂੰ ਅੰਦਰੋ-ਅੰਦਰੀ ਪਤਾ ਹੈ ਕਿ ਇਹ ਗਠਜੋੜ ਹੋਣ 'ਤੇ ਭਾਜਪਾ ਨੂੰ ਹਰਾਇਆ ਜਾ ਸਕਦਾ ਹੈ।

## ਜਨਰਲ ਜੇ. ਜੇ. ਸਿੰਘ ਨੂੰ ਚੋਣ ਮੈਦਾਨ 'ਚੋਂ ਹਟਾਇਆ

**ਮੁਹਾਲੀ:** ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦੇ ਪ੍ਰਧਾਨ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਨੇ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਬੀਬੀ ਪਰਮਜੀਤ ਕੌਰ ਖਾਲੜਾ (ਪਤਨੀ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ) ਨੂੰ ਹਮਾਇਤ ਦੇਣ ਦਾ ਐਲਾਨ ਕੀਤਾ ਹੈ।



ਜਥੇਦਾਰ ਬ੍ਰਹਮਪੁਰਾ ਨੂੰ ਜਦੋਂ ਇਹ ਪੁੱਛਿਆ ਗਿਆ ਕਿ ਜੇਕਰ ਬੀਬੀ ਖਾਲੜਾ ਨੇ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਦਾ ਫੈਸਲਾ ਨਾ ਲਿਆ ਤਾਂ ਕੀ ਫਿਰ ਵੀ ਟਕਸਾਲੀ ਦਲ ਉਨ੍ਹਾਂ ਦੀ ਹਮਾਇਤ ਕਰੇਗਾ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਆਪਣੇ ਸਾਥੀਆਂ, ਪੰਥ ਦਰਦੀਆਂ ਅਤੇ ਸਿੱਖਾਂ ਦੇ ਕਹਿਣ 'ਤੇ ਆਪਣਾ ਉਮੀਦਵਾਰ ਚੋਣ ਮੈਦਾਨ 'ਚੋਂ ਹਟਾ ਲਿਆ ਹੈ। ਹੁਣ ਇਹ ਬੀਬੀ ਖਾਲੜਾ ਨੇ ਫੈਸਲਾ ਲੈਣਾ ਹੈ ਕਿ ਉਹ ਆਜ਼ਾਦ ਚੋਣ ਲੜਨਾ ਚਾਹੁੰਦੇ ਹਨ ਜਾਂ ਨਹੀਂ? ਉਨ੍ਹਾਂ ਨੇ ਤਾਂ ਆਪਣੇ ਸਾਥੀਆਂ ਦੀ ਗੱਲ ਮੰਨ ਕੇ ਬੀਬੀ ਖਾਲੜਾ ਨੂੰ ਹਮਾਇਤ ਦੇਣ ਦਾ ਫੈਸਲਾ ਲੈ ਲਿਆ ਹੈ।

# ਬਾਦਲਾਂ ਨੂੰ ਪੁੱਠਾ ਪੈਣ ਲੱਗਾ ਬੇਅਦਬੀ ਕਾਂਡ ਦੇ ਜਾਂਚ ਅਧਿਕਾਰੀ ਦਾ ਤਬਾਦਲਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੀ ਸ਼ਿਕਾਇਤ ਉਤੇ ਬੀਤੇ ਦਿਨੀਂ ਚੋਣ ਕਮਿਸ਼ਨ ਵੱਲੋਂ ਬੇਅਦਬੀ ਤੇ ਬਹਿਬਲ ਕਲਾਂ ਗੋਲੀ ਘਟਨਾ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਸਿਟ) ਦੇ ਅਧਿਕਾਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਦਾ ਤਬਾਦਲਾ ਅਕਾਲੀ ਦਲ ਨੂੰ ਪੁੱਠਾ ਪੈਣ ਲੱਗਾ ਹੈ। ਇਸ ਪੁਲਿਸ ਅਫਸਰ ਦੇ ਤਬਾਦਲੇ ਨਾਲ ਸ਼੍ਰੋਮਣੀ ਅਕਾਲੀ ਦਲ ਸੂਬੇ ਦੀਆਂ ਸਾਰੀਆਂ ਸਿਆਸੀ ਧਿਰਾਂ ਦੇ ਨਿਸ਼ਾਨੇ 'ਤੇ ਆ ਗਿਆ ਹੈ। ਚੋਣ ਅਖਾੜੇ ਵਿਚ ਭਖੇ ਤਬਾਦਲੇ ਦੇ ਮੁੱਦੇ ਨੇ ਅਕਾਲੀ ਦਲ ਦੀ ਸਿਰਦਰਦੀ ਵਧਾ ਦਿੱਤੀ ਹੈ।



ਬੇਅਦਬੀ ਅਤੇ ਗੋਲੀ ਕਾਂਡ ਦੀਆਂ ਘਟਨਾਵਾਂ ਕਾਰਨ ਲੋਕ ਪਹਿਲਾਂ ਹੀ ਅਕਾਲੀ ਦਲ ਤੋਂ ਗੁੱਸੇ ਸਨ ਅਤੇ ਕੁੰਵਰ ਵਿਜੈ ਪ੍ਰਤਾਪ ਦੇ ਤਬਾਦਲੇ ਨਾਲ ਹੁਣ ਲੋਕਾਂ 'ਚ ਰੋਹ ਵਧ ਗਿਆ ਹੈ। ਅਕਾਲੀ ਦਲ ਨੂੰ ਕਨਸੋਅ ਸੀ ਕਿ ਜਾਂਚ ਅਧਿਕਾਰੀ ਲੋਕ ਸਭਾ ਚੋਣਾਂ ਦੌਰਾਨ ਦਲ ਦੇ ਵੱਡੇ ਆਗੂਆਂ ਨੂੰ ਗ੍ਰਿਫਤਾਰ ਕਰ ਸਕਦਾ ਹੈ। ਇਸ ਲਈ ਅਕਾਲੀ ਦਲ ਨੇ ਲੋਕ ਸਭਾ ਚੋਣਾਂ ਦੇ ਮੁਕੰਮਲ ਹੋਣ ਤੱਕ ਚੋਣ ਕਮਿਸ਼ਨ ਤੋਂ ਪੁਲਿਸ ਅਧਿਕਾਰੀ ਦਾ ਤਬਾਦਲਾ ਕਰਵਾਉਣਾ ਹੀ ਬਿਹਤਰ ਸਮਝਿਆ ਪਰ ਇਸ ਦੇ ਪੈਣ ਵਾਲੇ ਪ੍ਰਭਾਵ ਬਾਰੇ ਪਾਰਟੀ ਨੇ ਗੌਰ ਨਹੀਂ ਕੀਤਾ। ਸਾਰੀਆਂ ਸਿਆਸੀ ਪਾਰਟੀਆਂ ਸਮੇਤ ਸਮੁੱਚੇ ਪੰਥਕ ਆਗੂ ਪੁਲਿਸ ਅਧਿਕਾਰੀ ਦੇ ਹੱਕ ਵਿਚ ਡਟ ਗਏ ਹਨ।

ਪੰਜਾਬ ਸਰਕਾਰ ਨੇ ਚੋਣ ਕਮਿਸ਼ਨ ਦੇ ਹੁਕਮਾਂ 'ਤੇ ਤੁਰਤ ਕਾਰਵਾਈ ਕਰਦੇ ਹੋਏ ਇਕ ਤੀਰ ਨਾਲ ਦੋ ਨਿਸ਼ਾਨੇ ਫੁੰਡੇ ਹਨ। ਸਰਕਾਰ ਨੇ ਚੋਣ ਕਮਿਸ਼ਨ ਦਾ ਹੁਕਮ ਵੀ ਮੰਨ ਲਿਆ ਅਤੇ ਅਕਾਲੀ ਦਲ ਨੂੰ ਲੋਕ ਚੁਰਾਹੇ 'ਚ ਖੜ੍ਹਾ ਵੀ ਕਰ ਲਿਆ। ਹੁਣ ਇਕ ਵਾਰ ਫਿਰ ਇਹ ਮਾਮਲਾ ਚੋਣ ਕਮਿਸ਼ਨ ਕੋਲ ਪੁੱਜ ਗਿਆ ਹੈ। ਜੇਕਰ ਚੋਣ ਕਮਿਸ਼ਨ ਪੁਲਿਸ ਅਧਿਕਾਰੀ ਨੂੰ ਬਹਾਲ ਕਰ ਦਿੰਦਾ ਹੈ ਤਾਂ ਅਕਾਲੀ ਦਲ ਲਈ ਇਹ ਸਥਿਤੀ ਨਮੋਸ਼ੀਜਨਕ ਹੋਵੇਗੀ ਅਤੇ ਜੇਕਰ ਅਧਿਕਾਰੀ ਦਾ ਤਬਾਦਲਾ ਰੱਦ ਨਹੀਂ ਹੁੰਦਾ ਤਾਂ ਅਕਾਲੀ ਦਲ ਨੂੰ ਆਗਾਮੀ ਦਿਨਾਂ ਵਿਚ ਵੱਡੇ ਲੋਕ ਰੋਹ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸਿਆਸੀ ਦਰਸ਼ਕ ਇਸ ਮਾਮਲੇ ਵਿਚ ਡੂੰਘੀ ਦਿਲਚਸਪੀ ਲੈ ਰਹੇ ਹਨ।

17ਵੀਂਆਂ ਲੋਕ ਸਭਾ ਚੋਣਾਂ ਵਿਚ ਪਹਿਲਾਂ ਹੀ ਪੰਜਾਬ ਅੰਦਰ ਪ੍ਰਮੁੱਖ ਸਿਆਸੀ ਧਿਰਾਂ ਕਾਂਗਰਸ, ਅਕਾਲੀ ਦਲ ਟਕਸਾਲੀ, ਪੰਜਾਬ ਏਕਤਾ ਪਾਰਟੀ ਦੇ ਸੁਖਪਾਲ ਸਿੰਘ ਖਹਿਰਾ, 'ਆਪ' ਦੇ ਸੂਬਾ ਪ੍ਰਧਾਨ ਭਗਵੰਤ ਮਾਨ, ਲੋਕ ਇਨਸਾਫ ਪਾਰਟੀ ਦੇ ਸਿਮਰਜੀਤ ਸਿੰਘ ਬੈਂਸ ਤੋਂ ਇਲਾਵਾ ਪੰਥਕ ਧਿਰਾਂ ਇਸ ਮੁੱਦੇ ਨੂੰ ਲੈ ਕੇ ਵੱਡੇ ਪੱਧਰ 'ਤੇ ਪ੍ਰਚਾਰ ਕਰ ਰਹੀਆਂ ਹਨ।

ਹੁਣ ਸਿਟ ਮੁਖੀ ਦੇ ਤਬਾਦਲੇ ਤੋਂ ਬਾਅਦ ਪਿੰਡਾਂ ਅਤੇ ਸ਼ਹਿਰਾਂ ਦੀਆਂ ਸੱਥਾਂ ਤੇ ਇਸ ਮੁੱਦੇ ਨੂੰ ਹੋਰ ਗਰਮਾ ਦਿੱਤਾ ਹੈ। ਆਮ ਸਿੱਖ ਹਲਕਿਆਂ ਵਿਚ ਇਹ ਚਰਚਾ ਸੀ ਕਿ ਸਿਟ ਬੇਅਦਬੀ ਮਾਮਲੇ 'ਚ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਕਰੇਗੀ। ਅਕਾਲੀ ਦਲ ਜੋ ਪਹਿਲਾਂ ਹੀ ਸਿਟ ਖਿਲਾਫ ਬੋਲਦਾ ਆ ਰਿਹਾ ਸੀ। ਹੁਣ ਚੋਣ ਕਮਿਸ਼ਨ ਰਾਹੀਂ ਹੋਏ ਸਿਟ ਮੁਖੀ ਦੇ ਤਬਾਦਲੇ ਨੇ ਅਕਾਲੀ ਆਗੂਆਂ ਨੂੰ ਹੋਰ ਸ਼ੱਕ ਦੇ ਘੇਰੇ 'ਚ ਲੈ ਆਂਦਾ ਹੈ।

## ਜਾਂਚ ਵਿਚ ਪੱਖਪਾਤ ਕਰ ਰਿਹਾ ਸੀ ਕੁੰਵਰ ਵਿਜੈ ਪ੍ਰਤਾਪ: ਸੁਖਬੀਰ ਸਿੰਘ ਬਾਦਲ

**ਜੈਤੋ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਿਟ ਦੇ ਮੈਂਬਰ ਕੁੰਵਰ ਵਿਜੈ ਪ੍ਰਤਾਪ ਸਿੰਘ ਦੇ ਤਬਾਦਲੇ ਨੂੰ ਵਿਰੋਧੀਆਂ ਵੱਲੋਂ ਮੁੱਦਾ ਬਣਾਏ ਜਾਣ 'ਤੇ ਕਿਹਾ ਕਿ ਉਹ ਸਿਟ ਦਾ ਇਕੋ-ਇਕ ਮੈਂਬਰ ਸੀ, ਜੋ ਪੱਖਪਾਤੀ ਢੰਗ ਨਾਲ ਕੰਮ ਕਰ ਰਿਹਾ ਸੀ। ਬਾਕੀ ਮੈਂਬਰਾਂ ਬਾਰੇ ਅਕਾਲੀ ਦਲ ਨੂੰ ਇਸ ਲਈ ਕੋਈ ਇਤਰਾਜ਼ ਨਹੀਂ ਕਿਉਂਕਿ ਉਹ ਆਪਣਾ ਕੰਮ ਠੀਕ ਢੰਗ ਨਾਲ ਕਰ ਰਹੇ ਹਨ। ਉਨ੍ਹਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਗੁਟਕੇ ਦੀ ਸਹੁੰ ਖਾ ਮੁੱਕਰਨ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਵਿਰੋਧੀ ਰਲ ਕੇ ਸ਼੍ਰੋਮਣੀ ਅਕਾਲੀ ਦਲ ਖਿਲਾਫ ਇਕੋ ਬੋਲੀ ਬੋਲ ਰਹੇ ਹਨ।

## ਆਈ. ਜੀ. ਕੁੰਵਰ ਦੀ ਬਦਲੀ ਖਿਲਾਫ ਇਕਜੁੱਟ ਹੋਈ ਕਾਂਗਰਸ ਤੇ 'ਆਪ'

**ਚੰਡੀਗੜ੍ਹ:** ਪੰਜਾਬ ਦੀ ਹੁਕਮਰਾਨ ਕਾਂਗਰਸ ਪਾਰਟੀ, ਵਿਰੋਧੀ ਧਿਰ ਆਮ ਆਦਮੀ ਪਾਰਟੀ (ਆਪ) ਅਤੇ 'ਆਪ' ਦਾ ਬਾਗੀ ਧੜਾ, ਬੇਅਦਬੀ ਤੇ ਬਹਿਬਲ ਕਾਂਡ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਦੇ ਮੈਂਬਰ ਆਈ. ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਬਦਲੀ ਕਰਨ ਖਿਲਾਫ ਬਾਦਲਾਂ ਵਿਰੁੱਧ ਇਕਜੁੱਟ ਹੋ ਗਏ ਹਨ। ਇਸ ਰਣਨੀਤੀ ਤਹਿਤ ਸਾਰੀਆਂ ਧਿਰਾਂ ਆਪਸੀ ਸਾਰੇ ਮੱਤਭੇਦ ਭੁਲਾ ਕੇ ਮੁੱਖ ਚੋਣ ਕਮਿਸ਼ਨਰ ਨੂੰ ਮਿਲ ਕੇ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਬਦਲੀ ਰੱਦ ਕਰਨ ਦੀ ਮੰਗ ਕੀਤੀ ਹੈ।

# ਸਿੱਖ ਮਿਸ਼ਨ ਵੱਲੋਂ ਅਕਾਲੀ ਦਲ ਦੇ ਬਾਈਕਾਟ ਦਾ ਐਲਾਨ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਵਿਚ ਅਕਾਲੀ ਦਲ ਤੇ ਭਾਜਪਾ ਦਾ ਬਾਈਕਾਟ ਕਰਨ ਲਈ ਸਿੱਖ ਤਾਲਮੇਲ ਮਿਸ਼ਨ ਵੱਲੋਂ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਮਿਸ਼ਨ ਵਿਚ ਕਈ ਸਿੱਖ ਜਥੇਬੰਦੀਆਂ ਸਣੇ, ਬਾਦਲ ਨੂੰ ਸਿਰੋਪਾਓ ਦੇਣ ਤੋਂ ਇਨਕਾਰ ਕਰਨ ਵਾਲੇ ਸੇਵਾਦਾਰ ਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਅਸਤੀਫਾ ਦੇਣ ਵਾਲੇ ਪੰਜ ਪਿਆਰੇ ਵੀ ਸ਼ਾਮਲ ਹਨ। ਮਿਸ਼ਨ ਵੱਲੋਂ ਲੋਕਾਂ ਨੂੰ ਅਕਾਲੀ ਦਲ ਤੇ ਭਾਜਪਾ ਦਾ ਲੋਕ ਸਭਾ ਚੋਣਾਂ ਦੌਰਾਨ ਬਾਈਕਾਟ ਕਰਨ ਲਈ ਕਿਹਾ ਜਾ ਰਿਹਾ ਹੈ।

ਸਿੱਖ ਤਾਲਮੇਲ ਮਿਸ਼ਨ ਦੇ ਮੁਖੀ ਮਾਸਟਰ ਸੰਤੋਖ ਸਿੰਘ ਨੇ ਕਿਹਾ ਕਿ ਅਕਾਲੀ ਦਲ ਤੇ ਭਾਜਪਾ ਨੇ ਸਿੱਖ ਕੌਮ ਦਾ ਬੇਅਦਬੀਆਂ ਕਰਵਾ ਕੇ ਬਹੁਤ ਨੁਕਸਾਨ ਕੀਤਾ, ਇਸ ਕਰ ਕੇ ਸਿੱਖ ਕੌਮ ਅਕਾਲੀ ਦਲ ਤੇ ਭਾਜਪਾ ਨੂੰ ਵੋਟਾਂ ਨਾ ਪਾਉਣ। ਉਨ੍ਹਾਂ ਕਿਹਾ ਕਿ ਉਹ ਕਿਸੇ ਵੀ ਪਾਰਟੀ ਦਾ ਸਮਰਥਨ ਨਹੀਂ ਕਰਦੇ ਪਰ ਬੀਬੀ ਖਾਲੜਾ ਦਾ ਸਮਰਥਨ ਜ਼ਰੂਰ ਕਰ ਰਹੇ ਹਨ।

ਉਧਰ ਸਿੱਖ ਤਾਲਮੇਲ ਮਿਸ਼ਨ ਦੇ ਕੋਆਰਡੀਨੇਟਰ ਸੁਖਜਿੰਦਰ ਸਿੰਘ ਨੇ ਕਿਹਾ ਕਿ ਇਸ ਮਿਸ਼ਨ ਦਾ ਮਕਸਦ ਪੰਜਾਬ ਭਰ 'ਚ ਸਿੱਖ ਕੌਮ ਨੂੰ ਬਾਦਲਾਂ ਖਿਲਾਫ ਜਾਗਰੂਕ ਕਰਨਾ ਹੈ।

## ਪੰਜਾਬ ਪੁਲਿਸ ਵਿਚ ਵੱਖਰਾ ਤਫਤੀਸ਼ੀ ਕੇਡਰ ਕਾਇਮ

**ਪਟਿਆਲਾ:** ਪੰਜਾਬ ਪੁਲਿਸ ਵਿਚ ਨਵੀਆਂ ਕਾਇਮ ਕੀਤੀਆਂ ਅਸਾਮੀਆਂ 'ਤੇ ਪੂਰੇ ਸੂਬੇ ਵਿਚ ਅਫਸਰਾਂ ਦੀ ਤਾਇਨਾਤੀ ਹੋਣ ਦੇ ਨਾਲ ਹੀ ਪੰਜ ਸਾਲ ਪਹਿਲਾਂ ਸੂਬਾ ਸਰਕਾਰ ਵੱਲੋਂ ਲਿਆ ਵੱਖਰੇ ਪੁਲਿਸ ਤਫਤੀਸ਼ੀ ਕੇਡਰ ਦਾ ਸੁਪਨਾ ਸਾਕਾਰ ਹੋ ਗਿਆ ਹੈ। ਪਿਛਲੇ ਮਹੀਨੇ ਚੋਣ ਕਮਿਸ਼ਨ ਨੇ ਇਨ੍ਹਾਂ ਅਫਸਰਾਂ ਦੀ ਨਿਯੁਕਤੀ ਉਤੇ ਪਾਬੰਦੀ ਲਾ ਦਿੱਤੀ ਸੀ ਪਰ ਪਿਛੋਂ ਰੋਕ ਹਟਾ ਲਈ ਗਈ। ਚੋਣ ਕਮਿਸ਼ਨ ਦੇ 8 ਅਪਰੈਲ ਦੇ ਹੁਕਮਾਂ ਪਿਛੋਂ ਵੱਖਰੇ ਤਫਤੀਸ਼ੀ ਕੇਡਰ ਦੀ ਕਾਇਮੀ ਦਾ ਰਾਹ ਪੱਧਰਾ ਹੋ ਗਿਆ। ਇਹ ਕਾਨੂੰਨ ਲਾਅ ਐਂਡ ਆਰਡਰ ਤੋਂ ਵੱਖਰਾ ਹੋਵੇਗਾ। ਇਸ ਨੂੰ 'ਪੰਜਾਬ ਬਿਊਰੋ ਆਫ ਇਨਵੈਸਟੀਗੇਸ਼ਨ' ਦਾ ਨਾਂ ਦਿੱਤਾ ਗਿਆ ਹੈ। ਇਸ ਤਹਿਤ 269 ਪੁਲਿਸ ਅਫਸਰ ਤਾਇਨਾਤ ਕੀਤੇ ਗਏ ਹਨ।

# ਬਹਿਬਲ ਕਾਂਡ: ਪੁਲਿਸ ਅਫਸਰਾਂ ਖਿਲਾਫ ਚਾਰਜਸ਼ੀਟ ਤਿਆਰ

**ਫਰੀਦਕੋਟ:** ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਵਾਪਰੇ ਬਹਿਬਲ ਕਾਂਡ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ ਨੇ ਅੱਠ ਮਹੀਨਿਆਂ ਦੀ ਲੰਬੀ ਪੜਤਾਲ ਤੋਂ ਬਾਅਦ ਪੰਜ ਪੁਲਿਸ ਅਧਿਕਾਰੀਆਂ ਖਿਲਾਫ ਚਾਰਜਸ਼ੀਟ



ਤਿਆਰ ਕਰ ਲਈ ਹੈ ਅਤੇ ਇਸ ਦੋਸ਼ ਪੱਤਰ ਨੂੰ ਅੰਤਿਮ ਛੋਹਾਂ ਦੇਣ ਲਈ ਸਰਕਾਰੀ ਵਕੀਲਾਂ ਨੂੰ ਇਸ ਦੋਸ਼ ਪੱਤਰ ਨੂੰ ਪਾਸ ਕਰਨ ਲਈ ਕਿਹਾ ਹੈ। ਸਰਕਾਰੀ ਵਕੀਲ ਇਸ ਦੋਸ਼ ਪੱਤਰ ਉਤੇ ਕੋਈ ਇਤਰਾਜ਼ ਨਹੀਂ ਲਾਉਂਦੇ ਤਾਂ ਇਹ ਦੋਸ਼ ਪੱਤਰ ਫਰੀਦਕੋਟ ਦੇ ਇਲਾਕਾ ਮੈਜਿਸਟਰੇਟ ਦੀ ਅਦਾਲਤ ਵਿਚ ਪੇਸ਼ ਕੀਤੇ ਜਾਣਗੇ।

ਦੱਸਣਯੋਗ ਹੈ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਤੋਂ ਬਾਅਦ ਪੰਜਾਬ ਸਰਕਾਰ ਨੇ ਹੋਰ ਤੱਥ ਲੱਭਣ ਲਈ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਸੀ। ਜਾਂਚ ਟੀਮ ਨੇ ਅਕਤੂਬਰ-2018 ਵਿਚ ਆਪਣਾ ਕੰਮ ਸ਼ੁਰੂ ਕੀਤਾ ਸੀ ਅਤੇ ਛੇ ਮਹੀਨਿਆਂ ਦੇ ਅਰਸੇ ਦੌਰਾਨ ਜਾਂਚ ਟੀਮ ਨੇ ਪੜਤਾਲ ਮੁਕੰਮਲ ਹੋਣ ਦਾ ਦਾਅਵਾ ਕੀਤਾ ਹੈ। ਜਾਂਚ ਟੀਮ ਨੇ ਬਹਿਬਲ ਗੋਲੀ ਕਾਂਡ ਵਿਚ ਕਤਲ ਕੀਤੇ ਗਏ ਕ੍ਰਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ ਦੇ ਮਾਮਲੇ ਵਿਚ ਬਾਜਾਖਾਨਾ ਥਾਣੇ ਵਿਚ ਦਰਜ ਹੋਈ ਐਫ.ਆਈ.ਆਰ. ਨੰਬਰ 130 ਅ/ਧ 302, 307, 201, 120-ਬੀ ਅਤੇ ਅਸਲਾ ਐਕਟ ਵਿਚ ਪੰਜਾਬ ਦੇ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ, ਐਸ.ਪੀ. ਬਿਕਰਮਜੀਤ ਸਿੰਘ, ਇੰਸਪੈਕਟਰ ਪਰਦੀਪ ਸਿੰਘ ਅਤੇ ਬਾਜਾਖਾਨਾ ਦੇ ਸਾਬਕਾ ਐਸ.ਐਚ.ਓ. ਅਮਰਜੀਤ ਸਿੰਘ ਕੁਲਾਰ ਨੂੰ ਦੋਸ਼ੀ ਵਜੋਂ ਨਾਮਜ਼ਦ ਕੀਤਾ ਹੈ।

ਪੁਲਿਸ ਜਿਹੜੀ ਚਾਰਜਸ਼ੀਟ ਅਦਾਲਤ ਵਿਚ ਪੇਸ਼ ਕਰਨ ਜਾ ਰਹੀ ਹੈ, ਉਸ ਵਿਚ 160 ਦੇ ਕਰੀਬ ਗਵਾਹਾਂ ਦੀ ਸੂਚੀ ਤਿਆਰ ਕੀਤੀ ਗਈ ਹੈ ਅਤੇ ਅੱਧੀ ਦਰਜਨ ਸਰਕਾਰੀ ਵਾਹਨਾਂ ਨੂੰ ਸਬੂਤ ਵਜੋਂ ਕਬਜ਼ੇ ਵਿਚ ਲਿਆ ਗਿਆ ਹੈ। ਸਰਕਾਰੀ ਹਥਿਆਰਾਂ ਅਤੇ ਕਾਰਤੂਸਾਂ ਨੂੰ ਵੀ ਅਦਾਲਤ ਵਿਚ ਸਬੂਤ ਵਜੋਂ ਪੇਸ਼ ਕੀਤਾ ਜਾਵੇਗਾ। ਜਾਂਚ ਟੀਮ ਬਹਿਬਲ ਕਾਂਡ ਵਿਚ ਚਲਾਨ ਪੇਸ਼ ਕਰਨ ਤੋਂ ਪਹਿਲਾਂ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਤੋਂ ਪੁੱਛ-ਪੜਤਾਲ ਕਰਨਾ ਚਾਹੁੰਦੀ ਸੀ ਪਰ ਹਰਿਆਣਾ ਸਰਕਾਰ ਵੱਲੋਂ ਸਹਿਯੋਗ ਨਾ ਮਿਲਣ ਕਾਰਨ ਡੇਰਾ ਮੁਖੀ ਤੋਂ ਪੁੱਛਗਿੱਛ ਨਹੀਂ ਹੋ ਸਕੀ।

ਬਹਿਬਲ ਕਾਂਡ ਵਿਚ ਦੋਸ਼ੀ ਨਾਮਜ਼ਦ ਹੋਣ ਤੋਂ ਬਾਅਦ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਨੂੰ ਇਸ ਮਾਮਲੇ ਵਿਚ ਅਗਾਊਂ ਜ਼ਮਾਨਤ ਮਿਲ ਗਈ ਸੀ। ਜਾਂਚ ਟੀਮ ਨੇ ਇਸ ਜ਼ਮਾਨਤ ਨੂੰ ਰੱਦ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਹਾਈ ਕੋਰਟ ਨੇ ਇਸ ਮਾਮਲੇ ਦੀ ਸੁਣਵਾਈ 23 ਮਈ ਤੱਕ ਟਾਲ ਦਿੱਤੀ ਹੈ। ਦੂਜੇ ਪਾਸੇ 27 ਅਪਰੈਲ ਤੋਂ ਪਹਿਲਾਂ ਬਹਿਬਲ ਕਾਂਡ ਮਾਮਲੇ ਵਿਚ ਅਦਾਲਤ 'ਚ ਦੋਸ਼ ਪੱਤਰ ਪੇਸ਼ ਕਰਨੇ ਲਾਜ਼ਮੀ ਹਨ, ਇਸ ਲਈ ਜਾਂਚ ਟੀਮ ਨੇ ਹੁਣ ਤੱਕ ਦੀ ਪੜਤਾਲ ਦੌਰਾਨ ਇਕੱਠੇ ਹੋਏ ਗਵਾਹਾਂ ਤੇ ਸਬੂਤਾਂ ਦੇ ਆਧਾਰ ਉਤੇ ਚਾਰਜਸ਼ੀਟ ਤਿਆਰ ਕਰ ਲਈ ਹੈ। ਜਾਂਚ ਟੀਮ ਦੇ ਸੂਤਰਾਂ ਨੇ ਦੱਸਿਆ ਕਿ ਲੋੜ ਪਈ ਤਾਂ ਚਲਾਨ ਪੇਸ਼ ਕਰਨ ਤੋਂ ਬਾਅਦ ਸਪਲੀਮੈਂਟਰੀ ਚਲਾਨ ਪੇਸ਼ ਕਰਨ ਦੀ ਇਜਾਜ਼ਤ ਅਦਾਲਤ ਪਾਸੋਂ ਲਈ ਜਾਵੇਗੀ। ਕੁੰਵਰ ਵਿਜੈ ਪ੍ਰਤਾਪ ਸਿੰਘ ਦੇ ਜਾਂਚ ਤੋਂ ਪਾਸੇ ਹਟਣ ਨਾਲ ਇਹ ਅਟਕਲਾਂ ਲਾਈਆਂ ਜਾ ਰਹੀਆਂ ਸਨ ਕਿ ਪੁਲਿਸ ਅਧਿਕਾਰੀਆਂ ਖਿਲਾਫ ਚਲਾਨ ਪੇਸ਼ ਹੋਣ ਵਿਚ ਦੇਰੀ ਹੋਈ ਹੈ।

## ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ ਨੂੰ ਮਿਲੀ ਜ਼ਮਾਨਤ

**ਫਰੀਦਕੋਟ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਵਾਪਰੇ ਬਹੁ-ਚਰਚਿਤ ਕੋਟਕਪੂਰਾ ਗੋਲੀ ਕਾਂਡ ਵਿਚ ਵਿਸ਼ੇਸ਼ ਜਾਂਚ ਟੀਮ ਵੱਲੋਂ ਗ੍ਰਿਫਤਾਰ ਕੀਤੇ ਗਏ ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ ਨੂੰ ਅਦਾਲਤ



ਨੇ ਜ਼ਮਾਨਤ 'ਤੇ ਰਿਹਾਅ ਕਰਨ ਦਾ ਹੁਕਮ ਦਿੱਤਾ ਹੈ। ਸਾਬਕਾ ਪੁਲਿਸ ਮੁਖੀ ਨੂੰ ਵਿਸ਼ੇਸ਼ ਜਾਂਚ ਟੀਮ ਨੇ 27 ਜਨਵਰੀ ਨੂੰ ਬਹਿਬਲ ਗੋਲੀ ਕਾਂਡ ਵਿਚ ਹੁਸ਼ਿਆਰਪੁਰ ਤੋਂ ਗ੍ਰਿਫਤਾਰ ਕੀਤਾ ਸੀ ਅਤੇ ਪਿਛੋਂ ਪੁਲਿਸ ਨੇ ਸ਼ਰਮਾ ਨੂੰ ਕੋਟਕਪੂਰਾ ਗੋਲੀ ਕਾਂਡ ਵਿਚ ਵੀ ਦੋਸ਼ੀ ਨਾਮਜ਼ਦ ਕਰ ਲਿਆ ਸੀ।

ਚਰਨਜੀਤ ਸ਼ਰਮਾ ਵੱਲੋਂ ਅਦਾਲਤ ਵਿਚ ਪੇਸ਼ ਹੋਏ ਸੀਨੀਅਰ ਵਕੀਲ ਸੰਤਪਾਲ ਸਿੰਘ ਸਿੱਧੂ ਨੇ ਕਿਹਾ ਕਿ ਪੁਲਿਸ ਨੇ ਘਟਨਾ ਤੋਂ ਤਿੰਨ ਸਾਲ ਬਾਅਦ ਮੁਕੱਦਮਾ ਦਰਜ ਕੀਤਾ ਹੈ ਅਤੇ ਉਸ ਮੁਕੱਦਮੇ ਵਿਚ ਵੀ ਉਨ੍ਹਾਂ ਦਾ ਨਾਂ ਮੁਲਜ਼ਮ ਵੱਲੋਂ ਨਸ਼ਰ ਨਹੀਂ ਕੀਤਾ ਗਿਆ। ਚਰਨਜੀਤ ਸ਼ਰਮਾ ਦੇ ਵਕੀਲਾਂ ਨੇ ਅਦਾਲਤ ਨੂੰ ਦੱਸਿਆ ਕਿ ਪੁਲਿਸ ਅੱਠ ਮਹੀਨਿਆਂ ਤੋਂ ਕੋਟਕਪੂਰਾ ਤੇ ਬਹਿਬਲ ਕਾਂਡ ਦੀ ਪੜਤਾਲ ਕਰ ਰਹੀ ਹੈ ਪਰ ਅਜੇ ਤੱਕ ਇਕ ਵੀ ਭਰੋਸੇਯੋਗ ਗਵਾਹ ਜਾਂ ਸਬੂਤ ਫਾਈਲ 'ਤੇ ਨਹੀਂ ਆਇਆ, ਜਿਸ ਤੋਂ ਇਹ ਸਾਬਤ ਹੋਵੇ ਕਿ ਕੋਟਕਪੂਰਾ ਗੋਲੀ ਕਾਂਡ ਵਿਚ ਸਾਬਕਾ ਪੁਲਿਸ ਅਧਿਕਾਰੀ ਦੀ ਕੋਈ ਸ਼ਮੂਲੀਅਤ ਸੀ।

ਅਦਾਲਤ ਦੇ ਇਸ ਫੈਸਲੇ ਨਾਲ ਚਰਨਜੀਤ ਸ਼ਰਮਾ ਦੀ ਕੋਟਕਪੂਰਾ ਗੋਲੀ ਕਾਂਡ ਵਿਚੋਂ ਰਿਹਾਈ ਦਾ ਰਾਹ ਪੱਧਰਾ ਹੋ ਗਿਆ ਹੈ। ਹਾਲਾਂਕਿ ਬਹਿਬਲ ਗੋਲੀ ਕਾਂਡ ਵਿਚ ਉਨ੍ਹਾਂ ਨੂੰ ਅਜੇ ਤੱਕ ਜ਼ਮਾਨਤ ਨਹੀਂ ਮਿਲੀ। ਸਾਬਕਾ ਪੁਲਿਸ ਮੁਖੀ ਦੇ ਬਹਿਬਲ ਕਾਂਡ ਵਿਚ ਲੱਗੀ ਜ਼ਮਾਨਤ ਦਾ ਫੈਸਲਾ 9 ਮਈ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਹੋਣ ਦੀ ਸੰਭਾਵਨਾ ਹੈ। ਪੰਜਾਬ ਸਰਕਾਰ ਅਤੇ ਵਿਸ਼ੇਸ਼ ਜਾਂਚ ਟੀਮ ਨੇ ਚਰਨਜੀਤ ਸ਼ਰਮਾ ਦੀ ਜ਼ਮਾਨਤ ਅਰਜ਼ੀ ਦਾ ਤਿੱਖਾ ਵਿਰੋਧ ਕੀਤਾ ਸੀ ਅਤੇ ਦੋਸ਼ ਲਾਇਆ ਸੀ ਕਿ ਜੇ ਚਰਨਜੀਤ ਸ਼ਰਮਾ ਨੂੰ ਜ਼ਮਾਨਤ 'ਤੇ ਰਿਹਾਅ ਕੀਤਾ ਜਾਂਦਾ ਹੈ ਤਾਂ ਉਹ ਸਮੁੱਚੀ ਜਾਂਚ ਨੂੰ ਪ੍ਰਭਾਵਿਤ ਕਰ ਸਕਦੇ ਹਨ।

# ਬੇਅਦਬੀ ਕਾਂਡ: ਦੋ ਡੇਰਾ ਪ੍ਰੇਮੀਆਂ ਨੂੰ ਮਿਲੀ ਜ਼ਮਾਨਤ

**ਫਰੀਦਕੋਟ:** ਜ਼ਿਲ੍ਹਾ ਪੁਲਿਸ ਵੱਲੋਂ ਜੂਨ 2018 ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ 'ਚ ਗ੍ਰਿਫਤਾਰ ਕੀਤੇ ਗਏ ਦੋ ਡੇਰਾ ਪ੍ਰੇਮੀਆਂ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਮੁਕੱਦਮਾ ਚੱਲਣ ਤੱਕ ਜ਼ਮਾਨਤ 'ਤੇ ਰਿਹਾਅ ਕਰਨ ਦਾ ਹੁਕਮ ਦਿੱਤਾ ਹੈ। ਸ਼ਕਤੀ ਸਿੰਘ ਅਤੇ ਸੁਖਵਿੰਦਰ ਸਿੰਘ ਡੇਰਾ ਸੱਚਾ ਸੌਦਾ ਦੇ ਪੈਰੋਕਾਰ ਸਨ ਅਤੇ ਇਨ੍ਹਾਂ ਡੇਰਾ ਪ੍ਰੇਮੀਆਂ ਨੇ ਕਥਿਤ ਆਪਣੇ ਘਰ ਵਿਚ ਧਾਰਮਿਕ ਸਾਖੀਆਂ ਇਤਰਾਜ਼ਯੋਗ ਹਾਲਤ 'ਚ ਰੱਖੀਆਂ ਹੋਈਆਂ ਸਨ।

ਪੁਲਿਸ ਨੇ ਇਨ੍ਹਾਂ ਖਿਲਾਫ 13 ਜੂਨ 2018 ਨੂੰ ਧਾਰਮਿਕ ਭਾਵਨਾਵਾਂ ਭੜਕਾਉਣ, ਅਸਲਾ ਐਕਟ ਅਤੇ ਗੈਰਕਾਨੂੰਨੀ ਗਤੀਵਿਧੀਆਂ ਰੋਕੂ ਐਕਟ ਤਹਿਤ ਮਾਮਲਾ ਦਰਜ ਕੀਤਾ ਸੀ। ਪ_ਲਿਸ ਨੇ ਆਪਣੀ ਪੜਤਾਲ ਵਿਚ ਦਾਅਵਾ ਕੀਤਾ ਸੀ ਕਿ ਇਨ੍ਹਾਂ ਡੇਰਾ ਪ੍ਰੇਮੀਆਂ ਨੇ ਡੇਰਾ ਮੁਖੀ ਨੂੰ ਸਜਾ ਤੋਂ ਬਚਾਉਣ ਲਈ ਕਥਿਤ ਡੇਰਾ ਪ੍ਰੇਮੀਆਂ ਨੂੰ ਭੜਕਾਇਆ ਅਤੇ ਸਰਕਾਰ ਉਪਰ ਦਬਾਅ ਬਣਾਉਣ ਲਈ ਸੜਕਾਂ ਅਤੇ ਰੇਲਾਂ ਰੋਕਣ ਦੀ ਕਾਰਵਾਈ ਨੂੰ ਅੰਜਾਮ ਦਿੱਤਾ। ਪੁਲਿਸ ਨੇ ਆਪਣੀ ਪੜਤਾਲ ਵਿਚ ਇਹ ਵੀ ਦਾਅਵਾ ਕੀਤਾ ਸੀ ਉਕਤ ਦੋਵਾਂ ਪ੍ਰੇਮੀਆਂ ਦਾ ਡੇਰੇ ਦੇ ਪ੍ਰਬੰਧਕ ਮਹਿੰਦਰਪਾਲ ਬਿੱਟੂ ਨਾਲ ਕਰੀਬੀ ਰਿਸ਼ਤਾ ਸੀ ਅਤੇ ਘਟਨਾਵਾਂ ਵਾਪਰਨ ਸਮੇਂ ਇਨ੍ਹਾਂ ਦੇ ਖਾਤੇ ਵਿਚ ਕਥਿਤ ਤੌਰ 'ਤੇ 6 ਕਰੋੜ ਦੀ ਕਰੀਬ ਰਾਸ਼ੀ ਦਾ ਵੀ ਲੈਣ ਦੇਣ ਹੋਇਆ। ਡੇਰਾ ਪ੍ਰੇਮੀਆਂ ਨੇ ਖੁਦ ਨੂੰ ਬੇਕਸੂਰ ਦੱਸਦਿਆਂ ਪੁਲਿਸ ਦੀ ਕਹਾਣੀ ਨੂੰ ਮਨਘੜਤ ਅਤੇ ਸਿਆਸਤ ਤੋਂ ਪ੍ਰੇਰਿਤ ਦੱਸਿਆ।

ਇਸ ਮਾਮਲੇ ਦੀ ਸੁਣਵਾਈ ਕਰਦਿਆਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜਸਟਿਸ ਅਨੁਪਇੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਸ਼ਕਤੀ ਸਿੰਘ ਅਤੇ ਸੁਖਵਿੰਦਰ ਸਿੰਘ ਪਿਛਲੇ ਛੇ ਮਹੀਨਿਆਂ ਤੋਂ ਜੇਲ੍ਹ ਵਿਚ ਨਜ਼ਰਬੰਦ ਹਨ। ਇਸ ਲਈ ਮੁਕੱਦਮੇ ਦੇ ਫੈਸਲੇ ਤੱਕ ਦੋਵਾਂ ਡੇਰਾ ਪ੍ਰੇਮੀਆਂ ਨੂੰ ਜ਼ਮਾਨਤ 'ਤੇ ਰਿਹਾਅ ਕੀਤਾ ਜਾਵੇ।

# ਸੰਸਾਰ ਅਮਨ ਦੇ ਮੁਦੱਈ ਪੰਜਾਬੀ

***ਦੂਜੀ ਸੰਸਾਰ ਜੰਗ ਵਿਚ ਸਭ ਤੋਂ ਬਹੁਤਾ ਘਾਣ ਸੋਵੀਅਤ ਯੂਨੀਅਨ ਦਾ ਹੋਇਆ ਸੀ। ਉਹਦੇ 87 ਲੱਖ ਫੌਜੀ ਅਤੇ ਇਕ ਕਰੋੜ 90 ਲੱਖ ਆਮ ਲੋਕ ਮਾਰੇ ਗਏ ਸਨ। ਉਹਦੀ ਕੁੱਲ ਵਸੋਂ ਦਾ ਚੌਥਾ ਹਿੱਸਾ ਲੋਕ ਜਾਂ ਤਾਂ ਮਾਰੇ ਗਏ ਜਾਂ ਗੰਭੀਰ ਜ਼ਖਮੀ ਹੋ ਗਏ ਸਨ! ਸੰਸਾਰ ਦੀ ਅਤੇ ਆਪਣੇ ਦੇਸ਼ ਦੀ ਅਸਹਿ-ਅਕਹਿ ਬਰਬਾਦੀ ਦੇਖ ਕੇ ਸੋਵੀਅਤ ਯੂਨੀਅਨ ਨੇ ਦੁਨੀਆਂ ਦੇ ਲੋਕਾਂ ਨੂੰ ਅਮਨ ਦੀ ਆਵਾਜ਼ ਏਨੀ ਮਜ਼ਬੂਤ ਕਰਨ ਦਾ ਸੱਦਾ ਦਿੱਤਾ ਕਿ ਜੰਗਬਾਜ਼ ਭਵਿਖ ਵਿਚ ਹੋਰ ਜੰਗ ਛੇੜਨ ਦੀ ਹਿੰਮਤ ਨਾ ਕਰ ਸਕਣ। ਉਹ ਸੰਸਾਰ ਅਮਨ ਲਹਿਰ ਦਾ ਸਭ ਤੋਂ ਵੱਡਾ ਹਮਾਇਤੀ ਬਣ ਕੇ ਉਭਰਿਆ ਅਤੇ ਜੰਗੀ ਸਾਜ਼ਿਸ਼ਾਂ ਦੇ ਤੋੜ ਵਜੋਂ ਉਹਦੀ ਪ੍ਰੇਰਨਾ ਤੇ ਅਗਵਾਈ ਨਾਲ 1950 ਵਿਚ ਸੰਸਾਰ ਅਮਨ ਕੌਂਸਲ ਹੋਂਦ ਵਿਚ ਆਈ।***

ਦੋਵਾਂ ਸੰਸਾਰ ਜੰਗਾਂ ਨੇ ਕਰੋੜਾਂ ਲੋਕਾਂ ਦਾ ਜੋ ਘਾਣ ਕੀਤਾ, ਉਹਦਾ ਹਿੱਸੇ ਬੈਠਦਾ ਨੁਕਸਾਨ ਤੇ ਦਰਦ ਹਿੰਦੁਸਤਾਨ, ਖਾਸ ਕਰਕੇ ਪੰਜਾਬ ਦੇ ਹਿੱਸੇ ਆਉਣਾ ਕੁਦਰਤੀ ਸੀ। ਪੰਜਾਬੀਆਂ, ਉਨ੍ਹਾਂ ਵਿਚੋਂ ਵੀ ਸਿੱਖਾਂ ਨੂੰ ਬਹਾਦਰ ਲੜਾਕਿਆਂ ਦੀ ਕੌਮ ਦਾ ਨਾਂ ਦੇ ਕੇ ਪਿੰਡਾਂ ਤੋਂ ਗੱਭਰੂਆਂ ਦੀਆਂ ਰੇਲਾਂ ਭਰ-



ਭਰ ਛਾਉਣੀਆਂ ਵਿਚ ਤੇ ਉਥੋਂ ਅੱਗੇ ਰਣਖੇਤਰ ਵਿਚ ਭੇਜੀਆਂ ਜਾਣ ਲੱਗੀਆਂ। ਫੌਜ ਵਿਚ ਭਰਤੀ ਏਨੇ ਵੱਡੇ ਪੈਮਾਨੇ ਉਤੇ

**ਗੁਰਬਚਨ ਸਿੰਘ ਭੁੱਲਰ**
**ਫੋਨ: 91-1142502364**
bhullargs@gmail.com

ਹੋਈ ਕਿ ਪੰਜਾਬਣਾਂ ਦਾ ਦਰਦ ਲੋਕ ਗੀਤ ਬਣ ਕੇ ਵਗ ਤੁਰਿਆ:

ਟੁੱਟ ਜਾਵੇਂ ਰੇਲ ਗੱਡੀਏ,
ਮੇਰੇ ਮਾਹੀ ਦਾ ਵਿਛੋੜਾ ਪਾਇਆ!

ਮੈਨੂੰ ਚੇਤੇ ਹੈ, ਉਨ੍ਹੀਂ ਦਿਨੀਂ ਸੁਰਿੰਦਰ ਕੌਰ ਅਮਨ ਕਾਨਫਰੰਸਾਂ ਵਿਚ ਇਹ ਬੋਲੀ ਪਾਉਂਦੀ ਤਾਂ ਸਰੋਤਿਆਂ ਦੇ ਮਨ ਜੰਗ ਲਈ ਨਫਰਤ ਨਾਲ ਭਰ ਜਾਂਦੇ:

ਕੱਲਰ ਦੇ ਵਿਚ ਪਿਆ ਪਟਾਕਾ,
ਲਿਸ਼ਕ ਰਹੀਆਂ ਸਰਵਾਈਆਂ।
ਚਰਦਾ ਸੀਗਾ ਚਰਾਂਦਾਂ ਹਰੀਆਂ,
ਹੇੜ੍ਹਾਂ ਕਿਧਰੋਂ ਆਈਆਂ।
ਦੂਰ ਖੜ੍ਹੀ ਮੇਰੀ ਹਰਨੀ ਉਡੀਕੇ,
ਅੱਖੀਆਂ ਭਰ ਛਲਕਾਈਆਂ।
ਨਗਰਾਂ ਵਿਚੋਂ ਧੂੰਆਂ ਉਡਿਆ,
ਮੂੰਹ ਤੋਂ ਉਡਣ ਹਵਾਈਆਂ।
ਕੋਠੇ ਚੜ੍ਹ ਚੜ੍ਹ ਵੈਣ ਪਾਉਂਦੀਆਂ,
ਨਾਰਾਂ ਸੱਜ-ਵਿਆਹੀਆਂ।
ਗੱਡੀਏ ਨੀ ਤੇਰੇ ਪਹੀਏ ਟੁੱਟ ਜਾਣ,
ਚਾਰੇ ਟੁੱਟ ਜਾਣ ਬਾਹੀਆਂ,
ਗੱਭਰੂ ਤੂੰ ਢੋ ਲੇ
ਨਾਰਾਂ ਦੇਣ ਦੁਹਾਈਆਂ!

ਜੰਗ ਲਈ ਇਹ ਨਫਰਤ ਪੰਜਾਬ ਦੀ ਹੀ ਨਹੀਂ, ਸਮੁੱਚੇ ਸੰਸਾਰ ਦੀ ਸਾਂਝੀ ਨਫਰਤ ਸੀ। ਇਸ ਨੇ ਜੰਗ ਦੀ ਮਾਰ ਹੇਠ ਆਏ ਲੋਕਾਂ ਤੋਂ ਇਲਾਵਾ ਵਿਗਿਆਨੀਆਂ ਸਮੇਤ ਮਨੁੱਖ-ਹਿਤੈਸ਼ੀ ਸੋਚ ਵਾਲੇ ਸਭਨਾਂ ਲੋਕਾਂ, ਲੇਖਕਾਂ, ਕਲਾਕਾਰਾਂ, ਚਿਤਰਕਾਰਾਂ, ਚਿੰਤਕਾਂ ਆਦਿ ਨੂੰ ਬੇਹੱਦ ਪ੍ਰਭਾਵਿਤ ਕੀਤਾ। ਇਹ ਤੱਥ ਇਨ੍ਹਾਂ ਸਭਨਾਂ ਦੇ ਫਿਕਰ ਵਿਚ ਹੋਰ ਵਾਧਾ ਕਰ ਰਿਹਾ ਸੀ ਕਿ ਦੂਜੀ ਜੰਗ ਦੀਆਂ ਦੁਸ਼ਮਣੀਆਂ ਦਾ ਹਿਸਾਬ ਕਰਨ ਲਈ ਤੀਜੀ ਸੰਸਾਰ ਜੰਗ ਦੀਆਂ ਤਿਆਰੀਆਂ ਵਿੱਢ ਦਿੱਤੀਆਂ ਗਈਆਂ ਸਨ। ਦੂਜੇ ਦੇਸ਼ਾਂ ਦੇ ਇਲਾਕੇ ਹਥਿਆਉਣ ਦੇ ਹਿਰਸੀ ਸਾਮਰਾਜੀਆਂ ਅਤੇ ਜੰਗ ਦੀ ਸੂਰਤ ਵਿਚ ਘਾਤਕ ਹਥਿਆਰ ਵੇਚ ਕੇ ਆਪਣਾ ਕਾਰੋਬਾਰ ਚਮਕਾਉਣ ਦੇ ਲੋਭੀ ਕਾਰੋਬਾਰੀਆਂ ਤੋਂ ਬਿਨਾ ਹਰ ਕੋਈ ਸੰਸਾਰ ਵਿਚ ਅਮਨ-ਚੈਨ ਚਾਹੁੰਦਾ ਸੀ।

ਅਮਨ ਦੀ ਆਵਾਜ਼ ਬੁਲੰਦ ਕਰਨ ਵਾਲਿਆਂ ਵਿਚ ਫਰਾਂਸੀਸੀ ਵਿਗਿਆਨੀ ਫਰੈਡਰਿਕ ਜੂਲੀਓ-ਕਿਊਰੀ ਸ਼ਾਮਲ ਸਨ ਜਿਨ੍ਹਾਂ ਨੂੰ 1935 ਵਿਚ 35 ਸਾਲ ਦੀ ਉਮਰ ਵਿਚ ਰਸਾਇਣ ਵਿਗਿਆਨ ਲਈ ਪਤਨੀ ਈਰੀਨ ਜੂਲੀਓ-ਕਿਊਰੀ ਨਾਲ ਸਾਂਝਾ ਨੋਬੇਲ ਇਨਾਮ ਮਿਲ ਚੁਕਾ ਸੀ।

ਦੂਜੀ ਸੰਸਾਰ ਜੰਗ ਵਿਚ ਸਭ ਤੋਂ ਬਹੁਤਾ ਘਾਣ ਸੋਵੀਅਤ ਯੂਨੀਅਨ ਦਾ ਹੋਇਆ ਸੀ। ਉਹਦੇ 87 ਲੱਖ ਫੌਜੀ ਅਤੇ ਇਕ ਕਰੋੜ 90 ਲੱਖ ਆਮ ਲੋਕ ਮਾਰੇ ਗਏ ਸਨ। ਉਹਦੀ ਕੁੱਲ ਵਸੋਂ ਦਾ ਚੌਥਾ ਹਿੱਸਾ ਲੋਕ ਜਾਂ ਤਾਂ ਮਾਰੇ ਗਏ ਸਨ ਜਾਂ ਗੰਭੀਰ ਜ਼ਖਮੀ ਹੋ ਗਏ ਸਨ! ਸੰਸਾਰ ਦੀ ਅਤੇ ਆਪਣੇ ਦੇਸ਼ ਦੀ ਅਸਹਿ-ਅਕਹਿ ਬਰਬਾਦੀ ਦੇਖ ਕੇ ਸੋਵੀਅਤ ਯੂਨੀਅਨ ਨੇ ਦੁਨੀਆਂ ਦੇ ਲੋਕਾਂ ਨੂੰ ਅਮਨ ਦੀ ਆਵਾਜ਼ ਏਨੀ ਮਜ਼ਬੂਤ ਕਰਨ ਦਾ ਸੱਦਾ ਦਿੱਤਾ ਕਿ ਜੰਗਬਾਜ਼ ਭਵਿਖ ਵਿਚ ਹੋਰ ਜੰਗ ਛੇੜਨ ਦੀ ਹਿੰਮਤ ਨਾ ਕਰ ਸਕਣ। ਉਹ ਸੰਸਾਰ ਅਮਨ ਲਹਿਰ ਦਾ ਸਭ ਤੋਂ ਵੱਡਾ ਹਮਾਇਤੀ ਬਣ ਕੇ ਉਭਰਿਆ ਅਤੇ ਜੰਗੀ ਸਾਜ਼ਿਸ਼ਾਂ ਦੇ ਤੋੜ ਵਜੋਂ ਉਹਦੀ ਪ੍ਰੇਰਨਾ ਤੇ ਅਗਵਾਈ ਨਾਲ 1950 ਵਿਚ ਸੰਸਾਰ ਅਮਨ ਕੌਂਸਲ ਹੋਂਦ ਵਿਚ ਆਈ। ਅਮਨ ਲਹਿਰ ਦਾ ਐਲਾਨੀਆ ਉਦੇਸ਼ ਸੰਸਾਰਵਿਆਪੀ ਹਥਿਆਰ-ਖਾਤਮੇ, ਦੇਸ਼ਾਂ ਦੀ ਸਵੈ-ਮਾਲਕੀ, ਆਜ਼ਾਦੀ ਤੇ ਸ਼ਾਂਤਮਈ ਸਹਿਹੋਂਦ ਦਾ ਪੱਖ ਪੂਰਨਾ ਅਤੇ ਸਾਮਰਾਜੀਆਂ ਦੀਆਂ, ਖਾਸ ਕਰਕੇ ਉਨ੍ਹਾਂ ਦੇ ਚੌਧਰੀ ਅਮਰੀਕਾ ਦੀਆਂ ਜੰਗਬਾਜ਼ ਤੇ ਮਨੁੱਖ-ਵਿਰੋਧੀ ਨੀਤੀਆਂ ਦਾ ਵਿਰੋਧ ਕਰਨਾ ਤੇ ਦੁਨੀਆਂ ਦੇ ਲੋਕਾਂ ਨੂੰ ਉਨ੍ਹਾਂ ਨੀਤੀਆਂ ਦੀ ਅਸਲੀਅਤ ਦੱਸ ਕੇ ਅਮਨ ਦੇ ਪੱਖ ਵਿਚ ਜਾਗ੍ਰਿਤ ਕਰਨਾ ਸੀ। ਅਮਨ ਲਈ ਉਨ੍ਹਾਂ ਦੇ ਸਮਰਪਣ ਨੂੰ ਦੇਖਦਿਆਂ ਫਰੈਡਰਿਕ ਜੂਲੀਓ-ਕਿਊਰੀ ਨੂੰ ਸੰਸਾਰ ਅਮਨ ਕੌਂਸਲ ਦੇ ਮੋਢੀ ਪ੍ਰਧਾਨ ਚੁਣਿਆ ਗਿਆ। 1958 'ਚ ਪੂਰੇ ਹੋਣ ਤੱਕ ਉਹ ਇਸ ਪਦਵੀ ਉਤੇ ਰਹੇ।

ਇਹ ਤੱਥ ਬੜੀ ਤਸੱਲੀ ਦੇਣ ਵਾਲਾ ਹੈ ਕਿ ਅਮਨ ਲਹਿਰ ਵਿਚ ਪੰਜਾਬੀਆਂ ਦੀ ਭੂਮਿਕਾ ਬਹੁਤ ਮਾਣਯੋਗ ਰਹੀ। ਅਮਨ ਦੇ ਸੰਗਰਾਮੀਆਂ ਵਜੋਂ ਉਨ੍ਹਾਂ ਨੇ ਪੰਜਾਬ ਵਿਚ ਜਾਂ ਭਾਰਤ ਵਿਚ ਹੀ ਨਹੀਂ ਸਗੋਂ ਸੰਸਾਰ ਪੱਧਰ ਉਤੇ ਸਰਗਰਮ ਹਿੱਸਾ ਪਾਇਆ। ਪੰਜਾਬ ਦੇ ਪੁੱਤਰ ਪ੍ਰਸਿਧ ਆਜ਼ਾਦੀ-ਸੰਗਰਾਮੀਏ ਤੇ ਕਮਿਊਨਿਸਟ ਆਗੂ ਰੁਮੇਸ਼ ਚੰਦਰ ਦੀਆਂ ਦੇਸ਼ ਵਿਚ ਅਮਨ ਲਹਿਰ ਨੂੰ ਮਜ਼ਬੂਤ ਕਰਨ ਸਬੰਧੀ ਸਰਗਰਮੀਆਂ ਤੋਂ ਪ੍ਰਭਾਵਿਤ ਹੋ ਕੇ 1953 ਵਿਚ ਉਨ੍ਹਾਂ ਨੂੰ ਸੰਸਾਰ ਅਮਨ ਕੌਂਸਲ ਦੇ ਜਨਰਲ ਸਕੱਤਰ ਤੇ 1977 ਵਿਚ ਪ੍ਰਧਾਨ ਚੁਣ ਲਿਆ ਗਿਆ ਅਤੇ 2000 ਵਿਚ 'ਸਨਮਾਨ-



ਪਾਬਲੋ ਪਿਕਾਸੋ ਦਾ ਚਿੱਤਰ 'ਅਮਨ ਦੀ ਘੁੱਗੀ'।

ਹਿਤ ਪ੍ਰਧਾਨ' ਥਾਪਿਆ ਗਿਆ। ਉਹ 1919 ਵਿਚ ਲਾਇਲਪੁਰ ਵਿਖੇ ਜਨਮੇ ਸਨ ਅਤੇ ਇੰਗਲੈਂਡ ਦੀ ਕੈਂਬਰਿਜ ਯੂਨੀਵਰਸਿਟੀ ਦੇ ਪੜ੍ਹੇ ਹੋਏ ਸਨ। ਸੰਸਾਰ ਅਮਨ ਕੌਂਸਲ ਨੇ 1964 ਵਿਚ ਉਨ੍ਹਾਂ ਨੂੰ 'ਫਰੈਡਰਿਕ ਜੂਲੀਓ-ਕਿਊਰੀ ਗੋਲਡ ਪੀਸ ਮੈਡਲ' ਨਾਲ ਅਤੇ ਸੋਵੀਅਤ ਯੂਨੀਅਨ ਨੇ 1968 ਵਿਚ 'ਕੌਮਾਂ ਵਿਚਾਲੇ ਅਮਨ ਦੀ ਮਜ਼ਬੂਤੀ ਲਈ ਕੌਮਾਂਤਰੀ ਲੈਨਿਨ ਇਨਾਮ' ਨਾਲ ਸਨਮਾਨਿਆ। ਉਹ 97 ਸਾਲ ਦੀ ਉਮਰ ਭੋਗ ਕੇ 2016 ਵਿਚ ਮੁੰਬਈ ਵਿਖੇ ਪੂਰੇ ਹੋਏ।

ਕੁੱਲ-ਹਿੰਦ ਅਮਨ ਕੌਂਸਲ ਦਾ ਪ੍ਰਧਾਨ ਅਤੇ ਨਾਲ ਹੀ ਸੰਸਾਰ ਅਮਨ ਕੌਂਸਲ ਦਾ ਮੀਤ-ਪ੍ਰਧਾਨ ਬਣਨ ਦਾ ਮਾਣ ਵੀ ਇਕ ਪੰਜਾਬੀ ਦੇ ਹਿੱਸੇ ਆਇਆ। ਉਹ ਸਨ, ਪ੍ਰਸਿਧ ਕਾਂਗਰਸੀ ਆਗੂ ਡਾ. ਸੈਫੁਦੀਨ ਕਿਚਲੂ। ਉਨ੍ਹਾਂ ਦੇ ਵਡੇਰੇ ਤਾਂ ਕਸ਼ਮੀਰ ਤੋਂ ਸਨ ਪਰ ਡਾ. ਕਿਚਲੂ ਤੱਕ ਪਹੁੰਚਦਾ ਇਹ ਪਰਿਵਾਰ ਪੂਰੀ ਤਰ੍ਹਾਂ ਪੰਜਾਬੀ ਬਣ ਚੁਕਾ ਸੀ। ਕਸ਼ਮੀਰ ਵਿਚ 1871 ਵਿਚ ਪਏ ਭਿਆਨਕ ਅਕਾਲ ਸਮੇਂ ਉਨ੍ਹਾਂ ਦੇ ਦਾਦਾ ਜੀ ਅੰਮ੍ਰਿਤਸਰ ਆ ਵਸੇ ਸਨ। ਡਾ. ਕਿਚਲੂ ਦਾ ਜਨਮ ਅੰਮ੍ਰਿਤਸਰ ਵਿਚ ਹੀ ਹੋਇਆ ਅਤੇ ਉਨ੍ਹਾਂ ਨੇ ਉਥੇ ਹੀ ਸਕੂਲੀ ਤਾਲੀਮ ਹਾਸਲ ਕੀਤੀ। ਉਹ ਪਹਿਲਾਂ ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਫੇਰ ਕੁੱਲ-ਹਿੰਦ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਰਹੇ।



ਡਾ. ਸੈਫੁਦੀਨ ਕਿਚਲੂ

ਪੰਜਾਬ ਵਿਚ 1915 ਦੇ ਰੌਲਟ ਐਕਟ ਵਿਰੁਧ ਭੜਕੇ ਜਨਤਕ ਰੋਸ ਦੇ ਮੋਹਰੀਆਂ ਵਿਚੋਂ ਹੋਣ ਸਦਕਾ ਉਨ੍ਹਾਂ ਦਾ ਨਾਂ ਬਹੁਤ ਪਹਿਲਾਂ ਤੋਂ ਘਰ ਘਰ ਪਹੁੰਚਿਆ ਹੋਇਆ ਸੀ। ਰੌਲਟ ਐਕਟ ਦੇ ਵਿਰੋਧ ਦੇ ਆਗੂ ਹੋਣ ਕਾਰਨ ਹੀ ਡਾ. ਸੈਫੁਦੀਨ ਕਿਚਲੂ ਤੇ ਡਾ. ਸੱਤਿਆਪਾਲ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ 1919 ਦੀ ਵਿਸਾਖੀ ਨੂੰ ਅੰਮ੍ਰਿਤਸਰ ਦੇ ਜਲ੍ਹਿਆਂਵਾਲਾ ਬਾਗ ਵਿਚ ਆਮ ਜਲਸਾ ਬੁਲਾਏ ਜਾਣ ਦਾ ਇਕ ਕਾਰਨ ਪੰਜਾਬ ਦੇ ਇਨ੍ਹਾਂ ਹਰਮਨ-ਪਿਆਰੇ ਆਗੂਆਂ ਦੀਆਂ ਗ੍ਰਿਫਤਾਰੀਆਂ ਵਿਰੁਧ ਰੋਸ ਪ੍ਰਗਟ ਕਰਨਾ ਸੀ। ਇਸੇ ਸਭਾ ਵਿਚ ਅਮਨ-ਅਮਾਨ ਨਾਲ ਬੈਠੇ ਲੋਕਾਂ ਉਤੇ ਗੋਲੀਆਂ ਵਰ੍ਹਾ ਕੇ ਅੰਗਰੇਜ਼ਾਂ ਨੇ ਘਿਣਾਉਣਾ ਸਾਕਾ ਕੀਤਾ ਸੀ। ਡਾ. ਕਿਚਲੂ ਅਡੋਲ ਸੈਕੂਲਰ ਸਨ, ਜਿਸ ਕਰਕੇ ਉਹ 1947 ਦੀ ਵੰਡ ਦੇ ਘੋਰ ਵਿਰੋਧੀ ਰਹੇ। ਅਮਨ ਲਹਿਰ ਵਿਚ ਉਨ੍ਹਾਂ ਦੀ ਦੇਣ ਨੂੰ ਸਤਿਕਾਰਦਿਆਂ 1952 ਵਿਚ ਉਨ੍ਹਾਂ ਨੂੰ ਕੌਮਾਂਤਰੀ ਲੈਨਿਨ ਅਮਨ ਇਨਾਮ ਭੇਟ ਕੀਤਾ ਗਿਆ।

ਗੁਰਬਖਸ਼ ਸਿੰਘ ਪ੍ਰੀਤਲੜੀ ਨੂੰ ਪੰਜਾਬ ਅਮਨ ਕੌਂਸਲ ਦੇ ਪ੍ਰਧਾਨ ਅਤੇ ਨਾਲ ਹੀ ਕੁੱਲ-ਹਿੰਦ ਅਮਨ ਕੌਂਸਲ ਦੇ ਮੀਤ ਪ੍ਰਧਾਨ ਚੁਣਿਆ ਗਿਆ। ਉਹ ਹਰਮਨ-ਪਿਆਰੇ ਰਸਾਲੇ 'ਪ੍ਰੀਤਲੜੀ' ਦੇ ਚਾਲਕ-ਸੰਪਾਦਕ ਹੋਣ ਦੇ ਨਾਲ ਨਾਲ ਇਕ ਪ੍ਰਮੁੱਖ ਲੇਖਕ ਸਨ। ਸਹਿਜ, ਸ਼ਾਂਤ, ਸੁਚੱਜੀ ਜ਼ਿੰਦਗੀ ਦੇ ਵੱਡੇ ਮੁਦੱਈ ਹੋਣ ਸਦਕਾ ਉਨ੍ਹਾਂ ਨੂੰ ਇਹ ਪਦਵੀ ਸੌਂਪੇ ਜਾਣ ਦਾ ਨਿੱਘਾ ਸਵਾਗਤ ਹੋਇਆ। ਪੰਜਾਬ ਅਮਨ ਕੌਂਸਲ ਦੇ ਜਨਰਲ ਸਕੱਤਰ ਦੀ ਜ਼ਿੰਮੇਵਾਰੀ ਪ੍ਰੋ. ਨਿਰੰਜਣ ਸਿੰਘ ਮਾਨ ਨੂੰ ਸੌਂਪੀ ਗਈ। ਉਹ ਇਪਟਾ ਤੇ ਅਮਨ ਲਹਿਰ ਦੇ ਮੰਚਾਂ ਦੇ ਪ੍ਰਸਿੱਧ ਗਾਇਕ ਸਨ। ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਉਨ੍ਹਾਂ ਦੀ ਮਨਭਾਉਂਦੀ ਰਚਨਾ ਸੀ। ਇਸ ਕਵਿਤਾ ਨੂੰ ਘਰ ਘਰ ਪੁੱਜਦੀ ਕਰਨਾ ਉਨ੍ਹਾਂ ਦਾ ਹੀ ਕਾਰਨਾਮਾ ਸੀ। ਉਨ੍ਹਾਂ ਦੇ ਪਰਿਵਾਰ ਦਾ ਦੱਸਣਾ ਹੈ ਕਿ ਕੈਂਸਰ ਜਿਹੀ ਨਾਮੁਰਾਦ ਬਿਮਾਰੀ ਅਤੇ ਵੱਡੀ ਉਮਰ ਦੇ ਬਾਵਜੂਦ ਦੇਸ਼ੋਂ ਦੂਰ ਕੈਨੇਡਾ ਵਿਚ ਬੈਠੇ ਵੀ ਉਹ ਆਪਣੇ ਅੰਤਲੇ ਸਾਹ ਤੱਕ ਦਿਨ ਵਿਚ ਇਕ ਵਾਰ ਇਹ ਕਵਿਤਾ ਜ਼ਰੂਰ ਗੁਣਗੁਣਾਉਂਦੇ ਸਨ।

ਸੰਸਾਰ ਅਮਨ ਕੌਂਸਲ ਨੇ ਅਮਨ ਲਹਿਰ ਦੀ ਮਜ਼ਬੂਤੀ ਲਈ ਕਿਸੇ ਵੀ ਕਿਸਮ ਦਾ ਹਿੱਸਾ ਪਾਉਣ ਵਾਲਿਆਂ ਨੂੰ ਸਨਮਾਨਣ ਵਾਸਤੇ ਕਈ ਸਨਮਾਨ ਕਾਇਮ ਕੀਤੇ ਸਨ। 1953 ਦਾ ਕੌਮਾਂਤਰੀ ਅਮਨ ਇਨਾਮ ਅੰਗਰੇਜ਼ੀ ਵਿਚ ਲਿਖਣ ਵਾਲੇ ਪ੍ਰਸਿਧ ਪੰਜਾਬੀ ਲੇਖਕ ਤੇ ਬੁੱਧੀਮਾਨ ਮੁਲਕ ਰਾਜ ਅਨੰਦ ਨੂੰ ਦਿੱਤਾ ਗਿਆ ਸੀ।

ਅਮਨ ਲਹਿਰ ਦੇ ਇਤਿਹਾਸ ਵਿਚ ਪੰਜਾਬੀਆਂ ਦੇ ਹਿੱਸੇ ਇਕ ਅਜਿਹਾ ਮਾਣ ਵੀ ਆਇਆ, ਜਿਸ ਦਾ ਸ਼ਾਇਦ ਬਹੁਤੇ ਲੋਕਾਂ ਨੂੰ, ਖਾਸ ਕਰਕੇ ਨਵੀਆਂ ਪੀੜ੍ਹੀਆਂ ਨੂੰ ਪਤਾ ਵੀ ਨਹੀਂ। ਸੰਸਾਰ ਅਮਨ ਕੌਂਸਲ ਨੇ 15 ਮਾਰਚ 1950 ਨੂੰ ਸਟਾਕਹੋਮ ਤੋਂ ਅਮਨ ਅਪੀਲ ਜਾਰੀ ਕੀਤੀ। ਇਸ ਦੀ ਮੁੱਖ ਮੰਗ ਐਟਮੀ ਹਥਿਆਰਾਂ ਉਤੇ ਮੁਕੰਮਲ ਪਾਬੰਦੀ ਲਾਏ ਜਾਣਾ ਸੀ। ਦੁਨੀਆਂ ਭਰ ਦੇ ਲੋਕਾਂ ਨੂੰ ਅਪੀਲ 'ਤੇ ਦਸਤਖਤ ਕਰਨ ਦੀ ਬੇਨਤੀ ਕੀਤੀ ਗਈ। ਅਪੀਲ ਦੇ ਸ਼ਬਦ ਸਨ, "ਅਸੀਂ ਲੋਕਾਂ ਨੂੰ ਭੈਅਭੀਤ ਕਰਨ ਅਤੇ ਸਮੂਹਕ ਕਤਲੇਆਮ ਦੇ ਸਾਧਨਾਂ ਵਜੋਂ ਐਟਮੀ ਹਥਿਆਰਾਂ ਨੂੰ ਗੈਰ-ਕਾਨੂੰਨੀ ਕਰਾਰ ਦਿੱਤੇ ਜਾਣ ਦੀ ਮੰਗ ਕਰਦੇ ਹਾਂ। ਅਸੀਂ ਇਹ ਕਦਮ ਲਾਗੂ ਕੀਤੇ ਜਾਣ ਲਈ ਸਖਤ ਕੌਮਾਂਤਰੀ ਨਿਗਰਾਨੀ ਦੀ ਮੰਗ ਕਰਦੇ ਹਾਂ। ਸਾਡਾ ਯਕੀਨ ਹੈ ਕਿ ਕੋਈ ਵੀ ਸਰਕਾਰ, ਜੋ ਕਿਸੇ ਵੀ ਹੋਰ ਦੇਸ਼ ਵਿਰੁਧ, ਕਿਸੇ ਵੀ ਬਹਾਨੇ, ਐਟਮੀ ਹਥਿਆਰ ਵਰਤਣ ਦੀ ਪਹਿਲ ਕਰੇਗੀ, ਉਹ ਮਨੁੱਖ ਜਾਤੀ ਵਿਰੁਧ ਅਪਰਾਧ ਕਰ ਰਹੀ ਹੋਵੇਗੀ ਅਤੇ ਉਸ ਵਿਰੁਧ ਜੰਗੀ ਅਪਰਾਧੀ ਵਜੋਂ ਕਾਰਵਾਈ ਹੋਣੀ ਚਾਹੀਦੀ ਹੈ। ਅਸੀਂ ਸੰਸਾਰ ਭਰ ਦੇ ਸਭਨਾਂ ਸਦਭਾਵੀ ਪੁਰਖਾਂ-ਇਸਤਰੀਆਂ ਨੂੰ ਇਸ ਅਪੀਲ 'ਤੇ ਦਸਤਖਤ ਕਰਨ ਦਾ ਸੱਦਾ ਦਿੰਦੇ ਹਾਂ।"

ਵਿਗਿਆਨੀਆਂ, ਸਿਆਸਤਦਾਨਾਂ, ਸਮਾਜ ਸੇਵਕਾਂ, ਬੁੱਧੀਮਾਨਾਂ, ਜਨਤਕ ਕਾਰਕੁਨਾਂ ਆਦਿ ਤੋਂ ਇਲਾਵਾ ਇਸ ਅਮਨ ਅਪੀਲ ਉਤੇ ਦੁਨੀਆਂ ਭਰ ਦੇ ਪ੍ਰਮੁੱਖ ਲੇਖਕਾਂ ਤੇ ਕਲਾਕਾਰਾਂ ਨੇ ਦਸਤਖਤ ਕੀਤੇ। ਉਨ੍ਹਾਂ ਵਿਚ ਲਾਸਾਨੀ ਚਿੱਤਰਕਾਰ ਪਾਬਲੋ ਪਿਕਾਸੋ ਵੀ ਸੀ ਤੇ ਬਹੁ-ਸਤਿਕਾਰਿਆ ਕਵੀ ਪਾਬਲੋ ਨੇਰੂਦਾ ਵੀ। ਪਾਬਲੋ ਪਿਕਾਸੋ ਦੇ ਬਣਾਏ ਹੋਏ 'ਅਮਨ ਦੀ ਘੁੱਗੀ' ਦੇ ਚਿੱਤਰ ਨੂੰ ਹੀ ਅਮਨ ਲਹਿਰ ਦਾ ਚਿੰਨ੍ਹ ਬਣਨ ਦਾ ਮਾਣ ਹਾਸਲ ਹੋਇਆ। ਨਿਸ਼ਚਿਤ ਸਮੇਂ ਵਿਚ ਇਸ ਅਪੀਲ ਉਤੇ 27,34,70,566 ਲੋਕਾਂ ਨੇ ਦਸਤਖਤ ਕੀਤੇ। ਇਹ ਦਸਤਖਤੀ ਮੁਹਿੰਮ ਭਾਰਤ ਵਿਚ ਵੀ ਪੂਰੇ ਜੋਸ਼ ਨਾਲ ਚੱਲੀ। ਪੂਰੇ ਦੇਸ਼ ਵਿਚੋਂ ਇਸ ਅਮਨ ਅਪੀਲ ਉਤੇ ਸਭ ਤੋਂ ਵੱਧ ਦਸਤਖਤ ਕਰਵਾਉਣ ਦਾ ਮਾਣ ਵੀ ਕੌਮਾਂਤਰੀ ਅਮਨ ਦੀ ਇਕ ਸਿਰੜੀ-ਸਿਦਕੀ ਵਿਸ਼ਵਾਸੀ ਪੰਜਾਬਣ ਦੇ ਹਿੱਸੇ ਆਇਆ। ਉਹ ਸਨ, ਬੀਬੀ ਦਲਜੀਤ ਕੌਰ, ਜੋ ਨਵਯੁਗ ਪਬਲਿਸ਼ਰਜ਼ ਵਾਲੇ ਭਾਪਾ ਪ੍ਰੀਤਮ ਸਿੰਘ ਦੀ ਜੀਵਨ-ਸਾਥਣ ਅਤੇ ਪੰਜਾਬੀ ਸਾਹਿਤ ਸਭਾ, ਦਿੱਲੀ ਦੀ ਵਰਤਮਾਨ ਚੇਅਰਪਰਸਨ ਰੇਣੂਕਾ ਸਿੰਘ ਦੀ ਮਾਤਾ ਜੀ ਸਨ। ਉਨ੍ਹਾਂ ਇਕੱਲਿਆਂ ਨੇ ਇਕ ਲੱਖ ਸਤਾਈ ਹਜ਼ਾਰ ਦਸਤਖਤ ਕਰਵਾਏ। ਇਸ ਉਦਮ ਸਦਕਾ ਉਨ੍ਹਾਂ ਨੂੰ ਜੈਨੇਵਾ ਵਿਖੇ ਹੋਏ ਸ਼ਾਨਦਾਰ ਕੌਮਾਂਤਰੀ ਸਮਾਗਮ ਵਿਚ ਸੰਸਾਰ ਅਮਨ ਕੌਂਸਲ ਦਾ ਸਨਮਾਨ ਭੇਟ ਕੀਤਾ ਗਿਆ। ਇਸ ਮੌਕੇ ਲਈ ਗਏ ਭਾਰਤੀ ਵਫਦ ਦੀ ਅਗਵਾਈ ਕੁਲ ਹਿੰਦ ਅਮਨ ਕੌਂਸਲ ਦੇ ਪ੍ਰਧਾਨ ਡਾ. ਸੈਫੁਦੀਨ ਕਿਚਲੂ ਕਰ ਰਹੇ ਸਨ ਅਤੇ ਇਸ ਵਿਚ ਪੰਜਾਬ ਅਮਨ ਕੌਂਸਲ ਦੇ ਪ੍ਰਧਾਨ ਗੁਰਬਖਸ਼ ਸਿੰਘ ਪ੍ਰੀਤਲੜੀ ਵੀ ਸ਼ਾਮਲ ਸਨ।



ਇਕ ਵਾਰ ਮੈਂ ਬੀਬੀ ਦਲਜੀਤ ਕੌਰ ਨੂੰ ਉਨ੍ਹਾਂ ਦੇ ਇਸ ਕਾਰਨਾਮੇ ਬਾਰੇ ਪੁੱਛਿਆ ਤਾਂ ਉਨ੍ਹਾਂ ਨੇ ਬੜੇ ਮਾਣ ਨਾਲ ਕਿਹਾ ਕਿ ਮੇਰੇ ਕਰਵਾਏ ਇਨ੍ਹਾਂ ਦਸਤਖਤਾਂ ਵਿਚ ਇਕ ਵੀ ਦਸਤਖਤ ਨਕਲੀ ਨਹੀਂ ਸੀ। ਇਕ ਘਰ ਵਿਚ ਇਕ ਸੱਜਣ ਨੇ ਦਸਤਖਤ ਕਰ ਕੇ ਪੁੱਛਿਆ, "ਮੇਰੀ ਪਤਨੀ ਇਨ੍ਹਾਂ ਵਿਚਾਰਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੈ ਪਰ ਉਹ ਇਸ ਸਮੇਂ ਘਰ ਨਹੀਂ। ਮੈਂ ਉਹਦੇ ਦਸਤਖਤ ਵੀ ਕਰ ਦਿੰਦਾ ਹਾਂ।" ਬੀਬੀ ਨੇ ਕਾਗਜ਼ ਉਹਦੇ ਹੱਥੋਂ ਲੈ ਲਏ ਅਤੇ ਇਉਂ ਦਸਤਖਤ ਕਰਵਾਉਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਦੱਸਿਆ ਕਿ ਉਹ ਬੱਚਿਆਂ ਸਮੇਤ ਸਭ ਘਰੇਲੂ ਰੁਝੇਵੇਂ ਤੇ ਜ਼ਿੰਮੇਵਾਰੀਆਂ ਭਾਪਾ ਜੀ ਨੂੰ ਸੌਂਪ ਕੇ ਪੁਰਾਣੀ ਦਿੱਲੀ ਦੀਆਂ ਸੰਘਣੀ ਵਸੋਂ ਵਾਲੀਆਂ ਬਸਤੀਆਂ ਦੀਆਂ ਭੀੜੀਆਂ ਗਲੀਆਂ ਦੇ ਘਰ ਘਰ ਤੱਕ ਪਹੁੰਚੇ ਅਤੇ ਲੋਕਾਂ ਨੂੰ ਮੁੱਦਾ ਸਮਝਾ ਕੇ ਦਸਤਖਤ ਕਰਵਾਉਣ ਵਿਚ ਸਫਲ ਹੋਏ। ਦਿੱਲੀ ਮਗਰੋਂ ਉਨ੍ਹਾਂ ਨੇ ਪੰਜਾਬ ਦਾ ਰੁਖ ਕੀਤਾ। ਆਵਾਜਾਈ ਦੇ ਸਾਧਨ ਉਦੋਂ ਹੁਣ ਵਾਲੇ ਤਾਂ ਹੈ ਨਹੀਂ ਸਨ। ਪੰਜਾਬ ਦੇ ਬਹੁਤੇ ਸਫਰ ਉਨ੍ਹਾਂ ਨੇ ਸਥਾਨਕ ਸਮਾਜ ਸੇਵਕਾਂ ਦੇ ਸਾਈਕਲਾਂ ਦੇ ਕੈਰੀਅਰ ਉਤੇ ਬੈਠ ਕੇ ਨੇਪਰੇ ਚਾੜ੍ਹੇ।

ਬਾਬਾ ਫਰੀਦ ਤੇ ਬਾਬਾ ਨਾਨਕ ਦੇ ਸਮੇਂ ਤੋਂ ਮਾਨਵ-ਹਿਤ ਦੇ ਅਡੋਲ ਧਾਰਨੀ ਰਹੇ ਸਾਹਿਤਕ ਤੇ ਸਭਿਆਚਾਰਕ ਖੇਤਰਾਂ ਨਾਲ ਜੁੜੇ ਹੋਏ ਲੋਕ




ਦਲਜੀਤ ਕੌਰ

ਪੂਰੇ ਜੋਸ਼ ਨਾਲ ਅਮਨ ਲਹਿਰ ਵਿਚ ਸਰਗਰਮ ਹੋ ਗਏ। ਸਾਹਿਤ, ਗਾਇਕੀ ਤੇ ਰੰਗਮੰਚ ਦੇ ਪ੍ਰਮੁੱਖ ਨਾਂਵਾਂ ਦੀ ਪਛਾਣ ਘਰ ਘਰ ਪਹੁੰਚ ਗਈ। ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਸੰਤੋਖ ਸਿੰਘ ਧੀਰ, ਬਲਵੰਤ ਗਾਰਗੀ, ਤੇਰਾ ਸਿੰਘ ਚੰਨ, ਗੁਰਚਰਨ ਰਾਮਪੁਰੀ, ਸੁਰਜੀਤ ਰਾਮਪੁਰੀ, ਮੱਲ ਸਿੰਘ ਰਾਮਪੁਰੀ, ਸੁਰਿੰਦਰ ਕੌਰ, ਅਚਲਾ ਸਚਦੇਵ, ਸ਼ੀਲਾ ਭਾਟੀਆ, ਸ਼ੀਲਾ ਦੀਦੀ, ਨਿਰੰਜਣ ਸਿੰਘ ਮਾਨ, ਜੁਗਿੰਦਰ ਬਾਹਰਲਾ, ਅਮਰਜੀਤ ਗੁਰਦਾਸਪੁਰੀ, ਜਗਦੀਸ਼ ਫਰਿਆਦੀ, ਹੁਕਮ ਚੰਦ ਖਲੀਲੀ, ਕੰਵਲਜੀਤ ਸਿੰਘ ਸੂਰੀ, ਸਵਰਨ ਸਿੰਘ, ਗੁਰਚਰਨ ਸਿੰਘ ਬੋਪਾਰਾਏ ਅਤੇ ਅਨੇਕ ਹੋਰ ਕਲਾ ਵਾਲੇ ਤੇ ਕਲਮਾਂ ਵਾਲੇ ਅਮਨ ਦੀ ਮਜ਼ਬੂਤ ਧਿਰ ਬਣ ਕੇ ਉਠ ਖਲੋਤੇ।

ਉਹ ਦੌਰ ਹੀ ਨਿਸ਼ਕਾਮਤਾ ਦਾ ਸੀ, ਜਨਤਾ ਦੇ ਹਿਤ ਵਿਚ ਆਪਣੇ ਆਪ ਨੂੰ ਕੁਰਬਾਨ ਕਰਨ ਦਾ ਦੌਰ। ਆਪਣੀ ਕਲਾ ਵਿਚੋਂ ਕੁਝ ਖੱਟਣ ਦਾ ਤਾਂ ਖਿਆਲ ਵੀ ਕਿਸੇ ਦੇ ਮਨ ਵਿਚ ਨਹੀਂ ਸੀ ਆਉਂਦਾ। ਸਗੋਂ ਲੋਕ-ਹਿਤ ਦੇ ਪ੍ਰੇਰੇ ਹੋਏ ਇਹ ਲੋਕ ਬਹੁਤੀ ਵਾਰ ਪੱਲਿਉਂ ਖਰਚ ਕਰ ਕੇ ਜਨਤਾ ਵਿਚ ਪਹੁੰਚਦੇ ਸਨ। ਪਿੰਡ ਦਾ ਕੋਈ ਚੌਂਤਰਾ ਜਾਂ ਉਚਾ ਥੜ੍ਹਾ ਮੰਚ ਬਣਦਾ ਸੀ ਤੇ ਲਾਲਟੈਣ ਰੌਸ਼ਨੀ ਦਾ ਸਾਧਨ। ਅਮਨ ਦੇ ਗੀਤ ਗਾਏ ਜਾਂਦੇ, ਕਵਿਤਾਵਾਂ ਪੜ੍ਹੀਆਂ ਜਾਂਦੀਆਂ, ਨਾਟਕ ਖੇਡੇ ਜਾਂਦੇ ਅਤੇ ਅਮਨ ਦਾ ਸੁਨੇਹਾ ਘਰ ਘਰ ਪਹੁੰਚਾਇਆ ਜਾਂਦਾ। ਨਾ ਖਾਣ ਸਮੇਂ ਕੋਈ ਨਘੋਚ, ਨਾ ਸੌਣ ਵਾਸਤੇ ਕਿਸੇ ਨਿਵੇਕਲੀ ਥਾਂ ਜਾਂ ਗੱਦੇਦਾਰ ਬਿਸਤਰੇ ਦੀ ਲੋੜ! ਬੱਸ ਇਕੋ ਚਾਹ, ਅਮਨ ਦਾ ਸੁਨੇਹਾ ਲੋਕਾਂ ਤੱਕ ਪਹੁੰਚ ਜਾਵੇ! ਅਮਨ ਲਹਿਰ ਪੰਜਾਬ ਦਾ ਅਨਮੋਲ ਲੋਕ-ਹਿਤੈਸ਼ੀ ਵਿਰਸਾ ਹੈ। ਅਮਨ ਲਹਿਰ ਵਿਚ ਪੰਜਾਬੀਆਂ ਦੀ ਦੇਣ ਸੰਸਾਰ ਅਮਨ ਲਹਿਰ ਦੇ ਇਤਿਹਾਸ ਦਾ ਇਕ ਅਮਰ-ਅਮਿੱਟ ਕਾਂਡ ਹੈ। ਅੱਜ ਦੇ ਨਫਰਤੀ ਦੌਰ ਵਿਚ ਪੰਜਾਬੀਆਂ ਲਈ ਅਮਨ ਦੇ ਆਪਣੇ ਮਹਾਨ ਵਿਰਸੇ ਨੂੰ ਚੇਤੇ ਰੱਖਣਾ ਹੋਰ ਵੀ ਜ਼ਰੂਰੀ ਹੈ।

# ਲੀਡਰਾਂ ਦੀ ਜਾਇਦਾਦ ਕੰਮ ਕੀਤੇ ਬਿਨਾ ਕਿਵੇਂ ਵਧੀ ਜਾਂਦੀ ਹੈ!

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦੇ ਲੋਕਤੰਤਰ ਦਾ ਰੱਥ ਚੋਣਾਂ ਦੀ ਲੀਹ 'ਤੇ ਸਰਪੱਟ ਦੌੜ ਰਿਹਾ ਹੈ। ਇਸ ਰੱਥ ਦੇ ਕਈ ਘੋੜੇ ਹਨ ਅਤੇ ਉਹ ਸਾਰੇ ਆਪੋ-ਆਪਣੀ ਦਿਸ਼ਾ ਵਿਚ ਦੌੜਨ ਦਾ ਇਸ ਤਰ੍ਹਾਂ ਯਤਨ ਕਰਦੇ ਪਏ ਹਨ, ਜਿਵੇਂ ਇਸ ਦੇ ਪੁਰਜ਼ੇ ਉਖਾੜਨ ਤੇ ਆਪੋ-ਆਪਣਾ ਹਿੱਸਾ ਵੰਡ ਕੇ ਆਪੋ-ਆਪਣੇ ਰਾਹ ਵੱਲ ਖਿਸਕ ਜਾਣ ਦਾ ਇਰਾਦਾ ਹੋਵੇ। ਆਮ ਤੌਰ 'ਤੇ ਕਿਸੇ ਦੇਸ਼ ਵਿਚ ਕੌਮੀ ਪੱਧਰ ਦੀਆਂ ਚੋਣਾਂ ਦੀ ਇੱਕੋ ਦਿਸ਼ਾ ਸਿਰਫ ਤੇ ਸਿਰਫ ਪਾਰਲੀਮੈਂਟ ਦੀ ਬਹੁ-ਸੰਮਤੀ ਤੱਕ ਪਹੁੰਚਣ ਦੀ ਦੌੜ ਹੁੰਦੀ ਹੈ। ਕਈ ਥਾਂ ਇਹ ਇੱਕੋ ਪਾਸੇ ਜਾਂਦੇ ਰੱਥ ਵਰਗੀ ਦੌੜ ਨਾ ਰਹਿ ਕੇ ਦੋ ਉਲਟ ਦਿਸ਼ਾਵਾਂ ਵੱਲ ਨੂੰ ਵੀ ਹੋ ਜਾਂਦੀ ਹੈ ਤੇ ਇਸ ਨਾਲ ਉਸ ਦੇਸ਼ ਦੇ ਲੋਕਾਂ ਨੂੰ ਕਿਸੇ ਇੱਕ ਪੱਖ ਵਿਚ ਬੱਲੇ-ਬੱਲੇ ਕਰਨ ਦਾ ਪੈਂਤੜਾ ਲੈਣਾ ਔਖਾ ਨਹੀਂ ਹੁੰਦਾ।

ਭਾਰਤ ਦੇ ਚੋਣ ਮੈਦਾਨ ਦਾ ਦ੍ਰਿਸ਼ ਇਸ ਹੱਦ ਤੱਕ ਉਲਝਣ ਵਾਲਾ ਹੈ ਕਿ ਬਹੁਤ ਸਾਰੇ ਲੋਕਾਂ ਨੂੰ ਆਪਣਾ ਪੈਂਤੜਾ ਤੈਅ ਕਰਨ ਵਿਚ ਬਹੁਤ ਮੁਸ਼ਕਿਲ ਆ ਸਕਦੀ ਹੈ ਤੇ ਕਈ ਏਨੇ ਗੁੰਮਰਾਹ ਹੋ ਸਕਦੇ ਹਨ ਕਿ ਖਤਾਨ ਵੱਲ ਜਾਂਦੇ ਰਾਹ ਵੱਲ ਜਾਂਦੀ ਗੱਡੀ ਨੂੰ ਬਹਿਸ਼ਤ ਵੱਲ ਜਾਂਦੀ ਅਗੰਮ ਸਵਾਰੀ ਵੀ ਮੰਨ ਸਕਦੇ ਹਨ। ਕਾਰਨ ਇਹ ਕਿ ਅੰਕੜਿਆਂ ਜਾਂ ਭਵਿੱਖ ਦੀਆਂ ਯੋਜਨਾਵਾਂ ਦੀ ਗੱਲ ਉਨ੍ਹਾਂ ਦੇ ਸਾਹਮਣੇ ਕਰਨ ਦੀ ਥਾਂ ਸ਼ਬਦਾਂ ਦਾ ਭਰਮਾਊ ਜਾਲ ਹੀ ਇਹੋ ਜਿਹਾ ਬੁਣ ਦਿੱਤਾ ਜਾਂਦਾ ਹੈ।

ਅਸੀਂ ਕੁਝ ਦੇਸ਼ਾਂ ਵਿਚ ਇਹ ਵਾਪਰਦਾ ਵੇਖਿਆ ਹੈ ਕਿ ਜਦੋਂ ਲੋਕਾਂ ਨੂੰ ਇਹ ਦੱਸਿਆ ਗਿਆ ਕਿ 'ਆਪਣਾ ਰਾਜ' ਆ ਗਿਆ ਤਾਂ ਇਥੇ ਲਹਿਰਾਂ-ਬਹਿਰਾਂ ਹੋ ਜਾਣਗੀਆਂ, ਅਮਲ ਵਿਚ ਜਿਸ ਭਾਈਚਾਰੇ ਨੇ ਉਸ ਰਾਜ ਦੀ ਸਿਰਜਣਾ ਵਾਸਤੇ ਸਾਰਾ ਕੁਝ ਦਾਅ 'ਤੇ ਲਾ ਦਿੱਤਾ, ਉਨ੍ਹਾਂ ਨੂੰ ਹੀ ਪਿੱਛੋਂ ਭੁਗਤਣਾ ਪੈਂਦਾ ਰਿਹਾ ਹੈ। ਭਾਰਤ ਵਿਚ ਵੀ ਉਹ ਤਜਰਬਾ ਦੁਹਰਾ ਦਿੱਤਾ ਜਾਵੇ ਤਾਂ ਕਿਸੇ ਨੂੰ ਹੈਰਾਨੀ ਨਹੀਂ ਹੋਣੀ ਚਾਹੀਦੀ। ਸਗੋਂ ਇਹ ਕਹਿਣਾ ਵੱਧ ਠੀਕ ਹੈ ਕਿ ਅਜਿਹਾ ਤਜਰਬਾ ਕਈ ਵਾਰੀ ਦੁਹਰਾਇਆ ਗਿਆ ਹੈ ਤੇ ਭਾਰਤ ਦੇ ਲੋਕ ਅੱਜ ਵੀ ਏਨੇ ਸਿਆਣੇ ਨਹੀਂ ਹੋ ਸਕੇ ਕਿ ਉਹ ਖੰਡ ਦੇ ਖਲੇਪੜਾਂ ਦੇ ਥੱਲੇ ਲੁਕੀ ਅਸਲੀ ਮਿਰਚ ਬਾਰੇ ਅੰਦਾਜ਼ਾ ਲਾ ਸਕਦੇ ਹੋਣ। ਇਸੇ ਬੇਅਕਲੀ ਦਾ ਇਸ ਦੇਸ਼ ਨੂੰ ਨੁਕਸਾਨ ਹੋ ਰਿਹਾ ਹੈ।

ਆਜ਼ਾਦੀ ਤੋਂ ਬਾਅਦ ਭਾਰਤ ਦੇ ਲੋਕਾਂ ਨੇ ਉਨ੍ਹਾਂ ਲੀਡਰਾਂ ਦੀ ਅਗਵਾਈ ਹੇਠ ਦੇਸ਼ ਚੱਲਦਾ ਵੇਖਿਆ ਸੀ, ਜਿਨ੍ਹਾਂ ਦੀ ਕਹੀ ਹੋਈ ਹਰ ਗੱਲ ਸੁਣਨ ਤੇ ਫਿਰ ਉਨ੍ਹਾਂ ਦੇ ਵਿਰੋਧੀਆਂ ਵੱਲੋਂ ਕਹੀ ਜਵਾਬੀ ਗੱਲ ਸੁਣਨ ਨਾਲ ਲੋਕਾਂ ਨੂੰ ਰਾਜਨੀਤੀ ਦੇ ਇੱਕ ਪੱਧਰ ਦਾ ਅਹਿਸਾਸ ਹੁੰਦਾ ਸੀ। ਅੱਜ ਅਹੁਦੇ ਵੱਡੇ ਹਨ, ਨੇਤਾਵਾਂ ਤੇ ਉਨ੍ਹਾਂ ਦੇ ਚਾਟੜਿਆਂ ਦੀ ਬੋਲ-ਬਾਣੀ ਦਾ ਪੱਧਰ ਨੀਵਾਣ ਨੂੰ ਛੂਹੀ ਜਾਂਦਾ ਹੈ। ਉਸ ਦੌਰ ਵਿਚ ਕਿਸੇ ਲੀਡਰ ਦੇ ਨਿੱਜ ਬਾਰੇ ਟਿੱਪਣੀ ਮਾੜੀ ਸਮਝੀ ਜਾਂਦੀ ਸੀ। ਅੱਜ ਦੇ ਦੌਰ ਦੀ ਰਾਜਨੀਤੀ ਇਸ ਪੱਧਰ ਤੱਕ ਪਹੁੰਚ ਗਈ ਹੈ ਕਿ ਜੇ ਕੋਈ ਲੀਡਰ ਆਪਣੇ ਵਿਰੋਧੀਆਂ ਦੇ ਨਿੱਜ ਬਾਰੇ ਹੀ ਨਹੀਂ, ਉਨ੍ਹਾਂ ਦੇ ਧੀਆਂ-ਪੁੱਤਾਂ ਤੱਕ ਬਾਰੇ ਕੁਝ ਭੱਦੀ ਟਿੱਪਣੀ ਨਹੀਂ ਕਰਦਾ ਤਾਂ ਲੋਕਾਂ ਨੂੰ ਭਾਸ਼ਣ ਫੋਕਾ ਜਿਹਾ ਲੱਗਣ ਲੱਗ ਪੈਂਦਾ ਹੈ। ਫਿਰ ਵੀ ਇਸ ਵਿਚ ਅਜੇ ਤੱਕ ਬਰਾਬਰ ਦਾ ਭੱਦਾਪਣ ਨਹੀਂ ਆਇਆ। ਇੱਕ ਧਿਰ ਵਾਲਿਆਂ ਦੀ ਬੋਲ-ਬਾਣੀ ਦੂਸਰੀ ਤੋਂ ਇਸ ਹੱਦ ਤੱਕ ਨੀਵੀਂ ਚਲੀ ਗਈ ਹੈ ਕਿ ਨੀਵਾਣ ਦੀ ਵੀ ਆਖਰੀ ਹੱਦ ਆ ਗਈ ਜਾਪਣ ਲੱਗੀ ਹੈ।

ਜਦੋਂ ਭਾਰਤ ਦੇ ਪੱਧਰ 'ਤੇ ਏਦਾਂ ਦਾ ਹਾਲ ਹੈ ਤਾਂ ਸਾਡੇ ਪੰਜਾਬ ਵਿਚ ਵੀ ਸਥਿਤੀ ਵੱਖਰੀ ਨਹੀਂ। ਫਰਕ ਇਹ ਹੈ ਕਿ ਦੇਸ਼ ਦੀ ਰਾਜਨੀਤੀ ਵਿਚ ਦੇਸ਼ ਦੇ ਬਹੁ-ਗਿਣਤੀ ਵਾਲੇ ਧਰਮ ਦੇ ਲੋਕਾਂ ਦੇ ਜਜ਼ਬਾਤ ਨੂੰ ਉਛਾਲਿਆ ਤੇ ਟੁੰਬਿਆ ਜਾਂਦਾ ਹੈ ਅਤੇ ਪੰਜਾਬ ਵਿਚ ਤੀਸਰੇ ਵੱਡੇ ਭਾਈਚਾਰੇ ਵਜੋਂ ਜਾਣੇ ਜਾਂਦੇ ਸਿੱਖਾਂ ਦੇ ਜਜ਼ਬਾਤ ਨੂੰ ਰਾਜਸੀ ਮੁੱਦਾ ਬਣਾਇਆ ਵੇਖਿਆ ਜਾ ਸਕਦਾ ਹੈ। ਪੰਜਾਬ ਕਦੇ ਭਾਰਤ ਵਿਚ ਤਰੱਕੀ ਦੇ ਪੱਖੋਂ ਮੋਹਰੀ ਰਾਜ ਗਿਣਿਆ ਜਾਂਦਾ ਸੀ। ਇਸ ਵੇਲੇ ਮੋਹਰੀ ਤਾਂ ਕੀ, ਸਾਡਾ ਪੰਜਾਬ ਮੋਹਰਲਿਆਂ ਵਿਚ ਵੀ ਨਹੀਂ ਰਿਹਾ। ਸਿਰਫ ਇੱਕ ਖੇਤੀ ਖੇਤਰ ਬਚਿਆ ਹੈ, ਬਾਕੀ ਸਾਰਾ ਕੁਝ ਉਸ ਵਿਗਾੜ ਨੂੰ ਪਹੁੰਚਿਆ ਪਿਆ ਹੈ ਕਿ ਉਸ ਬਾਰੇ ਗੱਲ ਕੀਤੀ, ਨਾ ਕੀਤੀ ਬੇਲੋੜੀ ਜਿਹੀ ਜਾਪਣ ਲੱਗੀ ਹੈ। ਜਵਾਨੀ ਸਾਹਮਣੇ ਭਵਿੱਖ ਦਾ ਨਕਸ਼ਾ ਪੇਸ਼ ਕਰਨ ਦੀ ਕਿਸੇ ਵੀ ਲੀਡਰ ਨੂੰ ਕੋਈ ਚਿੰਤਾ ਦਿਖਾਈ ਨਹੀਂ ਦਿੰਦੀ।

ਵੱਡਾ ਮੁੱਦਾ ਬਰਗਾੜੀ ਅਤੇ ਬਹਿਬਲ ਕਲਾਂ ਵਿਚ ਹੋਈਆਂ ਉਨ੍ਹਾਂ ਘਟਨਾਵਾਂ ਦਾ ਬਣਿਆ ਪਿਆ ਹੈ, ਜਿਨ੍ਹਾਂ ਨਾਲ ਆਮ ਸਿੱਖਾਂ ਦੀ ਮਾਨਸਿਕਤਾ 'ਤੇ ਬਹੁਤ ਮਾਰੂ ਅਸਰ ਪਿਆ ਹੈ। ਇਹ ਘਟਨਾਵਾਂ ਉਨ੍ਹਾਂ ਲੋਕਾਂ ਦੇ ਰਾਜ ਵਿਚ ਹੋਈਆਂ ਸਨ, ਜੋ ਸਿੱਖੀ ਦੀ 'ਚੜ੍ਹਦੀ ਕਲਾ' ਦੇ ਨਾਅਰੇ ਤੋਂ ਤੁਰੇ ਸਨ ਤੇ



ਅੱਜ ਸਿੱਖੀ ਦੇ ਅਕਸ ਨੂੰ ਢਾਹ ਲਾਉਣ ਵਾਲੀ ਇੱਕ ਧਿਰ ਵਜੋਂ ਸਮਾਜਕ ਕਟਹਿਰੇ ਅੰਦਰ ਦੋਸ਼ੀਆਂ ਵਜੋਂ ਖੜੇ ਸਮਝੇ ਜਾਣ ਲੱਗ ਪਏ ਹਨ। ਪਹਿਲਾਂ ਕਿਸੇ ਸਮੇਂ ਇਹੋ ਜਿਹੇ ਮੌਕੇ ਸਿੱਖਾਂ ਦੀ ਸਭ ਤੋਂ ਵੱਡੀ ਧਾਰਮਿਕ ਹਸਤੀ ਅਕਾਲ ਤਖਤ ਸਾਹਿਬ ਦੀ ਮੰਨੀ ਜਾਂਦੀ ਸੀ, ਪਰ ਪਿਛਲੇ ਸਮੇਂ ਵਿਚ ਅਕਾਲ ਤਖਤ ਦੇ ਜਥੇਦਾਰਾਂ ਦੀ ਜੋ ਨਵੀਂ ਜਮਾਤ ਪੇਸ਼ ਹੋਈ ਹੈ, ਤੇ ਅੱਜ ਵੀ ਲੋਕਾਂ ਸਾਹਮਣੇ ਹੈ, ਉਸ ਨੇ ਇਸ ਦੀ ਹਸਤੀ ਉਹ ਨਹੀਂ ਰਹਿਣ ਦਿੱਤੀ।

ਅਕਾਲ ਤਖਤ ਅਤੇ ਸਿੱਖੀ ਨੂੰ ਰਾਜਨੀਤੀ ਤੋਂ ਚਾਰ ਗਿੱਠਾਂ ਦੇ ਫਰਕ 'ਤੇ ਰੱਖਿਆ ਗਿਆ ਹੁੰਦਾ ਤਾਂ ਇਹ ਸਥਿਤੀ ਕਦੇ ਨਾ ਬਣਦੀ। ਜਦੋਂ ਕੁਝ ਧਿਰਾਂ ਇਹ ਕਹਿੰਦੀਆਂ ਸਨ ਕਿ ਧਰਮ ਤੇ ਰਾਜਨੀਤੀ ਵਿਚ ਫਰਕ ਰੱਖੋ, ਉਨ੍ਹਾਂ ਨੂੰ ਅੱਗੋਂ ਧਰਮ ਤੇ ਰਾਜਨੀਤੀ ਮੇਲ ਕੇ ਚਲਾਉਣ ਦੀ ਸਮਝਾਉਣੀ ਦੇਣ ਵਾਲਿਆਂ ਨੇ ਆਖਰ ਨੂੰ ਨਾ ਰਾਜਨੀਤੀ ਦੇ ਪੱਲੇ ਕੁਝ ਰਹਿਣ ਦਿੱਤਾ ਹੈ ਤੇ ਨਾ ਧਰਮ ਦੇ ਹੀ।

ਹੈਰਾਨੀ ਦੀ ਗੱਲ ਇਹ ਹੈ ਕਿ ਸਭ ਧਿਰਾਂ ਮੰਨਦੀਆਂ ਹਨ ਕਿ ਪੰਜਾਬ ਦੇ ਨੌਜਵਾਨਾਂ ਕੋਲ ਰੁਜ਼ਗਾਰ ਨਹੀਂ ਅਤੇ ਇਸੇ ਲਈ ਜਵਾਨੀ ਵਿਦੇਸ਼ਾਂ ਵੱਲ ਖਿਸਕ ਰਹੀ ਹੈ, ਪਰ ਇਹ ਮੁੱਦਾ ਇਨ੍ਹਾਂ ਚੋਣਾਂ ਵਿਚ ਵੱਡਾ ਨਹੀਂ ਸਮਝਿਆ ਜਾਂਦਾ। ਇਹ ਵੀ ਸਾਰੇ ਜਾਣਦੇ ਹਨ ਕਿ ਪੰਜਾਬ ਦੀ ਧਰਤੀ ਇਸ ਤੋਂ ਵੱਧ ਖੇਤੀ ਦਾ ਬੋਝ ਨਹੀਂ ਸਹਾਰ ਸਕਦੀ, ਪਰ ਇਸ ਬਾਰੇ ਕਿਸੇ ਤਰ੍ਹਾਂ ਦਾ ਬਦਲ ਪੇਸ਼ ਕਰਨ ਲਈ ਕਿਸੇ ਪ੍ਰਮੁੱਖ ਸਿਆਸੀ ਆਗੂ ਦੀ ਜ਼ਬਾਨ ਤੋਂ ਕੁਝ ਕਿਹਾ ਜਾਂਦਾ ਅਸੀਂ ਨਹੀਂ ਸੁਣਿਆ।




ਪੰਜਾਬ ਪੰਜ ਦਰਿਆਵਾਂ ਦੀ ਧਰਤੀ ਹੈ ਤੇ ਪੰਜਾਂ ਦਰਿਆਵਾਂ ਦੇ ਲੋਕਾਂ ਨੂੰ ਇਹ ਚਿੰਤਾ ਹੈ ਕਿ ਧਰਤੀ ਹੇਠਲੇ ਪਾਣੀ ਦਾ ਭੰਡਾਰ ਹੇਠਾਂ ਡਿੱਗਦਾ ਤਿੰਨ ਸੌ ਫੁੱਟ ਡੂੰਘਾਈ ਤੋਂ ਹੇਠਾਂ ਜਾ ਚੁਕਾ ਹੈ। ਇਸ ਦੇ ਬਾਅਦ ਕੀ ਬਣੇਗਾ, ਇਹ ਪੰਜਾਬ ਦੇ ਰਾਜਨੀਤਕ ਮੈਦਾਨ ਦੀ ਕਿਸੇ ਵੀ ਵੱਡੀ ਧਿਰ ਦੇ ਲਈ ਮਹੱਤਵ ਦਾ ਮੁੱਦਾ ਬਣਦਾ ਦਿਖਾਈ ਨਹੀਂ ਦਿੰਦਾ।

ਪੰਜ ਸਾਲ ਪਹਿਲਾਂ ਤੱਕ ਨਵੇਂ ਕਾਲਜ ਤੇ ਹੋਰ ਸਿੱਖਿਅਕ ਅਦਾਰੇ ਹਰ ਸਾਲ ਖੁੱਲ੍ਹ ਜਾਂਦੇ ਸਨ, ਅੱਜ ਨਵੇਂ ਨਹੀਂ ਖੁੱਲ੍ਹ ਰਹੇ, ਸਗੋਂ ਪਹਿਲੇ ਬੰਦ ਹੋਣ ਲੱਗ ਪਏ ਹਨ ਤੇ ਇਹ ਹਾਲਤ ਸਾਰੇ ਭਾਰਤ ਵਿਚ ਪੈਦਾ ਹੋਈ ਪਈ ਹੈ। ਪੰਜਾਬ ਦੇ ਛੇ ਅਦਾਰੇ ਵੀ ਇੱਕੋ ਸਾਲ ਬੰਦ ਹੋਏ ਹਨ। ਕਿਸੇ ਵੀ ਰਾਜਸੀ ਧਿਰ ਦੇ ਮੰਚ ਤੋਂ ਇਹ ਗੱਲ ਸੁਣਾਈ ਨਹੀਂ ਦਿੰਦੀ ਕਿ ਜਦੋਂ ਬੱਚੇ ਪੜ੍ਹਨਾ ਚਾਹੁੰਦੇ ਹਨ, ਪੜ੍ਹਾਉਣ ਵਾਲੇ ਟੀਚਰ ਵੀ ਪੜ੍ਹਾਉਣ ਦੀ ਨੌਕਰੀ ਕਰਨ ਨੂੰ ਤਿਆਰ ਹਨ, ਇਸ ਦੇ ਬਾਵਜੂਦ ਵਿਦਿਅਕ ਅਦਾਰੇ ਬੰਦ ਹੋਈ ਜਾ ਰਹੇ ਹਨ ਤਾਂ ਪਿੱਛਲ-ਖੁਰੀ ਮੋੜੇ ਨੂੰ ਰੋਕਣ ਲਈ ਫਲਾਣੀ ਪਾਰਟੀ ਦੇ ਆਗੂ ਕੋਈ ਯੋਜਨਾ ਪੇਸ਼ ਕਰਨਗੇ।

ਹਰ ਵੱਡੀ ਪਾਰਟੀ ਦਾ ਹਰ ਵੱਡਾ ਆਗੂ ਇਸ ਗੱਲ ਤੋਂ ਆਪਣੀ ਵਡਿਆਈ ਮਾਪਦਾ ਹੈ ਕਿ ਜਦੋਂ ਉਹ ਕਿਤੇ ਜਾਵੇਗਾ ਤਾਂ ਉਸ ਨਾਲ ਗੱਡੀਆਂ 'ਤੇ ਬੈਠੇ ਚਾਟੜੇ ਕਿੰਨੀਆਂ ਕਾਰਾਂ ਦਾ ਕਾਫਲਾ ਲੈ ਕੇ ਜਾਂਦੇ ਹਨ ਤੇ ਉਨ੍ਹਾਂ ਦੇ ਅੱਗੇ ਮੋਟਰ ਸਾਈਕਲ ਕਿੰਨੇ ਕੁ ਜਾਂਦੇ ਹਨ! ਸਿਆਸੀ ਲੋਕਾਂ ਦੇ ਇਹ ਕਾਫਲੇ ਜੇ ਆਪਣੀਆਂ ਜੇਬਾਂ ਵਿਚੋਂ ਚੱਲਦੇ ਹੋਣ ਤਾਂ ਤੀਜੇ ਦਿਨ ਘਰ ਵਿਕਣ ਦੀ ਨੌਬਤ ਆ ਜਾਵੇ, ਪਰ ਸਿਆਸਤ ਦੇ ਖਿਡਾਰੀਆਂ ਦੇ ਨਾਮਜ਼ਦਗੀ ਕਾਗਜ਼ਾਂ ਨਾਲ ਨੱਥੀ ਕੀਤੇ ਜਾਂਦੇ ਐਫੀਡੇਵਿਟ ਦੱਸਦੇ ਹਨ ਕਿ ਹਰ ਚੋਣ ਦੇ ਬਾਅਦ ਉਨ੍ਹਾਂ ਦੀ ਜਾਇਦਾਦ ਹੋਰ ਵਧ ਜਾਂਦੀ ਹੈ। ਕੰਮ ਵਾਲੇ ਖਾਤੇ ਵਿਚ ਉਹ ਲਿਖਦੇ ਹਨ ਕਿ ਕੰਮ ਨਹੀਂ ਕਰਦੇ, ਸਿਰਫ ਰਾਜਨੀਤੀ ਹੀ ਕਰਦੇ ਹਨ।

ਜਿਹੜੇ ਸਿਰਫ ਰਾਜਨੀਤੀ ਕਰਦੇ ਹਨ ਅਤੇ ਕੰਮ ਕੋਈ ਨਹੀਂ ਕਰ ਰਹੇ, ਉਨ੍ਹਾਂ ਦੀ ਜਾਇਦਾਦ ਹਰ ਪੰਜ ਸਾਲ ਪਿੱਛੋਂ ਕਿਵੇਂ ਵਧਦੀ ਜਾਂਦੀ ਹੈ? ਜਿਸ ਦਿਨ ਸਾਡੇ ਲੋਕਾਂ ਨੂੰ ਇਹ ਸਮਝ ਆ ਗਿਆ, ਉਸ ਪਿੱਛੋਂ ਹੋਣ ਵਾਲੀ ਕੋਈ ਵੀ ਚੋਣ ਲੋਕਤੰਤਰ ਦੀ ਅਸਲੀ ਚੋਣ ਬਣ ਸਕਦੀ ਹੈ, ਹਾਲ ਦੀ ਘੜੀ ਤਾਂ ਬਣਦੀ ਨਹੀਂ ਜਾਪਦੀ।

## ਵਿਅੰਗ

# ਮੌਨ ਵਰਤ

ਸਤਿੰਦਰਪਾਲ ਸਿੰਘ ਬਾਵਾ
ਚੀਕਾ (ਕੈਥਲ), ਹਰਿਆਣਾ।
ਫੋਨ: 91-94676-54643

ਪਹਿਲਾਂ ਸਾਡਾ ਵਰਤਾਂ ਵਿਚ ਯਕੀਨ ਨਹੀਂ ਸੀ, ਪਰ ਜਦੋਂ ਤੋਂ ਨਵ-ਵਰਤਾਰਿਆਂ ਦਾ ਦੌਰ ਸ਼ੁਰੂ ਹੋਇਆ ਹੈ, ਇਨ੍ਹਾਂ ਨਾਲ ਨਜਿੱਠਣ ਲਈ ਅਸੀਂ ਵਰਤ ਰੱਖਣੇ ਅਰੰਭ ਦਿੱਤੇ। ਸਾਡਾ ਯਕੀਨ ਹੈ ਕਿ ਜੇ ਕਿਸੇ ਯੁੱਗ ਦੀ ਵਿਚਾਰਧਾਰਾ ਨੂੰ ਸਮਝਣਾ ਹੈ ਤਾਂ ਉਸ ਯੁੱਗ ਦੇ ਮਹਾਂ ਪ੍ਰਵਚਨ ਵਿਹਾਰਕ ਰੂਪ ਵਿਚ ਅਪਨਾ ਕੇ ਹੀ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਸੋ, ਸਾਡੇ ਸਮਕਾਲ ਨੂੰ ਅਸੀਂ ਵਰਤ ਰੱਖ ਕੇ ਹੀ ਚੰਗੀ ਤਰ੍ਹਾਂ ਸਮਝ ਸਕਦੇ ਹਾਂ।

ਇਥੇ ਵਰਤ ਤੋਂ ਸਾਡਾ ਭਾਵ ਖਾਣ-ਪੀਣ ਵਾਲੀਆਂ ਚੀਜ਼ਾਂ ਦਾ ਤਿਆਗ ਨਾ ਸਮਝ ਲੈਣਾ। ਵੈਸੇ ਵੀ ਨਵ-ਵਰਤਾਰਿਆਂ ਦੇ ਸਮਰਥਕਾਂ ਨੇ ਪਹਿਲਾਂ ਹੀ ਖਾਣ-ਪੀਣ ਵਾਲੀਆਂ ਚੀਜ਼ਾਂ 'ਤੇ ਕਈ ਰੋਕਾਂ ਲਾ ਕੇ ਵਰਤ ਵਰਗੀ ਸਥਿਤੀ ਬਣਾਈ ਹੋਈ ਹੈ। ਦੂਜਾ, ਅਸੀਂ ਖਾਣ ਤੋਂ ਬਿਨਾ ਤਾਂ ਰਹਿ ਨਹੀਂ ਸੀ ਸਕਦੇ, ਸੋ ਅਸੀਂ ਮੂੰਹ ਜ਼ੁਬਾਨੀ ਵਰਤ ਰੱਖਣਾ ਸ਼ੁਰੂ ਕਰ ਦਿੱਤਾ ਭਾਵ ਮੌਨ ਵਰਤ।

ਹੁਣ ਜਦੋਂ ਚਾਰ ਚੁਫੇਰੇ ਹੋ-ਹੱਲਾ ਹੋ ਰਿਹਾ ਹੈ ਤਾਂ ਤੁਹਾਡੇ ਵਿਚੋਂ ਕੋਈ ਸੱਜਣ ਪੁੱਛ ਸਕਦਾ ਹੈ ਕਿ ਹੁਣ ਮੌਨ ਕੌਣ ਰਹਿੰਦਾ ਹੈ? ਇਹ ਕਿਹੜਾ ਮਹਾਤਮਾ ਗਾਂਧੀ ਦਾ ਜ਼ਮਾਨਾ ਹੈ ਕਿ ਵਰਤ ਰੱਖ ਕੇ ਜਾਂ ਮੌਨ ਵਰਤ ਰੱਖ ਕੇ ਅਸੀਂ ਆਪਣੀਆਂ ਮੰਗਾ ਮੰਨਵਾ ਸਕਦੇ ਹਾਂ! ਪਰ ਭਾਈ ਅਸੀਂ ਦਲੀਲ ਨਾਲ ਸਿੱਧ ਕਰ ਸਕਦੇ ਹਾਂ ਕਿ ਅੱਜ ਵੀ ਮੌਨ ਵਰਤ ਦੀ ਲੋੜ ਉਨੀ ਹੀ ਹੈ, ਜਿੰਨੀ ਅੰਗਰੇਜ਼ ਸਰਕਾਰ ਵੇਲੇ ਸੀ।

ਜਦੋਂ ਮੌਨ ਨਾਲ ਵਰਤ ਸ਼ਬਦ ਜੁੜ ਜਾਂਦਾ ਹੈ ਤਾਂ ਇਹ ਸਮਾਸ ਦਾ ਰੂਪ ਧਾਰਦਾ ਨਵੇਂ ਅਰਥਾਂ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਜਿਵੇਂ ਵਿਗਿਆਪਨਾਂ ਵਿਚ ਛੋਟਾ ਜਿਹਾ ਤਾਰਾ 'ਸ਼ਰਤਾਂ ਲਾਗੂ' ਕਹਿ ਕੇ ਭੰਬੂਤਾਰੇ ਦਿਖਾ ਦਿੰਦਾ ਹੈ, ਉਸੇ ਤਰ੍ਹਾਂ ਮੌਨ ਦੇ ਨਾਲ ਵਰਤ ਸ਼ਬਦ ਜੁੜ ਕੇ ਸ਼ਰਤਾਂ ਦੀ ਕਠੋਰ ਨਿਯਮਾਵਲੀ ਵਿਚ ਦਾਖਲ ਹੋ ਜਾਂਦਾ ਹੈ। ਦੂਜਾ, ਮੌਨ ਵਿਚ 'ਮਨ ਦੀ ਮੌਤ' ਦਾ ਐਲਾਨ ਸਹਿਜੇ ਹੀ ਸ਼ਾਮਲ ਹੁੰਦਾ ਹੈ। ਅਸੀਂ ਹੈਰਾਨ ਹਾਂ ਕਿ ਭਾਵੇਂ ਅਸੀਂ ਮੌਨ ਵਰਤ ਰੱਖਿਆ ਹੋਇਆ ਹੈ, ਪਰ ਸਾਡੇ ਮਨ ਦੀ ਮੌਤ ਨਹੀਂ ਹੋਈ!

ਭਾਈ ਮਨ ਤਾਂ ਮਨ ਹੈ, ਜੋ ਹਰ ਵਕਤ ਨਾਮੁਮਕਿਨ ਨੂੰ ਮੁਮਕਿਨ ਕਰਨ ਲਈ ਹੀ ਤੜਪਦਾ ਰਹਿੰਦਾ ਹੈ। ਇਸੇ ਲਈ ਅਸੀਂ ਵਰਤ ਵਿਧੀ ਵਿਧਾਨ ਨੂੰ ਸਮੁੱਚੀ ਦੇਹ 'ਤੇ ਅਜ਼ਮਾਉਣ ਦੀ ਥਾਂ ਕੇਵਲ ਸਾਡੀ ਜੀਭ 'ਤੇ ਹੀ ਅਜ਼ਮਾਉਣ ਦਾ ਕਠੋਰ ਫੈਸਲਾ ਲਿਆ ਹੈ। ਇਸ ਵਰਤ ਵਿਚ ਸੱਚੀਂ ਮੁਚੀਂ ਕੁਝ ਨਹੀਂ ਛੱਡਣਾ ਪੈਂਦਾ, ਸਗੋਂ ਜੀਭ ਦੇ ਸਾਰੇ ਸੁਆਦ ਵੀ ਪੂਰੇ ਦੇ ਪੂਰੇ ਅਤੇ ਵਰਤ ਦਾ ਵਰਤ, ਅਖੇ 'ਨਾਲੇ ਪੁੰਨ ਨਾਲੇ ਫਲੀਆਂ।' ਇਸ ਤਰ੍ਹਾਂ ਅਸੀਂ ਵੱਡੇ ਤੋਂ ਵੱਡੇ ਵਰਤਾਰੇ ਦਾ ਰਸ ਵੀ 'ਗੁੰਗੇ ਦੇ ਗੁੜ ਖਾਣ ਵਾਂਗ' ਅੰਦਰੋ ਅੰਦਰੀ ਹੀ ਮਾਣਦੇ ਰਹਿੰਦੇ ਹਾਂ। ਦੇਸ਼ ਵਿਚਲੀ ਕੋਈ ਵੱਡੀ ਤੋਂ ਵੱਡੀ ਘਟਨਾ ਜਾਂ ਦੁਰਘਟਨਾ ਵੀ ਸਾਡਾ ਮੌਨ ਵਰਤ ਨਹੀਂ ਤੁੜਵਾ ਸਕਦੀ।

ਜਿਸ ਦਿਨ ਤੋਂ ਅਸੀਂ ਇਸ ਮੌਨ ਵਰਤ ਵਾਲੇ ਨਿਰਣੇ ਨੂੰ ਅੰਗੀਕਾਰ ਕੀਤਾ ਐ, ਸੱਚ ਜਾਣਿਓ! ਉਦਨ ਤੋਂ ਹੀ ਅਨੇਕਾਂ ਵਾਰ ਸਾਡੀ ਚੁੱਪ 'ਤੇ ਸਰਜੀਕਲ ਸਟਰਾਈਕ ਹੁੰਦੇ ਆ ਰਹੇ ਹਨ, ਪਰ ਮਜਾਲ ਐ ਅਸੀਂ ਆਪਣੀ ਚੁੱਪ ਤੋੜੀ ਹੋਵੇ। ਪਹਿਲਾਂ ਸਾਨੂੰ ਲੱਗਦਾ ਸੀ ਕਿ ਸਾਡੇ ਗੁਆਂਢੀ ਹੀ ਸਾਡੀ ਚੁੱਪ ਤੋਂ ਦੁਖੀ ਹਨ, ਪਰ ਹੁਣ ਲਗਦਾ ਹੈ ਕਿ ਨਵ-ਵਰਤਾਰਿਆਂ ਦੀ ਸੱਚੀ ਸੁੱਚੀ ਭਾਵਨਾ ਕਾਰਨ ਸਮੁੱਚਾ ਦੇਸ਼ ਹੀ ਸਾਡੀ ਚੁੱਪ ਤੋਂ ਖਫਾ ਹੈ, ਕਿਉਂਕਿ ਭਾਈ ਅਸੀਂ ਨਵ-ਵਰਤਾਰਿਆਂ ਦੇ ਸਿਰਜਕਾਂ ਦੀ ਉਸਤਤ ਸਾਧਨਾ ਨਹੀਂ ਨਾ ਕਰਦੇ। ਜੇ ਸੱਚ ਪੁੱਛੋ ਤਾਂ ਇਨ੍ਹਾਂ ਕਾਰਨਾਂ ਕਰਕੇ ਹੀ ਤਾਂ ਸਾਨੂੰ ਮੌਨ ਵਰਤ ਸੰਤਾਪ ਹੰਢਾਉਣਾ ਪੈ ਰਿਹਾ ਹੈ। ਸਾਨੂੰ ਲਗਦਾ ਹੈ ਕਿ ਸਾਡੀ ਚੁੱਪ ਦਾ ਰਾਸ਼ਟਰੀਕਰਨ ਹੋ ਗਿਆ ਹੈ। ਕਦੇ ਕਦੇ ਤਾਂ ਸਾਨੂੰ ਇਹ ਵੀ ਮਹਿਸੂਸ ਹੁੰਦਾ ਹੈ ਕਿ ਸਾਡੀ ਚੁੱਪ ਦਾ ਵਿਸ਼ਵੀਕਰਨ ਹੋ ਰਿਹਾ ਹੈ, ਹੁਣ ਤਾਂ ਬਾਹਰਲੇ ਮੁਲਕਾਂ ਵਿਚ ਵੀ ਲੰਮੇ ਲੰਮੇ ਲੇਖ ਸਾਡੀ ਚੁੱਪ ਬਾਰੇ ਹੀ ਛਪਦੇ ਹਨ। ਆਫਟਰ ਆਲ ਭਾਈ ਅਸੀਂ ਵੀ ਗਲੋਬਲ ਪਿੰਡ ਦੇ ਨਾਗਰਿਕ ਹਾਂ, ਥੋੜ੍ਹੀ ਬਹੁਤੀ ਖਬਰ ਸਾਰ ਤਾਂ ਰੱਖਣੀ ਪੈਂਦੀ ਹੈ।

ਖੈਰ! ਸਾਡੀ ਪਤਨੀ ਨੂੰ ਸਾਡੇ ਮੌਨ ਵਰਤ ਦਾ ਬਹੁਤ ਦੁੱਖ ਹੋਇਆ। ਪਹਿਲਾਂ ਸਾਡੇ ਦਰਮਿਆਨ ਟੋਕਾ-ਟਾਕੀ ਦਾ ਤੀਜਾ ਮਹਾਂ ਯੁੱਧ ਚਲਦਾ ਹੀ ਰਹਿੰਦਾ ਸੀ। ਇੱਕ-ਦੋ ਸ਼ਿਫਟਾਂ ਤਾਂ ਕਈ ਵਾਰ ਸੰਸਦੀ ਮਾਹੌਲ ਵਾਲੀਆਂ ਵੀ ਲੱਗ ਜਾਂਦੀਆਂ ਸਨ, ਪਰ ਹੁਣ ਉਸ ਦੀ ਹਾਲਤ ਤਾਂ ਬਹੁਮਤ ਨਾਲ ਜਿੱਤੀ ਪਾਰਟੀ ਵਰਗੀ ਹੋ ਗਈ ਹੈ, ਜਿਥੇ ਵਿਰੋਧ ਦੀਆਂ ਸਾਰੀਆਂ ਸੰਭਾਵਨਾਵਾਂ ਹੀ ਖਤਮ ਹੋ ਗਈਆਂ ਹੋਣ। ਉਲਟਾ ਉਸ ਨੇ ਆਪਣੇ ਨਿਰਣਿਆਂ ਤੇ ਨਤੀਜਿਆਂ ਦੇ ਮੁਲਾਂਕਣ ਪਿੱਛੋਂ ਅਨੇਕਾਂ ਵਾਰ ਸਾਡੇ ਕੋਲ ਸ਼ੀਤ ਯੁੱਧ ਦਾ ਮਤਾ ਪੇਸ਼ ਕੀਤਾ ਹੈ, ਪਰ ਅਸੀਂ ਉਸ ਦੀ ਕਿਸੇ ਗੱਲ ਦਾ ਉੱਤਰ ਨਹੀਂ ਦਿੱਤਾ, ਕਿਉਂਕਿ ਅਸੀਂ ਤਾਂ ਮੌਨ ਵਰਤ ਰੱਖਿਆ ਹੋਇਆ ਹੈ ਜੀ।

ਸਾਡੀ ਚੁੱਪ ਬਾਰੇ ਅਨੇਕਾਂ ਤਰ੍ਹਾਂ ਦੇ ਟੇਵੇ ਲੱਗਦੇ ਰਹਿੰਦੇ ਹਨ। ਅਜੇ ਕੱਲ੍ਹ ਦੀ ਹੀ ਗੱਲ ਹੈ, ਸਾਡਾ ਗੁਆਂਢੀ ਕਹਿੰਦਾ, ਕਿਵੇਂ ਬੜਬੋਲਾ ਰਾਮ ਜੀ! ਅੱਜ ਕੱਲ੍ਹ ਬੜੇ ਚੁੱਪ ਰਹਿਣ ਲੱਗ ਪਏ ਹੋ? ਅਸੀਂ ਕੀ ਦੱਸਦੇ ਕਿ ਅੰਦਰੂਨੀ ਅਤੇ ਬਾਹਰੀ ਵਰਤਾਰਿਆਂ ਦੀ ਮਹਾਂ ਕਰੋਪੀ ਕਾਰਨ ਹੀ ਸਭ ਕੁਝ ਵਾਪਰ ਰਿਹਾ ਹੈ। ਅਸੀਂ ਉਸ ਦੀ ਗੱਲ ਅਣਸੁਣੀ ਜਿਹੀ ਕਰਕੇ ਅਗਾਂਹ ਤੁਰ ਪਏ। ਨਾਲੇ ਵੈਸੇ ਵੀ ਭਾਈ ਸਿਆਣੇ ਕਹਿੰਦੇ ਆ, 'ਇੱਕ ਚੁੱਪ ਸੌ ਸੁੱਖ।' ਇਸ ਅਖਾਣ ਦੇ ਸਿਰਜਕਾਂ ਦੀ ਦੂਰ ਦ੍ਰਿਸ਼ਟੀ 'ਤੇ ਕੁਰਬਾਨ ਜਾਣ ਨੂੰ ਦਿਲ ਕਰਦਾ ਐ। ਪਤਾ ਨਹੀਂ ਉਨ੍ਹਾਂ ਨੂੰ ਕਿਵੇਂ ਨਵ-ਵਰਤਾਰਿਆਂ ਦਾ ਗਿਆਨ ਪਹਿਲਾਂ ਹੀ ਹੋ ਗਿਆ ਸੀ। ਖੈਰ, ਅਸੀਂ ਇਹ ਦੇਸੀ ਨੁਸਖਾ ਅਜ਼ਮਾ ਕੇ ਵੀ ਦੇਖ ਲਿਆ ਹੈ, ਇਸ ਅਖਾਣ ਵਿਚ ਗੱਲ ਸੋਲਾਂ ਆਨੇ ਸੱਚ ਕਹੀ ਗਈ ਹੈ। ਜਦੋਂ ਦਾ ਅਸੀਂ ਮੌਨ ਵਰਤ ਰੱਖਿਆ ਹੈ, ਸਾਨੂੰ ਆਪਣੀ ਸਲਾਮਤੀ ਲਈ ਕਿਧਰੇ ਸੁਖਣਾ ਸੁਖਣ ਦੀ ਲੋੜ ਨਹੀਂ ਪਈ, ਕਿਉਂਕਿ ਇਲਮ ਹੋ ਗਿਆ ਹੈ ਕਿ ਜਿੰਨਾ ਚਿਰ ਅਸੀਂ ਚੁੱਪ ਹਾਂ, ਉਨਾ ਚਿਰ ਅਸੀਂ ਸੁਰੱਖਿਅਤ ਹੱਥਾਂ ਵਿਚ ਹਾਂ, ਦੇਸ਼ ਪ੍ਰੇਮੀ ਹਾਂ, ਦੇਸ਼ ਭਗਤ ਹਾਂ ਤੇ ਸਭ ਤੋਂ ਵੱਧ ਦੇਸ਼ ਦੇ ਵਿਕਾਸ ਵਿਚ ਆਪਣਾ ਯੋਗਦਾਨ 'ਚੁਪ ਦਾ ਦਾਨ ਬਖਸ਼ ਕੇ' ਕਰ ਰਹੇ ਹਾਂ। ਇਧਰੋਂ ਅਸੀਂ ਆਪਣਾ ਮੂੰਹ ਨਵ-ਵਰਤਾਰਿਆਂ ਦੇ ਵਿਰੋਧ ਵਿਚ ਖੋਲ੍ਹਿਆ ਨਹੀਂ, ਉਧਰੋਂ ਹਮਲੇ ਹੋਣੇ ਸ਼ੁਰੂ ਹੋਏ ਨਹੀਂ ਕਿ ਇਹ ਰਾਸ਼ਟਰ ਵਿਰੋਧੀ ਹੈ, ਦੇਸ਼ ਦੇ ਵਿਕਾਸ ਵਿਚ ਰੁਕਾਵਟ ਪਾਉਂਦਾ ਹੈ; ਹੋਰ ਨਹੀਂ ਤਾਂ ਸਾਨੂੰ ਨਕਸਲੀ ਕਹਿਣਾ ਹੀ ਸ਼ੁਰੂ ਕਰ ਦੇਣਗੇ। ਭਾਵੇਂ ਅਸੀਂ ਮਹਾਤਮਾ ਗਾਂਧੀ ਦੇ ਸ਼ਾਂਤੀ ਸੰਦੇਸ਼ ਤੋਂ ਬੇਹੱਦ ਪ੍ਰਭਾਵਿਤ ਅਤੇ ਪ੍ਰੇਰਿਤ ਹਾਂ, ਪਰ ਸੱਚ ਜਾਣਿਓ! ਹੁਣ ਅਸੀਂ ਸ਼ਾਂਤੀ ਦਾ ਪ੍ਰਚਾਰ ਵੀ ਕਰਨਾ ਛੱਡ ਦਿੱਤਾ ਐ, ਨਹੀਂ ਤਾਂ ਕੀ ਪਤੈ ਕਿਹੜੇ ਵੇਲੇ ਕਿਧਰੋਂ ਸਾਨੂੰ ਕੋਈ ਪਾਕਿਸਤਾਨ ਘੱਲਣ ਦਾ ਫਤਵਾ ਜਾਰੀ ਕਰ ਦੇਵੇ। ਇਸੇ ਲਈ ਭਾਈ ਅਸੀਂ ਮੌਨ ਵਰਤ ਰੱਖਿਆ ਹੋਇਆ ਹੈ, ਪਰ ਮੌਨ ਵਰਤ ਰੱਖਣ ਨਾਲ ਸਾਡੀ ਸੂਖਮ ਦ੍ਰਿਸ਼ਟੀ ਵਿਚ ਢੇਰ ਵਾਧਾ ਹੋਇਆ ਹੈ। ਹੁਣ ਅਸੀਂ ਥਾਂ ਥਾਂ 'ਤੇ ਲੱਗੇ ਸਰਕਾਰੀ ਬੋਰਡਾਂ ਦੇ ਅਰਥਾਂ ਨੂੰ ਖੂਬ ਸਮਝਦੇ ਹਾਂ; ਮਸਲਨ 'ਬਚਾਓ ਵਿਚ ਹੀ ਬਚਾਓ', 'ਆਪਣੀ ਸੁਰੱਖਿਆ ਪਰਿਵਾਰ ਦੀ ਰੱਖਿਆ' ਆਦਿ।

ਤੁਸੀਂ ਕਹੋਗੇ ਕਿ ਅਸੀਂ ਬੜੀਆਂ ਸਵੈ-ਵਿਰੋਧੀ ਗੱਲਾਂ ਕਰ ਰਹੇ ਹਾਂ! ਓ ਭਾਈ! ਜਦੋਂ ਇਹ ਯੁਗ ਹੀ ਸਵੈ-ਵਿਰੋਧੀ ਵਿਚਾਰਧਾਰਾ ਦਾ ਹੈ ਤਾਂ ਅਸੀਂ ਕਿਵੇਂ ਇਸ ਤੋਂ ਮੁਕਤ ਰਹਿ ਸਕਦੇ ਹਾਂ! ਪਰ ਅਸੀਂ ਆਪਣੀ ਸੂਖਮ ਦ੍ਰਿਸ਼ਟੀ ਨਾਲ ਤੁਹਾਡੇ ਅਗਲੇ ਸੁਆਲ ਨੂੰ ਵੀ ਜਾਣ ਲਿਆ ਹੈ ਕਿ ਤੁਸੀਂ ਕੀ ਪੁੱਛਣ ਵਾਲੇ ਹੋ। ਓ ਮਹਾਰਾਜ! ਭੁੱਲ ਗਏ ਅਸੀਂ ਤਾਂ ਮੌਨ ਵਰਤ ਰੱਖਿਆ ਹੋਇਆ ਹੈ।

ਪੰਜਾਬ ਟਾਈਮਜ਼

ਸਨਿਚਰਵਾਰ, 20 ਅਪਰੈਲ 2019

## ਸਾਕਾ ਜੱਲ੍ਹਿਆਂਵਾਲਾ ਤੇ ਚੋਣਾਂ

ਇਹ ਮਹਿਜ਼ ਇਤਫਾਕ ਹੈ ਕਿ ਜੱਲ੍ਹਿਆਂਵਾਲਾ ਬਾਗ ਸਾਕੇ ਦੀ ਸ਼ਤਾਬਦੀ ਭਾਰਤ ਦੀਆਂ ਲੋਕ ਸਭਾ ਚੋਣਾਂ ਦੇ ਦਿਨੀਂ ਆਈ ਹੈ। ਇਸੇ ਕਰਕੇ ਜੱਲ੍ਹਿਆਂਵਾਲੇ ਬਾਗ ਦੇ ਸਮਾਗਮਾਂ ਉਤੇ ਵੀ ਸਿਆਸਤ ਦਾ ਪੂਰਾ ਰੰਗ ਚੜ੍ਹ ਗਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਜੋ ਪੁਰਾਣੀ ਰੀਤ ਅਨੁਸਾਰ, ਜੱਲ੍ਹਿਆਂਵਾਲਾ ਬਾਗ ਟਰਸਟ ਦੇ ਮੁਖੀ ਵੀ ਹਨ, ਉਸ ਦਿਨ ਅੰਮ੍ਰਿਤਸਰ ਵਿਚ ਹੋਏ ਸਮਾਗਮ ਵਿਚ ਖੁਦ ਤਾਂ ਸ਼ਾਮਿਲ ਨਹੀਂ ਹੋਏ, ਪਰ ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਇਸ ਸਮਾਗਮ ਵਿਚ ਗੈਰ ਹਾਜ਼ਰੀ 'ਤੇ ਇਤਰਾਜ਼ ਕਰਦਿਆਂ ਇਹ ਊਜ ਲਾ ਛੱਡੀ ਕਿ ਕੈਪਟਨ ਉਸ ਦਿਨ ਆਪਣੀ ਪਾਰਟੀ ਦੇ ਮੁਖੀ ਦੀ 'ਪਰਿਵਾਰ ਭਗਤੀ' ਵਿਚ ਮਸਰੂਫ ਸਨ। ਇਹ ਪਹਿਲੀ ਵਾਰ ਨਹੀਂ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ ਤੱਥਾਂ ਨੂੰ ਤੋੜ-ਮਰੋੜ ਕੇ ਆਪਣੇ ਹਿਸਾਬ ਨਾਲ ਵਰਤਣ ਦਾ ਯਤਨ ਕੀਤਾ ਹੈ, ਸੋਸ਼ਲ ਮੀਡੀਏ ਉਤੇ ਅਜਿਹੀਆਂ ਬੇਸ਼ੁਮਾਰ ਵੀਡੀਓ ਪਈਆਂ ਹਨ, ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਕਿਸ ਤਰ੍ਹਾਂ ਆਪਣੀ ਮਰਜ਼ੀ ਨਾਲ ਤੱਥਾਂ ਵਿਚ ਹੇਰ-ਫੇਰ ਕਰਦਾ ਹੈ ਅਤੇ ਝੂਠ ਨੂੰ ਸੱਚ ਬਣਾ ਕੇ ਪੇਸ਼ ਕਰਦਾ ਹੈ। ਜਰਮਨ ਦੇ ਤਾਨਾਸ਼ਾਹ ਅਡੋਲਫ ਹਿਟਲਰ ਦਾ ਪ੍ਰਾਪੇਗੰਡਾ ਮੰਤਰੀ ਅਕਸਰ ਕਿਹਾ ਕਰਦਾ ਸੀ ਕਿ ਕਿਸੇ ਝੂਠ ਨੂੰ ਸੌ ਵਾਰ ਬੋਲ ਦਿਉ, ਇਹ ਸੱਚ ਦਾ ਭੁਲੇਖਾ ਪਾ ਦੇਵੇਗਾ। ਪ੍ਰਧਾਨ ਮੰਤਰੀ ਅਤੇ ਉਸ ਦੀ ਪਾਰਟੀ ਦੇ ਆਗੂ ਤੇ ਕਾਰਕੁਨ ਹੁਣ ਇਸੇ ਨੀਤੀ ਉਤੇ ਚੱਲ ਰਹੇ ਹਨ ਅਤੇ ਉਨ੍ਹਾਂ ਦੀ ਇਸ ਨੀਤੀ ਨੂੰ ਲਾਗੂ ਕਰਨ ਵਿਚ ਮੀਡੀਆ ਦਾ ਇਕ ਵੱਡਾ ਹਿੱਸਾ ਆਪਣਾ 'ਯੋਗਦਾਨ' ਪਾ ਰਿਹਾ ਹੈ। ਸਰਕਾਰ ਦੇ ਪੱਖ ਵਿਚ ਹਰ ਹਾਲ ਤੇ ਹਰ ਹੀਲੇ ਭੁਗਤ ਰਿਹਾ ਇਹ ਮੀਡੀਆ, ਸੱਤਾਧਾਰੀਆਂ ਦੇ ਹੱਕ 'ਚ ਰਾਏ ਬਣਾਉਣ 'ਚ ਤਕੜੀ ਭੂਮਿਕਾ ਨਿਭਾ ਰਿਹਾ ਹੈ।

ਅਸਲ ਵਿਚ, ਚੋਣਾਂ ਦੇ ਇਸ ਘੜਮੱਸ ਵਿਚ ਜੱਲ੍ਹਿਆਂਵਾਲੇ ਬਾਗ ਬਾਰੇ ਜੋ ਗੱਲਾਂ ਅਤੇ ਤੱਥ ਨਿਤਾਰੇ ਜਾਣੇ ਚਾਹੀਦੇ ਸਨ, ਉਸ ਪਾਸਿਓਂ ਪੰਜਾਬੀ ਖੁੰਝ ਗਏ ਹਨ। ਜੱਲ੍ਹਿਆਂਵਾਲੇ ਬਾਗ ਦੇ ਸਾਕੇ ਨੂੰ ਅੱਜ ਦੇ ਹਾਲਾਤ ਨਾਲ ਜੋੜ ਕੇ ਕੁਝ ਨੁਕਤੇ ਉਭਾਰਨ ਦਾ ਯਤਨ ਮੀਡੀਏ ਵਿਚ ਕਿਤੇ-ਕਿਤੇ ਹੋਇਆ ਤਾਂ ਜ਼ਰੂਰ ਹੈ ਪਰ ਇਹ ਜ਼ਿਕਰ ਇੰਨਾ ਛੋਟਾ ਅਤੇ ਘੱਟ ਅਸਰਦਾਰ ਸੀ/ਹੈ ਕਿ ਇਸ ਸਬੰਧੀ ਹੋਏ ਸਮਾਗਮ, ਪਹਿਲਾਂ ਆਈਆਂ ਅਜਿਹੀਆਂ ਹੋਰ ਸ਼ਤਾਬਦੀਆਂ ਦੇ ਸਮਾਗਮਾਂ ਵਾਂਗ ਲੰਘ ਗਏ ਹਨ। ਜੱਲ੍ਹਿਆਂਵਾਲਾ ਬਾਗ ਸਾਕੇ ਦਾ ਮੁੱਖ ਕਾਰਨ ਰੌਲਟ ਐਕਟ ਬਣਿਆ ਸੀ, ਜਿਸ ਦਾ ਵਿਰੋਧ ਉਸ ਵਕਤ ਪੰਜਾਬ ਦੇ ਲੋਕਾਂ ਨੇ ਡਟ ਕੇ ਕੀਤਾ ਸੀ ਅਤੇ ਇਸ ਨੂੰ ਸਮੁੱਚੇ ਭਾਰਤ ਦੀ ਹਮਾਇਤ ਹਾਸਲ ਹੋਈ ਸੀ। ਆਜ਼ਾਦੀ ਤੋਂ ਬਾਅਦ 'ਟਾਡਾ', 'ਪੋਟਾ' ਤੇ 'ਯੂ. ਏ. ਪੀ. ਏ.' ਵਰਗੇ ਕਾਨੂੰਨ ਬਣੇ, ਜੋ ਕਿਸੇ ਵੀ ਲਿਹਾਜ਼ ਨਾਲ ਰੌਲਟ ਐਕਟ ਨਾਲੋਂ ਘੱਟ ਨਹੀਂ। ਵਿਚਾਰਨ ਵਾਲਾ ਨੁਕਤਾ ਇਹ ਹੈ ਕਿ ਅੰਗਰੇਜ਼ਾਂ ਦੇ ਜ਼ਮਾਨੇ ਵਾਲੇ ਕਾਨੂੰਨ ਆਪਣਾ ਰੂਪ ਬਦਲ ਕੇ ਅੱਜ ਤੱਕ ਲੋਕਾਂ ਦਾ ਪਿੱਛਾ ਕਰ ਰਹੇ ਹਨ ਅਤੇ ਆਪੋ-ਆਪਣੇ ਹੱਕਾਂ ਤੇ ਮੰਗਾਂ ਲਈ ਜੂਝਣ ਵਾਲਿਆਂ ਨੂੰ ਜੇਲ੍ਹਾਂ ਅੰਦਰ ਡੱਕਿਆ ਜਾ ਰਿਹਾ ਹੈ। ਇਸ ਪ੍ਰਸੰਗ ਵਿਚ ਮਾੜੀ ਗੱਲ ਇਹ ਵੀ ਹੋਈ ਹੈ ਕਿ ਅਜਿਹੇ ਕਾਲੇ ਕਾਨੂੰਨਾਂ ਖਿਲਾਫ ਮੀਡੀਏ ਅੰਦਰ ਅਤੇ ਸਿਆਸੀ ਪੱਧਰ ਉਤੇ ਜੋ ਲਾਮਬੰਦੀ ਹੋਣੀ ਚਾਹੀਦੀ ਸੀ, ਉਹ ਸੰਭਵ ਹੀ ਨਹੀਂ ਹੋ ਸਕੀ ਹੈ। ਸਿੱਟੇ ਵਜੋਂ ਲੋਕਾਂ ਲਈ ਜੂਝਣ ਵਾਲੇ ਲੋਕ ਲਗਾਤਾਰ ਦਰੜੇ ਜਾ ਰਹੇ ਹਨ।

ਉਂਜ, ਨਿਰਾਸ਼ ਕਰਨ ਵਾਲੀਆਂ ਇਨ੍ਹਾਂ ਖਬਰਾਂ ਦੇ ਨਾਲ-ਨਾਲ ਕਿਤੇ-ਕਿਤੇ ਖੁਸ਼ਖਬਰ ਖਬਰਾਂ ਵੀ ਆਈਆਂ ਹਨ। ਪੰਜਾਬ ਦੇ ਲੋਕ ਸਭਾ ਹਲਕੇ ਖਡੂਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦੀ ਟਿਕਟ 'ਤੇ ਮੈਦਾਨ ਵਿਚ ਨਿੱਤਰੇ ਸਾਬਕਾ ਜਨਰਲ ਜੇ. ਜੇ. ਸਿੰਘ ਬੀਬੀ ਪਰਮਜੀਤ ਕੌਰ ਖਾਲਸਾ ਦੇ ਹੱਕ ਵਿਚ ਬੈਠ ਗਏ ਹਨ ਅਤੇ ਇਸ ਨਾਲ ਬੀਬੀ ਖਾਲੜਾ ਦੀ ਚੋਣ ਮੁਹਿੰਮ ਨੂੰ ਹੁਲਾਰਾ ਮਿਲਿਆ ਹੈ। ਇਸ ਹਲਕੇ ਉਤੇ ਜਿੱਤ-ਹਾਰ ਦਾ ਫੈਸਲਾ ਤਾਂ ਅਜੇ ਬਾਅਦ ਵਿਚ ਹੋਣਾ ਹੈ, ਪਰ ਬੀਬੀ ਖਾਲੜਾ ਦੇ ਹੱਕ ਵਿਚ ਇਕ ਸਹਿਮਤੀ ਜ਼ਰੂਰ ਬਣ ਰਹੀ ਹੈ ਕਿ ਮਨੁੱਖੀ ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਾਲਿਆਂ ਨੂੰ ਜਿਤਾ ਕੇ ਦੇਸ਼ ਦੀ ਸੰਸਦ ਵਿਚ ਜ਼ਰੂਰ ਭੇਜਣਾ ਚਾਹੀਦਾ ਹੈ। ਇਸ ਤਰ੍ਹਾਂ ਦਾ ਮਾਹੌਲ 1989 ਵਾਲੀਆਂ ਚੋਣਾਂ ਵੇਲੇ ਵੀ ਬਣਿਆ ਸੀ, ਪਰ ਉਸ ਵਕਤ ਜਿੱਤੇ ਆਗੂ ਮੁੱਦਿਆਂ ਨੂੰ ਨਿਤਾਰ ਕੇ ਦੇਸ਼ ਦੇ ਸਾਹਮਣੇ ਰੱਖਣ ਤੋਂ ਖੁੰਝ ਗਏ ਸਨ। ਬੀਬੀ ਖਾਲੜਾ ਦੇ ਹੱਕ ਵਿਚ ਇਹ ਤੱਥ ਜਾਂਦਾ ਹੈ ਕਿ ਉਹ ਘੱਟੋ-ਘੱਟ ਖੁਦ, ਲਗਾਤਾਰ ਉਠਾਏ ਜਾ ਰਹੇ ਮਸਲੇ ਬਾਰੇ ਐਨ ਸਪਸ਼ਟ ਹਨ।

ਇਸੇ ਤਰ੍ਹਾਂ ਦਾ ਮਾਹੌਲ ਬਿਹਾਰ ਦੇ ਹਲਕੇ ਬੇਗੂਸਰਾਏ ਤੋਂ ਬਣਨ ਦੀ ਸੂਹ ਹੈ। ਉਥੋਂ ਨੌਜਵਾਨ ਕਮਿਊਨਿਸਟ ਨੇਤਾ ਕਨ੍ਹੱਈਆ ਕੁਮਾਰ ਚੋਣ ਲੜ ਰਿਹਾ ਹੈ। ਕਨ੍ਹੱਈਆ ਕੁਮਾਰ ਦਿੱਲੀ ਦੀ ਜਵਾਹਰ ਲਾਲ ਯੂਨੀਵਰਸਿਟੀ ਵਿਚ ਪੜ੍ਹਦੇ ਉਨ੍ਹਾਂ ਜੁਝਾਰੂ ਵਿਦਿਆਰਥੀਆਂ ਵਿਚੋਂ ਇਕ ਹੈ, ਜਿਨ੍ਹਾਂ ਨੇ ਹਿੰਦੂਤਵੀ ਤਾਕਤਾਂ ਦੀਆਂ ਵਧੀਕੀਆਂ ਖਿਲਾਫ ਆਵਾਜ਼ ਬੁਲੰਦ ਕੀਤੀ ਸੀ ਅਤੇ ਸਮੁੱਚੇ ਦੇਸ਼ ਵਿਚ ਸੰਘਰਸ਼ ਦਾ ਉਭਰਵਾਂ ਚਿਹਰਾ ਬਣ ਗਿਆ ਸੀ। ਭਾਰਤ ਵਿਚ ਇਸ ਵੇਲੇ ਚੋਣ ਸਿਆਸਤ ਦਾ ਜੋ ਹਾਲ ਹੈ, ਉਸ ਤੋਂ ਕਿਸੇ ਵੱਡੀ, ਸਿਫਤੀ ਤਬਦੀਲੀ ਦੀ ਆਸ ਤਾਂ ਫਿਲਹਾਲ ਨਹੀਂ ਰੱਖੀ ਜਾ ਸਕਦੀ, ਪਰ ਇਹ ਨੁਕਤਾ ਵੀ ਵਿਚਾਰਨ ਯੋਗ ਹੈ ਕਿ ਪਰਮਜੀਤ ਕੌਰ ਖਾਲੜਾ ਅਤੇ ਕਨ੍ਹੱਈਆ ਕੁਮਾਰ ਵਰਗੇ ਲੋਕ, ਰਵਾਇਤੀ ਸਿਆਸਤ ਦੇ ਬਰਾਬਰ ਇਕ ਬਿਰਤਾਂਤ ਤਾਂ ਸਿਰਜ ਹੀ ਸਕਦੇ ਹਨ। ਇਨ੍ਹਾਂ ਦੋਹਾਂ ਆਗੂਆਂ ਨੇ ਆਪੋ-ਆਪਣੇ ਖੇਤਰਾਂ ਵਿਚ ਸਰਗਰਮੀ ਕਰਕੇ ਅਜਿਹਾ ਆਪਣੇ-ਆਪਣੇ ਵਿਤ ਅਨੁਸਾਰ ਕੀਤਾ ਵੀ ਹੈ, ਸਗੋਂ ਇਹ ਆਖਣਾ ਵਧੇਰੇ ਵਾਜਿਬ ਹੋਵੇਗਾ ਕਿ ਇਨ੍ਹਾਂ ਨੂੰ ਇਨ੍ਹਾਂ ਦੀ ਇਸੇ ਸਰਗਰਮੀ ਕਰਕੇ ਹੀ ਚੋਣ ਮੈਦਾਨ ਵਿਚ ਜੂਝਣ ਦਾ ਮੌਕਾ ਮਿਲਿਆ ਹੈ। ਜੇ ਚੋਣਾਂ ਦੀ ਆਪਾ-ਧਾਪੀ ਵਾਲੀ ਸਿਆਸਤ ਵਿਚੋਂ ਅਜਿਹੇ ਲੀਡਰ ਦੇਸ਼ ਦੀ ਸੰਸਦ ਵਿਚ ਪਹੁੰਚਣ ਵਿਚ ਕਾਮਯਾਬ ਰਹਿੰਦੇ ਹਨ ਤਾਂ ਇਸ ਨੂੰ ਵੀ ਸ਼ੁਭ ਸ਼ਗਨ ਹੀ ਮੰਨਣਾ ਚਾਹੀਦਾ ਹੈ। ਇਸ ਨਾਲ ਸਾਰਥਕ ਸਿਆਸਤ ਦੀ ਗੱਲ ਅਗਾਂਹ ਤੁਰੇਗੀ ਤੇ ਫਿਰ ਜੱਲ੍ਹਿਆਂਵਾਲੇ ਸਾਕੇ ਜਿਹੇ ਕਾਂਡਾਂ ਨੂੰ ਅੱਜ ਨਾਲ ਜੋੜ ਕੇ ਲਾਮਬੰਦੀ ਕੀਤੀ ਜਾ ਸਕੇਗੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਚੋਰਾਂ 'ਚੋਂ ਚੰਗਾ ਚੋਰ?

ਕਾਂਵਾਂ ਰੌਲੀ ਹੀ ਚੋਣ ਪ੍ਰਚਾਰ ਸਮਝੋ, ਮੈਨੀਫੈਸਟੋ ਗੱਪਾਂ ਦੀ ਬੁੱਕ ਜਾਣੋ।
ਮੋਹਰੇ ਚੋਣਾਂ ਦੇ ਕਰੀ 'ਘਰ ਵਾਪਸੀ' ਨੂੰ, ਮੁੜ ਕੇ ਚੱਟਿਆ ਸੁੱਟਿਆ ਥੁੱਕ ਜਾਣੋ।
'ਮਾਲ' ਪਹੁੰਚਦਾ ਕਰੇ ਪ੍ਰਧਾਨ ਕੋਲੇ, ਮਿਲਦਾ ਉਸੇ ਨੂੰ ਟਿਕਟ ਦਾ ਟੁੱਕ ਜਾਣੋ।
ਚੜ੍ਹਿਆ ਸਿਰੇ ਨਾ ਹੰਭਲਾ ਕੋਈ ਸਾਡਾ, ਕਿਸੇ 'ਬਦਲ' ਦੀ ਆਸ ਗਈ ਮੁੱਕ ਜਾਣੋ।
ਨੱਥ ਪਵੇ ਨਾ ਜਦੋਂ ਲੁਟੇਰਿਆਂ ਨੂੰ, ਲੱਗੇ ਚੋਰਾਂ 'ਤੇ ਪੈ ਰਿਹਾ ਮੋਰ ਚੰਗਾ।
ਵੋਟਤੰਤਰ ਦਾ ਅਰਥ ਹੁਣ ਰਹਿ ਗਿਆ ਏ, ਚੁਣਨਾ ਚੋਰਾਂ 'ਚੋਂ ਜਾਪੇ ਕੋਈ ਚੋਰ ਚੰਗਾ!


### ਜੂਲੀਅਨ ਅਸਾਂਜ ਦੀ ਗ੍ਰਿਫਤਾਰੀ

# ਜਮਹੂਰੀਅਤ ਦਾ ਭਰਮ ਬਨਾਮ ਫਾਸ਼ੀਵਾਦ

*ਸਲੋਵੇਨੀਅਨ ਫਿਲਾਸਫਰ ਅਤੇ ਆਲਮੀ ਪ੍ਰਸਿਧੀ ਵਾਲੇ ਖੱਬੇ ਪੱਖੀ ਚਿੰਤਕ ਸਲਾਵੋਜ ਜ਼ਿਜ਼ੈਕ ਨੇ ਜੂਲੀਅਨ ਅਸਾਂਜ ਦੀ ਹਾਲੀਆ ਗ੍ਰਿਫਤਾਰੀ 'ਤੇ ਟਿੱਪਣੀ ਕੀਤੀ ਹੈ। ਅਸਾਂਜ ਆਸਟਰੇਲੀਅਨ ਪੱਤਰਕਾਰ, ਕੰਪਿਊਟਰ ਪ੍ਰੋਗਰਾਮਰ ਅਤੇ ਵਿਕੀਲੀਕਸ ਦੇ ਬਾਨੀ ਤੇ ਨਿਰਦੇਸ਼ਕ ਹਨ, ਜਿਸ ਨੇ 2010 ਵਿਚ ਸਾਬਕਾ ਅਮਰੀਕਨ ਮਿਲਟਰੀ ਪ੍ਰੋਫੈਸ਼ਨਲ ਚੈਲਸੀਆ ਮੈਨਿੰਗ ਵਲੋਂ ਮੁਹੱਈਆ ਕਰਵਾਏ 7,50,000 ਸੰਵੇਦਨਸ਼ੀਲ ਫੌਜੀ ਅਤੇ ਡਿਪਲੋਮੈਟਿਕ ਦਸਤਾਵੇਜ਼ ਲੜੀਵਾਰ ਛਾਪਣ ਦਾ ਸਿਲਸਿਲਾ ਸ਼ੁਰੂ ਕਰਕੇ ਅਮਰੀਕਨ ਸਾਮਰਾਜੀ ਸਲਤਨਤ ਅਤੇ ਉਸ ਦੇ ਜੋਟੀਦਾਰ ਰਾਜਾਂ ਦੇ ਜੰਗੀ ਜੁਰਮਾਂ, ਮਨੁੱਖੀ ਹੱਕਾਂ ਦੀਆਂ ਉਲੰਘਣਾਵਾਂ ਅਤੇ ਭ੍ਰਿਸ਼ਟਾਚਾਰ ਦੀ ਪੋਲ ਖੋਲ੍ਹੀ ਸੀ। ਆਪਣੇ ਬਚਾਓ ਲਈ ਅਸਾਂਜ ਨੇ ਅਗਸਤ 2012 ਤੋਂ ਲੰਡਨ ਸਥਿਤ ਇਕੁਆਡੋਰ ਦੇ ਦੂਤਾਵਾਸ ਵਿਚ ਪਨਾਹ ਲਈ ਹੋਈ ਸੀ। ਜ਼ਿਜ਼ੈਕ ਦੀ ਇਸ ਘਟਨਾਕ੍ਰਮ ਬਾਰੇ ਟਿੱਪਣੀ ਦਾ ਪੰਜਾਬੀ ਅਨੁਵਾਦ ਪੇਸ਼ ਹੈ। -ਸੰਪਾਦਕ*

ਆਖਿਰਕਾਰ ਉਹੀ ਹੋਇਆ ਜਿਸ ਦਾ ਸੰਸਾ ਸੀ - ਜੂਲੀਅਨ ਅਸਾਂਜ ਨੂੰ ਇਕੁਆਡੋਰ ਦੇ ਦੂਤਾਵਾਸ ਤੋਂ ਘੜੀਸ ਕੇ ਬਾਹਰ ਲਿਆਂਦਾ ਗਿਆ ਅਤੇ ਗ੍ਰਿਫਤਾਰ ਕਰ ਲਿਆ ਗਿਆ। ਇਸ ਵਿਚ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ। ਲੰਮੇ ਸਮੇਂ ਤੋਂ ਇਸ ਦੇ ਸੰਕੇਤ ਮਿਲ ਰਹੇ ਸਨ।

ਹਫਤੇ ਦੋ ਹਫਤੇ ਪਹਿਲਾਂ ਵਿਕੀਲੀਕਸ ਨੇ ਉਸ ਦੀ ਗ੍ਰਿਫਤਾਰੀ ਦਾ ਅਗਾਊਂ ਅਨੁਮਾਨ ਲਗਾ ਲਿਆ ਸੀ ਅਤੇ ਇਕੁਆਡੋਰ ਦੇ ਵਿਦੇਸ਼ ਮੰਤਰਾਲੇ ਨੇ ਇਸ ਉਪਰ ਜੋ ਪ੍ਰਤੀਕਰਮ ਦਿੱਤਾ, ਅੱਜ ਅਸੀਂ ਸਾਰੇ ਜਾਣਦੇ ਹਾਂ, ਉਹ ਕੋਰਾ ਝੂਠ ਸੀ। ਇਸ ਖੇਡ ਵਿਚ ਚੈਲਸੀਆ ਮੈਨਿੰਗ ਦੀ ਹਾਲੀਆ ਗ੍ਰਿਫਤਾਰੀ ਇਕ ਹੋਰ ਪਹਿਲੂ ਹੈ (ਜਿਸ ਨੂੰ ਮੋਟੇ ਤੌਰ 'ਤੇ ਮੀਡੀਆ ਨੇ ਅਣਡਿੱਠ ਕੀਤਾ ਹੈ)। ਉਸ ਨੂੰ ਵਿਕੀਲੀਕਸ ਨਾਲ ਉਸ ਦੇ ਰਿਸ਼ਤਿਆਂ ਦੇ ਬਾਰੇ ਜਾਣਕਾਰੀ ਉਗਲਾਉਣ ਲਈ ਹਿਰਾਸਤ ਵਿਚ ਲਿਆ ਗਿਆ ਹੈ। ਅਸਾਂਜ ਜੇ



**ਸਲਾਵੋਜ ਜ਼ਿਜ਼ੈਕ**
**ਅਨੁਵਾਦ: ਬੂਟਾ ਸਿੰਘ**

(ਤੇ ਜਦੋਂ ਵੀ) ਅਮਰੀਕਾ ਦੇ ਹੱਥ ਲੱਗ ਗਿਆ, ਉਸ ਦੇ ਖਿਲਾਫ ਮੁਕੱਦਮੇ ਵਿਚ ਮੈਨਿੰਗ ਦੇ ਬਿਆਨ ਦਾ ਇਸਤੇਮਾਲ ਕੀਤਾ ਜਾਵੇਗਾ।

ਇਸ ਗ੍ਰਿਫਤਾਰੀ ਦੇ ਸੰਕੇਤ ਪਿਛਲੇ ਲੰਮੇ ਸਮੇਂ ਤੋਂ ਅਸਾਂਜ ਦੀ ਗਿਣੀ-ਮਿਥੀ ਕਿਰਦਾਰਕੁਸ਼ੀ ਦੀ ਮੁਹਿੰਮ ਤੋਂ ਵੀ ਮਿਲ ਰਹੇ ਸਨ। ਇਹ ਦੁਸ਼ਟ ਮੁਹਿੰਮ ਕੁਝ ਮਹੀਨੇ ਪਹਿਲਾਂ ਇਸ ਹੱਦ ਤਕ ਨਿਘਰ ਗਈ ਸੀ ਕਿ ਕਲਪਨਾ ਨਹੀਂ ਕੀਤੀ ਜਾ ਸਕਦੀ। ਜਦੋਂ ਉਨ੍ਹਾਂ ਇਹ ਅਪੁਸ਼ਟ ਅਫਵਾਹਾਂ ਫੈਲਾਈਆਂ ਕਿ ਉਸ ਦੇ ਜਿਸਮ ਤੋਂ ਆ ਰਹੀ ਬਦਬੂ ਅਤੇ ਮੈਲੇ ਕੱਪੜਿਆਂ ਕਾਰਨ ਇਕੁਆਡੋਰ ਉਸ ਤੋਂ ਨਿਜਾਤ ਪਾਉਣਾ ਚਾਹੁੰਦਾ ਹੈ।

ਅਸਾਂਜ ਖਿਲਾਫ ਹਮਲਿਆਂ ਦੇ ਪਹਿਲੇ ਪੜਾਅ ਵਿਚ ਉਨ੍ਹਾਂ ਦੇ ਸਾਬਕਾ ਦੋਸਤਾਂ ਅਤੇ ਸਹਿਯੋਗੀਆਂ ਨੇ ਜਨਤਕ ਤੌਰ 'ਤੇ ਦਾਅਵਾ ਕੀਤਾ ਕਿ ਵਿਕੀਲੀਕਸ ਦੀ ਸ਼ੁਰੂਆਤ ਤਾਂ ਸਹੀ ਹੋਈ ਸੀ ਲੇਕਿਨ ਅਸਾਂਜ ਦਾ ਪਤਨ ਉਸ ਦੇ ਸਿਆਸੀ ਪੱਖਪਾਤ ਕਾਰਨ ਹੋਇਆ (ਅਸਾਂਜ ਦੇ ਹਿਲੇਰੀ ਵਿਰੋਧੀ ਵਿਚਾਰ, ਰੂਸ ਨਾਲ ਉਸ ਦੇ ਸ਼ੱਕੀ ਰਿਸ਼ਤੇ ਵਗੈਰਾ)। ਇਸ ਤੋਂ ਬਾਅਦ ਉਸ ਉਪਰ ਸਿੱਧੇ ਇਲਜ਼ਾਮ ਮੜ੍ਹੇ ਗਏ: ਉਹ ਸਨਕੀ ਤੇ ਪਾਗਲ ਹੈ; ਉਸ ਨੂੰ ਸੱਤਾ ਅਤੇ ਕੰਟਰੋਲ ਦੀ ਖਬਤ ਹੈ।

ਅਸਾਂਜ, ਤੇ ਸਨਕੀ? ਜਦੋਂ ਤੁਸੀਂ ਲਗਾਤਾਰ ਇਕ ਐਸੇ ਅਪਾਰਟਮੈਂਟ ਵਿਚ ਰਹਿ ਰਹੇ ਹੋ ਜਿਥੇ ਚਾਰੇ ਪਾਸੇ ਤੁਹਾਡੀ ਜਾਸੂਸੀ ਕੀਤੀ ਜਾ ਰਹੀ ਹੋਵੇ, ਲਗਾਤਾਰ ਤੁਹਾਡੇ ਉਪਰ ਖੁਫੀਆ ਏਜੰਸੀਆਂ ਨਜ਼ਰ ਰੱਖ ਰਹੀਆਂ ਹੋਣ, ਤਾਂ ਕੌਣ ਸਨਕੀ ਨਹੀਂ ਬਣੇਗਾ? ਪਾਗਲ ਜਨੂੰਨੀ? ਜਦੋਂ ਸੀ.ਆਈ.ਏ. ਦਾ ਮੁਖੀ (ਹੁਣ ਸਾਬਕਾ) ਕਹਿ ਰਿਹਾ ਹੋਵੇ ਕਿ ਤੁਹਾਡੀ ਗ੍ਰਿਫਤਾਰੀ ਉਸ ਦੀ ਤਰਜੀਹ ਹੈ, ਤਾਂ ਕੀ ਇਸ ਦਾ ਭਾਵ ਇਹ ਨਹੀਂ ਹੁੰਦਾ ਕਿ ਤੁਸੀਂ ਘੱਟੋ-ਘੱਟ ਕੁਝ ਲੋਕਾਂ ਲਈ ਤਾਂ 'ਵੱਡਾ' ਖਤਰਾ ਹੋ? ਕਿਸੇ ਖੁਫੀਆ ਸੰਸਥਾ ਦੇ ਜਾਸੂਸ ਵਰਗਾ ਵਿਹਾਰ? ਲੇਕਿਨ ਵਿਕੀਲੀਕਸ ਤਾਂ ਵਾਕਈ ਜਾਸੂਸੀ ਸੰਸਥਾ ਹੈ; ਫਰਕ ਬਸ ਇੰਨਾ ਕੁ ਹੈ ਕਿ ਉਹ ਜਨਤਾ ਦੇ ਹਿਤ ਵਿਚ ਹੈ, ਲੋਕਾਂ ਨੂੰ ਇਹ ਦੱਸਣ ਲਈ ਕੰਮ ਕਰਦਾ ਹੈ ਕਿ ਉਨ੍ਹਾਂ ਦੀ ਪਿੱਠ ਪਿੱਛੇ ਕੀ ਹੋ ਰਿਹਾ ਹੈ।

ਹੁਣ ਰਤਾ ਜ਼ਰੂਰੀ ਸਵਾਲ ਵੱਲ ਆਉਂਦੇ ਹਾਂ: ਆਖਿਰ ਹੁਣ ਹੀ ਕਿਉਂ? ਮੇਰੇ ਖਿਆਲ ਅਨੁਸਾਰ ਇਸ ਸਭ ਦੇ ਪਿੱਛੇ ਕੇਵਲ ਇਕ ਨਾਮ ਹੈ: ਕੈਂਬਰਿਜ ਐਨਾਲਿਟਿਕਾ - ਇਹ ਨਾਮ ਅਸਾਂਜ ਦੀ ਪਛਾਣ ਹੈ, ਕਿ ਉਹ ਕਿਸੇ ਦੇ ਖਿਲਾਫ ਡਟਿਆ ਹੋਇਆ ਹੈ, ਤੇ ਇਹ ਵੱਡੀਆਂ ਪ੍ਰਾਈਵੇਟ ਕਾਰਪੋਰੇਸ਼ਨਾਂ ਅਤੇ ਸਰਕਾਰੀ ਏਜੰਸੀਆਂ ਦਰਮਿਆਨ ਸਬੰਧਾਂ ਦੀ ਦੱਸ ਪਾਉਂਦਾ ਹੈ।

ਚੇਤੇ ਕਰੋ, ਕਿਵੇਂ ਅਮਰੀਕਾ ਦੀਆਂ ਚੋਣਾਂ ਵਿਚ ਇਕ ਰੂਸੀ ਦੇ ਟੰਗ ਅੜਾਉਣ ਦਾ ਮੁੱਦਾ ਅਚਾਨਕ ਇੰਨਾ ਵੱਡਾ ਬਣ ਗਿਆ ਸੀ - ਅੱਜ ਸਾਨੂੰ ਪਤਾ ਹੈ ਕਿ ਰੂਸੀ ਹੈਕਰਾਂ (ਅਸਾਂਜ ਸਮੇਤ) ਨੇ ਲੋਕਾਂ ਨੂੰ ਟਰੰਪ ਵੱਲ ਨਹੀਂ ਧੱਕਿਆ ਸੀ। ਇਸ ਦੀ ਬਜਾਏ ਸਾਡੀਆਂ ਆਪਣੀਆਂ ਡੇਟਾ ਪ੍ਰਾਸੈਸਿੰਗ ਏਜੰਸੀਆਂ ਨੇ ਸਿਆਸੀ ਤਾਕਤਾਂ ਨਾਲ ਗੱਠਜੋੜ ਕਰਕੇ ਟਰੰਪ ਲਈ ਮਾਹੌਲ ਬਣਾਇਆ ਸੀ।

ਇਸ ਦਾ ਭਾਵ ਇਹ ਨਹੀਂ ਕਿ ਰੂਸ ਅਤੇ ਉਸ ਦੇ ਸੰਗੀ ਬੇਕਸੂਰ ਹਨ: ਉਨ੍ਹਾਂ ਨੇ ਐਨ ਉਸੇ ਤਰ੍ਹਾਂ ਚੋਣ ਨਤੀਜਿਆਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ, ਜਿਵੇਂ ਅਮਰੀਕਾ ਹੋਰ ਮੁਲਕਾਂ ਦੇ ਮਾਮਲੇ ਵਿਚ ਕਰਦਾ ਆਇਆ ਹੈ (ਤੇ ਅਮਰੀਕਾ ਜਦੋਂ ਅਜਿਹਾ ਕਰਦਾ ਹੈ ਤਾਂ ਉਸ ਨੂੰ ਜਮਹੂਰੀਅਤ ਦੀ ਮਦਦ ਦਾ ਨਾਮ ਦਿੱਤਾ ਜਾਂਦਾ ਹੈ)। ਇਸ ਦਾ ਭਾਵ ਤਾਂ ਇਹ ਵੀ ਹੋਇਆ ਕਿ ਜੋ ਦਿਓਕੱਦ ਭੇੜੀਆ ਸਾਡੀ ਜਮਹੂਰੀਅਤ ਨੂੰ ਨੋਚਣ-ਵਲੂੰਧਰਨ ਵਿਚ ਜੁਟਿਆ ਹੋਇਆ ਹੈ, ਉਹ ਕ੍ਰੈਮਲਿਨ ਵਿਚ ਨਹੀਂ, ਇਥੇ ਹੀ ਹੈ - ਤੇ ਅਸਾਂਜ ਵੀ ਤਾਂ ਲਗਾਤਾਰ ਇਹੀ ਦਾਅਵਾ ਕਰ ਰਿਹਾ ਸੀ!

ਸਵਾਲ ਉਠਦਾ ਹੈ ਕਿ ਇਹ ਦਿਓਕੱਦ ਭੇੜੀਆ ਠੀਕ-ਠੀਕ ਕਿਸ ਥਾਂ ਉਪਰ ਹੈ? ਕੰਟਰੋਲ ਅਤੇ ਛਲ-ਕਪਟ ਦੇ ਇਸ ਸਮੁੱਚੇ ਮੰਜ਼ਰ ਨੂੰ ਸਮਝਣ ਲਈ ਸਾਨੂੰ ਪ੍ਰਾਈਵੇਟ ਕਾਰਪੋਰੇਸ਼ਨਾਂ ਅਤੇ ਸਿਆਸੀ ਪਾਰਟੀਆਂ ਦਰਮਿਆਨ ਸਬੰਧਾਂ (ਕੈਂਬਰਿਜ ਐਨਾਲਿਟਿਕਾ ਦਾ ਮਾਮਲਾ) ਦੇ ਪਾਰ ਜਾ ਕੇ ਇਹ ਦੇਖਣਾ ਹੋਵੇਗਾ ਕਿ ਗੂਗਲ, ਫੇਸਬੁੱਕ ਵਰਗੀਆਂ ਡੇਟਾ ਪ੍ਰਾਸੈਸਿੰਗ ਕੰਪਨੀਆਂ ਅਤੇ ਰਾਜ ਦੀਆਂ ਸੁਰੱਖਿਆ ਏਜੰਸੀਆਂ ਕਿਵੇਂ ਇਕ ਦੂਜੇ ਨਾਲ ਘਿਓ-ਖਿਚੜੀ ਹਨ।

ਸਾਨੂੰ ਚੀਨ ਨੂੰ ਨਹੀਂ, ਖੁਦ ਨੂੰ ਦੇਖ ਕੇ ਸਦਮੇ ਵਿਚ ਆ ਜਾਣਾ ਚਾਹੀਦਾ ਹੈ ਕਿ ਅਸੀਂ ਵੀ ਇਨ੍ਹਾਂ ਬੰਦਸ਼ਾਂ ਨੂੰ ਅਪਣਾ ਲਿਆ ਹੈ ਜਦਕਿ ਅਸੀਂ ਹੁਣ ਵੀ ਇਹ ਮੰਨ ਕੇ ਚਲ ਰਹੇ ਹਾਂ ਕਿ ਅਸੀਂ ਪੂਰੀ ਤਰ੍ਹਾਂ ਆਜ਼ਾਦ ਹਾਂ ਅਤੇ ਸਾਡਾ ਮੀਡੀਆ ਸਾਨੂੰ ਆਪਣੇ ਮਨੋਰਥਾਂ ਨੂੰ ਸਾਕਾਰ ਕਰਨ ਵਿਚ ਮਦਦ ਕਰ ਰਿਹਾ ਹੈ। ਚੀਨ ਵਿਚ ਘੱਟੋ-ਘੱਟ ਲੋਕਾਂ ਨੂੰ ਇਸ ਗੱਲ ਦਾ ਅਹਿਸਾਸ ਤਾਂ ਹੈ ਕਿ ਉਨ੍ਹਾਂ ਨੂੰ ਕੰਟਰੋਲ ਕੀਤਾ ਜਾ ਰਿਹਾ ਹੈ।

ਇਸ ਨਾਲ ਜੋ ਵਿਆਪਕ ਤਸਵੀਰ ਉਭਰਦੀ ਹੈ, ਉਸ ਨੂੰ ਜੇ ਅਸੀਂ ਬਾਇਓ-ਜੈਨੇਟਿਕਸ ਦੀਆਂ ਹਾਲੀਆ ਖੋਜਾਂ ਦੇ ਨਾਲ ਜੋੜ ਕੇ ਦੇਖੀਏ (ਮਨੁੱਖੀ ਦਿਮਾਗ ਦੀ ਵਾਇਰਿੰਗ ਵਗੈਰਾ) ਤਾਂ ਸਾਡਾ ਸਾਹਮਣਾ ਸਮਾਜੀ ਕੰਟਰੋਲ ਦੇ ਉਨ੍ਹਾਂ ਭਿਆਨਕ ਅਤੇ ਨਵੇਂ ਰੂਪਾਂ ਨਾਲ ਹੋਵੇਗਾ ਜਿਨ੍ਹਾਂ ਅੱਗੇ 20ਵੀਂ ਸਦੀ ਦਾ ਨਿਰੰਕੁਸ਼ਵਾਦ ਕੰਟਰੋਲ ਦੇ ਸੰਦ ਵਜੋਂ ਮੁਕਾਬਲਤਨ ਆਦਿਕਾਲੀਨ ਅਤੇ ਫੂਹੜ ਲੱਗਣਾ ਸ਼ੁਰੂ ਹੋ ਜਾਵੇਗਾ।

ਇਸ ਨਵੇਂ ਮਿਲਟਰੀ-ਗਿਆਨਾਤਮਕ ਕੰਪਲੈਕਸ ਦਾ ਸਭ ਤੋਂ ਵੱਡਾ ਹਾਸਲ ਇਹ ਹੈ ਕਿ ਹੁਣ ਜਨਤਾ ਦੇ ਪ੍ਰਤੱਖ ਅਤੇ ਸੁਭਾਵਿਕ ਦਮਨ ਦੀ ਕੋਈ ਜ਼ਰੂਰਤ ਨਹੀਂ ਰਹਿ ਗਈ ਹੈ। ਹੁਣ ਲੋਕਾਂ ਨੂੰ ਬਸ ਇਹ ਮਹਿਸੂਸ ਕਰਨ ਲਾਉਣਾ ਹੈ ਕਿ ਉਹ ਆਜ਼ਾਦ ਹਨ ਅਤੇ ਉਨ੍ਹਾਂ ਦੀ ਜ਼ਿੰਦਗੀ ਖੁਦਮੁਖਤਾਰ ਹੈ। ਬਸ ਅਜਿਹਾ ਕਰਕੇ ਬੜੀ ਅਸਾਨੀ ਨਾਲ ਉਨ੍ਹਾਂ ਨੂੰ ਕਾਬੂ ਕੀਤਾ ਜਾ ਸਕਦਾ ਹੈ ਅਤੇ ਮਨਚਾਹੀ ਦਿਸ਼ਾ ਵਿਚ ਹੱਕਿਆ ਜਾ ਸਕਦਾ ਹੈ। ਵਿਕੀਲੀਕਸ ਕਾਂਡ ਦਾ ਇਕ ਹੋਰ ਅਹਿਮ ਸਬਕ ਹੈ: ਸਾਡੀ ਗ਼ੁਲਾਮੀ ਸਭ ਤੋਂ ਜ਼ਿਆਦਾ ਖਤਰਨਾਕ ਉਦੋਂ ਹੁੰਦੀ ਹੈ, ਜਦੋਂ ਉਸ ਨੂੰ ਅਸੀਂ ਆਪਣੀ ਆਜ਼ਾਦੀ ਦਾ ਜ਼ਰੀਆ ਸਮਝਣ ਲੱਗਦੇ ਹਾਂ - ਸੂਚਨਾ-ਸੰਚਾਰ ਦੇ ਬੇਰੋਕ ਪ੍ਰਵਾਹ ਤੋਂ ਜ਼ਿਆਦਾ ਮੁਕਤ ਹੋਰ ਕਿਹੜੀ ਚੀਜ਼ ਹੋ ਸਕਦੀ ਹੈ, ਜੋ ਹਰ ਕਿਸੇ ਨੂੰ ਆਪਣੇ ਵਿਚਾਰ ਜਨਤਕ ਕਰਨ ਅਤੇ ਮਕਬੂਲ ਬਣਾਉਣ ਦੀ ਖੁੱਲ੍ਹ ਦਿੰਦੀ ਹੋਵੇ ਅਤੇ ਆਪਣੀ ਸੁਤੰਤਰ ਇੱਛਾ ਮੁਤਾਬਿਕ ਆਭਾਸੀ (ਵਰਚੂਅਲ) ਭਾਈਚਾਰੇ ਬਣਾਉਣ ਦੀ ਆਜ਼ਾਦੀ ਦਿੰਦੀ ਹੋਵੇ?

ਸਾਡੇ ਸਮਾਜਾਂ ਵਿਚ ਚੁਣਨ ਦੀ ਆਜ਼ਾਦੀ ਅਤੇ ਰਿਆਇਤ ਕਿਉਂਕਿ ਸਰਵਉਚ ਮੁੱਲਾਂ ਦੇ ਰੂਪ ਵਿਚ ਸਥਾਪਤ ਹੈ, ਲਿਹਾਜ਼ਾ ਸਮਾਜੀ ਕੰਟਰੋਲ ਅਤੇ ਗ਼ਲਬੇ ਦਾ ਸਰੂਪ ਅਜਿਹਾ ਨਹੀਂ ਹੋਣਾ ਚਾਹੀਦਾ ਜੋ ਬੰਦੇ ਦੀ ਆਜ਼ਾਦੀ ਦਾ ਉਲੰਘਣ ਕਰਦਾ ਹੋਇਆ ਪ੍ਰਤੱਖ ਨਜ਼ਰ ਆਵੇ। ਉਹ ਬੰਦੇ ਦੀ ਸੁਤੰਤਰਤਾ ਦੇ ਨਿੱਜੀ ਅਨੁਭਵ ਦਾ ਹਿੱਸਾ ਲੱਗਣਾ ਚਾਹੀਦਾ ਹੈ, ਉਹ ਫਿਰ ਕਾਇਮ ਵੀ ਰਹਿ ਸਕੇਗਾ। ਆਖਿਰ ਵੈੱਬ ਉਪਰ ਬੇਰੋਕ-ਟੋਕ ਸਰਫਿੰਗ ਕਰਨ ਤੋਂ ਜ਼ਿਆਦਾ ਆਜ਼ਾਦੀ ਹੋਰ ਕਿਸ ਗੱਲ ਦੀ ਹੋ ਸਕਦੀ ਹੈ? ਬਿਲਕੁਲ ਇਸੇ ਤਰਜ਼ 'ਤੇ 'ਜਮਹੂਰੀਅਤ ਵਰਗਾ ਆਭਾਸ ਦੇਣ ਵਾਲਾ ਫਾਸ਼ੀਵਾਦ' ਅੱਜ ਆਪਣਾ ਕੰਮ ਕਰ ਰਿਹਾ ਹੈ।

ਇਸੇ ਕਾਰਨ ਡਿਜੀਟਲ ਨੈੱਟਵਰਕ ਨੂੰ ਪ੍ਰਾਈਵੇਟ ਸਰਮਾਏ ਅਤੇ ਰਾਜ ਸੱਤਾ ਦੇ ਕੰਟਰੋਲ ਤੋਂ ਪੂਰੀ ਤਰ੍ਹਾਂ ਬਾਹਰ ਕਰਨਾ ਜ਼ਰੂਰੀ ਹੈ। ਉਸ ਨੂੰ ਜਨਤਕ ਸੰਵਾਦ ਦੇ ਲਈ ਛੱਡ ਦਿੱਤਾ ਜਾਣਾ ਚਾਹੀਦਾ ਹੈ। ਅਸਾਂਜ ਨੇ ਆਪਣੀ ਕਿਤਾਬ (ਇਹ ਹੈਰਾਨੀਜਨਕ ਹੈ ਕਿ ਇਸ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ) 'ਵ੍ਹੈੱਨ ਗੂਗਲ ਮੈੱਟ ਵਿਕੀਲੀਕਸ' ਵਿਚ ਬਿਲਕੁਲ ਸਹੀ ਲਿਖਿਆ ਹੈ: ਅੱਜ ਸਾਡੀ ਜ਼ਿੰਦਗੀ ਕਿਵੇਂ ਨਿਯਮਤ ਹੈ ਅਤੇ ਕਿਵੇਂ ਇਸ ਕੰਟਰੋਲ ਨੂੰ ਅਸੀਂ ਆਪਣੀ ਆਜ਼ਾਦੀ ਸਮਝਣ ਦਾ ਭਰਮ ਪਾਲਦੇ ਹਾਂ, ਇਹ ਸਮਝਣ ਲਈ ਸਾਨੂੰ ਆਪਣੀਆਂ ਸਮੂਹਿਕ ਸੰਸਥਾਵਾਂ ਨੂੰ ਕੰਟਰੋਲ ਕਰ ਰਹੀਆਂ ਪ੍ਰਾਈਵੇਟ ਕਾਰਪੋਰੇਸ਼ਨਾਂ ਅਤੇ ਰਾਜਕੀ ਸੰਸਥਾਵਾਂ ਦੇ ਸ਼ੱਕੀ ਸਬੰਧਾਂ ਉਪਰ ਧਿਆਨ ਇਕਾਗਰ ਕਰਨਾ ਹੋਵੇਗਾ।

ਹੁਣ ਤੁਸੀਂ ਸਮਝ ਸਕਦੇ ਹੋ ਕਿ ਅਸਾਂਜ ਦਾ ਮੂੰਹ ਕਿਉਂ ਬੰਦ ਕਰਨਾ ਪਿਆ: ਕੈਂਬਰਿਜ ਐਨਾਲਿਟਿਕਾ ਕਾਂਡ ਦਾ ਪਰਦਾਫਾਸ਼ ਹੋ ਜਾਣ ਤੋਂ ਬਾਅਦ ਸਾਰੇ ਸੱਤਾਧਾਰੀਆਂ ਨੇ ਮਿਲ ਕੇ ਵਾਹ ਲਾਈ ਕਿ ਇਸ ਨੂੰ ਕੁਝ ਪ੍ਰਾਈਵੇਟ ਕਾਰਪੋਰੇਸ਼ਨਾਂ ਅਤੇ ਸਿਆਸੀ ਪਾਰਟੀਆਂ ਦੇ ਖਾਸ 'ਗ਼ਲਤ ਇਸਤੇਮਾਲ' ਦਾ ਮਾਮਲਾ ਬਣਾ ਕੇ ਦਫਨ ਕਰ ਦਿੱਤਾ ਜਾਵੇ, ਲੇਕਿਨ ਸਵਾਲ ਉਠਦਾ ਹੈ ਕਿ ਇਸ ਸਭ ਦੇ ਦਰਮਿਆਨ ਰਾਜ ਖੁਦ ਕਿਥੇ ਹੈ? ਉਹ ਰਾਜ (ਸਟੇਟ) ਜੋ 'ਡੀਪ ਸਟੇਟ'' (ਰਾਜ ਦੇ ਅੰਦਰ ਗੁਪਤ ਰਾਜ) ਦਾ ਅੱਧਾ ਅਦਿੱਖ ਹਿੱਸਾ ਹੈ?

ਅਸਾਂਜ ਖੁਦ ਨੂੰ ਜਨਤਾ ਦਾ ਅਤੇ ਜਨਤਾ ਦੇ ਹਿਤ ਵਾਲਾ ਜਾਸੂਸ ਮੰਨਦਾ ਹੈ। ਉਹ ਸੱਤਾਧਾਰੀਆਂ ਦੇ ਹਿਤ ਲਈ ਜਨਤਾ ਦੀ ਜਾਸੂਸੀ ਨਹੀਂ ਕਰ ਰਿਹਾ। ਇਸ ਲਈ ਜੇ ਕੋਈ ਉਸ ਦੀ ਮਦਦ ਕਰੇਗਾ ਤਾਂ ਉਹ ਅਸੀਂ ਹੋਵਾਂਗੇ, ਅਸੀਂ ਯਾਨੀ ਜਨਤਾ। ਕੇਵਲ ਸਾਡੀ ਇਕਜੁੱਟਤਾ ਅਤੇ ਦਬਾਓ ਬਣਾਉਣ ਨਾਲ ਹੀ ਉਸ ਦਾ ਸੰਤਾਪ ਤੋਂ ਬਚਾ ਹੋ ਸਕੇਗਾ। ਅਕਸਰ ਅਸੀਂ ਪੜ੍ਹਦੇ ਹਾਂ ਕਿ ਕਿਵੇਂ ਸੋਵੀਅਤ ਰੂਸ ਦੀ ਜਾਸੂਸੀ ਸੇਵਾ ਨਾ ਕੇਵਲ ਆਪਣੇ ਗ਼ੱਦਾਰਾਂ ਨੂੰ ਸਜ਼ਾ ਦਿੰਦੀ ਸੀ (ਚਾਹੇ ਉਸ ਵਿਚ ਦਹਾਕੇ

(ਬਾਕੀ ਅਗਲੇ ਸਫੇ 'ਤੇ)

# ਫਾਸ਼ੀਵਾਦ: ਸਰਮਾਏਦਾਰੀ ਦਾ ਅਸਲ ਚਿਹਰਾ

***ਬਰਤੋਲਟ ਬਰੈਖਤ 20ਵੀਂ ਸਦੀ ਦੇ ਸਭ ਤੋਂ ਅਹਿਮ ਨਾਟਕਕਾਰ ਮੰਨੇ ਜਾਂਦੇ ਹਨ। ਉਨ੍ਹਾਂ ਦੀਆਂ ਮੁੱਖ ਕਿਰਤਾਂ ਵਿਚ 'ਦਿ ਥ੍ਰੀ ਪੈਨੀ ਓਪੇਰਾ', 'ਮਦਰ'ਜ਼ ਕੱਰੇਜ ਐਂਡ ਹਰ ਚਿਲਡਰਨ', 'ਦੀ ਗੁੱਡ ਪਰਸਨ ਆਫ ਸੀਜ਼ੇਚਵਨ' ਸ਼ਾਮਿਲ ਹਨ। ਉਨ੍ਹਾਂ ਦਾ ਫਾਸ਼ੀਵਾਦ ਬਾਰੇ ਲਿਖਿਆ ਇਹ ਲੇਖ ਮੌਜੂਦਾ ਦੌਰ ਦੀਆਂ ਤਤਕਾਲੀ ਸਿਆਸੀ ਸੱਚਾਈਆਂ ਦੀ ਨਿਸ਼ਾਨਦੇਹੀ ਕਰਦਾ ਹੈ। ਇਹ ਉਨ੍ਹਾਂ ਦੀ ਕਿਰਤ 'ਰਾਈਟਿੰਗ ਦੀ ਟਰੁੱਥ: ਫਾਈਵ ਡਿਫੀਕਲਟੀਜ਼' ਵਿਚੋਂ ਹੈ। ਇਸ ਦਾ ਅਨੁਵਾਦ ਅਮਨਿੰਦਰ ਸਿੰਘ ਨੇ ਕੀਤਾ ਹੈ, ਜੋ ਸਿਨੇਮਾ ਦੀਆਂ ਰਮਜ਼ਾਂ ਸਮਝਦੇ ਹਨ ਅਤੇ ਫੜਦੇ ਵੀ ਹਨ। ਉਨ੍ਹਾਂ ਦੀ ਕਲਾ ਤੇ ਸਿਆਸਤ ਬਾਰੇ ਸਮਝ ਨੂੰ ਇਸ ਲੇਖ ਦੇ ਅਨੁਵਾਦ ਵਿਚੋਂ ਸਮਝਿਆ ਜਾ ਸਕਦਾ ਹੈ। -ਸੰਪਾਦਕ***

ਸੱਚ ਲਾਜ਼ਮੀ ਹੀ ਉਨ੍ਹਾਂ ਸਿੱਟਿਆਂ ਨੂੰ ਸਾਹਮਣੇ ਰੱਖਦਿਆਂ ਬੋਲਿਆ ਜਾਣਾ ਚਾਹੀਦਾ ਹੈ ਜੋ ਉਹ ਅਮਲ ਦੇ ਦਾਇਰੇ ਵਿਚ ਪੈਦਾ ਕਰਦਾ ਹੈ। ਜਦ ਅਸੀਂ ਇਸ ਵਿਆਪਕ ਵਿਚਾਰ ਬਾਬਤ ਸੋਚ-ਵਿਚਾਰ ਕਰਦੇ ਹਾਂ ਕਿ ਬਹੁਤ ਸਾਰੇ ਮੁਲਕਾਂ ਵਿਚ ਮੌਜੂਦ ਹਾਲਾਤ ਬਰਬਰਤਾ ਦਾ ਸਿੱਟਾ ਹਨ। ਅਸੀਂ ਨਮੂਨੇ ਦੇ ਤੌਰ 'ਤੇ ਉਸ ਸੱਚ ਬਾਰੇ ਗੱਲ ਕਰਦੇ ਹਾਂ ਜਿਸ ਤੋਂ ਕੋਈ ਸਿੱਟਾ ਨਹੀਂ ਨਿਕਲਦਾ ਜਾਂ ਜੋ ਸਿੱਟਾ ਨਿਕਲਦਾ ਹੈ, ਉਹ ਗਲਤ ਹੁੰਦਾ ਹੈ। ਇਸ ਖਿਆਲ ਮੁਤਾਬਿਕ ਫਾਸ਼ੀਵਾਦ ਵੀ ਬਰਬਰਤਾ ਦਾ ਹੀ ਨਤੀਜਾ ਹੈ ਜੋ ਕਿ ਕੁਝ ਮੁਲਕਾਂ 'ਤੇ ਕੁਦਰਤੀ ਕਰੋਪੀ ਵਾਂਗ ਕਹਿਰ ਬਣ ਕੇ ਟੁੱਟ ਪਿਆ ਹੈ। ਇਸ ਅਨੁਸਾਰ ਤਾਂ ਫਾਸ਼ੀਵਾਦ ਨਵਾਂ ਵਰਤਾਰਾ, ਸਰਮਾਏਦਾਰੀ ਅਤੇ ਸਾਮਰਾਜਵਾਦ ਤੋਂ ਅਲੱਗ ਕੋਈ ਤੀਜੀ ਸ਼ਕਤੀ ਹੈ ਸਿਰਫ ਇਕੱਲੀ

**ਬਰਤੋਲਟ ਬਰੈਖਤ**
**ਅਨੁਵਾਦ: ਅਮਨਿੰਦਰ ਸਿੰਘ**

ਸਮਾਜਵਾਦੀ ਤਹਿਰੀਕ ਹੀ ਨਹੀਂ ਸਗੋਂ ਸਰਮਾਏਦਾਰੀ ਵੀ ਫਾਸ਼ੀਵਾਦ ਦੇ ਦਾਖਲੇ ਤੋਂ ਬਿਨਾਂ ਜਿਉਂਦੀ ਰਹਿ ਸਕਦੀ ਸੀ, ਵਗੈਰਾ ਵਗੈਰਾ। ਇਹ ਦਰਅਸਲ ਫਾਸ਼ੀਵਾਦੀ ਦਾਅਵਾ ਹੈ ਤੇ ਇਸ ਨੂੰ ਸਵੀਕਾਰਨਾ ਫਾਸ਼ੀਵਾਦ ਮੂਹਰੇ ਗੋਡੇ ਟੇਕਣਾ ਹੈ।

ਫਾਸ਼ੀਵਾਦ ਸਰਮਾਏਦਾਰੀ ਦਾ ਇਤਿਹਾਸਕ ਪੜਾਅ ਹੈ।

ਇਸ ਤਰ੍ਹਾਂ ਇਹ ਜਿਸ ਸਮੇਂ ਨਵਾਂ ਹੈ, ਉਸੇ ਸਮੇਂ ਪੁਰਾਣਾ ਵੀ ਹੈ। ਫਾਸ਼ੀਵਾਦੀ ਮੁਲਕਾਂ ਅੰਦਰ ਸਰਮਾਏਦਾਰੀ ਬਰਕਰਾਰ ਹੈ ਪਰ ਮਹਿਜ ਫਾਸ਼ੀਵਾਦ ਦੀ ਸ਼ਕਲ ਵਿਚ ਅਤੇ ਫਾਸ਼ੀਵਾਦ ਜੋ ਸਰਮਾਏਦਾਰੀ ਦਾ ਸਭ ਤੋਂ ਨੰਗਾ, ਬੇਸ਼ਰਮ, ਦਰਿੰਦਗੀ ਭਰਿਆ ਅਤੇ ਕਪਟੀ ਰੂਪ ਹੈ, ਇਸ ਨੂੰ ਸਿਰਫ ਸਰਮਾਏਦਾਰੀ ਦੇ ਤੌਰ 'ਤੇ ਹੀ ਟੱਕਰਿਆ ਜਾ ਸਕਦਾ ਹੈ; ਕਿਵੇਂ ਕੋਈ ਫਾਸ਼ੀਵਾਦ ਬਾਰੇ ਸੱਚ ਬੋਲ ਸਕਦਾ ਹੈ, ਜੇ ਉਹ ਸਰਮਾਏਦਾਰੀ ਖਿਲਾਫ ਬੋਲਣ ਲਈ ਹੀ ਤਿਆਰ ਨਹੀਂ ਜਿਸ ਰਾਹੀ ਅਸਲ ਵਿਚ ਫਾਸ਼ੀਵਾਦ ਜਨਮ ਲੈਂਦਾ ਹੈ। ਅਜਿਹੇ ਸੱਚ ਦਾ ਕੀ ਕੋਈ ਮਤਲਬ ਵੀ ਬਣਦਾ ਹੈ?

ਜਿਹੜੇ ਲੋਕ ਸਰਮਾਏਦਾਰੀ ਦੀ ਖਿਲਾਫਤ ਕੀਤੇ ਬਗੈਰ ਫਾਸ਼ੀਵਾਦ ਦਾ ਵਿਰੋਧ ਕਰਦੇ ਹਨ, ਜਿਹੜੇ ਬਰਬਰਤਾ 'ਚੋਂ ਨਿਕਲੀ ਬਰਬਰਤਾ 'ਤੇ ਰੋਂਦੇ ਹਨ, ਇਹ ਉਹ ਲੋਕ ਹਨ ਜੋ ਵੱਛੇ ਨੂੰ ਝਟਕੇ ਬਿਨਾਂ ਹੀ ਉਸ ਦਾ ਮਾਸ ਖਾਣਾ ਚਾਹੁੰਦੇ ਹਨ। ਉਹ ਮਾਸ ਖਾਣ ਦੇ ਇੱਛਕ ਤਾਂ ਹਨ, ਐਪਰ ਲਹੂ ਤੋਂ ਨੱਕ ਵੱਟਦੇ ਹਨ। ਉਨ੍ਹਾਂ ਨੂੰ ਸੰਤੁਸ਼ਟ ਕਰਨ ਲਈ ਇੰਨਾ ਹੀ ਕਾਫੀ ਹੈ ਕਿ ਕਸਾਈ ਮੀਟ ਤੋਲ਼ਣ ਤੋਂ ਪਹਿਲਾ ਆਪਣੇ ਹੱਥ ਧੋ ਲਵੇ।

ਉਹ ਜਾਇਦਾਦੀ ਰਿਸ਼ਤਿਆਂ ਦੀ ਖਿਲਾਫਤ ਨਹੀਂ ਕਰਦੇ, ਇਥੋਂ ਹੀ ਤਾਂ ਬਰਬਰਤਾ ਨਿਕਲਦੀ ਹੈ। ਉਨ੍ਹਾਂ ਨੂੰ ਬੱਸ ਬਰਬਰਤਾ ਤੋਂ ਦਿੱਕਤ ਹੈ। ਉਹ ਇਹ ਸਭ ਉਨ੍ਹਾਂ ਮੁਲਕਾਂ ਵਿਚ ਬੈਠੇ ਹੋਏ ਕਰਦੇ ਹਨ ਜਿਥੇ ਬਿਲਕੁਲ਼ ਉਸੇ ਤਰ੍ਹਾਂ ਦੇ ਜਾਇਦਾਦੀ ਰਿਸ਼ਤੇ ਪ੍ਰਚਲਿਤ ਹੁੰਦੇ ਹਨ। ਬੱਸ ਉਥੇ ਵੀ ਕਸਾਈ ਮੀਟ ਤੋਲ਼ਣ ਤੋਂ ਪਹਿਲਾ ਆਪਣੇ ਹੱਥ ਧੋ ਲਵੇ। ਬਰਬਰਤਾ ਖਿਲਾਫ ਚੀਕ-ਚਿਹਾੜਾ ਉਦੋਂ ਹੀ ਕਾਮਯਾਬ ਹੋ ਸਕਦਾ ਹੈ, ਜੇ ਉਨ੍ਹਾਂ ਦੇ ਆਪਣੇ ਮੁਲਕਾਂ ਵਿਚ ਇਹ ਕੋਈ ਅਲੌਕਿਕ ਵਰਤਾਰਾ ਹੋਵੇ। ਕੁਝ ਮੁਲਕ ਹਾਲੇ ਵੀ ਜਾਇਦਾਦੀ ਰਿਸ਼ਤਿਆਂ ਨੂੰ ਅਜਿਹੇ ਤਰੀਕਿਆਂ ਨਾਲ ਬਚਾਉਣ ਵਿਚ ਕਾਮਯਾਬ ਹਨ ਜੋ ਉਪਰੀ ਤੌਰ 'ਤੇ ਦੇਖਿਆਂ ਬਾਕੀਆਂ ਨਾਲੋਂ ਘੱਟ ਹਿੰਸਕ ਭਾਸਦੇ ਹਨ। ਜਿਨ੍ਹਾਂ ਮੁਲਕਾਂ ਵਿਚ ਜਮਹੂਰੀਅਤ ਅਜੇ ਵੀ ਅਜਿਹੇ ਸਿੱਟੇ ਹਾਸਿਲ ਕਰਨ ਲਈ ਵਰਤੀ ਜਾਂਦੀ ਹੈ ਜਿਨ੍ਹਾਂ ਲਈ ਦੂਜਿਆਂ ਮੁਲਕਾਂ ਵਿਚ ਹਿੰਸਾ ਦੀ ਵਰਤੋਂ ਪੈਦਾਵਾਰੀ ਸਾਧਨਾਂ ਤੇ ਨਿਜੀ ਕਬਜ਼ੇ ਲਈ ਫੈਕਟਰੀਆਂ, ਜ਼ਮੀਨ ਅਤੇ ਹੋਰ ਥਾਂਵਾਂ ਦੀ ਇਜਾਰੇਦਾਰੀ ਕਾਇਮ ਕਰਨ ਲਈ ਕੀਤੀ ਜਾਂਦੀ ਹੈ, ਹਾਲਤਾਂ ਉਥੇ ਵੀ ਬਰਬਰ ਹਨ, ਬੱਸ ਬਰਬਰਤਾ ਅੱਖਾਂ ਵਿਚ ਰੜਕਦੀ ਨਹੀਂ।

ਇਹ ਬੱਸ ਉਦੋਂ ਹੀ ਨਜ਼ਰੀ ਪੈਂਦੀ ਹੈ, ਜਦੋਂ ਇਜਾਰੇਦਾਰੀ ਬਚਾਉਣ ਲਈ ਨੰਗੇ-ਚਿੱਟੇ ਰੂਪ ਵਿਚ ਹਿੰਸਾ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ। ਕੁਝ ਕੁ ਮੁਲਕ ਜੋ ਆਪਣੀ ਇਸ ਬਰਬਰ ਇਜ਼ਾਰੇਦਾਰੀ ਨੂੰ ਬਚਾਉਣ ਲਈ ਹਾਲੇ ਤੱਕ ਵੀ ਸੰਵਿਧਾਨਕ ਰਾਜ ਦੇ ਵਾਅਦਿਆਂ ਦੇ ਨਾਲ-ਨਾਲ ਕਲਾ, ਫਲਸਫਾ ਅਤੇ ਸਾਹਿਤ ਵਰਗੀਆਂ ਸਹੂਲਤਾਂ ਵੀ ਤਿਆਗਣ ਲਈ ਤਿਆਰ ਨਹੀਂ, ਉਨ੍ਹਾਂ ਪ੍ਰਾਹੁਣਿਆਂ ਨੂੰ ਸੁਣਨ ਲਈ ਉਚੇਚੇ ਤੌਰ 'ਤੇ




ਉਤਸਕ ਰਹਿੰਦੇ ਹਨ ਜੋ ਆਪਣੇ ਹੀ ਮੁਲਕ ਨੂੰ ਇਸ ਲਈ ਗਾਲ੍ਹਾਂ ਕੱਢਦੇ ਹਨ ਕਿਉਂਕਿ ਉਹ ਇਹ ਸਹੂਲਤਾਂ ਦੇਣ ਤੋਂ ਇਨਕਾਰੀ ਹਨ। ਉਹ ਚਾਅ ਨਾਲ ਇਹ ਸਭ ਸੁਣਦੇ ਹਨ ਪਰ ਉਹ ਜੋ ਕੁਝ ਵੀ ਸੁਣਦੇ ਹਨ, ਉਸ ਤੋਂ ਭਵਿਖੀ ਜੰਗਾਂ ਵਿਚ ਕੋਈ ਫਾਇਦਾ ਲੈਣ ਦੇ ਮਨਸ਼ੇ ਨਾਲ ਹੀ ਕਰਦੇ ਹਨ।

ਕੀ ਅਸੀਂ ਇਹ ਸਮਝੀਏ ਕਿ ਉਨ੍ਹਾਂ ਨੇ ਸੱਚ ਨੂੰ ਪਾ ਲਿਆ ਹੈ? ਉਹ ਜੋ ਉਦਾਹਰਨ ਵਜੋਂ ਜਰਮਨੀ ਵਿਰੁਧ ਬੇਰਹਿਮ ਸੰਘਰਸ਼ ਦੀ ਜ਼ੋਰ-ਸ਼ੋਰ ਨਾਲ ਹਮਾਇਤ ਕਰਦੇ ਹਨ; ਅਖੇ, 'ਕਿਉਂਕਿ ਇਹ ਮੁਲਕ ਹੁਣ ਬਦੀ ਦਾ ਘਰ ਹੈ, ਨਰਕ ਦਾ ਦੂਜਾ ਰੂਪ ਹੈ, ਈਸਾ-ਵਿਰੋਧ ਦਾ ਗੜ੍ਹ ਹੈ।' ਅਸੀਂ ਸਮਝ ਸਕਦੇ ਹਾਂ ਕਿ ਇਹ ਮੂਰਖ ਅਤੇ ਖਤਰਨਾਕ ਲੋਕ ਹਨ। ਇਸ ਪਾਗਲਪਣ ਤੋਂ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿਉਂ ਜੋ ਜ਼ਹਿਰੀ਼ਲੀ ਗੈਸ ਅਤੇ ਬੰਬ ਕਸੂਰਵਾਰ ਦੀ ਚੋਣ ਨਹੀਂ ਕਰ ਸਕਦੇ... ਇਸ ਲਈ ਸਾਰੀ ਜਰਮਨੀ ਨੂੰ ਨੇਸਤਾਨਬੂਦ ਕਰਨਾ ਲਾਜ਼ਮੀ ਹੈ। ਜੋ ਸ਼ਖਸ ਸੱਚ ਤੋਂ ਜਿੰਨਾ ਵੱਧ ਦੂਰ ਹੈ, ਉਹ ਓਨਾ ਹੀ ਜ਼ਿਆਦਾ ਲੱਛੇਦਾਰ, ਪੇਤਲੀ ਅਤੇ ਬੇਢੰਗੀ ਭਾਸ਼ਾ ਵਿਚ ਗੱਲ ਕਰ ਰਿਹਾ ਹੈ। ਉਹ ਜਰਮਨੀ ਬਾਰੇ 'ਚੀਕਦਾ' ਹੈ, ਆਮ ਹੀ ਬਦੀ ਦੀ, ਬਰਬਰਤਾ ਦੀ ਗੱਲ ਕਰਦਾ ਹੈ। ਉਸ ਨੂੰ ਸੁਣਨ ਵਾਲਾ ਇਹ ਸਮਝਣ ਤੋਂ ਅਸਮਰੱਥ ਹੁੰਦਾ ਹੈ ਕਿ ਉਹ ਆਖਿਰ ਕਰੇ ਤਾਂ ਕੀ ਕਰੇ? ਕੀ ਉਹ ਜਰਮਨ ਹੋਣ ਤੋਂ ਇਨਕਾਰੀ ਹੋ ਜਾਵੇ? ਕੀ ਉਸ ਦੇ ਚੰਗਾ ਇਨਸਾਨ ਬਣਨ ਸਾਰ ਹੀ ਨਰਕ ਗਾਇਬ ਹੋ ਜਾਵੇਗਾ?

ਬਰਬਰਤਾ ਵਿਚੋਂ ਨਿਕਲੀ ਬਰਬਰਤਾ ਬਾਰੇ ਚਲ ਰਹੀ ਗੱਲਬਾਤ ਵੀ ਇਸੇ ਖਾਂਚੇ ਵਿਚ ਫਿਟ ਬੈਠਦੀ ਹੈ। ਬਰਬਰਤਾ ਦਾ ਸੋਮਾ ਬਰਬਰਤਾ ਹੀ ਹੈ ਅਤੇ ਇਸ ਦਾ ਮੁਕਾਬਲਾ ਸਭਿਆਚਾਰ ਰਾਹੀਂ ਹੀ ਕੀਤਾ ਜਾ ਸਕਦਾ ਹੈ ਜੋ ਸਿੱਖਿਆ ਤੋਂ ਹੀ ਵਿਗਸਦਾ ਹੈ। ਇਹ ਸਭ ਕੁਝ ਜੇ ਜ਼ਰਾ ਸੌਖੀ ਭਾਸ਼ਾ ਵਿਚ ਕਿਹਾ ਜਾਵੇ ਤਾਂ ਇਸ ਦਾ ਅਰਥ ਇਹ ਹੋਵੇਗਾ ਕਿ ਇਹ ਗੱਲ ਕਿਸੇ ਅਮਲੀ ਸਰਗਰਮੀ ਲਈ ਰਾਹਦਰੇਸਾ ਨਹੀਂ ਹੋ ਸਕਦੀ ਅਤੇ ਅਸਲੋਂ ਹੀ ਕਿਸੇ ਨੂੰ ਸੰਬੋਧਿਤ ਨਹੀਂ ਹੈ।

ਇਸ ਤਰ੍ਹਾਂ ਦੇ ਅਸਪਸ਼ਟ ਵਿਖਿਆਨ ਕਾਰਨਾਂ ਦੀ ਲੜੀ ਦੀਆਂ ਕੁਝ ਕੜੀਆਂ ਵੱਲ ਹੀ ਸੰਕੇਤ ਕਰਦੇ ਹਨ। ਉਨ੍ਹਾਂ ਦਾ ਹਨੇਰਵਾਦ ਅਸਲੀ ਸ਼ਕਤੀਆਂ ਨੂੰ ਲੁਕਾਉਂਦਿਆਂ ਤਬਾਹੀ ਲਈ ਰਾਹ ਪੱਧਰਾ ਕਰਦਾ ਹੈ। ਜੇ ਇਸ ਮਸਲੇ 'ਤੇ ਰੋਸ਼ਨੀ ਪਵੇ ਤਾਂ ਇਕਦਮ ਹੀ ਇਹ ਪ੍ਰਤੀਤ ਹੋਵੇਗਾ ਕਿ ਬਿਪਤਾਵਾਂ ਦਾ ਕਾਰਨ ਕੁਝ ਖਾਸ ਬੰਦੇ ਹੀ ਹੁੰਦੇ ਹਨ। ਅਸੀਂ ਉਨ੍ਹਾਂ ਸਮਿਆਂ ਵਿਚ ਰਹਿੰਦੇ ਹਾਂ ਜਿਥੇ ਬੰਦੇ ਦੀ ਹੋਣੀ ਦਾ ਫੈਸਲਾ ਬੰਦੇ ਹੀ ਕਰਦੇ ਹਨ। ਫਾਸ਼ੀਵਾਦ ਕੋਈ ਕੁਦਰਤੀ ਕਰੋਪੀ ਨਹੀਂ ਜਿਸ ਨੂੰ 'ਮਨੁੱਖੀ ਸੁਭਾਅ' ਦੀ ਪਰਿਭਾਸ਼ਾ ਵਜੋਂ ਸਮਝਿਆ ਜਾ ਸਕੇ। ਫਿਰ ਵੀ ਜਦੋਂ ਅਸੀਂ ਕੁਦਰਤੀ ਆਫਤਾਂ ਦਾ ਸਾਹਮਣਾ ਕਰਦੇ ਹਾਂ ਤਾਂ ਉਨ੍ਹਾਂ ਨੂੰ ਇਸ ਤਰ੍ਹਾਂ ਦਰਸਾਉਣ ਦੇ ਕਈ ਤਰੀਕੇ ਹਨ, ਮਨੁੱਖ ਦੇ ਅਨਕੂਲ ਹਨ ਕਿਉਂਕਿ ਉਹ ਮਨੁੱਖ ਦੀ ਜੁਝਾਰੂ ਆਤਮਾ ਨੂੰ ਭਾਅ ਜਾਂਦੇ ਹਨ।

ਯੋਕੋਹਾਮਾ ਸ਼ਹਿਰ ਦੀ ਭੂਚਾਲ ਨਾਲ ਤਬਾਹੀ ਤੋਂ ਬਾਅਦ ਕਈ ਅਮਰੀਕੀ ਮੈਗਜ਼ੀਨਾਂ ਨੇ ਮਲਬੇ ਦੇ ਢੇਰਾਂ ਦੀਆਂ ਤਸਵੀਰਾਂ ਛਾਪੀਆਂ ਸਨ ਜਿਨ੍ਹਾਂ ਦੇ ਸਿਰਲੇਖ ਸਨ: ਫੌਲਾਦ ਖੜ੍ਹਾ ਹੈ ਅਤੇ ਯਕੀਨਨ ਭਾਵੇਂ ਪਹਿਲੀ ਨਜ਼ਰੇ ਸਿਰਫ ਮਲਬਾ ਹੀ ਨਜ਼ਰੀ ਪੈਂਦਾ ਹੈ, ਪਰ ਸਿਰਲ਼ੇਖ ਪੜ੍ਹਦਿਆਂ-ਪੜ੍ਹਦਿਆਂ ਵੀ (ਹਾਲੇ ਵੀ) ਨਿਗ੍ਹਾ ਸਬੂਤੀਆਂ ਖੜ੍ਹੀਆਂ ਇਮਾਰਤਾਂ 'ਤੇ ਟਿਕ ਜਾਂਦੀ ਹੈ। ਭੂਚਾਲ ਬਾਰੇ ਅਸੰਖ ਵਿਖਿਆਨਾਂ 'ਚ ਉਸਰੀ ਇੰਜਨੀਅਰ ਵੱਲੋਂ ਸਰਕਣ, ਦਬਾਉ ਦੇ ਜ਼ੋਰ ਅਤੇ ਇਸ ਤਰ੍ਹਾਂ ਦੀਆਂ ਹੋਰ ਚੀਜ਼ਾਂ ਬਾਰੇ ਕੀਤੀ ਵਿਆਖਿਆ ਮਹਤੱਵਪੂਰਨ ਹੁੰਦੀ ਹੈ, ਕਿਉਂਕਿ ਇਹੀ ਵਿਆਖਿਆ ਭਵਿਖੀ ਉਸਾਰੀ ਲਈ ਰਾਹ ਪੱਧਰਾ ਕਰਨਗੀਆਂ ਜੋ ਭੂਚਾਲ ਨੂੰ ਸਹਿਣ ਸਕਣ ਦੇ ਸਮਰੱਥ ਹੋਣ।

ਜੇ ਕੋਈ ਫਾਸ਼ੀਵਾਦ ਤੇ ਜੰਗ ਦਾ ਵਿਵਰਨ ਕਰਨਾ ਚਾਹੁੰਦਾ ਹੈ, ਉਨ੍ਹਾਂ ਤਬਾਹੀਆਂ ਦਾ ਵੀ ਜੋ ਕੁਦਰਤੀ ਆਫਤਾਂ ਨਹੀਂ ਹਨ ਤਾਂ ਉਸ ਨੂੰ ਇਹ ਕੰਮ ਹਕੀਕੀ ਅਰਥਾਂ ਵਿਚ ਹੀ ਕਰਨਾ ਪਵੇਗਾ। ਇਹ ਸਾਬਿਤ ਕਰਨਾ ਪਵੇਗਾ ਕਿ ਇਹ ਤਬਾਹੀਆਂ ਹਾਕਮ ਜਮਾਤ ਦੁਆਰਾ ਬਹੁਗਿਣਤੀ ਮਜ਼ਦੂਰਾਂ ਨੂੰ ਕਾਬੂ ਕਰਨ ਲਈ ਆਰੰਭੀਆਂ ਗਈਆਂ ਹਨ। ਜੇ ਕੋਈ ਸਚੱਮੁਚ ਹੀ ਇਨ੍ਹਾਂ ਚੰਦਰੀਆਂ ਹਾਲਤਾਂ ਬਾਰੇ ਲਿਖਣਾ ਚਾਹੁੰਦਾ ਹੈ ਤਾਂ ਜੋ ਇਨ੍ਹਾਂ ਤਬਾਹੀਆਂ ਨੂੰ ਟਾਲਣਯੋਗ ਕਾਰਨਾਂ ਦੀ ਸ਼ਨਾਖਤ ਹੋ ਸਕੇ।

ਜੇ ਇਨ੍ਹਾਂ ਕਾਰਨਾਂ ਦੀ ਸ਼ਨਾਖਤ ਸੰਭਵ ਹੈ ਤਾਂ ਬਦੀ ਨਾਲ ਲੜਨਾ ਵੀ ਸੰਭਵ ਹੈ।

# ਜਾਤ ਤੇ ਧਰਮ ਦੀਆਂ ਵਲਗਣਾਂ ਤੋੜਦਿਆਂ

ਬਾਬਾ ਬੁੱਲ੍ਹੇ ਸ਼ਾਹ ਦੇ ਨਾਮ ਨਾਲ ਜੋੜਿਆ ਜਾਂਦਾ ਇਹ ਕਲਾਮ ਕਿ 'ਓਥੇ ਅਮਲਾਂ ਦੇ ਹੋਣਗੇ ਨਿਬੇੜੇ, ਕਿਸੇ ਨਾ ਤੇਰੀ ਜਾਤ ਪੁੱਛਣੀ', ਜਦੋਂ ਵੀ ਸੁਣਨਾ ਤਾਂ ਅੰਦਰੋਂ ਚੀਸ ਉਠਣੀ। ਸੋਚਣਾ- ਕਾਸ਼! ਇਨ੍ਹਾਂ ਤੁਕਾਂ ਨੂੰ ਸੁਣਨ ਦੇ ਨਾਲ ਨਾਲ ਸੰਸਾਰਕ/ਵਿਹਾਰਕ ਜੀਵਨ ਵਿਚ ਲਾਗੂ ਵੀ ਕੀਤਾ ਜਾ ਸਕਦਾ ਤਾਂ ਦੁਨੀਆਂ ਕਿੰਨੀ ਸੋਹਣੀ ਹੁੰਦੀ। ਹਰ ਵਾਰ ਇਸ ਕਲਾਮ ਦੀਆਂ ਅੰਤਿਮ ਤੁਕਾਂ ਤੱਕ ਇਹ ਖ਼ਿਆਲ ਬੱਸ ਖ਼ਿਆਲ ਮਾਤਰ ਹੀ ਰਿਹਾ। ਬੈਚਲਰ

**ਖੁਸ਼ਮਿੰਦਰ ਕੌਰ**

ਕਰਦਿਆਂ ਸਮਾਜ ਵਿਗਿਆਨ ਅਤੇ ਇਤਿਹਾਸ ਪੜ੍ਹਿਆ ਤਾਂ ਇਹ ਹੋਰ ਵੀ ਸਪਸ਼ਟ ਹੋਇਆ ਕਿ ਜਾਤੀ ਪ੍ਰਥਾ ਕਿੰਨਾ ਕਠੋਰ ਵਰਤਾਰਾ ਹੈ ਅਤੇ ਧਰਮ ਇਕ ਪੱਕੇ ਨਸ਼ੇ ਵਾਂਗ ਸਮਾਜ ਨੂੰ ਲੱਗਾ ਹੋਇਆ ਹੈ। ਅਸੀਂ ਆਪਣੇ ਅਧਿਆਪਕਾਂ ਨਾਲ ਜਮਾਤ ਵਿਚ ਹਮੇਸ਼ਾਂ ਇਨ੍ਹਾਂ ਮਸਲਿਆਂ ਨੂੰ ਵਿਚਾਰਦੇ ਤਾਂ ਮਹਿਸੂਸ ਕਰਦੇ ਕਿ ਉਨ੍ਹਾਂ ਨੂੰ ਵੀ ਸਾਡੇ ਸਵਾਲਾਂ ਦੇ ਠੋਸ ਹੱਲ ਨਾ ਅਹੁੜਦੇ। ਸਮਾਂ ਬੀਤਦਾ ਗਿਆ, ਜ਼ਿੰਦਗੀ ਅਤੇ ਸਮਾਜ ਬਾਰੇ ਸੋਚਾਂ ਨੂੰ ਕਿਸੇ ਵਿਉਂਤ ਵਿਚ ਬੰਨ੍ਹਣ ਦੀ ਕੋਸ਼ਿਸ਼ ਕਰਦਿਆਂ ਇਹ ਹਮੇਸ਼ਾ ਜ਼ਿਹਨ 'ਚ ਸੀ ਕਿ ਇਸ ਆਪੂੰ ਪ੍ਰਧਾਨ ਬਣੇ ਮਸਲੇ ਨੂੰ ਕਰੜੇ ਹੱਥੀਂ ਲਵਾਂਗੇ। ਆਪਣੇ ਨੌਂ ਸਾਲ ਦੀਆਂ ਅਧਿਆਪਨ ਸੇਵਾਵਾਂ ਵਿਚ ਖ਼ੁਦ ਵੀ ਮਹਿਸੂਸ ਕੀਤਾ ਕਿ ਜਾਤ ਅਤੇ ਧਰਮ ਦੇ ਮਸਲਿਆਂ ਨੇ ਸਾਡੀਆਂ ਨਿੱਕੀਆਂ ਅਣਭੋਲ ਨਸਲਾਂ ਨੂੰ ਵੀ ਵਿਤਕਰੇ ਦੀ ਸਿਉਂਕ ਲਾ ਦਿੱਤੀ ਹੈ।

ਖ਼ੈਰ, ਧਾਰਮਿਕ ਆਸਥਾਵਾਂ ਅਤੇ ਉਨ੍ਹਾਂ ਦੇ ਬੰਦ ਦਾਇਰਿਆਂ ਦੇ ਮਾਮਲੇ ਵਿਚ ਫਿਰ ਵੀ ਭਾਰਤੀ ਸਮਾਜ ਵਿਚ ਕੁਝ ਬਦਲਾਓ ਦੇਖਣ ਨੂੰ ਮਿਲਿਆ ਹੈ। ਬਹੁਤ ਸਾਰੇ ਭਾਰਤੀ ਲੋਕ ਸਰਬ ਧਰਮ ਸੰਗਠਨਾਂ ਦੇ ਮੈਂਬਰ ਬਣ ਰਹੇ ਹਨ ਜਾਂ ਫਿਰ ਬਹੁਤੇ ਨਾਸਤਿਕਤਾ ਨੂੰ ਉਤਸ਼ਾਹਿਤ ਕਰਕੇ ਤਰਕਵਾਦ ਨਾਲ ਜੁੜ ਰਹੇ ਹਨ। ਲੋਕਪ੍ਰਿਯਾ ਮੀਡੀਆ ਇਮਦਾਦ ਦੀ ਗੱਲ ਕਰੀਏ ਤਾਂ 'ਓਹ ਮਾਈ ਗਾਡ' ਅਤੇ 'ਪੀ.ਕੇ.' ਵਰਗੀਆਂ ਸ਼ਾਹਕਾਰ ਫ਼ਿਲਮਾਂ ਨੇ ਧਰਮਿਕ ਵਿਹਾਰ ਅਤੇ ਪ੍ਰਕਿਰਿਆਵਾਂ ਅੰਦਰਲੀ ਤਰਕਹੀਣਤਾ ਨੂੰ ਉਭਾਰਨ ਦੇ ਨਾ਼ਲ ਨਾ਼ਲ ਧਰਮਾਂ ਦੀ ਗ੍ਰਿਫ਼ਤ ਵਿਚ ਘੁਟ ਘੁਟ ਕੇ ਜੀਅ ਰਹੀ ਮਨੁੱਖਤਾ ਬਾਰੇ ਲੋਕ ਮਨਾਂ ਵਿਚ ਨਵੇਂ ਸਵਾਲ ਉਜਾਗਰ ਕੀਤੇ ਹਨ। ਇਸ ਦੇ ਉਲਟ ਜਾਤ ਪ੍ਰਥਾ ਦਾ ਪਾੜਾ ਤਾਂ ਛੂਤ ਦੀ ਬਿਮਾਰੀ ਵਾਂਗੂੰ ਲੋਕਾਂ ਦੇ ਮਨਾਂ ਨੂੰ ਲੱਗਾ ਹੋਇਆ ਹੈ ਪਰ ਰਾਜਨੀਤਕ ਤੇ ਅਕਾਦਮਿਕ ਦਾਇਰਿਆਂ ਤੋਂ ਬਾਹਰ ਗਲੀਆਂ-ਬਾਜ਼ਾਰਾਂ ਅਤੇ ਮਹਿਫ਼ਿਲਾਂ ਵਿਚ ਇਸ ਕੋਹੜ ਬਾਰੇ ਬਹੁਤੀਆਂ ਗੱਲਾਂ ਨਹੀਂ ਹੁੰਦੀਆਂ।

ਪੰਜਾਬ ਦੀ ਗੱਲ ਕਰਾਂ ਤਾਂ ਅਜਮੇਰ ਔਲਖ਼ ਦਾ ਨਾਟਕ 'ਸੱਤ ਬੇਗਾਨੇ' ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਜ਼ਿੰਦਗੀ ਦੇ ਸਾਰੇ ਸਾਲ ਬਿਤਾ ਕੇ ਵੀ ਇਕ ਔਰਤ ਆਪਣੇ ਪਤੀ ਦੀ ਉਚੀ ਜਾਤ ਗ੍ਰਹਿਣ ਨਹੀਂ ਕਰ ਸਕਦੀ ਤੇ ਇਸੇ ਕਰਕੇ ਉਸ ਦੇ ਬੱਚਿਆਂ ਦੇ ਰਿਸ਼ਤੇ ਵੀ ਨਹੀਂ ਹੁੰਦੇ। ਇਥੋਂ ਤਕ ਕਿ ਪੰਜਾਬ ਵਿਚ ਤਾਂ ਜਾਤ ਸੰਕਟ ਇੰਨਾ ਭਿਆਨਕ ਹੈ ਕਿ ਉਚ ਜਾਤੀਆਂ ਦੇ ਲੋਕ ਆਪਣੇ ਤੋਂ ਹੇਠਲੀ ਜਾਤੀ ਦੇ ਲੋਕਾਂ ਲਈ ਕੁਜਾਤ ਸ਼ਬਦ ਦਾ ਇਸਤੇਮਾਲ ਤੱਕ ਕਰਦੇ ਹਨ। ਇਸ ਬਾਬਤ ਪੰਜਾਬੀ ਫ਼ਿਲਮ ਮੀਡੀਆ ਦੇ ਹਾਲਾਤ ਇਹ ਹਨ ਕਿ ਪੰਜਾਬੀ ਦੀ ਇਕ ਵੀ ਫ਼ਿਲਮ ਇਸ ਮਸਲੇ ਨੂੰ ਸਿੱਧੇ ਤੌਰ 'ਤੇ ਸੰਬੋਧਨ ਨਹੀਂ ਕਰਦੀ। ਜੇ ਅਜਿਹੀਆਂ ਕੋਸ਼ਿਸ਼ਾਂ ਹੋਈਆਂ ਵੀ ਹਨ ਤਾਂ ਉਹ ਫ਼ਿਲਮਾਂ ਦਲਿਤ ਚੇਤਨਾ ਦੇ ਨਾਂ 'ਤੇ ਅਣਗੌਲੀਆਂ ਹੀ ਕੀਤੀਆਂ ਗਈਆਂ ਜਿਨ੍ਹਾਂ ਵਿਚ ਰਾਜੀਵ ਸ਼ਰਮਾ ਦੀ ਫ਼ਿਲਮ 'ਚੰਮ', ਰਾਮ ਸਰੂਪ ਅਣਖੀ ਦੀ ਕਹਾਣੀ 'ਤੇ ਆਧਾਰਿਤ ਫ਼ਿਲਮ 'ਗੇਲੋ', ਰਣਦੀਪ ਮੱਦੋਕੇ ਦੀ ਦਸਤਾਵੇਜ਼ੀ ਫਿਲਮ 'ਦਿ ਲੈਂਡਲੈੱਸ' ਆਦਿ ਮਹੱਤਵਪੂਰਨ ਉਦਾਹਰਣਾਂ ਹਨ। ਹਾਂ, ਅੰਤਰਜਾਤੀ ਵਿਆਹਾਂ ਦੇ ਮਸਲਿਆਂ ਦੀ ਗੱਲ ਜ਼ਰੂਰ ਇਕ ਦੋ ਫ਼ਿਲਮਾਂ ਜਿਵੇਂ 'ਬਾਗ਼ੀ', 'ਚੰਨਾ ਮੇਰਿਆ' ਆਦਿ ਵਿਚ ਉਠੀ ਪਰ ਇਹ ਫ਼ਿਲਮਾਂ ਮਸਲੇ ਦਾ ਸਿਰਫ਼ ਇਕਪਾਸੜ ਤੇ ਛੋਟਾ ਹੱਲ ਦੇਣ ਤੋਂ ਅੱਗੇ ਨਹੀਂ ਜਾ ਸਕੀਆਂ।

ਭਾਰਤੀ ਸਿਆਸਤਦਾਨਾਂ ਨੇ ਵੀ ਇਸ ਫ਼ਰਕ ਨੂੰ ਮੇਟਣ ਦੀ ਬਜਾਇ ਆਪਣੀਆਂ ਰੋਟੀਆਂ ਸੇਕਣ ਲਈ ਇਸ ਤੋਂ ਅੱਗ ਦਾ ਕੰਮ ਹੀ ਲਿਆ ਹੈ। ਬਹੁਗਿਣਤੀ ਨੇਤਾਵਾਂ ਅਤੇ ਵਿਧਾਇਕਾਂ ਦੇ ਚੋਣਾਂ ਦੇ ਏਜੰਡੇ ਇਸੇ ਜਾਤੀਵਾਦ ਨੂੰ ਹੁਲਾਰਾ ਦੇ ਕੇ ਵਿਉਂਤੇ ਜਾਂਦੇ ਹਨ। ਭੋਲੀ ਜਨਤਾ ਧਰਮ ਦੀ ਪੱਟੀ ਅੱਖਾਂ ਉਤੇ ਬੰਨ੍ਹਵਾ ਕੇ, ਜਾਤ ਦੇ ਠੂਠੇ ਵਿਚ ਆਪਣੇ ਹੀ ਹੱਕਾਂ ਨੂੰ ਗੋਡੇ ਟੇਕ ਟੇਕ ਕੇ ਮੰਗਦੀ ਆਈ ਹੈ। ਨਮੋਸ਼ੀ ਦੀ ਗੱਲ ਤਾਂ ਇਹ ਵੀ ਹੈ ਕਿ ਭਾਰਤ ਦੇ ਸੰਵਿਧਾਨ ਵਿਚ ਸੱਠ ਸਾਲਾਂ ਵਿਚ 103 ਸੋਧਾਂ ਅਤੇ ਸੈਂਕੜੇ ਅਨੁਛੇਦੀ ਤਬਦੀਲੀਆਂ ਹੋਈਆਂ ਪਰ ਜਾਤ ਦੇ ਮਸਲੇ ਨੂੰ ਜਾਤ ਜਿੰਨੀ ਕਠੋਰਤਾ ਨਾਲ ਕਦੇ ਨਹੀਂ ਸੋਧਿਆ ਗਿਆ। ਇਸ ਦੇ ਜਵਾਬ ਮੇਰਾ ਖ਼ਿਆਲ ਹੈ, ਸਭ ਨੂੰ ਸਪਸ਼ਟ ਹੀ ਹਨ।

ਨਿਦਾ ਫ਼ਾਜ਼ਲੀ ਦਾ ਇਕ ਫ਼ਿਲਮੀ ਸੰਵਾਦ ਹੈ ਕਿ 'ਤਬਦੀਲੀ ਵੀ ਤਬਦੀਲ ਹੋਤੀ ਹੈ'। ਇਸੇ ਤਰਜ਼ 'ਤੇ ਜਾਤ ਅਤੇ ਧਰਮ ਦੀ ਕਠੋਰਤਾ ਨੂੰ ਤੋੜਨ ਦੇ ਯਤਨ ਵੱਖੋ-ਵੱਖ ਢੰਗਾਂ ਨਾਲ ਹੋਏ। ਇਸ ਦੇ ਭਾਵੇਂ ਬਹੁਤ ਸਾਰੇ ਨਕਾਰਾਤਮਕ ਪੱਖ ਹੋਣਗੇ ਪਰ ਪਿਛਲੇ ਸਮੇਂ ਤੋਂ ਪੰਜਾਬ ਵਿਚ ਤਾਂ ਇਹ ਕੰਮ ਆਈਲੈੱਟਸ ਦੇ ਬੈਂਡ ਬਾਖ਼ੂਬੀ ਕਰ ਰਹੇ ਹਨ ਜਿਸ ਤਹਿਤ ਪੱਕੇ ਹੋਣ ਦੀ ਕੋਸ਼ਿਸ਼ ਹਿਤ ਬਹੁਗਿਣਤੀ ਲੋਕਾਂ ਨੂੰ ਆਪਣੀਆਂ ਧੌਣਾਂ ਦੇ ਕਿੱਲੇ ਕੱਢਣੇ ਪਏ। ਖ਼ੈਰ, ਦਿਲ ਨੂੰ ਇਕ ਸਕੂਨ ਤਾਂ ਹੈ ਕਿ ਜੋ ਸਵਾਲ ਸਮਾਜ ਵਿਗਿਆਨ ਦੀ ਜਮਾਤ ਵਿਚ ਪਨਪੇ, ਉਹ ਸ਼ਾਇਦ ਹੱਲ ਹੋ ਰਹੇ ਹਨ ਪਰ ਇਹ ਅਜੇ ਬਹੁਤ ਨਿਗੂਣਾ ਹੈ।

ਇਸੇ ਬਾਬਤ ਫ਼ਰਵਰੀ 2019 ਵਿਚ ਖ਼ੁਸ਼ੀ ਦੀ ਖ਼ਬਰ ਆਈ ਸੀ ਕਿ ਭਾਰਤ ਦੇ ਹੀ ਰਾਜ ਤਾਮਿਲਨਾਡੂ ਦੀ ਸਨੇਹਾ ਪ੍ਰਤਿਭਾਰਾਜਾ ਨੇ ਨੌਂ ਸਾਲਾਂ ਦੀ ਬੜੀ ਮੁਸ਼ੱਕਤ ਨਾਲ 'ਨੋ ਕਾਸਟ, ਨੋ ਰਿਲੀਜਨ ਸਰਟੀਫਿਕੇਟ' ਲੈਣ ਵਿਚ ਸਫ਼ਲਤਾ ਹਾਸਿਲ ਕੀਤੀ ਹੈ। ਉਸ ਦੀ ਇਹ ਪ੍ਰਾਪਤੀ ਮਹਿਜ਼ ਕਾਗਜ਼ੀ ਨਹੀਂ ਸਗੋਂ ਭਾਰਤ ਵਰਗੇ ਧਾਰਮਿਕ ਪਛਾਣਾਂ ਵਿਚ ਜਕੜੇ ਮੁਲਕ ਦੇ ਧਾਰਮਿਕ ਆਗੂਆਂ ਲਈ ਵੱਡਾ ਸੰਕਟ ਸਾਬਿਤ ਹੋਵੇਗੀ। ਉਸ ਦੀ ਇਸ ਪਹਿਲ ਨੇ ਜਿੱਥੇ ਭਾਰਤੀ ਜਾਤੀਵਾਦੀ ਢਾਂਚੇ ਦੀਆਂ ਚੂਲਾਂ ਹਿਲਾਈਆਂ ਹਨ, ਉਥੇ ਅਖੌਤੀ ਬੋਹੜ ਬਣੇ ਧਾਰਮਿਕ ਠੇਕੇਦਾਰਾਂ ਦੀਆਂ ਜੜ੍ਹਾਂ ਵੀ ਹਲੂਣੀਆਂ ਹਨ; ਹਾਲਾਂਕਿ ਕੇਰਲਾ ਰਾਜ ਵਿਚ ਪਹਿਲਾਂ ਵੀ ਇਸ ਤਰ੍ਹਾਂ ਦੀ ਮੁਹਿੰਮ ਸ਼ੁਰੂ ਹੋਈ ਸੀ ਪਰ ਅਧਿਕਾਰਿਤ ਤੌਰ 'ਤੇ ਇਹ ਜਿੱਤ, ਸਨੇਹਾ ਨੇ ਆਪਣੇ ਨਾਮ ਕਰਵਾਈ ਹੈ। ਦਿਲਚਸਪ ਗੱਲ ਇਹ ਵੀ ਹੈ ਕਿ ਉਸ ਦੀ ਇਸ ਪ੍ਰਾਪਤੀ ਨੂੰ ਮਿਲਿਆ ਥੋੜ੍ਹਾ ਜਿਹਾ ਹੁਲਾਰਾ ਵੀ ਚੋਣਾਂ ਦੇ ਇਸ ਮੌਸਮ ਵਿਚ ਉਨ੍ਹਾਂ ਜੁਗਾੜੂ ਵਿਧਾਇਕਾਂ ਲਈ ਕਿਸੇ ਚੁਬਾਤੀ ਤੋਂ ਘੱਟ ਨਹੀਂ ਹੋਣਾ ਜੋ ਜਾਤ ਧਰਮ ਦੇ ਨਾਮ 'ਤੇ ਵੋਟਾਂ ਮੰਗਣ ਵਾਲੇ ਸਨ। ਹੁਣ ਭਾਵੇਂ ਲੰਮੇ ਇੰਤਜ਼ਾਰ ਬਾਅਦ ਹੀ ਸਹੀ ਪਰ ਇਹ ਸਰਟੀਫਿਕੇਟ ਸ਼ੁਭ ਸ਼ਗਨ ਹੈ। ਇਸ ਕੰਮ ਵਾਸਤੇ ਸਨੇਹਾ ਵਧਾਈ ਦੀ ਹੱਕਦਾਰ ਹੈ। ਉਸ ਦਾ ਇਹ 'ਨੋ ਕਾਸਟ ਤੇ ਨੋ ਰਿਲੀਜਨ' ਵਾਲਾ ਸਰਟੀਫਿਕੇਟ ਜਾਤੀ ਨਿਖੇੜੇ ਅਤੇ ਧਾਰਮਿਕ ਵੱਖਵਾਦ ਦੇ ਮਸਲਿਆਂ ਦੇ ਹੱਲ ਲਈ ਵੀ ਵੱਡਾ ਸੁਝਾਅ ਹੈ।

ਇਸ ਤੋਂ ਵੀ ਵੱਡੀ ਗੱਲ ਹੈ ਕਿ ਧਰਮ ਨੂੰ ਨਾ ਮੰਨ ਕੇ ਨਾਸਤਕ ਹੋਣਾ ਸ਼ਾਇਦ ਇੰਨੀ ਵੱਡੀ ਪ੍ਰਾਪਤੀ ਨਹੀਂ ਜਿੰਨਾ ਸਨੇਹਾ ਵਰਗੀ ਔਰਤ ਲਈ ਇਨਸਾਨ ਹੋ ਕੇ ਆਪਣੇ ਅੰਦਰ ਦੀ ਦ੍ਰਿੜਤਾ ਦੀ ਠੋਕ ਕੇ ਪੈਰਵਾਈ ਕਰਨਾ ਅਤੇ ਵਿਸ਼ਵਾਸ ਪੈਦਾ ਕਰਨਾ ਹੈ। ਉਸ ਦਾ ਆਪਣੀ ਹੋਂਦ ਨੂੰ ਸਾਬਿਤ ਕਰਨ ਦੀ ਲੜਾਈ ਲੜਨਾ ਅਤੇ ਜਿੱਤਣਾ, ਮੇਰੀ ਜਾਚੇ ਅਸਲ ਸਚਾਈ ਹੈ। ਇਸ ਲੜਾਈ ਲਈ ਮੇਰਾ ਸਨੇਹਾ ਨੂੰ ਦਿਲੋਂ ਨਮਨ ਹੈ। ਆਸ ਹੈ, ਉਸ ਦੀ ਇਹ ਕੋਸ਼ਿਸ਼ ਭਾਰਤੀ ਸਮਾਜਿਕ-ਤੰਤਰ ਵਿਚ ਬਦਲਾਓ ਲਈ ਯੁੱਗ ਪਲਟਾਊ ਹੱਲ ਅਤੇ ਅਗਵਾਈ ਸਾਬਿਤ ਹੋਵੇਗੀ। ਇਸ ਤੋਂ ਅਗਵਾਈ ਲੈਂਦਿਆਂ ਸਾਨੂੰ ਵੀ ਪੰਜਾਬ ਵਿਚ ਇਸ ਤਰ੍ਹਾਂ ਦਾ 'ਕੋਈ ਜਾਤ ਤੇ ਕੋਈ ਧਰਮ ਨਹੀਂ' ਦਾ ਪ੍ਰਮਾਣ ਪੱਤਰ ਹਾਸਿਲ ਕਰਨ ਲਈ ਜਥੇਬੰਦ ਮੁਹਿੰਮ ਸ਼ੁਰੂ ਕਰਨੀ ਚਾਹੀਦੀ ਹੈ।

# ਜਮਹੂਰੀਅਤ ਦਾ ਭਰਮ ਬਨਾਮ ਫਾਸ਼ੀਵਾਦ

***(ਪਿਛਲੇ ਸਫੇ ਦੀ ਬਾਕੀ)***


ਲੱਗ ਜਾਣ) ਬਲਕਿ ਆਪਣੇ ਬੰਦਿਆਂ ਦੇ ਦੁਸ਼ਮਣ ਦੇ ਹੱਥ ਲੱਗ ਜਾਣ 'ਤੇ ਉਨ੍ਹਾਂ ਨੂੰ ਛਡਾਉਣ ਲਈ ਪੂਰੀ ਤਾਕਤ ਝੋਕ ਦਿੰਦੀ ਸੀ। ਅਸਾਂਜ ਦੇ ਪਿੱਛੇ ਕੋਈ ਰਾਜ ਸੱਤਾ ਨਹੀਂ ਹੈ - ਤਾਂ ਆਓ ਅਸੀਂ ਉਹ ਕਰੀਏ ਜੋ ਸੋਵੀਅਤ ਦੀ ਜਾਸੂਸੀ ਸੇਵਾ ਕਰਦੀ ਸੀ। ਚਾਹੇ ਕਿੰਨਾ ਵੀ ਵਕਤ ਕਿਉਂ ਨਾ ਲੱਗੇ, ਆਓ ਉਸ ਦੇ ਲਈ ਲੜਿਆ ਜਾਵੇ!

ਵਿਕੀਲੀਕਸ ਤਾਂ ਮਹਿਜ਼ ਇਕ ਸ਼ੁਰੂਆਤ ਹੈ। ਸਾਡਾ ਟੀਚਾ ਮਾਓ ਦੇ ਵਿਚਾਰ ਤੋਂ ਪ੍ਰੇਰਤ ਹੋਣਾ ਚਾਹੀਦਾ ਹੈ: ਸੌ ਵਿਕੀਲੀਕਸ ਖਿੜਨ ਦਿਓ। ਜਿਸ ਕਾਹਲ ਅਤੇ ਘਬਰਾਹਟ ਨਾਲ ਸੱਤਾਧਾਰੀਆਂ ਨੇ - ਜੋ ਸਾਡੀਆਂ ਡਿਜੀਟਲ ਸੰਸਥਾਵਾਂ ਨੂੰ ਕੰਟਰੋਲ ਕਰਦੇ ਹਨ - ਅਸਾਂਜ ਨੂੰ ਲੈ ਕੇ ਆਪਣਾ ਪ੍ਰਤੀਕਰਮ ਦਿਖਾਇਆ ਹੈ, ਉਹ ਇਸ ਦਾ ਸਬੂਤ ਹੈ ਕਿ ਅਸਾਂਜ ਨੇ ਉਨ੍ਹਾਂ ਦੀ ਦੁਖਦੀ ਰਗ ਛੇੜ ਦਿੱਤੀ ਸੀ।

ਇਸ ਜੰਗ ਵਿਚ ਸਾਡੇ ਉਪਰ ਕਈ ਗੈਰ ਵਾਜਿਬ ਹਮਲੇ ਵੀ ਹੋਣਗੇ। ਸਾਡੇ ਉਪਰ ਇਲਜ਼ਾਮ ਲੱਗ ਸਕਦਾ ਹੈ ਕਿ ਅਸੀਂ ਦੁਸ਼ਮਣ ਦੇ ਹੱਥਾਂ ਵਿਚ ਖੇਡ ਰਹੇ ਹਾਂ (ਜੋ ਇਲਜ਼ਾਮ ਅਸਾਂਜ ਉਪਰ ਲਗਾਇਆ ਗਿਆ ਕਿ ਉਹ ਪੂਤਿਨ ਲਈ ਕੰਮ ਕਰ ਰਿਹਾ ਸੀ), ਲੇਕਿਨ ਸਾਨੂੰ ਹੁਣ ਇਸ ਸਭ ਕਾਸੇ ਦੀ ਆਦਤ ਪਾ ਲੈਣੀ ਚਾਹੀਦੀ ਹੈ। ਸਾਨੂੰ ਮੋੜਵਾਂ ਵਾਰ ਕਰਨਾ ਸਿੱਖਣਾ ਹੋਵੇਗਾ ਅਤੇ ਸੱਤਾ ਦੇ ਦੋਹਾਂ ਪੱਖਾਂ ਦੇ ਅੰਤਰਵਿਰੋਧਾਂ ਨੂੰ ਬੇਕਿਰਕੀ ਨਾਲ ਇੰਨਾ ਤਿੱਖਾ ਕਰਨਾ ਹੋਵੇਗਾ ਕਿ ਸਾਰੇ ਹੀ ਢਹਿ-ਢੇਰੀ ਹੋ ਜਾਣ।

# ਸੀ.ਬੀ.ਐਸ.ਈ. ਵੱਲੋਂ ਕੇਂਦਰੀ ਵਿਦਿਆਲਿਆਂ 'ਚੋਂ ਪੰਜਾਬੀ ਨੂੰ ਖਤਮ ਦੀਆਂ ਕੋਸ਼ਿਸ਼ਾਂ

**ਪਟਿਆਲਾ:** ਸੀ.ਬੀ.ਐਸ.ਈ. ਵੱਲੋਂ ਕੇਂਦਰੀ ਵਿਦਿਆਲਿਆਂ ਵਿਚੋਂ ਪੰਜਾਬੀ ਭਾਸ਼ਾ ਨੂੰ ਗੈਰਜ਼ਰੂਰੀ ਕਰਾਰ ਦੇ ਕੇ ਪੰਜਾਬੀ ਬੱਚਿਆਂ ਨੂੰ ਉਨ੍ਹਾਂ ਦੀ ਮਾਂ ਬੋਲੀ ਤੋਂ ਵਾਂਝਿਆਂ ਕਰਨ ਦਾ ਵੱਡੇ ਪੱਧਰ ਉਤੇ ਵਿਰੋਧ ਸ਼ੁਰੂ ਹੋ ਗਿਆ ਹੈ। ਮੈਂਬਰ ਪਾਰਲੀਮੈਂਟ ਡਾ. ਧਰਮਵੀਰ ਗਾਂਧੀ ਨੇ ਇਸ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਰਤ ਦੀਆਂ



ਖੇਤਰੀ ਭਾਸ਼ਾਵਾਂ ਦਾ ਜਿੰਨਾ ਨੁਕਸਾਨ ਸੀ.ਬੀ.ਐਸ.ਈ. ਅਦਾਰਾ ਕਰ ਰਿਹਾ ਹੈ ਉੰਨਾ ਸ਼ਾਇਦ ਹੀ ਕੋਈ ਅਦਾਰਾ ਕਰ ਰਿਹਾ ਹੋਵੇ।

ਡਾ. ਗਾਂਧੀ ਨੇ ਕਿਹਾ ਕਿ ਇਹ ਅਦਾਰਾ ਸਿੱਖਿਆ ਦੀ ਗੈਰ ਵਿਗਿਆਨਿਕ ਵਿਧੀ ਪੂਰੇ ਦੇਸ਼ ਵਿਚ ਸਥਾਪਤ ਕਰ ਰਿਹਾ ਹੈ, ਜਿਸ ਦੇ ਨਤੀਜੇ ਵਜੋਂ ਭਾਰਤ ਵਿਚ ਸਿੱਖਿਆ ਦਾ ਘਾਣ ਹੋ ਰਿਹਾ ਹੈ। ਡਾ. ਗਾਂਧੀ ਨੇ ਕਿਹਾ ਕਿ ਸੀ.ਬੀ.ਐਸ.ਈ. ਮਾਂ ਬੋਲੀਆਂ ਦਾ ਕਤਲੇਆਮ ਕਰਕੇ ਦੇਸ਼ ਦੇ ਲੋਕਾਂ ਦੀਆਂ ਸੰਵੇਦਨਾਵਾਂ ਨਾਲ ਵੀ ਖਿਲਵਾੜ ਕਰ ਰਿਹਾ ਹੈ, ਇਸ ਲਈ ਸੀ.ਬੀ.ਐਸ.ਈ. ਦੇ ਇਨ੍ਹਾਂ ਕਦਮਾਂ ਦੀ ਸਖਤ ਨਿਖੇਧੀ ਅਤੇ ਦੇਸ਼ ਭਰ ਵਿਚ ਸਰਗਰਮ ਵਿਰੋਧ ਜ਼ਰੂਰੀ ਕਦਮ ਬਣ ਗਿਆ ਹੈ ਅਤੇ ਦੇਸ਼ ਦੇ ਲੋਕਾਂ ਨੂੰ ਇਸ ਵਿਚ ਪੂਰੀ ਸਰਗਰਮੀ ਨਾਲ ਸ਼ਾਮਿਲ ਹੋਣਾ ਚਾਹੀਦਾ ਹੈ।

ਇਥੇ ਇਹ ਗੱਲ ਧਿਆਨ ਦੇਣ ਯੋਗ ਹੈ ਕਿ ਇਹ ਬੋਰਡ ਕਾਫੀ ਦੇਰ ਤੋਂ ਇਹੋ ਜਿਹੀਆਂ ਨੀਤੀਆਂ 'ਤੇ ਚੱਲ ਰਿਹਾ ਹੈ ਜਿਸ ਕਾਰਨ ਹਿੰਦੁਸਤਾਨ ਦੇ ਵੱਖ-ਵੱਖ ਖੇਤਰਾਂ ਵਿਚ ਬੋਲੀਆਂ ਜਾਣ ਵਾਲੀਆਂ ਬੋਲੀਆਂ ਨੂੰ ਹਾਸ਼ੀਏ ਉਤੇ ਧੱਕਣ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ। 2018 ਵਿਚ ਬੋਰਡ ਨੇ ਅਧਿਆਪਕਾਂ ਵਾਸਤੇ ਲਏ ਜਾਂਦੇ ਰਹੇ 'ਨੈਸ਼ਨਲ ਯੋਗਤਾ ਟੈਸਟ' ਅੰਗਰੇਜ਼ੀ, ਹਿੰਦੀ ਤੇ ਸੰਸਕ੍ਰਿਤ ਵਿਚ ਕਰਨ ਦਾ ਫੈਸਲਾ ਕੀਤਾ ਸੀ। ਬਾਅਦ ਵਿਚ ਇਸ ਫੈਸਲੇ ਦੇ ਭਾਰੀ ਵਿਰੋਧ ਕਾਰਨ ਮਨੁੱਖੀ ਸਰੋਤ ਵਿਕਾਸ ਮੰਤਰਾਲੇ (ਹਿਊਮਨ ਰਿਸੋਰਸ) ਨੇ ਕੇਂਦਰੀ ਬੋਰਡ ਨੂੰ ਹਦਾਇਤ ਕਰਨ 'ਤੇ ਬੋਰਡ ਨੇ ਆਪਣੇ ਨਿਰਦੇਸ਼ ਵਾਪਸ ਲਏ ਸਨ। ਅਧਿਆਪਕਾਂ ਵਾਲੇ ਇਮਤਿਹਾਨ ਵਿਚ ਅਧਿਆਪਕਾਂ ਨੂੰ 20 ਭਾਸ਼ਾਵਾਂ ਵਿਚੋਂ 2 ਭਾਸ਼ਾਵਾਂ ਚੁਣਨੀਆਂ ਹੁੰਦੀਆਂ ਹਨ ਜਦੋਂ ਕਿ ਜਿਹੜਾ ਨਿਰਦੇਸ਼ 2018 ਵਿਚ ਦਿੱਤਾ ਗਿਆ ਸੀ, ਉਹਦੇ ਵਿਚ ਦਿੱਤੀਆਂ ਗਈਆਂ ਭਾਸ਼ਾਵਾਂ ਦੀ ਗਿਣਤੀ ਸਿਰਫ ਤਿੰਨ ਰਹਿ ਗਈ (ਅੰਗਰੇਜ਼ੀ, ਹਿੰਦੀ ਤੇ ਸੰਸਕ੍ਰਿਤ) ਜਿਸ ਦਾ ਇਹ ਮਤਲਬ ਸੀ ਕਿ ਹਰ ਅਧਿਆਪਕ ਨੂੰ ਹਿੰਦੀ ਜਾਂ ਸੰਸਕ੍ਰਿਤ ਵਿਚ ਇਮਤਿਹਾਨ ਜ਼ਰੂਰ ਦੇਣਾ ਪਵੇਗਾ।

## ਸ਼੍ਰੋਮਣੀ ਕਮੇਟੀ ਵੱਲੋਂ ਨਿਖੇਧੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕੇਂਦਰ ਸਰਕਾਰ ਵੱਲੋਂ ਪੰਜਾਬ ਵਿਚ ਚੱਲ ਰਹੇ ਕੇਂਦਰੀ ਵਿਦਿਆਲਿਆਂ 'ਚ ਵਿਦਿਆਰਥੀਆਂ ਨੂੰ ਪੰਜਾਬੀ ਮਾਧਿਅਮ ਵਿਚ ਸਰੀਰਕ ਤੇ ਸਿਹਤ ਸਿੱਖਿਆ ਪੜ੍ਹਾਉਣਾ ਬੰਦ ਕਰਨ ਦੇ ਫੈਸਲੇ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਕੇਂਦਰੀ ਵਿਦਿਆਲਿਆਂ ਵਿਚ ਪੰਜਾਬੀ ਮਾਧਿਅਮ ਦੀ ਥਾਂ ਹਿੰਦੀ ਤੇ ਅੰਗਰੇਜ਼ੀ ਮਾਧਿਅਮ ਰਾਹੀਂ ਪੜ੍ਹਾਉਣ ਦੇ ਫਰਮਾਨ ਨੂੰ ਵੀ ਉਨ੍ਹਾਂ ਨੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾਲ ਧੱਕਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਪੰਜਾਬੀ ਨੂੰ ਅਣਗੌਲਿਆ ਕਰਨ ਦੇ ਇਸ ਫੈਸਲੇ ਵਿਰੁੱਧ ਸ਼੍ਰੋਮਣੀ ਕਮੇਟੀ ਵੱਲੋਂ ਸਬੰਧਤ ਵਿਭਾਗ ਨੂੰ ਪੱਤਰ ਲਿਖਿਆ ਜਾਵੇਗਾ।

# ਪਾਕਿਸਤਾਨ ਨੇ ਨੇੜੇ ਲਾਇਆ ਕਰਤਾਰਪੁਰ ਲਾਂਘੇ ਦਾ ਕੰਮ

**ਬਟਾਲਾ:** ਕੌਮਾਂਤਰੀ ਸੀਮਾ ਡੇਰਾ ਬਾਬਾ ਨਾਨਕ ਕੋਲ ਬਣ ਰਹੇ ਕਰਤਾਰਪੁਰ ਲਾਂਘੇ ਦੇ ਕੰਮ ਵਿਚ ਦੋਵੇਂ ਦੇਸ਼ ਤੇਜ਼ੀ ਦਿਖਾ ਰਹੇ ਹਨ। ਪਾਕਿਸਤਾਨ ਵਾਲੇ ਪਾਸੇ ਚੱਲ ਰਹੇ ਨਿਰਮਾਣ ਕਾਰਜ ਨੂੰ ਹੁਣ ਇਧਰ ਦੇ ਸ਼ਰਧਾਲੂ ਦੇਖ ਸਕਦੇ ਹਨ, ਕਿਉਂਕਿ ਪਾਕਿਸਤਾਨ ਨੇ ਜ਼ੀਰੋ ਲਾਈਨ ਕੋਲ ਬਣੇ ਧੁੱਸੀ ਬੰਨ੍ਹ ਦੇ ਇਕ ਹਿੱਸੇ ਨੂੰ ਸੜਕ ਬਣਾਉਣ ਲਈ ਹਟਾ ਦਿੱਤਾ ਹੈ। ਪਾਕਿਸਤਾਨ ਵੱਲੋਂ ਰਾਵੀ ਦਰਿਆ ਉਤੇ ਪੁਲ ਬਣਾਉਣ ਦਾ ਕੰਮ ਜਿਥੇ ਜੰਗੀ ਪੱਧਰ 'ਤੇ ਕੀਤਾ ਜਾ ਰਿਹਾ ਹੈ, ਉਥੇ ਰਾਵੀ ਦਰਿਆ ਤੋਂ ਫੌਜੀ ਖੇਤਰ ਤੱਕ ਬਣਨ ਵਾਲੀ ਸੜਕ ਦਾ ਕੰਮ 90 ਫੀਸਦੀ ਤੱਕ ਮੁਕੰਮਲ ਕਰ ਲਿਆ ਗਿਆ ਹੈ। ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੇ ਪਹਿਲੀ ਪਾਤਸ਼ਾਹੀ ਦੇ 550ਵੇਂ ਜਨਮ ਦਿਹਾੜੇ ਤੋਂ ਪਹਿਲਾਂ ਕਰਤਾਰਪੁਰ ਲਾਂਘੇ ਦੇ ਕੰਮ ਨੂੰ ਅਕਤੂਬਰ ਮਹੀਨੇ ਤੱਕ ਮੁਕੰਮਲ ਕਰਨ ਦੀ ਸਹਿਮਤੀ ਦਿੱਤੀ ਹੋਈ ਹੈ। ਵਿਸਾਖੀ ਦਿਹਾੜੇ 'ਤੇ ਵੱਡੀ ਗਿਣਤੀ ਸੰਗਤਾਂ ਨੇ ਦੋਵਾਂ ਦੇਸ਼ਾਂ ਦੇ ਚੱਲ ਰਹੇ ਕੰਮ ਨੂੰ ਦੇਖਿਆ।

ਕੌਮਾਂਤਰੀ ਸੀਮਾ ਉਤੇ ਲਾਂਘੇ ਦੇ ਕੰਮ ਦੀ ਸ਼ੁਰੂਆਤ ਪਿਛਲੇ ਦਿਨੀਂ ਕੀਤੀ ਗਈ। ਹੁਣ ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਕੇਂਦਰ ਸਰਕਾਰ ਦੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਲੱਗੇ ਹੋਏ ਹਨ ਜਿਨ੍ਹਾਂ 13 ਅਪਰੈਲ ਨੂੰ ਡੇਰਾ ਬਾਬਾ ਨਾਨਕ ਕੋਲ ਬਣੇ ਧੁੱਸੀ ਬੰਨ੍ਹ ਦੇ ਇਕ ਹਿੱਸੇ ਨੂੰ ਹਟਾ ਦਿੱਤਾ ਹੈ ਜਿਸ ਨਾਲ ਸੰਗਤਾਂ ਪਾਕਿਸਤਾਨ ਵਾਲੇ ਪਾਸੇ ਚੱਲ ਰਹੇ ਕੰਮ ਨੂੰ ਹੁਣ ਸਾਫ ਦੇਖ ਸਕਦੀਆਂ ਹਨ ਪਰ ਇਥੇ ਤਾਇਨਾਤ ਬੀ.ਐਸ.ਐਫ. ਅਤੇ ਪੰਜਾਬ ਪੁਲਿਸ ਦੇ ਜਵਾਨਾਂ ਵਲੋਂ ਨਿਰਮਾਣ ਕਾਰਜਾਂ ਦੀ ਤਸਵੀਰ ਲੈਣ ਤੋਂ ਮਨ੍ਹਾਂ ਕੀਤਾ ਜਾ ਰਿਹਾ ਹੈ।



ਇਥੇ ਸੁਰੱਖਿਆ ਏਜੰਸੀਆਂ ਨੇ ਸਿਵਲ ਕੱਪੜਿਆਂ 'ਚ ਵੀ ਆਪਣੇ ਜਵਾਨ ਤਾਇਨਾਤ ਕੀਤੇ ਹੋਏ ਹਨ।

## ਦਰਬਾਰ ਸਾਹਿਬ ਤੋਂ ਗੁਰਬਾਣੀ ਦੇ ਸਿੱਧੇ ਪ੍ਰਸਾਰਣ ਲਈ ਯਤਨ ਕਰੇਗੀ ਸ਼੍ਰੋਮਣੀ ਕਮੇਟੀ

**ਅਬੋਹਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ ਡੀ.ਟੀ.ਐਚ. ਸੇਵਾ 'ਤੇ ਅਤੇ ਹੋਰ ਚੈਨਲਾਂ 'ਤੇ ਹੋਵੇ, ਸੰਗਤਾਂ ਦੀ ਇਸ ਮੰਗ ਨੂੰ ਵਿਚਾਰਿਆ ਜਾਵੇਗਾ। ਲੌਂਗੋਵਾਲ ਨੇ ਕਿਹਾ ਕਿ ਜੇ ਸਿੱਖ ਸੰਗਤਾਂ ਚਾਹੁੰਦੀ ਹੈ ਕਿ ਹਰਿਮੰਦਰ ਸਾਹਿਬ ਨੂੰ ਜਾਂਦੇ ਰਾਹ 'ਤੇ ਵਿਰਾਸਤੀ ਪਲਾਜ਼ੇ 'ਤੇ ਲੱਗੇ ਭੰਗੜੇ ਵਾਲੇ ਬੁੱਤਾਂ ਹਟਾਏ ਜਾਣ ਤਾਂ ਇਸ ਬਾਰੇ ਵੀ ਸ਼੍ਰੋਮਣੀ ਕਮੇਟੀ ਘੋਖ ਕਰਕੇ ਕਾਰਵਾਈ ਕਰੇਗੀ। ਜ਼ਿਕਰਯੋਗ ਹੈ ਕਿ ਕਈ ਸੰਸਥਾਵਾਂ ਦੀ ਮੰਗ ਹੈ ਕਿ ਇਹ ਬੁੱਤ ਹਰਿਮੰਦਰ ਸਾਹਿਬ ਨੂੰ ਜਾਂਦੇ ਮੁੱਖ ਰਾਹ ਅਤੇ ਸ਼ਹੀਦਾਂ ਦੀ ਥਾਂ ਜਲ੍ਹਿਆਂਵਾਲਾ ਬਾਗ ਨੇੜੇ ਹੈ, ਇਹ ਨਹੀਂ ਹੋਣੇ ਚਾਹੀਦੇ।

# ਭਾਰਤ ਦੀ ਆਬਾਦੀ 1.36 ਅਰਬ ਨੂੰ ਅੱਪੜੀ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਆਬਾਦੀ ਫੰਡ ਦੀ ਰਿਪੋਰਟ ਮੁਤਾਬਕ 2010-19 ਵਿਚਾਲੇ ਭਾਰਤ ਦੀ ਆਬਾਦੀ 1.2 ਫੀਸਦੀ ਦੀ ਸਾਲਾਨਾ ਦਰ ਨਾਲ ਵਧੀ ਹੈ ਤੇ 1.36 ਅਰਬ ਹੋ ਗਈ ਹੈ ਜੋ ਚੀਨ ਦੀ ਸਾਲਾਨਾ ਵਾਧਾ ਦਰ ਦੇ ਮੁਕਾਬਲੇ ਦੁੱਗਣੀ ਤੋਂ ਜ਼ਿਆਦਾ ਹੈ।

2019 ਵਿਚ ਭਾਰਤ ਦੀ ਆਬਾਦੀ 1.36 ਅਰਬ ਨੂੰ ਪਹੁੰਚ ਗਈ ਹੈ ਜੋ 1994 ਵਿਚ 94.22 ਕਰੋੜ ਤੇ 1969 ਵਿਚ 54.15 ਕਰੋੜ ਸੀ।

ਸੰਸਾਰ ਦੀ ਆਬਾਦੀ 2019 ਵਿਚ ਵਧ ਕੇ 771.5 ਕਰੋੜ ਹੋ ਗਈ ਹੈ ਜੋ ਪਿਛਲੇ ਸਾਲ 763.3 ਕਰੋੜ ਸੀ। ਸੰਯੁਕਤ ਰਾਸ਼ਟਰ ਦੀ ਇਕ ਏਜੰਸੀ ਦੀ ਰਿਪੋਰਟ ਮੁਤਾਬਕ ਚੀਨ ਦੀ ਆਬਾਦੀ 1.42 ਅਰਬ ਹੋ ਗਈ ਹੈ ਜੋ 1994 ਵਿਚ 1.23 ਅਰਬ ਤੇ 1969 ਵਿਚ 80.36 ਕਰੋੜ ਸੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ 2010 ਤੋਂ 2019 ਵਿਚਾਲੇ ਚੀਨ ਦੀ ਆਬਾਦੀ 0.5 ਫੀਸਦੀ ਦੀ ਅੰਦਾਜ਼ਨ ਸਾਲਾਨਾ ਵਾਧਾ ਦਰ ਨਾਲ ਵਧੀ ਹੈ। ਰਿਪੋਰਟ ਮੁਤਾਬਕ ਭਾਰਤ ਵਿਚ 1969 'ਚ ਪ੍ਰਤੀ ਮਹਿਲਾ ਕੁੱਲ ਜਨਮ ਦਰ 5.6 ਸੀ ਜੋ 1994 ਵਿਚ 3.7 ਰਹਿ ਗਈ। ਭਾਰਤ ਨੇ ਜਨਮ ਵੇਲੇ ਬੱਚੇ ਨੂੰ ਬਚਾਉਣ ਦੀ ਦਰ 'ਚ ਵਾਧਾ ਦਰਜ ਕੀਤਾ ਹੈ।



ਰਿਪੋਰਟ ਵਿਚ 2019 'ਚ ਭਾਰਤ ਦੀ ਆਬਾਦੀ ਬਾਰੇ ਇਕ ਗ੍ਰਾਫ ਦਿੱਤਾ ਗਿਆ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਦੇਸ਼ ਦੀ 27-27 ਫੀਸਦੀ ਆਬਾਦੀ 0-14 ਸਾਲ ਤੇ 10-24 ਸਾਲ ਵਰਗ ਵਿਚਾਲੇ ਹੈ। ਜਦਕਿ 67 ਫੀਸਦੀ ਆਬਾਦੀ 15-64 ਸਾਲ ਵਰਗ ਵਿਚਾਲੇ ਹੈ। ਛੇ ਫੀਸਦੀ ਆਬਾਦੀ 65 ਸਾਲ ਤੇ ਉਸ ਤੋਂ ਜ਼ਿਆਦਾ ਦੀ ਹੈ। ਭਾਰਤ ਦੀ ਸਿਹਤ ਸੰਭਾਲ ਪ੍ਰਣਾਲੀ ਦੀ ਗੁਣਵੱਤਾ ਵਿਚ ਸੁਧਾਰ ਦਾ ਸੰਕੇਤ ਦਿੱਤਾ ਗਿਆ ਹੈ। ਯੂਐਨ ਅਧਿਕਾਰੀ ਜੇਨੇਵਾ ਮੋਨਿਕਾ ਫੇਰੋ ਨੇ ਕਿਹਾ ਕਿ ਅੰਕੜੇ ਕੁਝ ਹੱਦ ਤੱਕ 'ਚਿੰਤਾਜਨਕ' ਹਨ ਤੇ ਦੁਨੀਆਂ ਭਰ ਵਿਚ ਕਰੋੜਾਂ ਔਰਤਾਂ ਲਈ ਸਹਿਮਤੀ ਤੇ ਮਹੱਤਵਪੂਰਨ ਸਿਹਤ ਸੇਵਾਵਾਂ ਤੱਕ ਪਹੁੰਚਣ ਦੇ ਪੱਧਰ ਨੂੰ ਵਧਾਉਣਾ ਅਤਿ ਮਹੱਤਵਪੂਰਨ ਹੈ।

## ਪੰਜਾਬ ਬਾਸਮਤੀ ਖੇਤਰ 'ਚ ਹਰਿਆਣਾ ਤੋਂ ਪਿੱਛੇ

**ਪਟਿਆਲਾ:** ਬਾਸਮਤੀ ਦੀ ਨਿਰਯਾਤ, ਗੁਣਵੱਤਾ, ਉਤਪਾਦਨ ਤੇ ਉਤਪਾਦਕਤਾ ਵਧਾਉਣ ਅਤੇ ਕਾਸ਼ਤ ਸਬੰਧੀ ਨੀਤੀ ਉਲੀਕਣ ਸਬੰਧੀ ਪੰਜਾਬ ਸਰਕਾਰ ਨੇ ਮਾਹਰਾਂ, ਨਿਰਯਾਤਕਾਂ, ਪੀ.ਏ.ਯੂ. ਤੇ ਖੇਤੀਬਾੜੀ ਵਿਭਾਗ ਦੇ ਸਬੰਧਿਤ ਅਧਿਕਾਰੀਆਂ, 'ਐਗਰੀਕਲਚਰਲ ਤੇ ਪ੍ਰੋਸੈਸਡ ਫੂਡ ਪ੍ਰਾਡੈਕਟਸ ਐਕਸਪੋਰਟ ਡਿਵੈਲਪਮੈਂਟ ਅਥਾਰਿਟੀ' (ਅਪੀਡਾ) ਅਤੇ 'ਆਲ ਇੰਡੀਆ ਰਾਈਸ ਐਕਸਪੋਰਟਰਜ਼ ਐਸੋਸੀਏਸ਼ਨ' (ਆਇਰਿਐ) ਦੇ ਪ੍ਰਤੀਨਿਧਾਂ ਦੀ 24 ਅਪ੍ਰੈਲ ਨੂੰ ਇਕ ਵਿਸ਼ੇਸ਼ ਮੀਟਿੰਗ ਬੁਲਾਈ ਹੈ। ਪੰਜਾਬ ਦੀ ਬਾਸਮਤੀ ਹਰਿਆਣਾ ਨਾਲ ਮਿਲ ਕੇ ਬਰਾਮਦ 'ਚ 75 ਫੀਸਦੀ ਤੱਕ ਯੋਗਦਾਨ ਪਾ ਰਹੀ ਹੈ। ਪ੍ਰੰਤੂ ਹਰਿਆਣਾ 'ਚ ਰਕਬਾ 87000 ਹੈਕਟੇਅਰ ਜ਼ਿਆਦਾ ਹੋਣ ਕਾਰਨ ਪਿਛਲੇ ਸਾਲ ਉਤਪਾਦਨ ਪੰਜਾਬ ਨਾਲੋਂ 2 ਲੱਖ ਟਨ ਵੱਧ ਸੀ, ਜਿਸ ਕਾਰਨ ਹਰਿਆਣਾ ਦਾ ਯੋਗਦਾਨ ਅਤੇ ਵਿਦੇਸ਼ੀ ਮੁਦਰਾ 'ਚ ਹਿੱਸਾ ਪੰਜਾਬ ਨਾਲੋਂ ਵੱਧ ਰਿਹਾ।

ਆਇਰਿਐ ਦੇ ਪ੍ਰਧਾਨ ਵਿਜੇ ਸੇਤੀਆ ਨੇ ਕਰਾਪ ਕੇਅਰ ਫੈਡਰੇਸ਼ਨ ਆਫ ਇੰਡੀਆ ਤੇ ਯੂ.ਪੀ. ਐਲ. ਦੇ ਚੇਅਰਮੈਨ ਰਾਜੂ ਸ਼ਰਾਫ ਨੂੰ ਸੁਝਾਅ ਦਿੱਤਾ ਹੈ ਕਿ ਪੈਸਟੀਸਾਈਡ ਦੀਆਂ ਨਿਰਮਾਤਾ ਕੰਪਨੀਆਂ ਇਕਤ ਦੀ ਵਰਤੋਂ ਲਈ ਪੈਕਟ ਬਣਾ ਕੇ ਜਿਸ 'ਚ ਇਹ ਲਿਖਿਆ ਹੋਵੇ ਕਿ ਇਹ ਕੀਟਨਾਸ਼ਕ ਕਿਸ ਬਿਮਾਰੀ ਲਈ ਹੈ, ਮੰਡੀ 'ਚ ਵੇਚਣ। ਇੰਜ ਕਿਸਾਨਾਂ ਨੂੰ ਅਗਵਾਈ ਮਿਲੇਗੀ ਤੇ ਪੈਸਟੀਸਾਈਡ ਦੀ ਯੋਗ ਵਰਤੋਂ ਹੋਵੇਗੀ।

# ਦੁਨੀਆਂ ਦੇ 15 ਪ੍ਰਦੂਸ਼ਿਤ ਸ਼ਹਿਰਾਂ ਵਿਚੋਂ 14 ਭਾਰਤ ਦੇ

**ਨਵੀਂ ਦਿੱਲੀ:** ਦਿੱਲੀ ਦੀ ਵਾਤਾਵਰਨ ਨਾਲ ਸਬੰਧਤ ਇਕ ਸੰਸਥਾ ਨੇ ਦਾਅਵਾ ਕੀਤਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਲੋਕ ਸਭਾ ਹਲਕੇ ਵਾਰਾਨਸੀ ਵਿਚ ਹਵਾ ਦੀ ਗੁਣਵੱਤਾ ਸੁੰਦਰੀਕਰਨ ਤੇ ਬੁਨਿਆਦੀ ਢਾਂਚੇ ਦੇ ਵਿਕਾਸ ਕਰਕੇ ਲਗਾਤਾਰ ਵਿਗੜਦੀ ਜਾ ਰਹੀ ਹੈ। ਵਿਸ਼ਵ ਸਿਹਤ ਸੰਗਠਨ ਦੀ 15 ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਦੀ ਸੂਚੀ ਵਿਚ ਵਾਰਾਨਸੀ ਨੂੰ ਤੀਜੀ ਥਾਵੇਂ ਰੱਖਿਆ ਗਿਆ ਹੈ। ਇਸ ਸੂਚੀ ਵਿਚ ਪੰਜਾਬ ਦਾ ਪਟਿਆਲਾ ਸ਼ਹਿਰ ਵੀ ਸ਼ਾਮਲ ਹੈ। ਇਸ ਸੂਚੀ ਵਿਚ ਕੌਮੀ ਰਾਜਧਾਨੀ ਦਿੱਲੀ ਛੇਵੇਂ ਸਥਾਨ 'ਤੇ ਹੈ ਤੇ ਹਵਾ ਪ੍ਰਦੂਸ਼ਣ ਨਾਲ ਨਜਿੱਠਣ ਵਿਚ ਨਾਕਾਮੀ ਲਈ ਇਥੋਂ ਦੇ ਚੁਣੇ ਹੋਏ ਨੁਮਾਇੰਦਿਆਂ ਦੇ 'ਆਲਸ' ਨੂੰ ਜ਼ਿੰਮੇਵਾਰ ਦੱਸਿਆ ਗਿਆ ਹੈ। ਇਹ ਖੁਲਾਸਾ 'ਪੋਲੀਟੀਕਲ ਲੀਡਰਜ਼ ਪੁਜ਼ੀਸ਼ਨ ਐਂਡ ਐਕਸ਼ਨ ਔਨ ਏਅਰ ਕੁਆਲਿਟੀ ਇਨ ਇੰਡੀਆ 2014-19' ਵਿਚ ਕੀਤਾ ਗਿਆ ਹੈ। ਇਹ ਰਿਪੋਰਟ 'ਕਲਾਈਮੇਟ ਟਰੈਂਡਜ਼' ਵੱਲੋਂ ਜਾਰੀ ਕੀਤੀ ਗਈ ਹੈ।

ਰਿਪੋਰਟ 'ਚ ਕਿਹਾ ਗਿਆ ਹੈ ਕਿ ਸਿਹਤ ਸੰਗਠਨ ਦੀ 15 ਸ਼ਹਿਰਾਂ ਦੀ ਸੂਚੀ ਵਿਚ 14 ਸ਼ਹਿਰ ਭਾਰਤ ਦੇ ਹਨ। ਇਨ੍ਹਾਂ ਵਿਚੋਂ ਚਾਰ ਉਤਰ ਪ੍ਰਦੇਸ਼ ਵਿਚ ਹਨ। ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਵਾਰਾਨਸੀ ਵਿਚ ਸਾਹ ਦੀ ਬਿਮਾਰੀ ਤੇ ਐਲਰਜੀ ਦੇ ਮਰੀਜ਼ਾਂ ਦੀ ਗਿਣਤੀ ਵਿਚ ਇਜ਼ਾਫਾ ਹੋਇਆ ਹੈ। ਇਸ ਦੀ ਮੁੱਖ ਵਜ੍ਹਾ ਸ਼ਹਿਰ ਵਿਚ ਵੱਡੇ ਪੱਧਰ 'ਤੇ ਉਸਾਰੀ ਕਾਰਜਾਂ ਨੂੰ ਦੱਸਿਆ ਗਿਆ ਹੈ। ਰਿਪੋਰਟ ਦਾਅਵਾ ਕਰਦੀ ਹੈ ਕਿ 2017 ਵਿਚ ਵਾਰਾਨਸੀ ਵਿਚ ਹਵਾ ਦਾ ਗੁਣਵੱਤਾ ਸੂਚਕ ਅੰਕ 490 ਤੱਕ ਪੁੱਜ ਗਿਆ ਹੈ, ਜੋ ਖਤਰਨਾਕ ਹੈ। ਦਸੰਬਰ 2018 ਵਿਚ ਇਹ 384 ਸੀ, ਜੋ ਬਹੁਤ ਖਰਾਬ ਸ਼੍ਰੇਣੀ ਵਿਚ ਆਉਂਦਾ ਹੈ। ਯੂਪੀ ਦਾ ਕਾਨਪੁਰ ਸ਼ਹਿਰ ਵਿਸ਼ਵ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਹੈ ਤੇ ਸੂਚੀ ਵਿਚ ਇਹ ਸਿਖਰ ਉਤੇ ਹੈ। ਦੂਜਾ ਨੰਬਰ ਹਰਿਆਣਾ ਦੇ ਫਰੀਦਾਬਾਦ ਦਾ ਹੈ।

# ਅਨਿਲ ਅੰਬਾਨੀ ਦੀ ਕੰਪਨੀ ਨੂੰ ਫਰਾਂਸ 'ਚ ਭਾਰੀ ਟੈਕਸ ਛੋਟ

**ਨਵੀਂ ਦਿੱਲੀ:** ਅਨਿਲ ਅੰਬਾਨੀ ਦੀ ਰਿਲਾਇੰਸ ਕਮਿਊਨਿਕੇਸ਼ਨਜ਼ ਦੀ ਫਰਾਂਸ 'ਚ ਕੰਪਨੀ ਰਿਲਾਇੰਸ ਫਲੈਗ ਐਟਲਾਂਟਿਕ ਦਾ 2015 'ਚ 14.3 ਕਰੋੜ ਯੂਰੋ ਦਾ ਟੈਕਸ ਮੁਆਫ ਹੋਇਆ ਸੀ। ਫਰਾਂਸੀਸੀ ਅਖ਼ਬਾਰ 'ਲੀ ਮੋਂਡੇ' ਦੀ ਰਿਪੋਰਟ ਮੁਤਾਬਕ ਕੰਪਨੀ ਨੂੰ ਇਹ ਰਾਹਤ ਭਾਰਤ ਵੱਲੋਂ 36 ਰਾਫਾਲ ਜੈੱਟ ਖਰੀਦੇ ਜਾਣ ਦੇ ਐਲਾਨ ਦੇ ਕੁਝ ਮਹੀਨਿਆਂ ਮਗਰੋਂ ਮਿਲੀ। ਆਪਣੇ ਪ੍ਰਤੀਕਰਮ 'ਚ ਰਿਲਾਇੰਸ ਕਮਿਊਨਿਕੇਸ਼ਨਜ਼ ਨੇ ਕਿਸੇ ਵੀ ਗਲਤ ਕੰਮ ਤੋਂ ਇਨਕਾਰ ਕਰਦਿਆਂ ਕਿਹਾ ਹੈ ਕਿ ਟੈਕਸ ਵਿਵਾਦ



ਕਾਨੂੰਨੀ ਢਾਂਚੇ ਤਹਿਤ ਹੱਲ ਕਰ ਲਿਆ ਗਿਆ ਸੀ ਜਿਸ ਦਾ ਲਾਹਾ ਫਰਾਂਸ 'ਚ ਕੰਮ ਕਰ ਰਹੀਆਂ ਸਾਰੀਆਂ ਕੰਪਨੀਆਂ ਨੂੰ ਮਿਲਦਾ ਹੈ।

ਫਰਾਂਸੀਸੀ ਅਖ਼ਬਾਰ ਨੇ ਕਿਹਾ ਕਿ ਫਰਾਂਸ ਦੇ ਟੈਕਸ ਅਧਿਕਾਰੀਆਂ ਨੇ ਰਿਲਾਇੰਸ ਫਲੈਗ ਐਟਲਾਂਟਿਕ ਤੋਂ 15.1 ਕਰੋੜ ਯੂਰੋ ਦੀ ਬਜਾਏ 73 ਲੱਖ ਯੂਰੋ ਸਵੀਕਾਰ ਕੀਤੇ ਸਨ। ਰਿਲਾਇੰਸ ਫਲੈਗ ਫਰਾਂਸ 'ਚ ਕੇਬਲ ਨੈੱਟਵਰਕ ਅਤੇ ਹੋਰ ਟੈਲੀਕਾਮ ਇੰਫਰਾਸਟਰਕਚਰ ਦਾ ਕੰਮ ਦੇਖਦੀ ਹੈ। ਅਖ਼ਬਾਰ ਮੁਤਾਬਕ ਫਰਾਂਸੀਸੀ ਟੈਕਸ ਅਧਿਕਾਰੀਆਂ ਵੱਲੋਂ ਕੰਪਨੀ ਦੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਉਸ ਨੇ 2007 ਤੋਂ 2010 ਦਾ 6 ਕਰੋੜ ਯੂਰੋ ਦਾ ਟੈਕਸ ਉਤਾਰਨਾ ਹੈ। ਉਂਜ ਰਿਲਾਇੰਸ ਨੇ 76 ਲੱਖ ਯੂਰੋ ਦੇਣ ਦੀ ਪੇਸ਼ਕਸ਼ ਕੀਤੀ ਪਰ ਫਰਾਂਸ ਦੇ ਟੈਕਸ ਅਧਿਕਾਰੀਆਂ ਨੇ ਇਹ ਰਾਸ਼ੀ ਲੈਣ ਤੋਂ ਇਨਕਾਰ ਕਰ ਦਿੱਤਾ। ਅਧਿਕਾਰੀਆਂ ਵੱਲੋਂ 2010 ਤੋਂ 2012 ਦੀ ਇਕ ਹੋਰ ਜਾਂਚ ਕੀਤੀ ਗਈ ਅਤੇ ਕੰਪਨੀ ਨੂੰ ਕਿਹਾ ਗਿਆ ਕਿ ਉਹ 9.1 ਕਰੋੜ ਯੂਰੋ ਦਾ ਵਾਧੂ ਟੈਕਸ ਅਦਾ ਕਰੇ। ਰਿਪੋਰਟ 'ਚ ਕਿਹਾ ਗਿਆ ਕਿ ਰਿਲਾਇੰਸ ਨੇ ਅਪਰੈਲ 2015 ਤਕ ਟੈਕਸ ਵਜੋਂ ਕੁੱਲ ਰਕਮ 15.1 ਕਰੋੜ ਯੂਰੋ ਤਾਰਨੀ ਸੀ। ਸ੍ਰੀ ਮੋਦੀ ਵੱਲੋਂ ਪੈਰਿਸ 'ਚ ਰਾਫਾਲ ਸੌਦੇ ਦਾ ਐਲਾਨ ਕੀਤੇ ਜਾਣ ਦੇ ਛੇ ਮਹੀਨਿਆਂ ਮਗਰੋਂ ਅਕਤੂਬਰ 'ਚ ਫਰਾਂਸ ਦੇ ਅਧਿਕਾਰੀਆਂ ਨੇ ਰਿਲਾਇੰਸ ਤੋਂ 73 ਲੱਖ ਯੂਰੋ ਸਵੀਕਾਰ ਕਰ ਲਏ। ਰਿਲਾਇੰਸ ਕਮਿਊਨਿਕੇਸ਼ਨਸ ਦੇ ਤਰਜਮਾਨ ਨੇ ਕਿਹਾ ਕਿ ਟੈਕਸ ਪੂਰੀ ਤਰ੍ਹਾਂ ਨਾਲ 'ਗੈਰਕਾਨੂੰਨੀ' ਸੀ ਅਤੇ ਕੰਪਨੀ ਨੇ ਨਿਪਟਾਰੇ ਦੇ ਰੂਪ 'ਚ ਕੋਈ ਲਾਹਾ ਨਹੀਂ ਲਿਆ ਹੈ।

ਅਧਿਕਾਰੀ ਨੇ ਕਿਹਾ ਕਿ ਫਲੈਗ ਫਰਾਂਸ ਨੂੰ 2008-2012 ਦੌਰਾਨ 20 ਕਰੋੜ ਰੁਪਏ ਦਾ ਘਾਟਾ ਪਿਆ ਸੀ ਅਤੇ ਫਰਾਂਸ ਦੇ ਟੈਕਸ ਅਧਿਕਾਰੀਆਂ ਨੇ ਇਸੇ ਵਕਫ਼ੇ ਲਈ 1100 ਕਰੋੜ ਰੁਪਏ ਤੋਂ ਵਧ ਦੇ ਟੈਕਸ ਦੀ ਮੰਗ ਕੀਤੀ ਸੀ। ਬਾਅਦ 'ਚ ਆਪਸੀ ਸਮਝੌਤੇ ਤਹਿਤ ਕੰਪਨੀ ਨੇ 56 ਕਰੋੜ ਰੁਪਏ ਅਦਾ ਕੀਤੇ।

## ਰਿਲਾਇੰਸ ਨਾਲ ਟੈਕਸ ਨਿਪਟਾਰੇ 'ਚ ਕੋਈ ਸਿਆਸੀ ਦਖਲ ਨਹੀਂ: ਫਰਾਂਸ

**ਨਵੀਂ ਦਿੱਲੀ:** ਫਰਾਂਸ ਨੇ ਕਿਹਾ ਹੈ ਕਿ ਟੈਕਸ ਅਧਿਕਾਰੀਆਂ ਅਤੇ ਰਿਲਾਇੰਸ ਦੀ ਕੰਪਨੀ ਵਿਚਕਾਰ ਆਲਮੀ ਪੱਧਰ 'ਤੇ ਨਿਪਟਾਰਾ ਹੋਇਆ ਸੀ ਅਤੇ ਇਸ 'ਚ ਕੋਈ ਸਿਆਸੀ ਦਖਲਅੰਦਾਜ਼ੀ ਨਹੀਂ ਹੋਈ ਸੀ। ਫਰਾਂਸੀਸੀ ਸਫਾਰਤਖਾਨੇ ਨੇ ਬਿਆਨ 'ਚ ਕਿਹਾ ਕਿ ਟੈਕਸ ਨਿਪਟਾਰਾ ਪੂਰੇ ਕਾਨੂੰਨੀ ਅਤੇ ਤੈਅਸ਼ੁਦਾ ਮਾਪਦੰਡਾਂ ਮੁਤਾਬਕ ਹੀ ਕੀਤਾ ਗਿਆ ਹੈ।


PRODUCTIONS
LIVING LEGEND
RETURNS
MEDIA PARTNER
jus
PUNJABI
ਸਾਡੇ ਲੋਕ
SADE LOK
B4U
music
Gurdas
maan
LIVE IN CONCERT
TICKETS AVAILABLE @
HUNGAMACITY
Sulekha.com
eventCOMBO
Ticketing Partner
CALIFORNIA SHOW DATES
SAN JOSE
SATURDAY, MAY 18TH
@7:30 PM
CITY NATIONAL CIVIC
135 W SAN CARLOS ST. SAN JOSE CA 95113
BIKRAMJEET SINGH 669-265-4603
STOCKTON
SATURDAY, MAY 25TH
@7:30 PM
THE BOB HOPE THEATRE
242 E MAIN ST. STOCKTON CA 95202
SUKHCHAIN SINGH 209-495-0653
BAKERSFIELD
SUNDAY MAY 26TH
@7:30 PM
RABOBANK THEATER
1001 TRUXTUN AVE. BAKERSFIELD CA. 93301
PAUL SHERGILL 661-319-7427
BABBU GURPAL 510-557-9670

# ਕਰਤਾਰਪੁਰ ਸਾਹਿਬ ਦਾ ਲਾਂਘਾ ਜ਼ਰੂਰ ਬਣੇਗਾ: ਮੁਹੰਮਦ ਸਰਵਰ

**ਫਰੀਮਾਂਟ (ਬਿਊਰੋ):** ਪਾਕਿਸਤਾਨ ਸਰਕਾਰ ਸਿੱਖ ਕੌਮ ਦੀ 72 ਸਾਲਾਂ ਤੋਂ ਚੱਲੀ ਆ ਰਹੀ ਕਰਤਾਰਪੁਰ ਸਾਹਿਬ ਦੇ ਲਾਂਘੇ ਦੀ ਮੰਗ ਨੂੰ ਪੂਰਾ ਕਰਕੇ ਇਤਿਹਾਸ ਸਿਰਜੇਗੀ। ਇਮਰਾਨ ਖਾਨ ਸਰਕਾਰ ਇਸ ਵੇਲੇ ਪਹਿਲ ਭਾਰਤ ਅਤੇ ਪਾਕਿਸਤਾਨ ਦਰਮਿਆਨ ਇਸ ਸ਼ਾਂਤੀ ਦੇ ਲਾਂਘੇ ਨੂੰ ਮੁਕੰਮਲ ਕਰਨ ਲਈ ਦੇ ਰਹੀ ਹੈ। ਪੰਜਾ ਸਾਹਿਬ, ਨਨਕਾਣਾ ਸਾਹਿਬ, ਕਰਤਾਰਪੁਰ ਸਾਹਿਬ 'ਚ ਦੁਨੀਆਂ ਭਰ ਤੋਂ ਪਹੁੰਚਣ ਵਾਲੀਆਂ ਸੰਗਤਾਂ ਨੂੰ ਪਹਿਲੀ ਪਾਤਿਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ 'ਤੇ ਪਾਕਿਸਤਾਨ ਦੇ ਲੋਕ ਪਲਕਾਂ ਵਿਛਾ ਕੇ ਉਡੀਕ ਕਰ ਰਹੇ ਹਨ।

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਇੱਥੇ ਪੈਰਾਡਾਈਜ਼ ਬਾਲਰੂਮ ਵਿਖੇ ਕਰਦਿਆਂ ਪਾਕਿਸਤਾਨ ਵਿਚਲੇ ਪੰਜਾਬ ਦੇ ਗਵਰਨਰ ਮੁਹੰਮਦ ਸਰਵਰ ਨੇ ਕਿਹਾ ਕਿ ਨਾ ਕਿਸੇ ਨੂੰ ਵੀਜ਼ੇ ਦੀ ਸਮੱਸਿਆ ਆਉਣ ਦਿੱਤੀ ਜਾਵੇਗੀ ਅਤੇ ਨਾ ਹੀ ਇਤਿਹਾਸਕ ਘੜੀਆਂ ਤੋਂ ਵਿਰਵਾ ਕੀਤਾ ਜਾਵੇਗਾ।



*ਜਨਾਬ ਮੁਹੰਮਦ ਸਰਵਰ*

ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਸਰਕਾਰ ਇਸ ਲਾਂਘੇ ਲਈ ਕਿੰਨੇ ਵੀ ਅੜਿੱਕੇ ਕਿਉਂ ਨਾ ਡਾਹੇ, ਪਾਕਿਸਤਾਨ ਸਰਕਾਰ ਇਸ ਮਿਸ਼ਨ ਨੂੰ ਪੂਰਾ ਕਰਕੇ ਹੀ ਰਹੇਗੀ। ਇਹ ਇਕ ਸ਼ਾਂਤੀ ਮਿਸ਼ਨ ਹੈ।



ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਡਾ. ਪ੍ਰਿਤਪਾਲ ਸਿੰਘ ਦੇ ਸੱਦੇ 'ਤੇ ਕੈਲੀਫੋਰਨੀਆ ਪੁੱਜੇ ਗਵਰਨਰ ਮੁਹੰਮਦ ਸਰਵਰ ਦਾ ਪੂਰੇ ਉਤਸ਼ਾਹ ਨਾਲ ਸਵਾਗਤ ਕੀਤਾ ਗਿਆ ਤੇ ਸਿੱਖ ਕੌਮ ਦੇ ਇਸ ਸੁਪਨੇ ਨੂੰ ਪੂਰਾ ਕਰਨ ਲਈ ਉਨ੍ਹਾਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਡਾ. ਪ੍ਰਿਤਪਾਲ ਸਿੰਘ ਨੇ ਮੁਹੰਮਦ ਸਰਵਰ ਨੂੰ ਜੀ ਆਇਆਂ ਆਖਿਆ ਅਤੇ ਉਨ੍ਹਾਂ ਵਲੋਂ ਲਹਿੰਦੇ ਪੰਜਾਬ ਵਿਚ ਆਮ ਲੋਕਾਂ ਲਈ ਪੀਣ ਵਾਲੇ ਪਾਣੀ ਦੀ ਸਹੂਲਤ ਲਈ ਚਲਾਈ ਜਾ ਰਹੀ ਮੁਹਿੰਮ ਵਿਚ ਅਮਰੀਕਨ ਸਿੱਖਾਂ ਵਲੋਂ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਵਾਅਦਾ ਵੀ ਕੀਤਾ।

ਡਾ. ਅਮਰਜੀਤ ਸਿੰਘ ਨੇ ਕਿਹਾ ਕਿ ਪਾਕਿਸਤਾਨ ਸਰਕਾਰ ਇਸ ਗੱਲ ਦਾ ਖਿਆਲ ਰੱਖੇ ਕਿ ਕੋਈ ਸ਼ਰਾਰਤੀ ਅਨਸਰ ਇਨ੍ਹਾਂ ਪਵਿੱਤਰ ਸਮਾਗਮਾਂ ਵਿਚ ਦਾਖਲ ਹੋ ਕੇ ਸਮੱਸਿਆ ਨਾ ਖੜ੍ਹੀ ਕਰ ਸਕੇ। ਅੰਮ੍ਰਿਤ ਸਿੰਘ, ਫਾਰੂਕ ਅਰਸ਼ਦ, ਦਵਿੰਦਰ ਸਿੰਘ, ਜਸਦੇਵ ਸਿੰਘ ਨੇ ਵੀ ਇਸ ਮੌਕੇ ਕਰਤਾਰਪੁਰ ਲਾਂਘੇ ਲਈ ਪਾਕਿਸਤਾਨ ਸਰਕਾਰ ਵਲੋਂ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ।

ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਅਹਿਮ ਸ਼ਖਸੀਅਤਾਂ ਨੇ ਮੁਹੰਮਦ ਸਰਵਰ ਤੇ ਉਨ੍ਹਾਂ ਦੀ ਬੇਗਮ ਦਾ ਯਾਦ ਚਿੰਨ੍ਹ ਦੇ ਕੇ ਮਾਣ ਸਨਮਾਨ ਕੀਤਾ। ਇਸ ਮੌਕੇ ਗੁਲਵਿੰਦਰ ਸਿੰਘ ਗਾਖਲ, ਜਸਜੀਤ ਸਿੰਘ, ਸੁਰਿੰਦਰ ਸਿੰਘ ਨਿੱਝਰ, ਪ੍ਰੋ. ਲਾਲੀ ਧਨੋਆ, ਜੁਗਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ, ਜੌਹਨ ਸਿੰਘ ਗਿੱਲ, ਮੱਖਣ ਸਿੰਘ ਬੈਂਸ, ਬਿੱਟੂ ਨਿੱਝਰ, ਜਸਵਿੰਦਰ ਸਿੰਘ ਜੰਡੀ, ਕਸ਼ਮੀਰ ਸਿੰਘ ਸ਼ਾਹੀ, ਤਜਿੰਦਰ ਧਾਮੀ ਤੇ ਹੋਰ ਅਨੇਕਾਂ ਸ਼ਖਸੀਅਤਾਂ ਹਾਜ਼ਰ ਸਨ।











# ਬਲਜਿੰਦਰ ਕੌਰ ਬਠਿੰਡਾ ਤੇ ਮਨਜਿੰਦਰ ਖਡੂਰ ਸਾਹਿਬ ਤੋਂ 'ਆਪ' ਉਮੀਦਵਾਰ

**ਚੰਡੀਗੜ੍ਹ :** ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਪਾਰਟੀ ਦੀ ਤਲਵੰਡੀ ਸਾਬੋ ਵਿਧਾਨ ਸਭਾ ਹਲਕੇ ਦੀ ਨਵਵਿਆਹੀ ਵਿਧਾਇਕਾ ਪ੍ਰੋ. ਬਲਜਿੰਦਰ ਕੌਰ ਨੂੰ ਬਠਿੰਡਾ ਲੋਕ ਸਭਾ ਹਲਕੇ ਤੋਂ ਉਮੀਦਵਾਰ ਐਲਾਨਿਆ ਹੈ। ਪਾਰਟੀ ਨੇ ਖਡੂਰ ਸਾਹਿਬ ਤੋਂ ਯੂਥ ਵਿੰਗ ਪੰਜਾਬ ਦੇ ਪ੍ਰਧਾਨ ਮਨਜਿੰਦਰ ਸਿੰਘ ਸਿੱਧੂ ਨੂੰ ਉਮੀਦਵਾਰ ਐਲਾਨ ਦਿੱਤਾ ਹੈ। 'ਆਪ' ਨੇ ਪ੍ਰੋਫੈਸਰ ਬਲਜਿੰਦਰ ਕੌਰ ਨੂੰ ਆਪਣੇ ਗਿਆਰਵੇਂ ਉਮੀਦਵਾਰ ਵਜੋਂ ਐਲਾਨਿਆ ਹੈ। ਪ੍ਰੋਫੈਸਰ ਬਲਜਿੰਦਰ ਕੌਰ ਨੇ ਸਾਲ 2014 ਵਿਚ ਹਲਕਾ ਤਲਵੰਡੀ ਸਾਬੋ ਵਿਚ ਹੋਈ ਜ਼ਿਮਨੀ ਚੋਣ 'ਚ ਪਾਰਟੀ ਦੀ ਟਿਕਟ ਉੱਤੇ ਚੋਣ ਲੜ ਕੇ 14000 ਤੋਂ ਵੱਧ ਵੋਟਾਂ ਲੈ ਕੇ 'ਆਪ' ਨੂੰ ਰਵਾਇਤੀ ਸਿਆਸਤ ਵਿਚ ਤੀਜੀ ਧਿਰ ਵਜੋਂ ਉਭਾਰਿਆ ਸੀ ਅਤੇ ਫਿਰ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਉਨ੍ਹਾਂ ਇਸੇ ਹਲਕੇ ਤੋਂ 19833 ਵੋਟਾਂ ਨਾਲ ਜਿੱਤ ਹਾਸਲ ਕੀਤੀ ਸੀ।

ਬਠਿੰਡਾ ਹਲਕੇ ਤੋਂ ਹੀ 'ਆਪ' ਦੇ ਮੁੱਖ ਬਾਗੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਚੋਣ ਲੜ ਰਹੇ ਹਨ। ਉਨ੍ਹਾਂ ਭਾਵੇਂ ਪਾਰਟੀ ਤੋਂ ਅਸਤੀਫਾ ਦੇ ਕੇ ਪੰਜਾਬ ਏਕਤਾ ਪਾਰਟੀ ਬਣਾ ਲਈ ਹੈ ਪਰ



*ਬਲਜਿੰਦਰ ਕੌਰ*

ਕਾਗਜ਼ਾਂ ਵਿਚ ਸ੍ਰੀ ਖਹਿਰਾ ਅੱਜ ਵੀ 'ਆਪ' ਦੇ ਹੀ ਵਿਧਾਇਕ ਹਨ ਜਿਸ ਕਾਰਨ ਇਕੋ ਹਲਕੇ ਵਿਚ ਪਾਰਟੀ ਨੂੰ ਸਮਰਪਿਤ ਵਿਧਾਇਕਾ ਬਲਜਿੰਦਰ ਕੌਰ ਅਤੇ ਬਾਗੀ ਵਿਧਾਇਕ ਸ. ਖਹਿਰਾ ਵਿਚਕਾਰ ਮੁਕਾਬਲਾ ਹੋਵੇਗਾ।


# ਪੰਜਾਬ ਕੇਂਦਰੀ ਯੂਨੀਵਰਸਿਟੀ ਦਾ 95ਵਾਂ ਰੈਂਕ

**ਬਠਿੰਡਾ:** ਪੰਜਾਬ ਕੇਂਦਰੀ ਯੂਨੀਵਰਸਿਟੀ ਨੇ ਦੇਸ਼ ਭਰ 'ਚ ਵਿਦਿਅਕ ਸੰਸਥਾਵਾਂ ਲਈ ਐਮ. ਐਚ.ਆਰ.ਡੀ. ਵੱਲੋਂ ਜਾਰੀ ਕੀਤੀ ਗਈ ਐਨ. ਆਈ. ਆਰ.ਐਫ. ਇੰਡੀਆ ਰੈਂਕਿੰਗ-2019 ਵਿਚ ਯੂਨੀਵਰਸਿਟੀਆਂ ਦੀ ਸ਼੍ਰੇਣੀ ਵਿਚ 95 ਵਾਂ ਸਥਾਨ ਪ੍ਰਾਪਤ ਕੀਤਾ। ਭਾਰਤ ਦੀਆਂ ਨਵੀਆਂ ਸਥਾਪਿਤ ਕੇਂਦਰੀ ਯੂਨੀਵਰਸਿਟੀਆਂ 'ਚੋਂ ਸੀ. ਯੂ. ਪੀ. ਨੇ ਸਰਬੋਤਮ ਰੈਂਕ ਹਾਸਲ ਕੀਤਾ। ਇਸ ਰੈਂਕਿੰਗ ਵਿਚ 4867 ਸੰਸਥਾਵਾਂ ਨੇ ਹਿੱਸਾ ਲਿਆ ਜਿਸ ਨੂੰ 9 ਸ਼੍ਰੇਣੀਆਂ ਵਿਚ ਰੈਂਕਿੰਗ ਦਿੱਤੀ ਗਈ।

ਪੰਜਾਬ ਕੇਂਦਰੀ ਯੂਨੀਵਰਸਿਟੀ ਦੇ ਚਾਂਸਲਰ ਪ੍ਰੋ. ਐਸ ਐਸ ਜੌਹਲ ਨੇ ਇਸ ਪ੍ਰਾਪਤੀ 'ਤੇ ਸੀ.ਯੂ.ਪੀ. ਫੈਕਲਟੀ, ਸਟਾਫ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

# ਮਲਕੀਅਤ ਮੀਤ ਦੀ ਪੁਸਤਕ 'ਕੀ ਰੱਬ ਮਰ ਗਿਐ?' ਲੋਕ ਅਰਪਿਤ

**ਫਰਿਜ਼ਨੋ (ਬਿਊਰੋ):** ਬਾਲੀਵੁੱਡ ਤੋਂ ਹਾਲੀਵੁੱਡ ਤੱਕ ਫਿਲਮ ਜਗਤ ਵਿਚ ਬਤੌਰ ਅਦਾਕਾਰ, ਡਾਇਰੈਕਟਰ ਅਤੇ ਗੀਤਕਾਰ ਆਪਣੀ ਪਛਾਣ ਬਣਾ ਚੁਕੇ ਮਲਕੀਅਤ ਮੀਤ ਦੀ ਵਾਰਤਕ ਪੁਸਤਕ 'ਕੀ ਰੱਬ ਮਰ ਗਿਐ?' ਇਥੇ ਫਰਿਜ਼ਨੋ ਡਰੀਮਜ਼ ਸਟੂਡੀਓ ਵਿਚ ਲੋਕ ਅਰਪਣ ਕੀਤੀ ਗਈ। ਇਸ ਪੁਸਤਕ ਵਿਚਲੇ ਲੇਖ ਮਲਕੀਅਤ ਮੀਤ ਦੀ ਜ਼ਿੰਦਗੀ ਦੇ ਔਖੇ ਪਲਾਂ ਦੀ ਅਸਲੀਅਤ ਅਤੇ ਮੁੜ ਪਰਮਾਤਮਾ ਵੱਲੋਂ ਬਖਸ਼ੀ ਜ਼ਿੰਦਗੀ ਦੇ ਅਨੁਭਵਾਂ 'ਤੇ ਆਧਾਰਤ ਹਨ। ਇਸ ਤੋਂ ਇਲਾਵਾ ਸਮਾਜਕ ਅਸੰਤੁਲਨ ਅਤੇ ਰੱਬ ਦੀ ਹੋਂਦ ਮੰਨਦੇ ਹੋਏ ਵੀ ਇਨਸਾਨੀ ਜ਼ੁਲਮ ਦੀ ਤ੍ਰਾਸਦੀ ਦਾ ਜ਼ਿਕਰ ਹੈ। ਪੁਸਤਕ ਪੜ੍ਹਨਯੋਗ ਹੈ ਅਤੇ ਜ਼ਿੰਦਗੀ ਦੇ ਛਿਪੀ ਹਕੀਕਤ ਦੇ ਪਰਦੇ ਖੋਲਦੀ ਹੈ।



*ਮਲਕੀਅਤ ਮੀਤ*

ਪ੍ਰੋਗਰਾਮ ਦੇ ਪਹਿਲੇ ਪੜਾਅ ਵਿਚ ਪੰਜਾਬੀ ਸਾਹਿਤ ਸਭਾ, ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੇ ਨੁਮਾਇੰਦੇ ਅਤੇ ਗਾਇਕ ਤੇ ਗੀਤਕਾਰ ਸ਼ਾਮਲ ਸਨ। ਪ੍ਰਮੁੱਖ ਬੁਲਾਰਿਆਂ ਵਿਚ ਡਾ. ਗੁਰੂਮੇਲ ਸਿੰਘ ਸਿੱਧੂ, ਸੰਤੋਖ ਸਿੰਘ ਮਿਨਹਾਸ, ਹਰਜਿੰਦਰ ਕੰਗ, ਡਾ. ਅਰਜੁਨ ਸਿੰਘ ਜੋਸਨ, ਅਵਤਾਰ ਗੋਂਦਾਰਾ, ਪੱਤਰਕਾਰ ਨੀਟਾ ਮਾਛੀਕੇ, ਤਰਨ ਸਿੰਘ, ਵਕੀਲ ਵਿਵੇਕ ਮਲਕ, ਜਸਵੰਤ ਮਹਿਮੀ, ਬਲਵੀਰ ਢਿੱਲੋਂ, ਮਾਤਾ ਸਤਵੰਤ ਕੌਰ ਗਰੇਵਾਲ, ਰਵਿੰਦਰਜੀਤ ਸਿੰਘ ਗਿੱਲ, ਦਵਿੰਦਰ ਕੌਰ ਸੰਘਾ ਸ਼ਾਮਲ ਸਨ।

ਦੂਜੇ ਪੜਾਅ ਦੌਰਾਨ ਗਾਇਕ ਧਰਮਵੀਰ ਥਾਂਦੀ, ਜੋਤ ਰਣਜੀਤ ਕੌਰ, ਬੱਲੂ ਸਿੰਘ, ਅਵਤਾਰ ਗਰੇਵਾਲ, ਰਾਜੇਸ਼ ਰਾਜੂ, ਤੇਜ਼ੀ ਪੱਡਾ ਅਤੇ ਜਗਦੇਵ ਸਿੰਘ ਧੰਜਲ ਨੇ ਖੂਬ ਰੰਗ ਬੰਨੇ। ਸਟੇਜ ਸੰਚਾਲਨ ਕੁਲਵੰਤ ਉਭੀ ਨੇ ਬਾਖੂਬੀ ਕੀਤਾ। ਜ਼ਿਕਰਯੋਗ ਹੈ ਕਿ ਮਲਕੀਅਤ ਮੀਤ ਦੇ ਗੀਤ ਬਹੁਤ ਸਾਰੇ ਨਾਮਵਰ ਗਾਇਕ ਗਾ ਚੁਕੇ ਹਨ। ਇਸ ਤੋਂ ਇਲਾਵਾ ਉਹ ਬਹੁਤ ਸਾਰੇ ਨਾਟਕਾਂ ਅਤੇ ਫਿਲਮਾਂ ਵਿਚ ਵੀ ਬਤੌਰ ਅਦਾਕਾਰ ਅਤੇ ਡਾਇਰੈਕਟਰ ਕੰਮ ਕਰ ਚੁਕਾ ਹੈ। ਭਵਿੱਖ ਵਿਚ ਰਿਲੀਜ਼ ਹੋ ਰਹੀ 'ਸ਼ਹੀਦ ਕਰਤਾਰ ਸਿੰਘ ਸਰਾਭਾ' ਦੀ ਜ਼ਿੰਦਗੀ 'ਤੇ ਆਧਾਰਤ ਪੰਜਾਬੀ ਫਿਲਮ ਵਿਚ ਉਹ ਇਕ ਅਦਾਕਾਰ ਵਜੋਂ ਪੇਸ਼ ਹੋਵੇਗਾ।




Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense
(DUI, simple battery,
domestic violence,
immigration post-
conviction relief)



Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com

# ਗੁਰਦੁਆਰਾ ਫਰੀਮਾਂਟ ’ਚ ਖਾਲਸਾ ਸਾਜਨਾ ਦਿਵਸ ਮਨਾਇਆ

**ਫਰੀਮਾਂਟ (ਬਿਊਰੋ):** ਗੁਰਦੁਆਰਾ ਫਰੀਮਾਂਟ ਵਿਖੇ ਖਾਲਸਾ ਸਾਜਨਾ ਦਿਹਾੜਾ ਵਿਸਾਖੀ ਲੰਘੇ ਐਤਵਾਰ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਸੰਗਤ ਵਿਚ ਭਾਰੀ ਉਤਸ਼ਾਹ ਸੀ। ਸਵੇਰੇ ਪਹਿਲਾਂ ਸੰਗਤ ਵਲੋਂ ਨਿਸ਼ਾਨ ਸਾਹਿਬ ਦੀ ਸੇਵਾ ਕੀਤੀ ਗਈ।






ਉਪਰੰਤ ਹਫਤਾਵਾਰੀ ਦੀਵਾਨ ਵਿਚ ਭਾਈ ਦਿਲਬਾਗ ਸਿੰਘ, ਭਾਈ ਗੁਰਪ੍ਰੀਤ ਸਿੰਘ, ਭਾਈ ਪ੍ਰਿਥੀਪਾਲ ਸਿੰਘ ਲੁਧਿਆਣਾ ਵਾਲਿਆਂ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਕਥਾਵਾਚਕ ਗਿਆਨੀ ਰਾਮ ਸਿੰਘ ਦਮਦਮੀ ਟਕਸਾਲ ਵਾਲਿਆਂ ਨੇ ਕਥਾ ਵਿਆਖਿਆ ਅਤੇ ਢਾਡੀ ਜਥਾ ਬੀਬੀ ਜਸਵਿੰਦਰ ਕੌਰ ਰਾਮਾ ਮੰਡੀ ਨੇ ਵੀਰ ਰਸੀ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਕਪਿਲ ਦੇਵ ਵੀ ਗੁਰੂ ਘਰ ਦਰਸ਼ਨਾਂ ਲਈ ਆਏ ਅਤੇ ਸੰਗਤ ਨੂੰ ਸੰਬੋਧਨ ਕੀਤਾ। ਉਨ੍ਹਾਂ ਆਪਣੀ ਪੁਸਤਕ “We Sikhs around the world” ਵੀ ਸੰਗਤਾਂ ਨੂੰ ਭੇਟ ਕੀਤੀ। ਉਨ੍ਹਾਂ ਨੂੰ ਗੁਰੂ ਘਰ ਇੰਦਰ ਸਿੰਘ ਦੋਸਾਂਝ (ਦੋਸਾਂਝ ਕਾਰ ਡੀਲਰਸ਼ਿਪ) ਅਤੇ ਬਲਕਾਰ ਸਿੰਘ (ਸਕੂਨ ਰੈਸਟੋਰੈਂਟ ਵਾਲੇ) ਲੈ ਕੇ ਆਏ।

# ਸੈਲਮਾ ਵਿਚ ਸਜਿਆ 25ਵਾਂ ਸਾਲਾਨਾ ਨਗਰ ਕੀਰਤਨ

**ਫਰਿਜ਼ਨੋ (ਬਿਊਰੋ):** ਨਜ਼ਦੀਕੀ ਸ਼ਹਿਰ ਸੈਲਮਾ ਦੇ ਗੁਰਦੁਆਰਾ ਸਿੱਖ ਸੈਂਟਰ ਆਫ ਪੈਸੇਫਿਕ ਕੌਸਟ ਦੀਆਂ ਸੰਗਤਾਂ ਵਲੋਂ ਵਿਸਾਖੀ ਮੌਕੇ 25ਵਾਂ ਸਾਲਾਨਾ ਨਗਰ ਕੀਰਤਨ ਸਜਾਇਆ ਗਿਆ, ਜਿਸ ਵਿਚ ਵੱਡੀ ਗਿਣਤੀ ਵਿਚ ਸਿੱਖ ਸੰਗਤਾਂ ਅਤੇ ਰਾਗੀ-ਢਾਡੀ, ਕਥਾਵਾਚਕ, ਦੀ ਛਤਰ ਛਾਇਆ ਹੇਠ ਹੋਇਆ।

ਨਗਰ ਕੀਰਤਨ ਦੌਰਾਨ ਸਭ ਪਾਸੇ ਕੇਸਰੀ ਅਤੇ ਰੰਗ-ਬਰੰਗੀਆਂ ਦਸਤਾਰਾਂ ਤੇ ਦੁਪੱਟਿਆਂ ਦਾ ਨਜ਼ਾਰਾ ਬੱਝਾ ਹੋਇਆ ਸੀ। ਨਗਰ ਕੀਰਤਨ ਦੌਰਾਨ ਹੈਲੀਕਪਟਰ ਰਾਹੀਂ ਫੁੱਲਾਂ ਦੀ ਵਰਖਾ ਹੋ ਰਹੀ ਸੀ।




ਕੀਰਤਨੀ ਜਥਿਆਂ ਨੇ ਸ਼ਿਰਕਤ ਕੀਤੀ। ਸਵੇਰ ਸਮੇਂ ਗੁਰੂਘਰ ਵਿਖੇ ਕੀਰਤਨ ਅਤੇ ਗੁਰਮਤਿ ਵਿਚਾਰਾਂ ਨਾਲ ਵਿਸ਼ੇਸ਼ ਸਮਾਗਮ ਹੋਏ।


ਨਗਰ ਕੀਰਤਨ ਦਾ ਅਰੰਭ ਅਰਦਾਸ ਉਪਰੰਤ ਅਮਰੀਕਾ ਦੇ ਰਾਸ਼ਟਰੀ ਝੰਡੇ ਅਤੇ ਕੈਲੀਫੋਰਨੀਆ ਸਟੇਟ ਦੇ ਝੰਡੇ ਮਗਰ ਪੰਜਾਂ ਪਿਆਰਿਆਂ ਦੀ ਅਗਵਾਈ ਤੇ ਗੁਰੂ ਗ੍ਰੰਥ ਸਾਹਿਬ

ਸਥਾਨਕ ਪੰਜਾਬੀ ਸਕੂਲ ਅਤੇ ਇਲਾਕੇ ਦੇ ਹੋਰ ਪੰਜਾਬੀ ਸਕੂਲਾਂ ਦੇ ਬੱਚੇ ਆਪਣੇ ਫਲੋਟਾਂ ਰਾਹੀਂ ਅਮੈਰੀਕਨ ਲੋਕਾਂ ਨਾਲ ਸਿੱਖ ਇਤਿਹਾਸ ਬਾਰੇ ਜਾਣਕਾਰੀ ਸਾਂਝੀ ਕਰ ਰਹੇ ਸਨ। ਗੁਰੂ ਘਰ ਅੰਦਰ ਦੁਨੀਆਂ ਭਰ ਵਿਚ ਸੇਵਾਵਾਂ ਕਰਕੇ ਪਛਾਣ ਬਣਾ ਚੁੱਕੇ ‘ਖਾਲਸਾ ਏਡ’ ਵਾਲਿਆਂ ਤੋਂ ਇਲਾਵਾ ਹੋਰ ਕਈ ਬੂਥ ਲੱਗੇ ਹੋਏ ਸਨ।

# ਡਾ. ਅੰਬੇਡਕਰ ਦਾ 128ਵਾਂ ਜਨਮ ਦਿਨ ਮਨਾਇਆ

**ਨਿਊਵਾਰਕ (ਬਿਊਰੋ):** ਡਾ. ਬੀ. ਆਰ. ਅੰਬੇਡਕਰ ਐਜੂਕੇਸ਼ਨ ਸੁਸਾਇਟੀ ਅਤੇ ਡਾ. ਅੰਬੇਡਕਰ ਇੰਟਰਨੈਸ਼ਨਲ ਸੈਂਟਰ ਵਲੋਂ ਇੱਥੇ ਓਅਇਸਸ ਹਾਲ ਵਿਚ ਭਾਰਤੀ ਸੰਵਿਧਾਨ ਦੇ ਘਾੜੇ









ਡਾ. ਭੀਮ ਰਾਓ ਅੰਬੇਡਕਰ ਦਾ 128ਵਾਂ ਜਨਮ ਦਿਨ ਬੜੇ ਉਤਸ਼ਾਹ ਅਤੇ ਸਤਿਕਾਰ ਨਾਲ ਮਨਾਇਆ ਗਿਆ।



ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਕਿਹਾ ਕਿ ਡਾ. ਅੰਬੇਡਕਰ ਨੇ ਜਾਤ-ਪਾਤ ਦੇ ਕੋਹੜ ਨੂੰ ਖਤਮ ਕਰਨ, ਔਰਤ ਦੇ ਸਨਮਾਨ ਲਈ ਚੇਤਨਾ ਪੈਦਾ ਕਰਨ ਅਤੇ ਸਮਾਜਕ ਨਾਬਰਾਬਰੀ ਖਤਮ ਕਰਨ ਲਈ ਇਨਕਲਾਬੀ ਰੋਲ ਅਦਾ ਕੀਤਾ। ਉਨ੍ਹਾਂ ਨੇ ਸੰਵਿਧਾਨ ਵਿਚ ਹੱਕਾਂ ਦੱਬੇ ਕੁਚਲੇ ਲੋਕਾਂ ਨੂੰ ਸਨਮਾਨ ਨਾਲ ਜ਼ਿੰਦਗੀ ਜਿਊਣ ਦੇ ਹੱਕ ਦੇ ਕੇ ਜਾਤੀ ਪ੍ਰਥਾ ਵਿਚ ਫਸੇ ਭਾਰਤੀ ਸਮਾਜ ਨੂੰ ਇਸ ਜਿੱਲਣ ‘ਚੋਂ ਨਿਕਲਣ ਦਾ ਇਕ ਸੰਕਲਪ ਪੈਦਾ ਕਰਕੇ ਦਿੱਤਾ, ਪਰ ਜੇ ਸੰਵਿਧਾਨ ਨੂੰ ਲਾਗੂ ਕਰਨ ਵਾਲੇ ਲੋਕਾਂ ਦੀ ਨੀਅਤ ਵਿਚ ਖੋਟ ਹੋਵੇ ਤਾਂ ਸੰਵਿਧਾਨ ਆਪਣੇ ਮਿਸ਼ਨ ਤੋਂ ਪਰ੍ਹਾਂ ਚਲਾ ਜਾਵੇਗਾ। ਕਈ ਬੁਲਾਰਿਆਂ ਨੇ ਭਾਰਤ ਦੀ ਮੌਜੂਦ ਰਾਜਨੀਤਕ ਵਿਵਸਥਾ, ਆਰ. ਐਸ. ਐਸ ਤੇ ਭਾਰਤੀ ਜਨਤਾ ਪਾਰਟੀ ‘ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਉਹ ਸੰਵਿਧਾਨ ਨਾਲ ਛੇੜ ਛਾੜ ਕਰ ਰਹੇ ਹਨ, ਜਿਸ ਨਾਲ ਘੱਟ ਗਿਣਤੀ ਲੋਕਾਂ ਅਤੇ ਸਮਾਜਕ ਤੇ ਆਰਥਕ ਤੌਰ ‘ਤੇ ਪਛੜੇ ਲੋਕਾਂ ਦੇ ਹੱਕਾਂ ‘ਤੇ ਡਾਕਾ ਵੱਜੇਗਾ। ਮੂਲ ਭਾਰਤੀ ਲੋਕ ਇਸ ਛੇੜਛਾੜ ਨੂੰ ਹਰਗਿਜ਼ ਬਰਦਾਸ਼ਤ ਨਹੀਂ ਕਰਨਗੇ।

ਅਮਰੀਕ ਚੰਦ ਲਾਖਾ ਦੇ ਯਤਨਾਂ ਨਾਲ ਇਸ ਸਮਾਗਮ ਵਿਚ ਨਾ ਸਿਰਫ ਪੰਜਾਬੀ ਸਗੋਂ ਦੱਖਣ ਭਾਰਤੀ ਵੀ ਵੱਡੀ ਗਿਣਤੀ ਵਿਚ ਸ਼ਾਮਿਲ ਹੋਏ। ਬੁਲਾਰਿਆਂ ਵਿਚ ਅਮਰ ਦੜੋਚ, ਦਸ਼ਵਿੰਦਰਪਾਲ, ਵਿਨੋਦ ਚੁੰਬਰ, ਅਮਰੀਕ ਚੰਦ ਲਾਖਾ, ਬਲਵੀਰ ਥਿੰਦ, ਦੀਪਕ ਸਰੋਆ, ਕਾਰਤਿਕ, ਡਾ. ਹਰਮੇਸ਼ ਕੁਮਾਰ, ਰਾਮ ਕੁਮਾਰ, ਡਾ. ਰਮੇਸ਼ ਜਾਪਰਾ, ਅੰਕਿਤ ਗਟਵਈਆ ਦੇ ਨਾਂ ਵਿਸ਼ੇਸ਼ ਹਨ, ਜਦੋਂ ਕਿ ਪ੍ਰਧਾਨਗੀ ਮੰਡਲ ਵਿਚ ਵਾਨੀਸਾ ਰੂਸਲ, ਅਨਿਲ ਵਾਰਗੇ ਤੇ ਅਮਰੀਕ ਚੰਦ ਲਾਖਾ ਸੁਸ਼ੋਭਿਤ ਸਨ।

ਇਸ ਮੌਕੇ ਕ੍ਰਿਸ਼ਮਾ ਡਾਂਸ ਅਕੈਡਮੀ ਦੀ ਜਯਾ ਸ਼ਰਮਾ ਨੇ ਭਾਰਤੀ ਨ੍ਰਿਤਾਂ ਦੀ ਪੇਸ਼ਕਾਰੀ ਕੀਤੀ ਅਤੇ ਡਾ. ਭੀਮ ਰਾਓ ਅੰਬੇਡਕਰ ਦੇ ਜੀਵਨ ਤੇ ਫਿਲਾਸਫੀ ‘ਤੇ ਬੱਚਿਆਂ ਦੇ ਭਾਸ਼ਣ ਮੁਕਾਬਲਿਆਂ ਵਿਚ ਜੇਤੂ ਰਹਿਣ ਵਾਲਿਆਂ ਨੂੰ ਇਨਾਮ ਮੋਨਿਕਾ ਚੁੰਬਰ ਨੇ ਪ੍ਰਦਾਨ ਕੀਤੇ।

# ਵਿਧਾਇਕ ਬੈਂਸ ਦਾ ਸਾਥ ਛੱਡਣ ਲੱਗੇ ਵੱਡੇ ਆਗੂ

**ਲੁਧਿਆਣਾ:** ਲੋਕ ਸਭਾ ਚੋਣਾਂ ਦੇ ਚੋਣ ਮੈਦਾਨ ਵਿਚ ਉਤਰੇ ਪੀ.ਡੀ.ਏ. ਦੇ ਸਾਂਝੇ ਉਮੀਦਵਾਰ ਤੇ ਲੋਕ ਇਨਸਾਫ ਪਾਰਟੀ ਦੇ ਮੁਖੀ ਵਿਧਾਇਕ ਸਿਮਰਜੀਤ ਸਿੰਘ ਬੈਂਸ ਦੇ ਤਿੰਨ ਵੱਡੇ ਆਗੂ ਉਨ੍ਹਾਂ ਦਾ ਸਾਥ ਛੱਡ ਕੇ ਦੂਜੀਆਂ ਪਾਰਟੀਆਂ ਵਿਚ ਸ਼ਾਮਲ ਹੋ ਗਏ ਹਨ, ਜਿਨ੍ਹਾਂ ਵਿਚ ਸਭ ਤੋਂ ਪਹਿਲਾਂ ਸਾਬਕਾ ਵਿਧਾਇਕ ਪ੍ਰੇਮ ਮਿੱਤਲ ਨੇ ਕਾਂਗਰਸ ਪਾਰਟੀ ਦਾ ਪੱਲਾ ਫੜਿਆ ਸੀ।

ਉਸ ਤੋਂ ਬਾਅਦ ਹਲਕਾ ਇੰਚਾਰਜ ਤੇ ਉਨ੍ਹਾਂ ਦੀ ਪਾਰਟੀ ਦੀ ਟਿਕਟ ਤੋਂ ਵਿਧਾਨ ਸਭਾ ਚੋਣਾਂ ਲੜਨ ਵਾਲੇ ਵਿਪਨ ਸੂਦ ਕਾਕਾ ਸ਼੍ਰੋਮਣੀ ਅਕਾਲੀ ਦਲ ਵਿਚ ਚਲੇ ਗਏ ਤੇ ਹੁਣ ਲੋਕ ਇਨਸਾਫ ਪਾਰਟੀ ਦੇ ਯੂਥ ਵਿੰਗ ਪ੍ਰਧਾਨ ਤੇ ਕੋਰ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਖੁਰਾਣਾ ਨੇ ਕਾਂਗਰਸ ਦਾ ਹੱਥ ਫੜ ਲਿਆ ਹੈ। ਖੁਰਾਣਾ ਨਾਲ ਕੌਂਸਲਰ ਦੀ ਚੋਣ ਲੜਨ ਵਾਲੇ ਹੈਪੀ ਕੋਛੜ ਵੀ ਕਾਂਗਰਸ ਵਿਚ ਸ਼ਾਮਲ ਹੋ ਗਏ। ਇਨ੍ਹਾਂ ਆਗੂਆਂ ਵੱਲੋਂ ਸਾਥ ਛੱਡਣ ਦਾ ਖਮਿਆਜ਼ਾ ਬੈਂਸ ਨੂੰ ਲੋਕ ਸਭਾ ਚੋਣਾਂ ਵਿਚ ਭੁਗਤਣਾ ਪੈ ਸਕਦਾ ਹੈ।

ਪਹਿਲੀ ਅਪਰੈਲ ਨੂੰ ਸਾਬਕਾ ਵਿਧਾਇਕ ਪ੍ਰੇਮ ਮਿੱਤਲ ਨੇ ਆਪਣੇ ਪੁੱਤਰ ਸਣੇ ਲੋਕ ਇਨਸਾਫ ਪਾਰਟੀ ਨੂੰ ਅਲਵਿਦਾ ਕਹਿ ਕੇ ਕਾਂਗਰਸ ਪਾਰਟੀ ਦਾ ਪੱਲਾ ਫੜ ਲਿਆ ਸੀ। ਨਿਗਮ ਚੋਣਾਂ ਸਮੇਂ ਆਪਣੇ ਪੁੱਤਰ ਨੂੰ ਕੌਂਸਲਰ ਦੀ ਟਿਕਟ ਦਿਵਾਉਣ ਲਈ ਸਾਬਕਾ ਵਿਧਾਇਕ ਪ੍ਰੇਮ ਮਿੱਤਲ



ਲੋਕ ਇਨਸਾਫ ਪਾਰਟੀ ਵਿਚ ਸ਼ਾਮਲ ਹੋਏ ਸਨ। ਇਸ ਤੋਂ ਬਾਅਦ ਵਿਧਾਨ ਸਭਾ ਹਲਕਾ ਕੇਂਦਰੀ ਤੋਂ ਇੰਚਾਰਜ ਤੇ ਪਾਰਟੀ ਦੇ ਖਜਾਨਚੀ ਵਿਪਨ ਸੂਦ ਕਾਕਾ ਨੇ ਵੀ ਲੋਕ ਇਨਸਾਫ ਪਾਰਟੀ ਨੂੰ ਅਲਵਿਦਾ ਕਹਿ ਕੇ ਸ਼੍ਰੋਮਣੀ ਅਕਾਲੀ ਦਲ ਦਾ ਪੱਲਾ ਫੜ ਲਿਆ ਸੀ।


**Homeopathicvibes**

**Harminder Singh Gill**

Homeopathic Consultant and Practitioner



*D.H.M.S; B.C.I.H*

(Ex Homeopathic Medical officer Punjab Govt.)

**Now we have two locations:**

940 E. El Camino Real, Sunnyvale, CA 94087

www.homeopathicvibes.com

**Ph: (408) 737-7100**

Fax: (408)737-7102

39210 State St., Suite 111, Fremont, CA 94538

*We sell and ship homeopathic remedies through out North America.*


# ਪਰਵਾਸੀਆਂ ਵੱਲੋਂ ਭੇਜੀ ਮਾਇਆ ਵਿਚ ਭਾਰਤ ਸਿਖਰ ਉਤੇ

**ਵਾਸ਼ਿੰਗਟਨ:** ਵਿਸ਼ਵ ਬੈਂਕ ਨੇ ਆਪਣੀ ਇਕ ਰਿਪੋਰਟ ‘ਚ ਦਾਅਵਾ ਕੀਤਾ ਹੈ ਕਿ ਭਾਰਤ ਉਨ੍ਹਾਂ ਮੁਲਕਾਂ ਦੀ ਸੂਚੀ ਵਿਚ ਸਿਖਰ ਉਤੇ ਬਰਕਰਾਰ ਹੈ, ਜਿਥੋਂ ਦਾ ਡਾਇਸਪੋਰਾ (ਪਰਵਾਸੀ ਭਾਰਤੀ) ਡਾਲਰਾਂ ਦੇ ਰੂਪ ਵਿਚ ਇਕ ਵੱਡਾ ਹਿੱਸਾ ਭਾਰਤ ਨੂੰ ਭੇਜਦਾ ਹੈ।

ਰਿਪੋਰਟ ਮੁਤਾਬਕ ਵੱਖ-ਵੱਖ ਮੁਲਕਾਂ ਵਿਚ ਰਹਿੰਦੇ ਭਾਰਤੀ ਡਾਇਸਪੋਰੇ ਨੇ ਸਾਲ 2018 ਵਿਚ 79 ਅਰਬ ਅਮਰੀਕੀ ਡਾਲਰ ਵਾਪਸ ਭਾਰਤ ਭੇਜੇ ਸਨ। 67 ਅਰਬ ਡਾਲਰ ਦੇ ਅੰਕੜੇ ਨਾਲ ਚੀਨ ਇਸ ਸੂਚੀ ਵਿਚ ਦੂਜੇ ਸਥਾਨ ‘ਤੇ ਹੈ ਜਦਕਿ ਮੈਕਸਿਕੋ (36 ਅਰਬ), ਫਿਲੀਪੀਨਜ਼ (34 ਅਰਬ) ਤੇ ਮਿਸਰ (29 ਅਰਬ) ਕ੍ਰਮਵਾਰ ਤੀਜੇ, ਚੌਥੇ ਤੇ ਪੰਜਵੇਂ ਸਥਾਨ ‘ਤੇ ਹਨ।

ਕਲਾ ਪਰਿਕਰਮਾ

## ਇਕ ਰੰਗਕਰਮੀ ਦਾ ਸੁਪਨਾ...

# ਪਿੰਡ ਵਿਚ ਨਾਟਕ

ਅੱਜ ਪੰਜਾਬ ਦਾ ਪਿੰਡ ਸੁੰਨਾ ਹੈ, ਉਦਾਸ ਹੈ; ਫ਼ਸਲੀ ਘਾਟਿਆਂ ਨਾਲ ਘੁਲਦਾ ਕਿਸਾਨ ਖ਼ੁਦਕੁਸ਼ੀਆਂ ਦੇ ਰਾਹ ਪੈ ਗਿਆ ਹੈ। ਦਿਸ਼ਾਹੀਣ ਨੌਜਵਾਨ ਨਸ਼ਿਆਂ ਦੀ ਦਲਦਲ 'ਚ ਧਸਿਆ ਹੋਇਆ ਹੈ। ਬਜ਼ੁਰਗ ਦੁਖੀ ਹਨ, ਮਾਵਾਂ ਪ੍ਰੇਸ਼ਾਨ ਹਨ। ਸੱਥਾਂ ਰੁੰਡ-ਮਰੁੰਡ ਹੋਈਆਂ ਪਈਆਂ ਹਨ। ਖੇਤ ਫ਼ਸਲਾਂ ਦਾ ਜਣੇਪਾ ਸਹਿ-ਸਹਿ ਕੇ ਹੰਭ ਚੁੱਕੇ ਹਨ। ਹਾਕਮਾਂ ਦੇ ਫ਼ਿਕਰਾਂ 'ਚੋਂ ਪਿੰਡ ਨਦਾਰਦ ਹੋ ਗਿਆ ਹੈ। ਪਿੰਡ ਜੇ ਹਾਲੇ ਵੀ ਜ਼ਿੰਦਾ ਹੈ ਤਾਂ ਆਪਣੇ ਦਮ 'ਤੇ, ਆਪਣੇ ਸਿਰੜੀ ਧੀਆਂ-ਪੁੱਤਰਾਂ ਦੇ ਸਿਰ 'ਤੇ। ਪਿੰਡ ਬਿਮਾਰ ਹੈ ਪਰ ਮਰਿਆ ਨਹੀਂ। ਪਿੰਡ ਦੀਆਂ ਜੜ੍ਹਾਂ ਡੂੰਘੀਆਂ ਹਨ, ਸੌਖਿਆਂ ਇਸ ਦੀ ਚਕਲੀ ਨਹੀਂ ਨਿਕਲ ਸਕਦੀ।



ਕੀ ਪਿੰਡ ਰੰਗਮਚ ਵੱਲ ਆਸ ਭਰੀਆਂ ਨਜ਼ਰਾਂ ਨਾਲ ਤੱਕ ਰਿਹਾ ਹੈ? ਹੋ ਸਕਦੈ ਨਹੀਂ... ਸ਼ਾਇਦ ਉਸ ਦਾ

**ਡਾ. ਸਾਹਿਬ ਸਿੰਘ**
**ਫੋਨ: +91-98880-11096**

ਭੋਲਾਪਨ ਤੇ ਥੱਕਿਆ ਕਿਰਤੀ ਮਨ ਇਹ ਸੋਚਣ ਦੇ ਸਮਰੱਥ ਨਾ ਹੋਵੇ ਕਿ ਰੰਗਮੰਚ ਉਸ ਦਾ ਕੁਝ ਸੁਆਰ ਸਕਦਾ ਹੈ... ਪਰ ਰੰਗਮੰਚ ਤਾਂ ਸਿਆਣਪ 'ਚੋਂ ਨਿਕਲੀ ਕਲਾ ਹੈ, ਫ਼ਿਕਰਮੰਦੀ ਇਸ ਦਾ ਆਧਾਰ ਹੈ। ਦਰਸ਼ਕ ਦੀ ਹੋਂਦ ਦਾ ਅਹਿਸਾਸ ਇਸ ਦੇ ਅੰਦਰ ਸਮਾਇਆ ਹੈ। ਫਿਰ ਕੀ ਰੰਗਮੰਚ ਦੀਆਂ ਨਿਗਾਹਾਂ ਔਕੜਾਂ 'ਚ ਘਿਰੇ ਪਿੰਡ ਦਾ ਜਾਇਜ਼ਾ ਲੈਣ ਲਈ ਤਤਪਰ ਹਨ? ਕੀ ਰੰਗਮੰਚ ਆਪਣੀ ਜ਼ਿੰਮੇਵਾਰੀ ਸਮਝਦਾ ਹੈ। ਕੀ ਰੰਗਮੰਚ ਵਿਹਾਰਕ ਪੱਧਰ 'ਤੇ ਇਹ ਜਾਣਦਾ ਹੈ ਕਿ ਪਿੰਡ ਉਸ ਦੀ ਕਲਾ ਦਾ ਭਰਪੂਰ, ਸਰਗਰਮ, ਮੁੱਲਵਾਨ ਕਾਰਜ ਖੇਤਰ ਹੋ ਸਕਦਾ ਹੈ।

ਅੱਜ ਰੰਗਮੰਚ ਚੜ੍ਹਦੀ ਕਲਾ ਵਿਚ ਹੈ, ਨਿਰਾਸ਼ ਸੁਰਾਂ ਦਾ ਤਿਆਗ ਕਰਕੇ ਬੁਲੰਦ ਸਰਗਮ ਛੋਹ ਰਿਹਾ ਹੈ। ਰੰਗਮੰਚ ਪਹਿਲਾਂ ਤੋਂ ਵਧੇਰੇ ਅਮੀਰ ਹੋਇਆ ਹੈ। ਕੀ ਇਸ ਅਮੀਰੀ ਦਾ ਤਣਾਅਗ੍ਰਸਤ ਪਿੰਡ ਨਾਲ ਕੋਈ ਸੱਜਰਾ ਰਿਸ਼ਤਾ ਜੁੜ ਸਕਦਾ ਹੈ। ਪੰਜਾਬੀ ਰੰਗਮੰਚ ਦਾ



ਜਦੋਂ ਮੁੱਢ ਬੱਝਦਾ ਹੈ ਤਾਂ ਆਇਰਲੈਂਡ ਤੋਂ ਆਈ ਨੋਰਾ ਰਿਚਰਡਜ਼ ਦੀ ਪ੍ਰੇਰਨਾ ਸਦਕਾ ਆਈ.ਸੀ. ਨੰਦਾ, ਸ਼ਾਂਤੀ ਸਰੂਪ ਭਟਨਾਗਰ, ਸਾਹਨੀ ਜਿਹੜੇ ਨਾਟਕ ਲਿਖਦੇ ਹਨ, ਉਨ੍ਹਾਂ ਦੇ ਵਿਸ਼ੇ ਪੇਂਡੂ ਜ਼ਿੰਦਗੀ ਨਾਲ ਜੁੜੇ ਹੋਏ ਹਨ। ਪਿੰਡ ਦਾ ਰਹਿਣ-ਸਹਿਣ, ਪਹਿਰਾਵਾ, ਪੇਂਡੂ ਮੁਹਾਵਰੇ ਇਨ੍ਹਾਂ ਵਿਚ ਹਨ ਤੇ ਇਸ ਪਰੰਪਰਾ ਨੂੰ ਪੰਜਾਬੀ ਨਾਟਕਕਾਰਾਂ ਨੇ ਹੁਣ ਤਕ ਸੰਭਾਲਿਆ ਹੋਇਆ ਹੈ। ਪੰਜਾਬੀ ਨਾਟਕ ਦੇ ਅੱਸੀ ਫ਼ੀਸਦੀ ਪਾਤਰ ਪੇਂਡੂ ਧਰਾਤਲ ਦੇ ਹਨ। ਹਰ ਵਿਸ਼ੇ ਦੀ ਤੰਦ ਪਿੰਡ ਨਾਲ ਜੁੜੀ ਹੋਈ ਹੈ। ਫਿਰ ਕੀ ਕਾਰਨ ਹੈ ਕਿ ਪਿੰਡ ਭਰਪੂਰ ਰੰਗਮੰਚੀ ਊਰਜਾ ਤੋਂ ਵਿਰਵਾ ਹੈ?

ਪਿੰਡ ਵਿਚ ਗੁਰਦੁਆਰਾ ਹੈ, ਸਕੂਲ, ਧਰਮਸ਼ਾਲਾ ਹੈ, ਖੇਡ ਮੈਦਾਨ ਹੈ ਪਰ ਰੰਗਮੰਚ ਲਈ ਕੋਈ ਥਾਂ ਕਿਉਂ ਨਹੀਂ ਹੈ? ਪਿੰਡ ਕਿਸੇ ਵੱਡੇ ਮਸਲੇ ਨੂੰ ਨਜਿੱਠਣ ਲਈ ਸਿਰ ਜੋੜ ਬੈਠਣ ਅਤੇ ਮਿਲ ਕੇ ਹੰਭਲਾ ਮਾਰਨ ਦਾ ਤੱਤ ਸਾਂਭੀ ਬੈਠਾ ਹੈ। ਫਿਰ ਪਿੰਡ ਦੀਆਂ ਸ਼ਾਮਾਂ ਆਜਾਈਂ ਕਿਉਂ ਗੁਆਚ ਰਹੀਆਂ ਹਨ? ਇਨ੍ਹਾਂ ਸ਼ਾਮਾ ਦਾ ਨਾਤੂਆਂ ਜ਼ਿੰਦਗੀ ਦੇ ਵਿਪਰੀਤ ਜਾਂਦੀਆਂ ਗਤੀਵਿਧੀਆਂ ਨਾਲ ਕਿਉਂ ਨਰੜਿਆ ਹੋਇਆ ਹੈ? ਕਿਉਂ ਨਹੀਂ ਹਰ ਪਿੰਡ ਵਿਚ ਖੁੱਲ੍ਹਾ ਰੰਗਮੰਚ ਉਸਾਰ ਲਿਆ ਜਾਂਦਾ?

ਪਿੰਡ ਦੇ ਗੱਭਰੂਆਂ, ਮੁਟਿਆਰਾਂ, ਬੱਚਿਆਂ, ਸ਼ੌਕ ਰੱਖਦੇ ਅੱਧਖੜ ਪੇਂਡੂਆਂ, ਬਜ਼ੁਰਗਾਂ ਨੂੰ ਇਸ ਰੌਚਕ ਖੇਡ ਦਾ ਹਿੱਸਾ ਕਿਉਂ ਨਹੀਂ ਬਣਾ ਲਿਆ ਜਾਂਦਾ? ਕੀ ਇਹ ਸੰਭਵ ਨਹੀਂ ਕਿ ਹਰ ਪਿੰਡ ਦੇ ਵਸਨੀਕ ਆਪਣੇ ਵਾਧੂ ਸਮੇਂ ਅੰਦਰ ਖੁੱਲ੍ਹੇ



ਰੰਗਮੰਚ ਅੰਦਰ ਮਿਲ ਬੈਠਣ?

ਕੋਈ ਬਜ਼ੁਰਗ ਪੁਰਾਣਾ ਕਿੱਸਾ ਛੋਹ ਲਵੇ, ਨੌਜਵਾਨ ਆਪਣੀਆਂ ਗੱਲਾਂ ਕਰਨ, ਮੁਟਿਆਰਾਂ ਆਪਣੇ ਵਲਵਲਿਆਂ ਨੂੰ ਜ਼ੁਬਾਨ ਦੇਣ ਅਤੇ ਇਸ ਸਭ ਨੂੰ ਰਿੜਕ ਕੇ ਭਰਪੂਰ ਨਾਟਕੀ ਸਮੱਗਰੀ ਵਿਚ ਰੂਪਾਂਤਰਿਤ ਕਰ ਲਿਆ ਜਾਵੇ। ਫਿਰ ਪਿੰਡ ਦੇ ਪ੍ਰਦੂਸ਼ਣ ਰਹਿਤ ਖੁੱਲ੍ਹੇ ਅੰਬਰ ਹੇਠਾਂ ਨਾਟਕ ਰਿਹਰਸਲ ਦੀਆਂ ਆਵਾਜ਼ਾਂ ਗੂੰਜਣ। ਹੁਣ ਪਹਿਲਾਂ ਵਾਂਗ ਖੇਡ ਮੈਦਾਨ ਵਿਚ ਗੱਭਰੂ ਖੇਡਾਂ ਨਹੀਂ ਖੇਡਦੇ ਤੇ ਅਧਖੜ੍ਹ ਬਾਹਰ ਬੈਠ ਕੇ ਇਸ ਦਾ ਆਨੰਦ ਨਹੀਂ ਮਾਣਦੇ। ਕਿਉਂ ਨਾ ਇਨ੍ਹਾਂ ਨੂੰ ਨਵੀਂ ਖੇਡ ਦੇ ਲੜ ਲਾਇਆ ਜਾਵੇ।

ਹਰ ਪਿੰਡ ਵਿਚ ਵਾਧੂ ਪੰਚਾਇਤੀ ਜ਼ਮੀਨ ਮੌਜੂਦ ਹੈ, ਉਸ ਜ਼ਮੀਨ 'ਤੇ ਖੁੱਲ੍ਹਾ ਰੰਗਮੰਚ ਉਸਾਰਨਾ ਬਹੁਤਾ ਔਖਾ ਨਹੀਂ। ਪਿੰਡਾਂ ਦੇ ਨੌਜਵਾਨ ਵਿਦੇਸ਼ਾਂ ਅੰਦਰ ਬੈਠੇ ਹਨ। ਉਨ੍ਹਾਂ ਦਾ ਸਹਿਯੋਗ ਲਿਆ ਜਾ ਸਕਦਾ ਹੈ। ਭਰਪੂਰ ਆਕਾਰ ਦਾ ਮੰਚ ਉਸਾਰਿਆ ਜਾਵੇ, ਕਲਾਕਾਰਾਂ ਦੇ ਤਿਆਰ ਹੋਣ ਲਈ ਖੁੱਲ੍ਹੇ ਕਮਰੇ, ਦਰਸ਼ਕਾਂ ਦੇ ਬੈਠਣ ਲਈ ਢਲਾਨ ਵਾਲੀਆਂ ਪੌੜੀਆਂ, ਪਿੰਡ ਖਿੜ ਉਠੇਗਾ। ਸੁਆਣੀਆਂ ਨੂੰ ਰੋਟੀ-ਪਾਣੀ ਦਾ ਆਹਰ ਮੁਕਾ ਕੇ ਟੀ.ਵੀ. 'ਤੇ ਆਉਂਦੇ ਨੀਰਸ ਪ੍ਰੋਗਰਾਮ ਨਹੀਂ ਸਹਿਣੇ ਪੈਣਗੇ। ਉਹ ਚਾਅ ਨਾਲ ਆਪਣੇ ਪੁੱਤਾਂ-ਧੀਆਂ ਨੂੰ ਮੰਚ 'ਤੇ ਕਰਤਬ ਦਿਖਾਉਂਦੇ ਦੇਖ ਸਕਦੀਆਂ ਹਨ। ਸਮਾਂ ਕਰਵਟ ਲੈ ਸਕਦਾ ਹੈ। ਇਕ ਦਿਨ ਉਹ ਖ਼ੁਦ ਮੰਚ 'ਤੇ ਮੰਜੇ-ਪੀੜ੍ਹੀਆਂ ਡਾਹ ਕੇ ਕਿੱਸਾਗੋਈ ਦਾ ਮੁੜ ਮੌਕਾ ਦੇ ਸਕਦੀਆਂ ਹਨ। ਭੰਗੜੇ, ਗਿੱਧੇ, ਲੋਰੀਆਂ ਪਿੰਡ ਦੀ ਆਬੋ-ਹਵਾ ਨੂੰ ਝੂਮਣ ਲਾ ਸਕਦੀਆਂ ਹਨ। ਸਮਾਂ, ਸਥਾਨ, ਸ਼ਕਤੀ ਦੀ ਕਮੀ ਨਹੀਂ ਹੈ; ਬਸ ਰੂਹ ਨਾਲ ਇਕ ਪੱਥਰ ਅਸਮਾਨ ਵੱਲ ਉਲਾਰਨ ਦੀ ਲੋੜ ਹੈ... ਛੇਕ ਆਪਣੇ ਆਪ ਹੋ ਜਾਵੇਗਾ। ਅਜੇ ਰੰਗਮੰਚ ਦੂਰੋਂ ਚੱਲ ਕੇ ਪਿੰਡ ਪਹੁੰਚਦਾ ਹੈ, ਵਿੱਥ ਕਾਇਮ ਹੈ। ਪਿੰਡ ਦਾ ਵਸਨੀਕ ਸ਼ਹਿਰ 'ਚ ਹੁੰਦੇ ਰੰਗਮੰਚ ਤਕ ਪਹੁੰਚ ਨਹੀਂ ਰਿਹਾ, ਇਹ ਵਿੱਥ ਪੂਰੀ ਜਾ ਸਕਦੀ ਹੈ।

ਹਰ ਮਹੀਨੇ ਪਿੰਡ ਸੰਗਰਾਂਦ ਮਨਾਉਂਦਾ ਹੈ, ਇਕ ਦਿਨ ਰੰਗਮੰਚ ਲਈ ਰੱਖ ਲਿਆ ਜਾਵੇ। ਰੰਗਮੰਚ ਕਵਿਤਾ, ਕਹਾਣੀ, ਨਾਵਲ, ਪੇਂਟਿੰਗ ਨੂੰ ਵੀ ਪੇਸ਼ ਕਰਦਾ ਹੈ। ਪਿੰਡ ਦਾ ਰੰਗਮੰਚ ਖੜ੍ਹਾ ਹੋ ਗਿਆ ਤਾਂ ਖੇਤੀ ਆਧਾਰਿਤ ਨਾਟਕ ਵੀ ਬਣਨਗੇ, ਫ਼ਸਲਾਂ ਦੀਆਂ ਕਿਸਮਾਂ ਵੀ ਨਾਟਕਾਂ ਦੇ ਸੰਵਾਦ ਬਣ ਜਾਣਗੀਆਂ। ਪਿੰਡ ਦਾ ਟੋਭਾ ਮੰਚ 'ਤੇ ਆ ਬੈਠੇਗਾ ਤੇ ਕਿਸੇ ਲੰਬੀ ਦਾੜ੍ਹੀ ਵਾਲੇ ਬੁੱਢੇ-ਠੇਰੇ ਵਾਂਗ ਹਿੱਲਦੀ-ਕੰਬਦੀ ਆਵਾਜ਼ 'ਚ ਮਸਕਰੀਆਂ ਕਰਨ ਲੱਗ ਪਵੇਗਾ। ਪਿੰਡ ਆਪਣੇ ਮਸਲਿਆਂ ਨੂੰ ਆਵਾਜ਼ ਦੇਣ ਲਈ ਇਸ ਮੰਚ ਦਾ ਇਸਤੇਮਾਲ ਕਰ ਸਕਦਾ ਹੈ।

ਪਿੰਡ ਆਪਣਾ ਨਾਟਕ ਖ਼ੁਦ ਸਿਰਜੇਗਾ... ਕੱਚਾ, ਪੱਕਾ, ਅੱਧਪਕਾ, ਨੁਕੀਲੇ ਪੱਥਰਾਂ ਵਰਗਾ ਪਰ ਅਸਰਦਾਰ ਹੋਏਗਾ। ਪਿੰਡ ਪ੍ਰਾਹੁਣਿਆਂ ਦੀ ਉਡੀਕ 'ਚ ਰਹਿੰਦਾ ਹੈ, ਹੱਥੀਂ ਛਾਂ ਵੀ ਕਰਦਾ ਹੈ, ਵਿਤ ਅਨੁਸਾਰ ਪ੍ਰਾਹੁਣਚਾਰੀ ਵੀ ਕਰਦਾ ਹੈ; ਇਸ ਲਈ ਕਦੀ-ਕਦਾਈਂ ਪਿੰਡ ਕਿਸੇ ਪ੍ਰਾਹੁਣਾ-ਪੇਸ਼ਕਾਰੀ ਦਾ ਆਨੰਦ ਵੀ ਮਾਣ ਸਕਦਾ ਹੈ। ਸੰਭਾਵਨਾ ਹੈ ਕਿ ਸ਼ਾਮਾਂ ਵੇਲੇ ਜਦੋਂ ਪਿੰਡ ਨੂੰ ਰਾਜਨੀਤੀ ਮਘਾਉਣ ਦੀ ਹੁੜਕ ਜਾਗਦੀ ਹੈ, ਗਭਰੇਟ-ਨਸ਼ਾਂ ਟੀਕਿਆਂ ਵੱਲ ਭੱਜਣ ਲਈ ਉਤਾਵਲੀਆਂ ਹੋ ਉਠਦੀਆਂ ਹਨ, ਸਮਾਰਟ ਫੋਨ ਚੁੰਬਕ ਬਣ ਪਿੰਡ ਦਾ ਖਰਾ ਲੋਹਾ ਆਪਣੇ ਵੱਲ ਖਿੱਚ ਰਿਹਾ ਹੁੰਦਾ ਹੈ, ਅਣਥੱਕੇ ਜਿਸਮ, ਨੀਂਦ ਖ਼ਰੀਦਣ ਲਈ ਤਰਲੋਮੱਛੀ ਹੋ ਰਹੇ ਹੁੰਦੇ ਹਨ, ਉਦੋਂ ਪਿੰਡ ਦਾ ਰੰਗਮੰਚ ਤਾਜ਼ੀ ਹਵਾ ਦਾ ਬੁੱਲਾ ਬਣ ਰੁਮਕਣ ਲੱਗ ਜਾਵੇ। ਪਿੰਡ ਨੂੰ ਸੱਜਰਾ ਰੁਝੇਵਾਂ ਮਿਲ ਜਾਵੇ।

ਨਾਟਕ ਸਮਾਪਤੀ ਤੋਂ ਬਾਅਦ ਘਰਾਂ ਨੂੰ ਪਰਤਦੇ ਪਿੰਡ ਵਾਸੀ ਚਿਹਰਿਆਂ 'ਤੇ ਖੇੜਾ ਲੈ ਵਿਹੜੇ ਵੜਨ, ਆਪਣੀ ਜ਼ਿੰਦਗੀ ਦੇ ਫ਼ਿਕਰਾਂ ਦੀ ਬਾਂਹ ਫੜ ਇਸ ਨੂੰ ਜਿਉਣ ਲਾਇਕ ਬਣਾਉਣ ਦਾ ਸੁਪਨਾ ਪਾਲਦਿਆਂ ਨੀਂਦ ਨੂੰ ਜੀ ਆਇਆਂ ਕਹਿਣ, ਭੁੱਲੇ-ਭਟਕੇ ਅਰਥਹੀਣ ਜ਼ਿੰਦਗੀ ਜਿਉਂਦੇ ਨੌਜਵਾਨ ਸ਼ਾਇਦ ਕਿਸੇ ਮਕਸਦ ਦੇ ਲੜ ਲੱਗ ਜਾਣ ... ਪਿੰਡ ਦੀ ਸੰਘਣੀ ਰਾਤ ਕੀ ਪਤਾ ਕਿਸੇ ਸੋਨ-ਸਵੇਰ 'ਚ ਕਰਵਟ ਲੈਣ ਦੀ ਹਿੰਮਤ ਜੁਟਾ ਲਵੇ!

ਕੀ ਪਤਾ, ਅਜਿਹਾ ਸੱਚ ਹੋ ਜਾਵੇ!! ਸੱਚ ਵੀ ਤਾਂ ਸੁਪਨੇ ਦੇ ਗਰਭ ਅੰਦਰੋਂ ਪੈਦਾ ਹੁੰਦਾ ਹੈ। ਆਓ ਸੁਪਨਾ ਲਈਏ!

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 27 ਅਪਰੈਲ 2019 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-374



*ਜੀਰੀ ਦੀ ਪਨੀਰੀ ਲਾਉਂਦਾ ਬਾਬਾ, ਆਪਣੀ ਪਨੀਰੀ ਨੂੰ ਜਾਗ ਲਾਈ ਜਾਵੇ।*
*ਮਿੱਟੀ, ਪਾਣੀ ਵਿਚ ਖੜ੍ਹਾ ਕੇ, ਹੱਸਦਾ ਹਸਾਉਂਦਾ ਸਭ ਸਿਖਾਈ ਜਾਵੇ।*

## ਕੈਪਸ਼ਨ ਮੁਕਾਬਲਾ-372



ਸੌਗਾਤ ਕੁਦਰਤੀ ਕਰ ਇਕੱਠੀ
ਲੱਦ ਲਈ ਗੱਡੀ ਸਾਰੀ।
ਐਸਾ ਅਜ਼ਬ ਢੰਗ ਬਣਾਇਆ
ਦਿਸੇ ਨਾ ਸ਼ੀਸ਼ਾ ਬਾਰੀ।
ਸੜਕ 'ਤੇ ਜਾਂਦੀ ਰੰਗ ਬਿਖੇਰੇ
ਦੁਲਹਨ ਵਾਂਗ ਸ਼ਿੰਗਾਰੀ।
***-ਜਗਮੀਤ ਸਿੰਘ ਪੰਧੇਰ***
***ਪਿੰਡ ਕਲਾਹੜ (ਲੁਧਿਆਣਾ)***
***ਫੋਨ : 91- 9878337222***

---

ਸਮਾਂ ਬਦਲਿਆ ਤੇ ਰੰਗ ਬਦਲ ਗਏ।
ਢੋਆ ਢੋਆਈ ਦੇ ਢੰਗ ਬਦਲ ਗਏ।
ਗੱਡੇ ਰੇਹੜੇ ਦੀ ਥਾਂ ਛੋਟੇ ਹਾਥੀ ਮੱਲੀ।
ਭਾਜੀ, ਫਲ, ਫੁੱਲ ਲੱਦ ਪਾਏ ਤਰਥੱਲੀ।
***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***

---

ਫੁੱਲਾਂ-ਫਲਾਂ ਨਾਲ ਲੱਦੀ ਗੱਡੀ
ਖੜ੍ਹ-ਖੜ੍ਹ ਲੋਕੀ ਤੱਕਦੇ।
ਧਰਤੀ ਮਾਂ ਜੋ ਦਿੱਤਾ ਖਾਣ ਨੂੰ
ਸਿਫਤ ਨਾ ਕਰਦੇ ਥੱਕਦੇ॥
ਅਮੀਰ ਪੀਂਦੇ ਨੇ ਜੂਸ ਫਲਾਂ ਦਾ
ਗਰੀਬ ਨੂੰ ਮਿਲੇ ਨਾ ਰੋਟੀ।
ਢਿੱਡੋਂ ਭੁੱਖੇ ਸੌਂਦੇ ਬੱਚੇ
ਕਿਸਮਤ ਸਾਡੀ ਖੋਟੀ।

ਦਿਨ ਤਿਉਹਾਰਾਂ ਦੇ ਆ ਗਏ ਨੇੜੇ
ਸਟਾਕ ਜਮ੍ਹਾਂ ਹੈ ਕੀਤਾ।
ਕੇਲਾ, ਕਿਨੂੰ, ਸੇਬ, ਨਾਰੀਅਲ
ਮਿਲੂਗਾ ਆਮ ਪਪੀਤਾ।
ਰਲ ਮਿਲ ਸਾਰੇ ਮਾਰੋ ਹੰਭਲਾ
ਘਰ-ਘਰ ਫਲ ਉਗਾਈਏ।
ਕੇਲਾ, ਕਿਨੂੰ, ਸੇਬ, ਸੰਤਰਾ
ਸਾਰੇ ਰੱਜ-ਰੱਜ ਖਾਈਏ।
***-ਮਾਸਟਰ ਪ੍ਰੀਤਮ ਸਿੰਘ ਲੰਮੇ***
***ਫੋਨ: 925-325-2486***

---

ਭਾਂਤ, ਸੁਭਾਂਤੇ, ਫਲ ਤੇ ਫੁੱਲ
ਲੱਦ ਕੇ ਟੈਂਪੂ 'ਤੇ ਲਾਇਆ ਅੰਬਾਰ।
ਗੱਠੜ ਧਰ ਕੇ, ਗੁੱਛੇ ਲਟਕਾ ਕੇ
ਰੱਸੀ ਨਾਲ ਬੰਨ੍ਹਿਆ ਚੌਗੁਣਾ ਭਾਰ।
ਦੇਖ-ਦੇਖ ਕੇ ਮਨ ਲਲਚਾਵੇ
ਧੰਨ ਹੈ ਜੋ ਇਸ ਨੂੰ ਲਾਊ ਪਾਰ।
***-ਦਵਿੰਦਰ ਕੌਰ***

---


ਸਜੀ ਧਜੀ ਫਲ ਫੁੱਲਾਂ ਨਾਲ
ਥੱਲੇ ਤੋਂ ਉਤੇ ਤੱਕ ਰੇਹੜੀ
ਮਨ ਲਲਚਾਵੇ ਅੰਦਰੋਂ ਧੂਹਾਂ ਪਾਵੇ
ਰਹਿ ਨਾ ਸਕੇ ਉਸਤਤ ਕਰਨੋ
ਕਿਸ ਨੂੰ ਲੈ ਲਵਾਂ ਕਿਸ ਨੂੰ ਨਾ।
ਹੈਨ ਸਭ ਕੁਦਰਤੀ ਬਨਸਪਤੀ ਦੇ ਰਾਜ।
ਚੇਤਾ ਆਉਂਦਾ ਵਰਡਜ਼ਵਰਥ ਦਾ,
"ਕੁਦਰਤ ਕਦੇ ਧੋਖਾ ਨਹੀਂ ਦਿੰਦੀ
ਜੋ ਇਸ ਨੂੰ ਪਿਆਰ ਕਰਦਾ।"
ਲੱਗੇ ਜਿਵੇਂ ਫਲਾਂ, ਫੁੱਲਾਂ ਦਾ ਗੁਲਦਸਤਾ
ਜੋ ਇੰਜ ਹੀ ਸਜਿਆ ਚੰਗਾ ਲਗਦਾ।
"ਸੁੰਦਰਤਾ ਦੇਖਣ ਲਈ ਹੈ
ਨਾ ਕਿ ਛੂਹਣ ਲਈ
ਫੁੱਲ ਦੇਖਣ ਲਈ ਹਨ
ਨਾ ਕਿ ਤੋੜਨ ਲਈ।
***-ਦਰਸ਼ਨਪਾਲ ਦੋਸਾਂਝ***

*To Advertise with Punjab Times Call: 847-359-0746*
*Fax:847-705-9388, e-mail:punjabtimes1@gmail.com*
*Visit us on the web:wwwpunjabtimesusa.com*

# ਆਓ, ਕਬੱਡੀ ਨੂੰ ਡਰੱਗ ਮੁਕਤ ਕਰੀਏ

## ਖੇਡ ਸੰਸਾਰ

**ਪੱਛਮ ਦਾ ਕਬੱਡੀ ਸੀਜ਼ਨ:** ਸਿਆਲ ਵਿਚ ਪੰਜਾਬ ਦੇ ਕਬੱਡੀ ਸੀਜ਼ਨ ਪਿੱਛੋਂ ਹੁਨਾਲ 'ਚ ਪੱਛਮੀ ਮੁਲਕਾਂ ਦਾ ਕਬੱਡੀ ਸੀਜ਼ਨ ਮਈ ਤੋਂ ਅਕਤੂਬਰ ਤਕ ਚਲਦਾ ਹੈ। ਅੱਜ ਕੱਲ ਕਬੱਡੀ ਖਿਡਾਰੀਆਂ ਦੇ ਵੀਜ਼ੇ ਲੁਆਉਣ ਦੀ ਰੁੱਤ ਹੈ। ਇੰਗਲੈਂਡ, ਕੈਨੇਡਾ, ਅਮਰੀਕਾ, ਇਟਲੀ, ਆਸਟ੍ਰੇਲੀਆ, ਨਿਊਜ਼ੀਲੈਂਡ ਤੇ ਯੂਰਪ ਦੇ ਕਈ ਹੋਰ ਮੁਲਕਾਂ ਵਿਚ ਸੌ ਕੁ ਕਬੱਡੀ ਟੂਰਨਾਮੈਂਟ



ਹੁੰਦੇ ਹਨ, ਜਿਨ੍ਹਾਂ ਨੂੰ ਕਬੱਡੀ ਮੇਲੇ ਵੀ ਕਿਹਾ ਜਾਂਦੈ। ਇਨ੍ਹਾਂ ਖੇਡ ਮੇਲਿਆਂ ਬਾਰੇ ਮੈਂ 'ਮੇਲੇ ਕਬੱਡੀ ਦੇ' ਪੁਸਤਕ ਵੀ ਲਿਖੀ ਹੈ। ਪੱਛਮੀ ਮੁਲਕਾਂ ਵਿਚ

**ਪ੍ਰਿੰ. ਸਰਵਣ ਸਿੰਘ**

ਇਕ ਕਬੱਡੀ ਮੇਲੇ ਦਾ ਖਰਚਾ ਦੋ ਲੱਖ ਡਾਲਰ ਤੋਂ ਦਸ ਲੱਖ ਤਕ ਪਹੁੰਚ ਗਿਆ ਹੈ। 'ਕੇਰਾਂ ਟੋਰਾਂਟੋ ਦੇ ਸਕਾਈਡੋਮ (ਰੌਜਰ ਸੈਂਟਰ) ਵਿਚ ਕਬੱਡੀ ਕੱਪ ਕਰਾਉਣ ਲਈ ਇਕ ਦਿਨ ਦਾ ਕਿਰਾਇਆ ਹੀ ਇਕ ਲੱਖ ਡਾਲਰ ਦੇਣਾ ਪਿਆ ਸੀ, ਜੋ ਹੋ ਸਕਦੈ ਹੁਣ ਦੋ ਲੱਖ ਹੋ ਗਿਆ ਹੋਵੇ।

**ਕਬੱਡੀ ਤੇ ਡਰੱਗ:** ਕਬੱਡੀ ਪੰਜਾਬੀਆਂ ਦੀ ਮਾਂ ਖੇਡ ਮੰਨੀ ਜਾਂਦੀ ਹੈ। ਮਾਂ ਦਾ ਦਰਜਾ ਬਹੁਤ ਉਚਾ ਹੁੰਦੈ। ਮਾਂ ਨੂੰ ਕੋਈ ਹੀਮ ਕੀਮ ਹੋ ਜਾਵੇ ਤਾਂ ਧੀਆਂ-ਪੁੱਤਰ ਸੌ ਓਹੜ ਪੋਹੜ ਕਰਦੇ ਹਨ। ਜੇ ਅਸੀਂ ਕਬੱਡੀ ਨੂੰ ਸੱਚਮੁੱਚ ਹੀ ਮਾਂ ਖੇਡ ਸਮਝਦੇ ਹਾਂ ਤੇ ਉਸ ਦੇ ਸੱਚੇ ਪੁੱਤਰ ਹਾਂ ਤਾਂ ਕਬੱਡੀ ਨੂੰ ਡਰੱਗ ਮੁਕਤ ਕਰਨਾ ਸਾਡਾ ਸਭ ਦਾ ਫਰਜ਼ ਹੈ। ਕੀਹਨੂੰ ਨਹੀਂ ਪਤਾ ਕਿ ਕਬੱਡੀ ਹੁਣ ਬੁਰੀ ਤਰ੍ਹਾਂ ਡਰੱਗ ਦੀ ਮਾਰ ਹੇਠ ਹੈ। ਅਨੇਕਾਂ ਖਿਡਾਰੀ ਅਪਾਹਜ ਤੇ ਨਿਪੁੰਸਕ ਹੋ ਰਹੇ ਹਨ ਅਤੇ ਕੁਝ ਮਰ ਵੀ ਰਹੇ ਹਨ। ਨਵੇਂ ਖਿਡਾਰੀ ਰੀਸੋ-ਰੀਸੀ ਟੀਕਿਆਂ 'ਤੇ ਲੱਗ ਰਹੇ ਹਨ। ਪੰਜਾਬ ਦੇ ਕਿਸੇ ਵੀ ਕਬੱਡੀ ਟੂਰਨਾਮੈਂਟ 'ਤੇ ਜਾਓ, ਉਹਲੇ ਵਾਲੀਆਂ ਥਾਂਵਾਂ 'ਤੇ ਸਰਿੰਜਾਂ ਖਿੰਡੀਆਂ ਦਿਸ ਪੈਣਗੀਆਂ। ਕਬੱਡੀ ਪ੍ਰੋਮੋਟਰਾਂ ਨੂੰ ਹੋਰ ਕਿਹੜੇ ਸਬੂਤ ਚਾਹੀਦੇ ਹਨ?

**ਕਬੱਡੀ ਦੇ ਦਰਸ਼ਕ:** ਕਦੇ ਮੈਂ ਲਿਖਿਆ ਸੀ, ਪੰਜਾਬੀ ਕਬੱਡੀ ਦੇ ਦੀਵਾਨੇ ਹਨ। ਆਸ਼ਕ ਹਨ, ਮਸਤਾਨੇ ਹਨ। ਬੇਸ਼ੱਕ ਬਿਜਲੀ ਕੜਕਦੀ ਹੋਵੇ, ਝੱਖੜ ਝੁਲਦਾ ਹੋਵੇ, ਨਦੀ ਚੜ੍ਹੀ ਹੋਵੇ, ਸ਼ੀਹਾਂ ਨੇ ਪੱਤਣ ਮੱਲੇ ਹੋਣ, ਪਰ ਪਤਾ ਲੱਗ ਜਾਵੇ ਸਹੀ ਕਿ ਪਰਲੇ ਪਾਰ ਕਬੱਡੀ ਦਾ ਕਾਂਟੇਦਾਰ ਮੈਚ ਹੋ ਰਿਹੈ। ਫੇਰ ਕਿਹੜਾ ਪੰਜਾਬੀ ਹੈ, ਜੋ ਵਗਦੀ ਨੈਂ ਨਾ ਠਿੱਲ੍ਹੇ? ਉਹ ਰਾਹ 'ਚ ਪੈਂਦੇ ਸੱਪਾਂ ਸ਼ੀਹਾਂ ਦੀ ਵੀ ਪਰਵਾਹ ਨਹੀਂ ਕਰੇਗਾ ਤੇ ਕਬੱਡੀ ਦੇ ਪਿੜ ਦੁਆਲੇ ਜਾ ਖੜ੍ਹੇਗਾ। ਜਿਵੇਂ ਹਿੰਦ ਮਹਾਂਦੀਪ ਦੇ ਲੋਕਾਂ ਨੂੰ ਕ੍ਰਿਕਟ ਨੇ ਪੱਟਿਆ, ਜੱਗ ਜਹਾਨ ਦੇ ਗੋਰੇ-ਕਾਲਿਆਂ ਨੂੰ ਫੁੱਟਬਾਲ ਨੇ ਕਮਲੇ ਕੀਤੈ, ਉਵੇਂ ਕੁਲ ਦੁਨੀਆਂ 'ਚ ਖਿਲਰੇ ਪੰਜਾਬੀਆਂ ਨੂੰ ਕਬੱਡੀ ਚੜ੍ਹੀ ਹੋਈ ਹੈ।

ਵੀਰ ਮੇਰਿਓ, ਕੀ ਹੁਣ ਵੀ ਪੰਜਾਬੀ ਨਦੀਆਂ ਠਿੱਲ੍ਹ ਕੇ ਕਬੱਡੀ ਦੇ ਪਿੜ ਦੁਆਲੇ ਜੁੜਦੇ ਹਨ? ਕੀ ਕਬੱਡੀ ਦੇ ਪਹਿਲਾਂ ਜਿੰਨੇ ਦਰਸ਼ਕ ਹਨ? ਕੀ ਹੁਣ ਵੀ ਕਬੱਡੀ ਦੇ ਖਿਡਾਰੀ ਨਸ਼ੇ-ਪੱਤੇ ਬਿਨਾ ਜੁੱਸੇ ਕਮਾ ਕੇ, ਕਬੱਡੀ ਦੇ ਤਕੜੇ ਖਿਡਾਰੀ ਬਣ ਕੇ ਹੀ ਹਵਾਈ ਜਹਾਜ ਚੜ੍ਹਦੇ ਹਨ? ਕਿਤੇ ਸਾਲ ਦਰ ਸਾਲ ਨਸ਼ੇ-ਪੱਤੇ ਦੇ ਸਹਾਰੇ ਹੀ ਪੱਛਮੀ ਮੁਲਕਾਂ ਦਾ ਕਬੱਡੀ ਸੀਜ਼ਨ ਤਾਂ ਨਹੀਂ ਭਿੱਟੀ ਜਾਂਦੇ?

**ਡਰੱਗੀ ਖਿਡਾਰੀ:** ਜੋ ਖਿਡਾਰੀ ਡਰੱਗਾਂ ਦੇ ਸਿਰ 'ਤੇ ਰੇਡਾਂ ਪਾਉਂਦੇ ਜਾਂ ਜੱਫੇ ਲਾਉਂਦੇ ਹਨ, ਕੀ ਉਹ ਖਰੇ ਖਿਡਾਰੀਆਂ ਦਾ ਹੱਕ ਨਹੀਂ ਮਾਰ ਰਹੇ? ਕੀ ਨਵੇਂ ਖਿਡਾਰੀਆਂ ਨੂੰ ਡਰੱਗਾਂ ਵੱਲ ਨਹੀਂ ਧੱਕ ਰਹੇ? ਕੀ ਦੇਣ ਹੈ, ਅਜਿਹੇ ਡਰੱਗੀ ਖਿਡਾਰੀਆਂ ਦੀ ਮਾਂ ਖੇਡ ਕਬੱਡੀ ਨੂੰ? ਕਾਹਦੇ ਲਈ ਅਜਿਹੇ ਖਿਡਾਰੀਆਂ ਦੇ ਮੋਟਰ ਸਾਈਕਲਾਂ, ਕਾਰਾਂ, ਲੰਡੀਆਂ ਜੀਪਾਂ, ਟਰੈਕਟਰਾਂ ਤੇ ਕੰਬਾਈਨਾਂ ਨਾਲ ਮਾਣ-ਸਨਮਾਨ ਕਰੀ ਜਾਂਦੇ ਓਂ?

ਦੱਸੋ ਆਪਾਂ ਡਰੱਗੀ ਖਿਡਾਰੀਆਂ ਨਾਲ ਹਾਂ ਜਾਂ ਹੋਣਹਾਰ ਖਰੇ ਖਿਡਾਰੀਆਂ ਨਾਲ? ਹਾਲਾਤ ਇਥੋਂ ਤੱਕ ਪੁੱਜ ਚੁੱਕੇ ਹਨ ਕਿ ਕੋਈ ਫੈਡਰੇਸ਼ਨ ਡੋਪੀ ਖਿਡਾਰੀਆਂ ਨੂੰ ਬੈਨ ਕਰਦੀ ਹੈ ਤਾਂ ਕੋਈ ਹੋਰ ਫੈਡਰੇਸ਼ਨ ਬੈਨ ਹੋਏ ਖਿਡਾਰੀਆਂ ਨੂੰ ਗੱਜ-ਵੱਜ ਕੇ ਖਿਡਾਉਣ ਲੱਗਦੀ ਹੈ। ਇਹ ਕਿਹੋ ਜਿਹੀ ਕਬੱਡੀ ਪ੍ਰੋਮੋਸ਼ਨ ਹੋਈ?

**ਖੇਡਾਂ ਦਾ ਉਦੇਸ਼:** ਖੇਡਾਂ ਜੁਆਨਾਂ ਦੇ ਜੁੱਸੇ ਤਕੜੇ ਤੇ ਨਰੋਏ ਬਣਾਉਣ, ਚੰਗੀਆਂ ਆਦਤਾਂ ਪਾਉਣ, ਲੜਾਈ-ਝਗੜੇ ਤੋਂ ਬਚਾਉਣ, ਵਧੀਆ ਇਨਸਾਨ ਬਣਾਉਣ, ਸਰੀਰਾਂ 'ਚ ਪੈਦਾ ਹੋ ਰਹੀ ਵਾਧੂ ਊਰਜਾ ਦਾ ਸਹੀ ਨਿਕਾਸ ਕਰਨ, ਮਿਲਵਰਤਣ ਤੇ ਉਸਾਰੂ ਮੁਕਾਬਲੇ ਦੀ ਭਾਵਨਾ ਉਪਜਾਉਣ, ਸਿਹਤਮੰਦ ਮਨੋਰੰਜਨ ਕਰਨ ਅਤੇ ਐਕਸੇਲੈਂਸ ਭਾਵ ਖੇਡ ਨੂੰ ਸਿਖਰ 'ਤੇ ਪੁਚਾਉਣ ਤੇ ਦਰਸਾਉਣ ਲਈ ਹੁੰਦੀਆਂ ਹਨ। ਖੇਡਾਂ ਖਿਡਾਰੀਆਂ ਨੂੰ ਨਸ਼ਿਆਂ 'ਤੇ ਲਾ ਕੇ ਕੱਪ ਜਿੱਤਣ ਲਈ ਨਹੀਂ ਹੁੰਦੀਆਂ।

**ਡੋਪ ਟੈਸਟਾਂ ਦਾ ਪਿਛੋਕੜ:** 2006 ਵਿਚ ਜਦੋਂ ਮੈਂ ਕਬੱਡੀ ਨੂੰ ਲੱਗ ਰਿਹਾ 'ਡਰੱਗ ਦਾ ਜੱਫਾ' ਕਬੱਡੀ ਕਲੱਬਾਂ ਤੇ ਫੈਡਰੇਸ਼ਨਾਂ ਦੇ ਧਿਆਨ ਵਿਚ ਲਿਆਂਦਾ ਤਾਂ ਫੈਡਰੇਸ਼ਨਾਂ ਨੇ ਮਤੇ ਪਾਸ ਕੀਤੇ ਕਿ 2007 ਦਾ ਕਬੱਡੀ ਸੀਜ਼ਨ ਕੈਨੇਡਾ ਤੇ ਇੰਗਲੈਂਡ ਵਿਚ ਡੋਪ ਟੈਸਟ ਕਰਾ ਕੇ ਹੀ ਖਿਡਾਇਆ ਜਾਵੇਗਾ; ਪਰ ਉਹਦੇ ਉਤੇ ਅਮਲ ਨਾ ਕੀਤਾ ਗਿਆ। ਬਹੁਤੇ ਕਲੱਬਾਂ ਨੇ ਕਿਹਾ ਕਿ ਡੋਪ ਟੈਸਟ ਕਰਾਉਣੇ ਰਹਿਣ ਦਿਓ ਕਿਉਂਕਿ ਖਿਡਾਰੀ ਮਸਾਂ ਕੈਨੇਡਾ ਤੇ ਇੰਗਲੈਂਡ ਸੱਦੇ ਨੇ!

ਇਸ ਖੁੱਲ੍ਹ ਦਾ ਫਾਇਦਾ ਉਠਾਉਂਦਿਆਂ ਜਿਨ੍ਹਾਂ ਖਿਡਾਰੀਆਂ ਨੇ ਡਰਦਿਆਂ ਟੀਕੇ ਲਾਉਣੇ ਛੱਡ ਦਿੱਤੇ ਸਨ, ਉਹ ਮੁੜ ਲਾਉਣ ਲੱਗ ਪਏ ਤੇ ਪਿੱਛੇ ਤਾਰਾਂ ਖੜਕਾ ਦਿੱਤੀਆਂ, ਪਈ ਏਥੇ ਤਾਂ ਹਰੀ ਝੰਡੀ ਐ! ਆਉਣ ਵਾਲੇ ਮਾਲ ਮੱਤਾ ਲਈ ਆਉਣ ਕਿਉਂਕਿ ਕੈਨੇਡਾ 'ਚ ਮਿਲਦਾ ਨਹੀਂ ਜਾਂ ਬਹੁਤ ਮਹਿੰਗਾ ਮਿਲਦੈ। ਜਦੋਂ ਮਾਲ ਮੱਤੇ ਨਾਲ ਲੈਸ ਇਕ ਖਿਡਾਰੀ ਵੈਨਕੂਵਰ ਹਵਾਈ ਅੱਡੇ 'ਤੇ ਫੜਿਆ ਗਿਆ ਤਾਂ ਕਬੱਡੀ ਫੈਡਰੇਸ਼ਨਾਂ ਦੀਆਂ ਅੱਖਾਂ ਖੁੱਲ੍ਹ ਗਈਆਂ। ਕਬੱਡੀ ਕਲੱਬਾਂ ਨੂੰ ਫੰਡ ਦੇਣ ਵਾਲੇ ਵੀ ਕਹਿਣ ਲੱਗ ਪਏ ਕਿ ਕਬੱਡੀ ਟੂਰਨਾਮੈਂਟ ਕਰਾਉਣ ਦੀ ਥਾਂ ਸਾਥੋਂ ਡੋਪ ਟੈਸਟ ਕਰਾਉਣ ਦਾ ਈ ਫੰਡ ਲੈ ਲਵੋ, ਪਰ ਕਬੱਡੀ ਨੂੰ ਡਰੱਗ ਮੁਕਤ ਕਰੋ।

**119 ਖਿਡਾਰੀ ਡਰੱਗੀ:** ਕਬੱਡੀ ਸੀਜ਼ਨ 2008 ਤੋਂ ਪਹਿਲਾਂ ਓਂਟਾਰੀਓ, ਬੀ. ਸੀ. ਅਤੇ ਯੂ. ਕੇ. ਦੀਆਂ ਕਬੱਡੀ ਫੈਡਰੇਸ਼ਨਾਂ ਨੇ ਫਿਰ ਮਤੇ ਪਾਏ, ਪਈ ਐਤਕੀਂ ਹਰ ਹਾਲਤ ਵਿਚ ਖਿਡਾਰੀਆਂ ਦੇ ਡੋਪ ਟੈਸਟ ਕਰਵਾਏ ਜਾਣਗੇ। ਇਹ ਟੈਸਟ ਕਾਫੀ ਮਹਿੰਗੇ ਸਨ, ਫਿਰ ਵੀ ਕਬੱਡੀ ਫੈਡਰੇਸ਼ਨਾਂ ਨੇ ਕਰਵਾ ਲਏ। 2008 ਵਿਚ ਕੈਨੇਡਾ ਪਹੁੰਚੇ ਕਬੱਡੀ ਖਿਡਾਰੀਆਂ ਦੇ 350 ਅਤੇ ਇੰਗਲੈਂਡ ਪਹੁੰਚਿਆਂ ਦੇ 250 ਡੋਪ ਟੈਸਟ ਕੀਤੇ ਗਏ, ਜਿਨ੍ਹਾਂ



ਬਚੋ, ਡਰੱਗ ਤੋਂ ਬਚੋ

ਰਾਹੀਂ 119 ਖਿਡਾਰੀ ਡਰੱਗੀ ਨਿਕਲੇ। ਟੈਸਟਾਂ 'ਤੇ ਖਰਚਾ ਤਾਂ ਕਾਫੀ ਹੋਇਆ ਪਰ ਓਨਾ ਫਿਰ ਵੀ ਨਹੀਂ ਹੋਇਆ, ਜਿੰਨਾ ਖਿਡਾਰੀ ਡਰੱਗਾਂ ਉਤੇ ਖਰਚਦੇ ਸਨ। ਇਹ ਤਸੱਲੀ ਵਾਲੀ ਗੱਲ ਸੀ ਕਿ 8 ਅਗਸਤ 2008 ਦੀ ਮੀਟਿੰਗ ਵਿਚ ਓਂਟਾਰੀਓ, ਬੀ. ਸੀ., ਯੂ. ਕੇ. ਅਤੇ ਪੰਜਾਬ ਦੀਆਂ ਕਬੱਡੀ ਫੈਡਰੇਸ਼ਨਾਂ ਨੇ ਸਰਬ ਸੰਮਤੀ ਨਾਲ ਫੈਸਲਾ ਕੀਤਾ ਕਿ ਡੋਪ ਟੈਸਟ ਵਿਚ ਡਰੱਗੀ ਸਾਬਤ ਹੋਏ ਕਿਸੇ ਵੀ ਖਿਡਾਰੀ ਨੂੰ ਕਿਸੇ ਵੀ ਦੇਸ਼ ਵਿਚ ਕੋਈ ਕਲੱਬ ਕਬੱਡੀ ਨਹੀਂ ਖਿਡਾਏਗਾ; ਪਰ ਇਸ ਉਤੇ ਅਮਲ ਨਾ ਕੀਤਾ ਗਿਆ।

ਡੋਪ ਟੈਸਟਾਂ ਵਿਚ ਜਿਨ੍ਹਾਂ ਖਿਡਾਰੀਆਂ ਦਾ ਸੈਂਪਲ ਇਕ ਵਾਰ ਪਾਜ਼ੇਟਿਵ ਆਇਆ, ਉਨ੍ਹਾਂ ਨੂੰ ਇਕ ਹਜ਼ਾਰ ਡਾਲਰ ਜੁਰਮਾਨਾ ਤੇ ਇਕ ਸਾਲ ਲਈ ਕਿਤੇ ਵੀ ਕਬੱਡੀ ਖੇਡਣ ਤੋਂ ਬੈਨ ਕੀਤਾ ਗਿਆ ਸੀ। ਬੈਨ ਮੁੱਕਣ ਪਿਛੋਂ ਮੁੜ ਖੇਡਣ ਲੱਗੇ ਅਤੇ ਦੂਜੀ ਵਾਰ ਪਾਜ਼ੇਟਿਵ ਆਏ ਖਿਡਾਰੀ ਨੂੰ ਕਬੱਡੀ ਦੇ ਮੈਦਾਨ 'ਚੋਂ ਜੀਵਨ ਭਰ ਲਈ ਬੈਨ ਕਰਨ ਦਾ ਫੈਸਲਾ ਕੀਤਾ ਗਿਆ ਸੀ। ਫੈਸਲਾ ਹੋਇਆ ਸੀ ਕਿ ਜਿਹੜੇ ਕਲੱਬ, ਅਕੈਡਮੀਆਂ, ਐਸੋਸੀਏਸ਼ਨਾਂ ਜਾਂ ਫੈਡਰੇਸ਼ਨਾਂ ਬੈਨ ਹੋਏ ਖਿਡਾਰੀਆਂ ਨੂੰ ਖਿਡਾਉਣਗੀਆਂ, ਉਨ੍ਹਾਂ ਦਾ ਕੋਈ ਵੀ ਖਿਡਾਰੀ ਇੰਗਲੈਂਡ ਜਾਂ ਕੈਨੇਡਾ ਵਿਚ ਨਹੀਂ ਸੱਦਿਆ ਜਾਵੇਗਾ। ਜੇ ਕੋਈ ਹੋਰ ਮੁਲਕ ਉਨ੍ਹਾਂ ਨੂੰ ਸੱਦਦਾ ਹੈ ਤਾਂ ਉਥੇ ਇੰਗਲੈਂਡ ਤੇ ਕੈਨੇਡਾ ਦੀਆਂ ਫੈਡਰੇਸ਼ਨਾਂ ਵੱਲੋਂ ਕੋਈ ਖਿਡਾਰੀ ਨਹੀਂ ਭੇਜਿਆ ਜਾਵੇਗਾ।

**ਕਬੱਡੀ ਕਲੱਬ ਤੇ ਫੈਡਰੇਸ਼ਨਾਂ:** ਕਬੱਡੀ ਕਲੱਬਾਂ, ਫੈਡਰੇਸ਼ਨਾਂ ਤੇ ਟੂਰਨਾਮੈਂਟ ਕਰਾਉਣ ਵਾਲਿਆਂ ਨੂੰ ਚਾਹੀਦਾ ਸੀ ਕਿ ਜਿੰਨੇ ਸਮੇਂ ਲਈ ਡਰੱਗੀ ਖਿਡਾਰੀਆਂ ਦੇ ਖੇਡਣ ਉਤੇ ਪਾਬੰਦੀ ਸੀ, ਓਨਾ ਸਮਾਂ ਉਨ੍ਹਾਂ ਨੂੰ ਨਾ ਖਿਡਾਇਆ ਜਾਂਦਾ, ਸਗੋਂ ਸੁਧਰਨ ਦਾ ਮੌਕਾ ਦਿੱਤਾ ਜਾਂਦਾ। ਇਸ ਦੌਰਾਨ ਕਬੱਡੀ ਦੀਆਂ ਪੈਰਲਲ (ਸਮਾਨੰਤਰ) ਫੈਡਰੇਸ਼ਨਾਂ ਬਣ ਗਈਆਂ, ਜੋ ਡੋਪ ਟੈਸਟ ਕਰਾ ਕੇ ਡਰੱਗੀ ਖਿਡਾਰੀਆਂ ਨੂੰ ਆਪਣੇ ਹੱਥੋਂ ਨਹੀਂ ਸਨ ਗੁਆਉਣਾ ਚਾਹੁੰਦੀਆਂ। ਡਰੱਗ ਦੇ ਵਪਾਰੀ ਵੀ ਨਹੀਂ ਸਨ ਚਾਹੁੰਦੇ ਕਿ ਉਨ੍ਹਾਂ ਦਾ ਕਾਰੋਬਾਰ ਬੰਦ ਹੋਵੇ। ਜਿਹੜੇ 'ਕਬੱਡੀ ਪ੍ਰੋਮੋਟਰ' ਡੋਪੀ ਖਿਡਾਰੀਆਂ ਨੂੰ ਡਾਲਰਾਂ ਨਾਲ ਨਿਵਾਜਦੇ ਹਨ, ਉਹ ਉਨ੍ਹਾਂ ਦਾ ਭਲਾ ਕਰਨ ਦੀ ਥਾਂ ਉਨ੍ਹਾਂ ਦਾ ਬੁਰਾ ਕਰਦੇ ਹਨ, ਜੋ ਉਨ੍ਹਾਂ ਨੂੰ ਬਾਅਦ ਵਿਚ ਪਤਾ ਲੱਗੇਗਾ। ਕਬੱਡੀ ਵਿਚ ਆਈ ਡਰੱਗ ਨੇ ਚੰਗੀ ਸੋਚ ਵਾਲੇ ਲੋਕਾਂ ਦਾ ਕਬੱਡੀ ਤੋਂ ਮੋਹ ਭੰਗ ਕਰ ਦਿੱਤਾ ਹੈ।

**ਵਰਲਡ ਕੱਪਾਂ ਵਿਚ ਡੋਪ ਟੈਸਟ:** 2010 ਵਿਚ ਪੰਜਾਬ ਦੇ ਪਹਿਲੇ ਕਬੱਡੀ ਵਰਲਡ ਕੱਪ ਸਮੇਂ ਡੋਪ ਟੈਸਟ ਕੀਤੇ ਗਏ ਤਾਂ 23 ਖਿਡਾਰੀ ਟਰਾਇਲਾਂ ਸਮੇਂ ਤੇ 9 ਟੂਰਨਾਮੈਂਟ ਦੌਰਾਨ ਪਾਜ਼ੇਟਿਵ ਪਾਏ ਗਏ। ਪੰਜਾਬ ਦੇ ਦੂਜੇ ਕਬੱਡੀ ਵਰਲਡ ਕੱਪ-2011 ਲਈ ਭਾਰਤੀ ਟੀਮ ਦੀ ਚੋਣ ਕਰਨ ਵੇਲੇ 51 ਖਿਡਾਰੀਆਂ ਦੇ ਡੋਪ ਟੈਸਟ ਕੀਤੇ ਗਏ, ਜਿਨ੍ਹਾਂ ਵਿਚੋਂ 20 ਪਾਜ਼ੇਟਿਵ ਨਿਕਲੇ। ਕੱਪ ਦੌਰਾਨ ਹਰ ਮੈਚ ਪਿੱਛੋਂ ਦੋਹਾਂ ਟੀਮਾਂ ਦੇ 2-2 ਖਿਡਾਰੀਆਂ ਦੇ ਸੈਂਪਲ ਲਏ ਜਾਂਦੇ ਰਹੇ ਤੇ ਦੋ ਦਿਨਾਂ ਬਾਅਦ ਨਤੀਜਾ ਨਸ਼ਰ ਕੀਤਾ ਜਾਂਦਾ ਰਿਹਾ। ਦੂਜੇ ਵਿਸ਼ਵ ਕੱਪ ਵਿਚ ਕੁਲ 311 ਡੋਪ ਟੈਸਟ ਕੀਤੇ ਗਏ, ਜਿਨ੍ਹਾਂ ਉਤੇ 47 ਲੱਖ ਰੁਪਏ ਖਰਚ ਹੋਏ। ਕੱਪ ਦੌਰਾਨ 52 ਤੇ ਟਰਾਇਲਾਂ ਦੌਰਾਨ 20 ਖਿਡਾਰੀ ਜੋੜ ਕੇ ਕੁਲ 72 ਖਿਡਾਰੀ ਡਰੱਗੀ ਨਿਕਲੇ। ਉਨ੍ਹਾਂ ਵਿਚ ਇੰਗਲੈਂਡ ਦੇ 10, ਕੈਨੇਡਾ ਤੇ ਅਮਰੀਕਾ ਦੇ 8-8, ਸਪੇਨ ਦੇ 7, ਆਸਟ੍ਰੇਲੀਆ ਤੇ ਇਟਲੀ ਦੇ 6-6, ਨਾਰਵੇ ਦੇ 3 ਅਤੇ ਭਾਰਤ, ਪਾਕਿਸਤਾਨ, ਜਰਮਨੀ ਤੇ ਅਰਜਨਟੀਨਾ ਦਾ 1-1 ਖਿਡਾਰੀ ਸੀ। ਟਰਾਇਲਾਂ ਦੌਰਾਨ ਭਾਰਤ ਦੇ 20 ਖਿਡਾਰੀ ਡਰੱਗੀ ਨਿਕਲੇ, ਜਿਨ੍ਹਾਂ ਵਿਚ 1 ਜੋੜ ਕੇ ਕੁਲ 21 ਬਣਦੇ ਸਨ!

ਕਬੱਡੀ ਵਿਚ ਡਰੱਗ ਦੇ ਕੋਹੜ ਦਾ ਇਲਾਜ ਕਰਨਾ ਬੇਸ਼ੱਕ ਸੌਖਾ ਨਹੀਂ, ਪਰ ਜੇ ਸਾਰੇ ਕਬੱਡੀ ਪ੍ਰੇਮੀ ਤਹੱਈਆ ਕਰ ਲੈਣ ਤਾਂ ਅਸੰਭਵ ਵੀ ਨਹੀਂ। ਵਿਦੇਸ਼ਾਂ ਦੀਆਂ ਕਬੱਡੀ ਫੈਡਰੇਸ਼ਨਾਂ ਪੰਜਾਬ ਤੋਂ ਸਿਰਫ ਉਨ੍ਹਾਂ ਖਿਡਾਰੀਆਂ ਨੂੰ ਹੀ ਸੱਦਣ, ਜੋ ਵੀਜ਼ਾ ਅਰਜ਼ੀ ਨਾਲ ਵਾਡਾ/ਨਾਡਾ ਤੋਂ ਡੋਪ ਟੈਸਟ ਕਰਵਾਏ ਜਾਣ ਦਾ ਸਰਟੀਫਿਕੇਟ ਲਾਉਣ। ਸੱਦੇ ਗਏ ਖਿਡਾਰੀਆਂ ਦੇ 'ਐਟ ਰੈਂਡਮ ਡੋਪ ਟੈਸਟ' ਵੀ ਹੋਣ। ਕਬੱਡੀ ਨੂੰ ਡਰੱਗ ਦੀ ਮਾਰ ਤੋਂ ਬਚਾਉਣ ਲਈ ਨੇਕ ਨੀਅਤੀ ਦੀ ਲੋੜ ਹੈ। ਐਵੇਂ ਜਾਅਲੀ ਡੋਪ ਟੈਸਟ ਕਰਾਉਣ ਦਾ ਡਰਾਮਾ ਰਚ ਕੇ ਕਬੱਡੀ ਪ੍ਰੇਮੀਆਂ ਤੇ ਖਰੇ ਖਿਡਾਰੀਆਂ ਦੀਆਂ ਅੱਖਾਂ ਵਿਚ ਘੱਟਾ ਨਹੀਂ ਪਾਉਣਾ ਚਾਹੀਦਾ। ਡਰੱਗ ਟੈਸਟ ਦੀ ਫੀਸ 40 ਡਾਲਰ ਹੈ ਤੇ ਡੋਪ ਟੈਸਟ ਦੀ 200 ਡਾਲਰ।

**ਓਂਟਾਰੀਓ ਕਬੱਡੀ ਫੈਡਰੇਸ਼ਨ:** ਓਂਟਾਰੀਓ ਕਬੱਡੀ ਫੈਡਰੇਸ਼ਨ ਨੇ 2018 ਦੇ ਕਬੱਡੀ ਸੀਜ਼ਨ ਵਿਚ ਸੌ ਕੁ ਖਿਡਾਰੀਆਂ ਦੇ ਸੈਂਪਲ ਲਏ ਸਨ। ਪਹਿਲੇ ਟੂਰਨਾਮੈਂਟ ਤੋਂ ਹੀ ਪਤਾ ਲੱਗ ਗਿਆ ਸੀ ਕਿ ਅੱਧਿਓਂ ਵੱਧ ਖਿਡਾਰੀ ਡਰੱਗੀ ਸਨ। ਬਾਲ ਹੁਣ ਓਂਟਾਰੀਓ ਕਬੱਡੀ ਫੈਡਰੇਸ਼ਨ ਦੇ ਪਾਲੇ ਵਿਚ ਹੈ। ਉਸ ਨੂੰ ਚਾਹੀਦੈ ਕਿ 2019 ਦੇ ਕਬੱਡੀ ਸੀਜ਼ਨ ਲਈ ਕੋਈ ਵੀ ਡਰੱਗੀ ਖਿਡਾਰੀ ਨਾ ਸੱਦੇ।

**ਪੰਜਾਬ ਦੀਆਂ ਕਬੱਡੀ ਫੈਡਰੇਸ਼ਨਾਂ:** 2018-19 ਦੇ ਪੰਜਾਬ ਕਬੱਡੀ ਸੀਜ਼ਨ ਦੌਰਾਨ ਨਾਰਥ ਇੰਡੀਆ ਕਬੱਡੀ ਫੈਡਰੇਸ਼ਨ ਤੇ ਪੰਜਾਬ ਕਬੱਡੀ ਅਕੈਡਮੀਜ਼ ਐਸੋਸੀਏਸ਼ਨ ਨੇ ਖਿਡਾਰੀਆਂ ਨੂੰ ਵਾਰਨਿੰਗ ਦਿੱਤੀ ਸੀ, ਪਈ 19 ਜਨਵਰੀ 2019 ਤਕ ਆਪਣੇ ਆਪ ਨੂੰ ਡਰੱਗ ਮੁਕਤ ਕਰ ਲਓ। 20 ਜਨਵਰੀ ਤੋਂ 20 ਫਰਵਰੀ ਤਕ 'ਐਟ ਰੈਂਡਮ ਡਰੱਗ ਟੈਸਟ' ਕੀਤੇ ਜਾਣਗੇ। ਜਿਹੜੇ ਖਿਡਾਰੀ ਡਰੱਗੀ ਸਾਬਤ ਹੋਣਗੇ, ਉਨ੍ਹਾਂ ਦੇ ਸੁਧਰਨ ਲਈ 20 ਫਰਵਰੀ 2019 ਤੋਂ 20 ਫਰਵਰੀ 2020 ਤਕ ਕਿਤੇ ਵੀ ਕਬੱਡੀ ਖੇਡਣ 'ਤੇ ਪਾਬੰਦੀ ਲਾਈ ਜਾਵੇਗੀ। ਜੇ ਉਹ ਡਰੱਗ ਮੁਕਤ ਹੋ ਗਏ ਤਾਂ 20 ਫਰਵਰੀ 2020 ਤੋਂ ਬਾਅਦ ਮੁੜ ਕਬੱਡੀ ਖੇਡ ਸਕਣਗੇ।

ਨਾਰਥ ਇੰਡੀਆ ਕਬੱਡੀ ਫੈਡਰੇਸ਼ਨ ਨੇ 170 ਖਿਡਾਰੀਆਂ ਦੇ ਡੋਪ ਟੈਸਟ ਕਰਵਾਏ, ਜਿਨ੍ਹਾਂ ਵਿਚੋਂ 52 ਖਿਡਾਰੀ ਡਰੱਗੀ ਨਿਕਲੇ। ਅਕੈਡਮੀਜ਼ ਐਸੋਸੀਏਸ਼ਨ ਨੇ 185 ਖਿਡਾਰੀਆਂ ਦੇ ਡੋਪ ਟੈਸਟ ਕਰਵਾਏ, ਜਿਨ੍ਹਾਂ 'ਚੋਂ 37 ਖਿਡਾਰੀ ਡੋਪੀ ਸਾਬਤ ਹੋਏ। ਡਰੱਗੀ ਖਿਡਾਰੀਆਂ ਦੀਆਂ ਸੂਚੀਆਂ ਸੋਸ਼ਲ ਮੀਡੀਏ 'ਚ ਨਸ਼ਰ ਹੋ ਚੁਕੀਆਂ ਹਨ, ਜਿਨ੍ਹਾਂ 'ਤੇ ਸੈਂਕੜੇ ਹਜ਼ਾਰਾਂ ਕੁਮੈਂਟ ਆ ਰਹੇ ਹਨ। ਇਹ ਸੂਚੀਆਂ ਪੱਛਮੀ ਮੁਲਕਾਂ ਦੀਆਂ ਕਬੱਡੀ ਫੈਡਰੇਸ਼ਨਾਂ ਨੂੰ ਵੀ ਭੇਜ ਦਿੱਤੀਆਂ ਗਈਆਂ ਹਨ ਤਾਂ ਕਿ ਕੋਈ ਕਬੱਡੀ ਫੈਡਰੇਸ਼ਨ ਡਰੱਗੀ ਖਿਡਾਰੀਆਂ ਨੂੰ ਨਾ ਸੱਦੇ, ਨਾ ਖਿਡਾਵੇ। ਵੇਖਣਾ ਹੁਣ ਇਹ ਹੈ ਕਿ ਕੌਣ ਡਰੱਗੀ ਕਬੱਡੀ ਦੇ ਹੱਕ ਵਿਚ ਹੈ ਤੇ ਕੌਣ ਕਬੱਡੀ ਨੂੰ ਡਰੱਗ ਮੁਕਤ ਕਰਨ ਦੇ?


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

# ਫਿਲਮ 'ਪੀ. ਐਮ.-ਨਰਿੰਦਰ ਮੋਦੀ' ਦੀ ਰਿਲੀਜ਼ 'ਤੇ ਰੋਕ

**ਨਵੀਂ ਦਿੱਲੀ:** ਲੋਕ ਸਭਾ ਚੋਣਾਂ ਦੇ ਪਹਿਲੇ ਗੇੜ ਤੋਂ ਇਕ ਦਿਨ ਪਹਿਲਾਂ ਚੋਣ ਕਮਿਸ਼ਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਜ਼ਿੰਦਗੀ ਉਤੇ ਆਧਾਰਿਤ ਫਿਲਮ 'ਪੀਐਮ-ਨਰਿੰਦਰ ਮੋਦੀ' ਦੀ ਰਿਲੀਜ਼ ਤੇ 'ਨਮੋ ਟੀਵੀ' ਦੇ ਪ੍ਰਸਾਰਣ ਉਤੇ ਰੋਕ ਲਾ ਦਿੱਤੀ ਹੈ। ਫਿਲਮ ਦੀ ਰਿਲੀਜ਼ ਤੇ 'ਨਮੋ ਟੀਵੀ' ਦਾ ਪ੍ਰਸਾਰਣ ਹੁਣ ਚੋਣ ਅਮਲ ਮੁਕੰਮਲ (19 ਮਈ) ਹੋਣ ਮਗਰੋਂ ਹੀ ਹੋ ਸਕੇਗਾ। ਪ੍ਰਧਾਨ ਮੰਤਰੀ ਦੀ ਬਾਇਓਪਿਕ ਪਹਿਲਾਂ 11 ਅਪਰੈਲ ਨੂੰ ਰਿਲੀਜ਼ ਹੋਣੀ ਸੀ। ਚੋਣ ਕਮਿਸ਼ਨ ਨੇ ਕਿਹਾ ਕਿ ਚੋਣਾਂ ਦੌਰਾਨ ਅਜਿਹੀ ਕਿਸੇ ਵੀ ਫਿਲਮ ਜਾਂ ਟੀਵੀ ਚੈਨਲ ਦੇ ਪ੍ਰਸਾਰਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ ਜੋ ਕਿਸੇ ਸਿਆਸੀ ਦਲ ਜਾਂ ਰਾਜਸੀ ਆਗੂ ਦੇ ਚੋਣਾਂ ਨਾਲ ਜੁੜੇ ਹਿਤਾਂ ਦੀ ਪੂਰਤੀ ਕਰਦੀ ਹੋਵੇ। ਸੁਪਰੀਮ ਕੋਰਟ ਨੇ ਲੰਘੇ ਦਿਨ ਬਾਇਓਪਿਕ ਦੇ ਪ੍ਰਦਰਸ਼ਨ 'ਤੇ ਰੋਕ ਲਾਉਣ ਦੀ ਮੰਗ ਕਰਦੀ ਪਟੀਸ਼ਨ ਇਹ ਕਹਿੰਦਿਆਂ ਖਾਰਜ ਕਰ ਦਿੱਤੀ ਸੀ ਕਿ ਅਜਿਹੀ ਰਾਹਤ ਲਈ ਚੋਣ ਕਮਿਸ਼ਨ ਦੇ ਦਰਾਂ 'ਤੇ ਦਸਤਕ ਵਧੇਰੇ ਢੁਕਵੀਂ ਹੋਵੇਗੀ। ਇਸ ਦੌਰਾਨ ਸੈਂਸਰ ਬੋਰਡ ਨੇ ਬਾਇਓਪਿਕ ਨੂੰ 'ਯੂ' ਸਰਟੀਫਿਕੇਟ ਦਿੱਤਾ ਹੈ।

ਬਾਇਓਪਿਕ 'ਤੇ ਰੋਕ ਲਾਉਣ ਦੀ ਮੰਗ ਕਰਨ ਵਾਲੇ ਕਾਂਗਰਸੀ ਕਾਰਕੁਨ ਨੇ ਦਾਅਵਾ ਕੀਤਾ ਸੀ ਕਿ ਇਹ ਫਿਲਮ ਜਾਣਬੁੱਝ ਕੇ ਬਣਾਈ ਗਈ ਹੈ ਤਾਂ ਜੋ ਆਗਾਮੀ ਲੋਕ ਸਭਾ ਚੋਣਾਂ ਨੂੰ ਅਸਰ ਅੰਦਾਜ਼ ਕੀਤਾ ਜਾ ਸਕੇ। ਚੀਫ ਜਸਟਿਸ ਰੰਜਨ ਗੋਗੋਈ, ਜਸਟਿਸ ਦੀਪਕ ਗੁਪਤਾ ਤੇ ਜਸਟਿਸ ਸੰਜੀਵ ਖੰਨਾ ਦੇ ਬੈਂਚ ਨੇ ਲੰਘੇ ਦਿਨ ਕਾਂਗਰਸੀ ਕਾਰਕੁਨ ਦੀ ਪਟੀਸ਼ਨ ਨੂੰ ਖਾਰਜ ਕਰਦਿਆਂ ਕਿਹਾ, 'ਅਸੀਂ ਇਸ ਪਟੀਸ਼ਨ ਨੂੰ ਵਿਚਾਰ ਦੇ ਯੋਗ ਨਹੀਂ ਸਮਝਦੇ ਹਾਂ।' ਬੈਂਚ ਨੇ ਕਿਹਾ ਪਟੀਸ਼ਨਕਰਤਾ ਇਸ ਬਾਇਓਪਿਕ ਦੀ ਕਾਪੀ ਆਪਣੀ ਅਪੀਲ ਨਾਲ ਨੱਥੀ ਕਰਨ ਵਿਚ ਅਸਫਲ ਰਿਹਾ ਹੈ ਤੇ ਦੋ ਮਿੰਟ ਦੇ ਟ੍ਰੇਲਰ ਵਾਲੀ ਵੀਡੀਓ ਕਲੀਪਿੰਗ ਇਸ ਨਤੀਜੇ 'ਤੇ ਪੁੱਜਣ ਜਾਂ ਸਮੀਖਿਆ ਕਰਨ ਲਈ ਕਾਫੀ ਨਹੀਂ ਹੈ ਕਿ ਇਸ ਨਾਲ ਲੋਕ ਸਭਾ ਚੋਣਾਂ ਅਸਰਅੰਦਾਜ਼ ਹੋਣਗੀਆਂ। ਬੈਂਚ ਨੇ ਕਿਹਾ ਸੀ ਕਿ ਜੇਕਰ ਫਿਲਮ ਕਰਕੇ ਲੋਕ ਸਭਾ ਚੋਣਾਂ ਵਿਚ ਭਾਜਪਾ ਦੇ ਪੱਖ ਵਿਚ ਝੁਕਾਅ ਹੁੰਦਾ ਹੈ, ਜਿਵੇਂ ਕਿ ਕਾਂਗਰਸੀ ਕਾਰਕੁਨ ਨੇ ਤਰਕ ਦਿੱਤਾ ਹੈ, ਤਾਂ ਇਸ ਬਾਰੇ ਸ਼ਿਕਾਇਤ ਦੀ ਸਮੀਖਿਆ ਕਰਨ ਦਾ ਕੰਮ ਚੋਣ ਕਮਿਸ਼ਨ ਦਾ ਹੈ।

# ਭਾਰਤੀ ਨੇ ਕਬੂਲਿਆ ਅਮਰੀਕੀ ਨਾਗਰਿਕਤਾ ਲਈ ਧੋਖਾਧੜੀ ਦਾ ਦੋਸ਼

**ਨਿਊ ਯਾਰਕ:** ਇਕ 67 ਸਾਲਾ ਭਾਰਤੀ ਨਾਗਰਿਕ ਨੇ ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ ਦੀ ਨਾਗਰਿਕਤਾ ਹਾਸਲ ਕਰਨ ਦੀ ਕੋਸ਼ਿਸ਼ ਦੇ ਦੋਸ਼ ਨੂੰ ਮੰਨ ਲਿਆ ਹੈ। ਪਾਲ ਸਿੰਘ ਨੇ ਨਾਗਰਿਕਤਾ ਹਾਸਲ ਕਰਨ ਲਈ ਸੁਰਿੰਦਰ ਸਿੰਘ ਤੇ ਹਰਪਾਲ ਸਿੰਘ-ਦੋ ਫਰਜ਼ੀ ਨਾਂਵਾਂ ਦੀ ਵਰਤੋਂ ਕੀਤੀ। ਉਸ ਨੂੰ ਇਸ ਦੋਸ਼ ਤਹਿਤ 10 ਸਾਲ ਕੈਦ ਦੀ ਸਜ਼ਾ ਹੋ ਸਕਦੀ ਹੈ। ਸਜ਼ਾ ਦਾ ਐਲਾਨ ਅਗਸਤ ਵਿਚ ਕੀਤਾ ਜਾਵੇਗਾ।

ਸਿੰਘ ਮਾਰਚ 1992 ਵਿਚ ਭਾਰਤੀ ਪਾਸਪੋਰਟ 'ਤੇ ਕਥਿਤ ਗੈਰਕਾਨੂੰਨੀ ਵੀਜ਼ੇ ਰਾਹੀਂ ਅਮਰੀਕਾ ਵਿਚ ਦਾਖਲ ਹੋਇਆ ਸੀ।


ਅਮਰੀਕੀ ਅਟਾਰਨੀ ਕਰੈਗ ਕਾਰਪੇਨਿਟੋ ਨੇ ਦੱਸਿਆ ਉਸ (ਸਿੰਘ) ਨੇ ਅਮਰੀਕੀ ਜ਼ਿਲ੍ਹਾ ਅਦਾਲਤ ਦੇ ਜਸਟਿਸ ਐਸ਼ਟਰ ਸਾਲਾਸ ਅੱਗੇ ਧੋਖਾਧੜੀ ਕਰਕੇ ਅਮਰੀਕੀ ਨਾਗਰਿਕਤਾ ਹਾਸਲ ਕਰਨ ਦੇ ਯਤਨਾਂ ਦੇ ਦੋਸ਼ ਨੂੰ ਸਵੀਕਾਰ ਕਰ ਲਿਆ ਹੈ।

ਉਸ ਨੇ ਅਮਰੀਕਾ ਵਿਚ ਸ਼ਰਨ ਲੈਣ ਲਈ ਹਰ ਤਰ੍ਹਾਂ ਨਾਲ ਯਤਨ ਕੀਤਾ, ਪਰ ਉਸ ਦੀਆਂ ਅਰਜ਼ੀਆਂ ਨੂੰ ਹਰ ਵਾਰ ਖਾਰਜ ਕਰ ਦਿੱਤਾ ਗਿਆ। ਅਮਰੀਕੀ ਨਾਗਰਿਕਤਾ ਹਾਸਲ ਕਰਨ ਲਈ ਉਸ ਨੇ ਆਪਣਾ ਨਾਂ ਤੱਕ ਬਦਲ ਦਿੱਤਾ, ਉਹ ਵੀ ਇਕ ਵਾਰ ਨਹੀਂ ਬਲਕਿ ਦੋ ਵਾਰ।

# ਸਿੱਖ ਟੈਕਸੀ ਡਰਾਈਵਰ ਨੇ ਦਿਖਾਈ ਇਮਾਨਦਾਰੀ, ਸਵਾਰੀ ਦਾ 53 ਹਜ਼ਾਰ ਤੇ ਸਾਢੇ ਤਿੰਨ ਕਿਲੋ ਸੋਨਾ ਮੋੜਿਆ

**ਨਿਊ ਯਾਰਕ (ਬਿਊਰੋ):** ਨਿਊ ਯਾਰਕ ਸਿਟੀ ਦੇ ਇਕ ਟੈਕਸੀ ਡਰਾਈਵਰ ਵਲੋਂ 53 ਹਜ਼ਾਰ ਡਾਲਰ ਕੈਸ਼ ਅਤੇ ਸਾਢੇ ਤਿੰਨ ਕਿਲੋ ਸੋਨੇ ਦਾ ਭਰਿਆ ਬੈਗ ਸਵਾਰੀ ਨੂੰ ਮੋੜ ਕੇ ਦਿਖਾਈ ਇਮਾਨਦਾਰੀ ਦੀ ਸਭ ਪਾਸੇ ਪ੍ਰਸ਼ੰਸਾ ਹੋ ਰਹੀ ਹੈ।

ਸ. ਬਲਜੀਤ ਸਿੰਘ, ਜੋ ਪਿਛਲੇ 30 ਸਾਲ ਤੋਂ ਨਿਊ ਯਾਰਕ ਸਿਟੀ ਵਿਚ ਯੈਲੋ ਟੈਕਸੀ ਓਨਰ ਡਰਾਈਵਰ ਵਜੋਂ ਚਲਾਉਂਦਾ ਹੈ, ਦੀ ਗੱਡੀ ਵਿਚ ਇਕ ਸਵਾਰੀ ਬੈਗ ਭੁੱਲ ਗਈ, ਜਿਸ ਵਿਚ 53 ਹਜ਼ਾਰ ਡਾਲਰ ਕੈਸ਼ ਤੇ ਕਰੀਬ ਸਾਢੇ ਤਿੰਨ ਕਿਲੋ ਸੋਨਾ ਸੀ। ਹੋਇਆ ਇਹ ਕਿ ਇਕ ਗੋਰੀ ਸਵਾਰੀ ਮੰਗਲਵਾਰ ਸ਼ਾਮ 6 ਵਜੇ ਮੈਨਹਟਨ ਦੇ ਡਾਊਨ ਟਾਊਨ ਵਿਚ ਉਸ ਦੀ ਗੱਡੀ ਵਿਚ ਬੈਠੀ ਅਤੇ ਲਿਟਲ ਇਟਲੀ ਵਿਚ 9 ਡਾਲਰ ਕੈਸ਼ ਕਿਰਾਇਆ



ਦੇ ਕੇ ਉਤਰ ਗਈ ਅਤੇ ਆਪਣਾ ਬੈਗ ਗੱਡੀ ਵਿਚ ਭੁੱਲ ਗਈ। ਜਦੋਂ ਇਕ ਹੋਰ ਗੋਰੀ ਸਵਾਰੀ ਉਸ ਦੀ ਗੱਡੀ ਵਿਚ ਬੈਠੀ ਤਾਂ ਉਸ ਨੇ ਉਹ ਬੈਗ ਪਿਆ ਦੇਖਿਆ। ਉਸ ਨੇ ਬੈਗ ਡਰਾਈਵਰ ਬਲਜੀਤ ਸਿੰਘ ਨੂੰ ਵਾਪਸ ਕਰ ਦਿੱਤਾ।

ਜ਼ਿਕਰਯੋਗ ਹੈ ਕਿ ਯੈਲੋ ਟੈਕਸੀ ਵਿਚ ਪਾਰਟੀਸ਼ਨ ਲੱਗਾ ਹੋਣ ਕਾਰਨ ਡਰਾਈਵਰ ਘੱਟ ਹੀ ਪਿਛਲੀ ਸੀਟ ਵੱਲ ਧਿਆਨ ਦਿੰਦੇ ਹਨ ਅਤੇ ਅਕਸਰ ਜੋ ਸਵਾਰੀਆਂ ਗੱਡੀ ਵਿਚ ਬੈਠਦੀਆਂ ਹਨ, ਆਮ ਕਰ ਕੇ ਉਹ ਭੁੱਲੇ ਹੋਏ ਬੈਗ ਫਰੋਲ ਕੇ ਹੀ ਵਾਪਸ ਕਰਦੀਆਂ ਹਨ।

ਟੋਨੀ ਨਾਂ ਦੀ ਸਵਾਰੀ, ਜੋ ਆਪਣਾ ਬੈਗ ਭੁੱਲ ਗਈ ਸੀ, ਨੇ ਬੜੀ ਕੋਸ਼ਿਸ਼ ਕੀਤੀ ਕਿ ਗੱਡੀ ਦਾ ਪਤਾ ਚੱਲ ਜਾਵੇ, ਪਰ ਸਭ ਕੋਸ਼ਿਸ਼ਾਂ ਦੇ ਬਾਵਜੂਦ ਉਸ ਦੇ ਹੱਥ ਪੱਲੇ ਕੁਝ ਨਾ ਪਿਆ। ਇਧਰ ਜਦੋਂ ਡਰਾਈਵਰ ਨੂੰ ਇਹ ਬੈਗ ਮਿਲਿਆ ਤਾਂ ਉਸ ਦੀ ਇਹ ਕੋਸ਼ਿਸ਼ ਸ਼ੁਰੂ ਹੋ ਗਈ ਕਿ ਸਹੀ ਬੰਦੇ ਨੂੰ ਕਿਸ ਤਰ੍ਹਾਂ ਬੈਗ ਵਾਪਸ ਕੀਤਾ ਜਾਵੇ। ਬੈਗ ਵਿਚ ਇਕ ਸਰਟੀਫਾਈਡ ਚੈਕ ਸੀ, ਜਿਸ 'ਤੇ ਉਸ ਦਾ ਐਡਰੈਸ ਸੀ। ਆਨਲਾਈਨ ਐਡਰੈਸ ਚੈਕ ਕਰ ਕੇ ਉਥੋਂ ਨੰਬਰ ਲੈ ਕੇ ਸਵਾਰੀ ਨੂੰ ਬੈਗ ਵਾਪਸ ਕਰ ਦਿੱਤਾ। ਇਨਾਮ ਵਜੋਂ ਸਵਾਰੀ ਨੇ ਡਰਾਈਵਰ ਨੂੰ 6000 ਡਾਲਰ ਦਿੱਤਾ।

## 'ਭੀੜਤੰਤਰ' ਦਾ ਸੁਪਰੀਮ ਕੋਰਟ ਨੇ ਖੁਦ ਲਿਆ ਨੋਟਿਸ

**ਚੰਡੀਗੜ੍ਹ:** ਸੁਪਰੀਮ ਕੋਰਟ ਨੇ 'ਭੀੜ ਤੰਤਰ' (ਮੌਬ ਲਿੰਚਿੰਗ) ਉਤੇ ਖੁਦ ਨੋਟਿਸ ਲੈਂਦਿਆਂ ਸਾਰੇ ਸੂਬਿਆਂ ਨੂੰ ਭੀੜ ਵੱਲੋਂ ਕੀਤੀ ਜਾਂਦੀ ਹਿੰਸਾ 'ਤੇ ਕਾਬੂ ਪਾਉਣ ਲਈ ਦਿਸ਼ਾ-ਨਿਰਦੇਸ਼ ਤਿਆਰ ਕਰਨ ਤੇ ਇਨ੍ਹਾਂ ਨੂੰ ਲਾਗੂ ਕਰਵਾਉਣ ਦੀ ਹਦਾਇਤ ਕੀਤੀ। ਇਨ੍ਹਾਂ ਹਦਾਇਤਾਂ 'ਤੇ ਹੀ ਅਮਲ ਕਰਦਿਆਂ ਹਾਈਕੋਰਟ ਦੇ ਚੀਫ ਜਸਟਿਸ ਕ੍ਰਿਸ਼ਨਾ ਮੁਰਾਰੀ ਤੇ ਜਸਟਿਸ ਅਰੁਣ ਪੱਲੀ ਦੇ ਬੈਂਚ ਨੇ ਪੰਜਾਬ ਤੇ ਹਰਿਆਣਾ ਦੀਆਂ ਸਰਕਾਰਾਂ ਤੋਂ ਇਲਾਵਾ ਚੰਡੀਗੜ੍ਹ ਪ੍ਰਸ਼ਾਸਨ ਤੋਂ ਜਵਾਬ ਮੰਗ ਲਿਆ ਹੈ ਕਿ ਅਜੇ ਤੱਕ ਇਸ ਦਿਸ਼ਾ ਵੱਲ ਕੀ ਉਪਰਾਲੇ ਕੀਤੇ ਗਏ ਹਨ।

ਹਾਈਕੋਰਟ ਨੇ ਕਿਹਾ ਹੈ ਕਿ ਹਿੰਸਾ ਦੌਰਾਨ ਜਾਨ ਤੇ ਮਾਲ ਦੇ ਨੁਕਸਾਨ ਸਬੰਧੀ ਦਿਸ਼ਾ-ਨਿਰਦੇਸ਼ ਦਿੱਤੇ ਗਏ ਸੀ ਤੇ ਇਸ ਬਾਰੇ ਅਜੇ ਤੱਕ ਕੀ ਕੀਤਾ ਗਿਆ ਹੈ, ਇਸ ਬਾਰੇ ਵੀ ਜਵਾਬ ਦਿੱਤਾ ਜਾਵੇ। ਇਸ ਤੋਂ ਇਲਾਵਾ ਇਹ ਵੀ ਪੁੱਛਿਆ ਹੈ ਕਿ ਭੀੜ ਵੱਲੋਂ ਹਿੰਸਾ ਦੀ ਮੀਡੀਆ ਰਿਪੋਰਟਿੰਗ ਅਤੇ ਅਜਿਹੀ ਹਿੰਸਾ 'ਤੇ ਕਾਬੂ ਪਾਉਣ ਅਤੇ ਰੋਕਣ ਲਈ ਪੁਲਿਸ ਕਾਰਵਾਈ ਲਈ ਵੀ ਦਿਸ਼ਾ-ਨਿਰਦੇਸ਼ ਬਣਾਏ ਜਾਣੇ ਚਾਹੀਦੇ ਹਨ।

# ਭਾਜਪਾ ਵੱਲੋਂ ਧਾਰਾ 370 ਦੇ ਖਾਤਮੇ ਲਈ ਜੰਮੂ ਕਸ਼ਮੀਰ 'ਚ ਪੂਰਨ ਬਹੁਮਤ ਦਾ ਸੱਦਾ

**ਅੰਮ੍ਰਿਤਸਰ:** ਜੰਮੂ ਕਸ਼ਮੀਰ ਸੂਬੇ ਨੂੰ ਦੇਸ਼ ਤੋਂ ਵੱਖ ਕਰਦੀ ਭਾਰਤੀ ਸੰਵਿਧਾਨ ਦੀ ਧਾਰਾ 370 ਖਤਮ ਕਰਨ ਲਈ ਭਾਜਪਾ ਵਚਨਬੱਧ ਹੈ ਅਤੇ ਇਸੇ ਲਈ ਮੁੜ ਲੋਕਾਂ ਨਾਲ ਵਾਅਦਾ ਕੀਤਾ ਜਾ ਰਿਹਾ ਹੈ। ਪੰਜਾਬ ਭਾਜਪਾ ਦੇ ਪ੍ਰਧਾਨ ਸ਼ਵੇਤ ਮਲਿਕ ਨੇ ਪਾਰਟੀ ਦੇ ਚੋਣ ਮਨੋਰਥ ਪੱਤਰ ਬਾਰੇ ਗੱਲ ਕਰਦਿਆਂ ਆਖਿਆ ਕਿ ਭਾਜਪਾ ਨੇ 2014 ਵਿਚ ਵੀ ਲੋਕਾਂ ਨਾਲ ਧਾਰਾ 370 ਖਤਮ ਕਰਨ ਦਾ ਵਾਅਦਾ ਕੀਤਾ ਸੀ ਅਤੇ ਹੁਣ ਮੁੜ ਇਸ ਵਾਅਦੇ ਨੂੰ ਦੁਹਰਾਇਆ ਹੈ।

2014 ਸੰਸਦੀ ਚੋਣਾਂ ਵਿਚ ਪੂਰਨ ਬਹੁਮਤ ਮਿਲਣ ਦੇ ਬਾਵਜੂਦ ਧਾਰਾ 370 ਖਤਮ ਕਰਨ ਵਿਚ ਅਸਫਲ ਰਹਿਣ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਜੰਮੂ-ਕਸ਼ਮੀਰ ਸੂਬੇ ਵਿਚ ਪੂਰਨ ਬਹੁਮਤ ਨਹੀਂ ਮਿਲਿਆ ਸੀ, ਜਿਸ ਕਾਰਨ ਧਾਰਾ ਖਤਮ ਨਹੀਂ ਕੀਤੀ ਜਾ ਸਕੀ। ਉਨ੍ਹਾਂ ਕਿਹਾ ਕਿ ਇਹ ਭਾਜਪਾ ਦੀ ਨਹੀਂ ਸਗੋਂ ਦੇਸ਼ ਦੇ ਕਰੋੜਾਂ ਲੋਕਾਂ ਦੀ ਮੰਗ ਹੈ ਕਿ ਇਹ ਧਾਰਾ ਖਤਮ ਕੀਤੀ ਜਾਵੇ। ਉਨ੍ਹਾਂ ਆਸ ਜਤਾਈ ਕਿ ਇਸ ਵਾਰ ਜੰਮੂ-ਕਸ਼ਮੀਰ ਵਿਚ ਵੀ ਭਾਜਪਾ ਨੂੰ ਬਹੁਮਤ ਮਿਲੇਗਾ ਤੇ ਇਸ ਧਾਰਾ ਨੂੰ ਹਟਾਉਣਾ ਸੌਖਾ ਹੋ ਜਾਵੇਗਾ।

## ਨੇਪਾਲ ਵਿਚ ਜਹਾਜ ਹਾਦਸੇ 'ਚ ਤਿੰਨ ਹਲਾਕ

**ਕਾਠਮੰਡੂ:** ਨੇਪਾਲ ਦੇ ਐਵਰੈਸਟ ਖਿੱਤੇ ਵਿਚ ਲੁਕਲਾ ਹਵਾਈ ਅੱਡੇ 'ਤੇ ਉਤਰਨ ਮੌਕੇ ਇੱਕ ਛੋਟਾ ਮੁਸਫਿਰ ਜਹਾਜ ਬੇਕਾਬੂ ਹੋ ਕੇ ਦੋ ਖੜ੍ਹੇ ਹੈਲੀਕਾਪਟਰਾਂ ਨਾਲ ਟਕਰਾਅ ਗਿਆ। ਇਸ ਹਾਦਸੇ ਵਿਚ ਇੱਕ ਸਹਾਇਕ ਪਾਇਲਟ ਅਤੇ ਦੋ ਪੁਲਿਸ ਮੁਲਾਜ਼ਮ ਮਾਰੇ ਗਏ।

# ਮੰਨਣਹਾਣੇ ਦੇ ਦੰਗਲਾਂ 'ਚ ਮਾਣ-ਸਨਮਾਨ ਤੇ ਖੇਡ ਮੇਲੇ

## ਖੇਡ ਜਗਤ

ਪੰਜਾਂ ਸਾਲਾਂ ਪਿਛੋਂ ਗੁਰੂਆਂ-ਪੀਰਾਂ ਦੀ ਧਰਤੀ ਨੂੰ ਜਾ ਫਤਿਹ ਬੁਲਾਈ। ਪੰਜਾਬ ਦਾ ਮੋਹ ਹੱਡੀਂ ਵੱਸਿਆ ਹੋਇਆ ਹੈ। ਮੇਰੀਆਂ ਖੇਡ ਲਿਖਤਾਂ ਦੀ ਕਦਰ ਕਰਦੇ ਸ਼ੰਕਰੀਆ ਪਾਲਾ ਤੇ ਭਾਰਤੀ ਕੁਸ਼ਤੀ ਦੇ ਪ੍ਰਸਿੱਧ ਕੋਚ ਸੋਧੀ ਸਾਹਿਬ ਦੀ ਬੜੇ ਚਿਰਾਂ ਤੋਂ ਖਾਹਿਸ਼ ਸੀ ਕਿ ਮੰਨਣਹਾਣੇ ਦੇ ਦੰਗਲਾਂ ਵਿਚ ਮੇਰਾ ਮਾਣ-ਸਨਮਾਨ ਕੀਤਾ ਜਾਵੇ। ਪਿਛਲੇ ਸਾਲ 13 ਮਾਰਚ ਨੂੰ ਮੰਨਣਹਾਣੇ ਦੀਆਂ ਕੁਸ਼ਤੀਆਂ ਵੇਖਣ ਦਾ ਮੌਕਾ ਬਣਿਆ। ਰਿਟਾਇਰਡ ਆਈ. ਜੀ. ਹਰਭਜਨ ਸਿੰਘ ਸੰਧਵਾਂ, ਕਬੱਡੀ ਖਿਡਾਰੀ ਟਹਿਲ ਸਿੰਘ ਸੰਧਵਾਂ, ਸ਼ੰਕਰੀਆ ਪਾਲਾ ਤੇ ਸਬ



ਇਕਬਾਲ ਸਿੰਘ ਜੱਬੋਵਾਲੀਆ
ਫੋਨ: 917-375-6395

ਇੰਸਪੈਕਟਰ ਸਰਦਾਰੀ ਲਾਲ (ਫੁੱਟਬਾਲ ਖਿਡਾਰੀ) ਵੀ ਮੇਰੇ ਨਾਲ ਸਨ। ਕੁਸ਼ਤੀਆਂ ਵੇਖਣ ਸਾਰਾ ਇਲਾਕਾ ਤੇ ਐਨ. ਆਰ. ਆਈ. ਵੀਰ ਢੁੱਕੇ ਹੋਏ ਸਨ। ਭਰੇ ਸਟੇਡੀਅਮ ਵਿਚ ਸੋਧੀ ਸਾਹਿਬ ਤੇ ਸ਼ੰਕਰੀਏ ਪਾਲੇ ਨੇ ਟਰਾਫੀ ਅਤੇ ਮਾਇਆ ਨਾਲ ਨਿਵਾਜ਼ਿਆ। ਵਡਮੁੱਲਾ ਮਾਣ ਬਖਸ਼ ਕੇ ਮੇਰੇ ਹੌਸਲੇ ਬੁਲੰਦ ਕੀਤੇ। ਮੇਰੇ ਤੋਂ ਪਹਿਲਾਂ ਉਥੇ ਖੇਡ ਲੇਖਣੀ ਦੇ ਬਾਬਾ ਬੋਹੜ ਬਲਵੀਰ ਸਿੰਘ ਕੰਵਲ ਦਾ ਸਨਮਾਨ ਕੀਤਾ ਜਾ ਚੁਕਾ ਹੈ।

ਆਪਣੇ ਸਮੇਂ ਦੇ ਪ੍ਰਸਿੱਧ ਕਬੱਡੀ ਖਿਡਾਰੀ, ਪਹਿਲਵਾਨ ਤੇ ਬਾਕਸਰ ਸ਼ੰਕਰੀਏ ਪਾਲੇ (ਹੁਣ ਕੈਲੀਫੋਰਨੀਆ) ਵਲੋਂ ਇਕ ਟਰਾਫੀ ਤੇ ਨਕਦ ਮਾਇਆ ਨਾਲ ਹਰ ਸਾਲ ਨਿਵਾਜ਼ਿਆ ਜਾਂਦਾ ਹੈ। ਕੋਚ ਸੋਧੀ ਸਾਹਿਬ ਤੇ ਪਾਲੇ ਦਾ ਵਧੀਆ ਉਪਰਾਲਾ ਹੈ, ਜਿਥੇ ਖਿਡਾਰੀਆਂ ਤੇ ਪਹਿਲਵਾਨਾਂ ਦੇ ਨਾਲ ਖੇਡ ਲੇਖਕਾਂ ਨੂੰ ਵੀ ਉਤਸ਼ਾਹਤ ਕੀਤਾ ਜਾਂਦਾ ਹੈ।

ਮੰਨਣਹਾਣੇ ਦੇ ਦੰਗਲਾਂ 'ਚ ਹਰਿਆਣੇ ਦੇ ਪਹਿਲਵਾਨ (ਮੁੰਡੇ-ਕੁੜੀਆਂ) ਮੱਲਾਂ ਮਾਰ ਗਏ। ਹਰਿਆਣੇ ਦੀ ਪਹਿਲਵਾਨੀ ਪੰਜਾਬ ਤੋਂ ਉਪਰ ਜਾ ਰਹੀ ਹੈ। ਪੰਜਾਬ 'ਚ ਕਦੇ ਦੂਜੇ ਰਾਜਾਂ ਤੇ ਗੁਆਂਢੀ ਮੁਲਕਾਂ ਦੇ ਪਹਿਲਵਾਨਾਂ ਨੂੰ ਵੰਗਾਰਨ ਵਾਲੇ ਮੱਲ ਹੁੰਦੇ ਸਨ। ਪੰਜਾਬ ਦੀ ਪਹਿਲਵਾਨੀ ਪਿਛੇ ਰਹਿਣ ਦੇ ਕਾਰਨ ਲੱਭਣੇ ਚਾਹੀਦੇ ਹਨ। ਜੋ ਹਰਿਆਣਾ ਕਦੇ ਪੰਜਾਬ ਤੋਂ ਪਿਛੇ ਹੁੰਦਾ ਸੀ, ਹੁਣ ਦਿਨੋ ਦਿਨ ਪੁਲਾਂਘਾਂ ਪੁਟਦਾ ਅੱਗੇ ਜਾ ਰਿਹੈ।

24 ਤੇ 25 ਫਰਵਰੀ ਨੂੰ ਮੇਰੇ ਪਿੰਡ ਜੱਬੋਵਾਲ ਬੱਚਿਆਂ ਦੇ ਮੈਚ ਸਨ। ਆਪਣੇ ਪਿੰਡ 25 ਵਾਲੇ ਹੀ ਮੈਚ ਵੇਖ ਸਕਿਆ। 24 ਫਰਵਰੀ ਨੂੰ ਵੱਡੇ ਰੁੜਕੇ ਕਬੱਡੀ ਕੱਪ ਵੇਖਣਾ ਸੀ। 25 ਫਰਵਰੀ ਨੂੰ ਹੀ ਮੈਚ ਮੇਰੇ ਦੋਸਤ ਜਿੰਦਰ ਮੋਹਣੋਵਾਲ ਦੇ ਪਿੰਡ ਸਨ ਤੇ 25 ਨੂੰ ਹੀ ਗੋਬਿੰਦਪੁਰ (ਨੇੜੇ ਬੰਗਾ) ਤੇ ਖੈਰੈ ਭੱਟੀਆਂ ਸਨ। ਜਿੰਦਰ ਨੇ ਮੈਚਾਂ ਦਾ ਸੱਦਾ ਦਿੱਤਾ ਸੀ ਪਰ ਆਪਣੇ ਪਿੰਡ ਮੈਚ ਹੋਣ ਕਰਕੇ ਦੂਜੇ ਪਿੰਡਾਂ ਦੇ ਖੇਡ ਨਜ਼ਾਰੇ ਨਾ ਮਾਣ ਸਕਿਆ। ਨੇੜੇ-ਤੇੜੇ ਦੇ ਪਿੰਡਾਂ 'ਚ ਜੇ ਹਫਤੇ, ਦੋ ਹਫਤੇ ਅੱਗੇ ਪਿਛੇ ਮੈਚ ਕਰਾਏ ਜਾਣ ਤਾਂ ਮੈਚਾਂ ਦੀਆਂ ਰੌਣਕਾਂ ਹੋਰ ਵੱਧ ਜਾਂਦੀਆਂ ਹਨ।

24 ਤਾਰੀਖ ਦਾ ਰੁੜਕਾ ਕਲਾਂ ਦਾ ਕਬੱਡੀ ਕੱਪ। ਕੈਲੀਫੋਰਨੀਆ ਵਾਲੇ ਮੱਖਣ ਸਿੰਘ ਬੈਂਸ (ਰਾਜਾ ਸਵੀਟਸ) ਨੇ ਮੈਚ ਵੇਖਣ ਦਾ ਪਹਿਲਾਂ ਹੀ ਸੱਦਾ ਦਿੱਤਾ ਹੋਇਆ ਸੀ। ਕੈਲੀਫੋਰਨੀਆ ਰਹਿੰਦੇ ਰੁੜਕਾ ਕਲਾਂ ਦੇ ਗੱਭਰੂਆਂ ਨੇ ਤਕੜਾ ਪ੍ਰਬੰਧ ਕੀਤਾ ਹੋਇਆ ਸੀ। ਪੈਸਾ ਰੂਹ ਨਾਲ ਖਰਚਿਆ ਸੀ। ਬੜੀ ਘੱਟ ਵੇਖਣ ਨੂੰ ਮਿਲਦੀ ਹੈ ਅਜਿਹੀ ਰੌਣਕ। ਵਿਸ਼ਵ-ਕੱਪਾਂ ਵਰਗੀ ਝਲਕ ਸੀ। ਪ੍ਰੋ. ਮੱਖਣ ਸਿੰਘ ਹਕੀਮਪੁਰ ਤੇ ਮੱਖਣ ਅਲੀ ਨੇ ਕੁਮੈਂਟਰੀ ਦੀਆਂ ਛਹਿਬਰਾਂ ਲਾਈਆਂ ਹੋਈਆਂ ਸਨ। ਮੱਖਣ ਸਿੰਘ ਬੈਂਸ ਤੇ ਸਾਥੀਆਂ ਨੇ ਖਿਡਾਰੀਆਂ ਨੂੰ ਮਾਇਆ ਨਾਲ ਮਾਲਾ-ਮਾਲ ਕੀਤਾ। ਕਮੇਟੀ ਵੱਖਰੇ ਤੌਰ 'ਤੇ ਮਾਣ ਬਖਸ਼ ਰਹੀ ਸੀ। ਮੈਚ ਵੇਖਣ ਦਾ ਨਜ਼ਾਰਾ ਤਾਂ ਆ ਗਿਆ ਪਰ ਜੇਬ ਕਤਰਿਆਂ ਨੇ ਮਜ਼ਾ ਕਿਰਕਰਾ ਕਰ ਦਿਤਾ। ਮੇਰੀਆਂ ਜੇਬਾਂ 'ਚ ਅਚਾਨਕ ਕਿਸੇ ਨੇ ਹੱਥ ਮਾਰਿਆ ਤਾਂ ਮੈਂ ਚੌਕੰਨਾ ਹੋ ਗਿਆ। ਮੇਰੇ ਨਾਲ ਰਸੂਲਪੁਰੀਆ ਗੁਰਨਾਮ ਵੀ ਨਿਊ ਜਰਸੀ ਤੋਂ ਗਿਆ ਹੋਇਆ ਸੀ। ਮੈਂ ਉਹਨੂੰ ਵੀ ਹੁਸ਼ਿਆਰ ਕਰ ਦਿਤਾ। ਸਾਰੇ ਮੈਚ ਜੇਬਾਂ 'ਤੇ ਹੱਥ ਰੱਖ ਕੇ ਵੇਖੇ। ਅਸੀਂ ਆਪਣੇ ਡਾਲਰ ਤੇ ਰੁਪਏ ਤਾਂ ਜਰੂਰ ਬਚਾ ਲਏ, ਪਰ ਧਿਆਨ



ਮੈਚਾਂ 'ਚ ਘੱਟ ਤੇ ਜੇਬ ਕਤਰਿਆਂ ਵੱਲ ਵੱਧ ਰਿਹਾ।

ਪਿਛੋਂ ਪਤਾ ਲੱਗਾ ਕਿ ਖਿਡਾਰੀਆਂ ਦਾ ਮਾਣ-ਸਨਮਾਨ ਕਰਨ ਪਿਛੋਂ ਪੁਲਿਸ ਨੇ ਜੇਬ ਕਤਰਿਆਂ ਦੀ ਮਿੱਟੀ ਝਾੜ ਕੇ ਚੰਗਾ ਮਾਣ-ਤਾਣ ਕੀਤਾ। ਖੇਡ ਮੇਲਿਆਂ 'ਚ ਪਹਿਲਾਂ ਕਦੇ ਜੇਬ ਕਤਰੇ ਨਹੀਂ ਸਨ ਹੁੰਦੇ। ਹੁਣ ਕਾਰਨ ਹੈ, ਵਿਹਲੜ ਤੇ ਨਸ਼ੇ ਦੇ ਮਾਰੇ ਗੱਭਰੂ ਨਸ਼ੇ ਪੂਰੇ ਕਰਨ ਲਈ ਹਰ ਹੀਲਾ ਵਰਤਦੇ ਹਨ। ਪਾਣੀ ਦੇ ਦਰਿਆ ਸੁੱਕ ਗਏ ਹਨ ਤੇ ਨਸ਼ਿਆਂ ਦਾ ਦਰਿਆ ਵਗਣ ਲੱਗ ਪਿਆ ਹੈ।

ਰੁੜਕਾ ਕਲਾਂ ਦੇ ਐਨ. ਆਰ. ਆਈ. ਵੀਰਾਂ ਖਾਸ ਕਰਕੇ ਕੈਲੀਫੋਰਨੀਆ ਵਸਦੇ ਕਬੱਡੀ ਦੇ ਸ਼ੌਕੀਨ ਤਨੋਂ, ਮਨੋਂ, ਧਨੋਂ ਹਿੱਸਾ ਪਾ ਕੇ ਕਬੱਡੀ ਕੱਪ ਨੂੰ ਹਰ ਸਾਲ ਬੁਲੰਦੀਆਂ ਵੱਲ ਲਿਜਾ ਰਹੇ ਹਨ ਤੇ ਸੁਨਹਿਰੀ ਇਤਿਹਾਸ ਸਿਰਜ ਰਹੇ ਹਨ। ਇਥੇ ਇਸ ਗੱਲ ਦਾ ਜ਼ਿਕਰ ਕਰਨਾ ਵੀ ਜਰੂਰੀ ਸਮਝਦਾ ਹਾਂ ਕਿ ਮੱਖਣ ਸਿੰਘ ਬੈਂਸ, ਅਮੋਲਕ ਸਿੰਘ ਗਾਖਲ (ਗਾਖਲ ਭਰਾ), ਸਮੂਹ ਕਲੱਬ ਮੈਂਬਰ ਤੇ ਉਨ੍ਹਾਂ ਦੇ ਸਹਿਯੋਗੀ ਸੱਜਣ ਜੋ ਕੈਲੀਫੋਰਨੀਆ ਦੇ ਯੂਨਾਈਟਿਡ ਸਪੋਰਟਸ ਕਲੱਬ ਬੇਅ ਏਰੀਏ ਵਲੋਂ ਹਰ ਸਾਲ ਤਕੜਾ ਕਬੱਡੀ ਮੇਲਾ ਕਰਵਾਉਂਦੇ ਹਨ ਤੇ ਪੁਰਾਣੇ ਖਿਡਾਰੀਆਂ ਦੇ ਨਾਲ ਨਾਲ ਖੇਡ ਲੇਖਕਾਂ ਨੂੰ ਵੀ ਉਤਸ਼ਾਹਤ ਕਰਕੇ ਪੂਰਾ ਮਾਣ ਬਖਸ਼ਦੇ ਹਨ।

ਐਨ. ਆਰ. ਆਈ. ਵੀਰਾਂ ਨੂੰ ਇਕ ਮਸ਼ਵਰਾ ਦੇਣਾ ਚਾਹੁੰਦਾ ਹਾਂ ਕਿ ਆਪਣੇ ਪਿੰਡ ਜੁਗ ਜੁਗ ਕਬੱਡੀ ਕੱਪ ਕਰਾਓ ਪਰ ਬੱਚਿਆਂ ਦੇ ਮੈਚ ਵੀ ਜਰੂਰ ਕਰਵਾਏ ਜਾਣ, ਜਿਵੇਂ ਮੇਰੇ ਪਿੰਡ ਜੱਬੋਵਾਲ ਇਸ ਸਾਲ ਹੋਏ ਹਨ। ਇਸ ਨਾਲ ਛੋਟੇ ਬੱਚੇ ਉਤਸ਼ਾਹਤ ਹੋਣਗੇ। ਬੱਚੇ ਖੇਡਾਂ ਵੱਲ ਲੱਗ ਕੇ ਨਸ਼ਿਆਂ ਤੇ ਹੋਰ ਮਾੜੇ ਕੰਮਾਂ ਤੋਂ ਦੂਰ ਰਹਿਣਗੇ।

ਪੰਜਾਬ ਦੇ ਲੋਕਾਂ ਦਾ ਇਹ ਸ਼ਿਕਵਾ ਹੈ ਕਿ ਕਬੱਡੀ ਹੁਣ ਪਹਿਲਾਂ ਵਾਲੀ ਨਹੀਂ ਰਹੀ। ਅਕੈਡਮੀਆਂ ਤੇ ਹੋਰ ਵੱਡੇ ਖਿਡਾਰੀ ਸਮੇਂ ਸਿਰ ਨਹੀਂ ਪਹੁੰਚਦੇ। ਲੋਕਾਂ ਦਾ ਇਹ ਵੀ ਕਹਿਣਾ ਹੈ ਕਿ ਕਬੱਡੀ ਹੁਣ ਬਿਜਨਸ ਬਣ ਗਿਆ ਹੈ। ਕਈ ਕਈ ਪਿੰਡ ਮੈਚ ਖੇਡ ਕੇ ਆਉਂਦੇ ਹਨ। ਸਮਾਂ ਸਵੇਰੇ 10 ਵਜੇ ਦਾ ਦਿਤਾ ਹੁੰਦਾ ਹੈ ਤੇ ਪਹੁੰਚਦੇ ਬਾਅਦ ਦੁਪਹਿਰ 2 ਜਾਂ 3 ਵਜੇ ਹਨ। ਕਮੇਟੀਆਂ ਵਾਲੇ ਤੇ ਦਰਸ਼ਕ ਬੈਠੇ ਉਡੀਕਦੇ ਰਹਿੰਦੇ ਹਨ। ਜੇ ਮੈਚ ਲੇਟ ਸ਼ੁਰੂ ਹੋਣਗੇ ਤਾਂ ਕੁਦਰਤੀ ਹੈ ਕਿ ਖਤਮ ਵੀ ਦੇਰ ਰਾਤ ਹੋਣਗੇ। ਜੋ ਕਈ ਹਾਦਸਿਆਂ ਦਾ ਕਾਰਨ ਬਣ ਸਕਦੇ ਹਨ। ਜੇ ਬੱਚੇ ਤਿਆਰ ਹੋਣਗੇ ਤਾਂ ਉਨ੍ਹਾਂ ਵਿਚੋਂ ਕਬੱਡੀ ਦੇ ਪ੍ਰੀਤੇ, ਬੋਲੇ, ਫਿੱਡੂ ਤੇ ਪਹਿਲਵਾਨੀ ਦੇ ਮੇਹਰਦੀਨ, ਬੁੱਧੂ, ਬਿੱਲੇ ਅਤੇ ਮਿਲਖਾ ਸਿੰਘ ਵਰਗੇ ਅਥਲੀਟ ਪੈਦਾ ਹੋਣਗੇ।

ਪੰਜ ਹਫਤੇ ਪਿੰਡਾਂ ਦੇ ਖੇਡ ਮੇਲਿਆਂ ਦਾ ਪਿਆਰ-ਸਤਿਕਾਰ ਝੋਲੀ 'ਚ ਪਵਾ ਵਾਪਸ ਅਮਰੀਕਾ ਮੁੜ ਆਇਆ। ਧੰਨਵਾਦੀ ਹਾਂ ਸ਼ੰਕਰੀਏ ਪਾਲੇ ਤੇ ਕੋਚ ਸੋਧੀ ਸਾਹਿਬ ਦਾ ਜਿਨ੍ਹਾਂ ਨੇ ਮੈਨੂੰ ਮੰਨਣਹਾਣੇ ਦੀ ਧਰਤੀ 'ਤੇ ਮਾਣ-ਤਾਣ ਬਖਸ਼ਿਆ। ਮੇਰੀਆਂ ਲਿਖਤਾਂ ਦਾ ਪੰਜਾਬ ਦੇ ਨਾਮਵਰ ਖਿਡਾਰੀ (ਬਹੁਤੇ ਕਬੱਡੀ ਖਿਡਾਰੀ) ਤੇ ਪਹਿਲਵਾਨ ਸ਼ਿੰਗਾਰ ਬਣੇ ਹਨ। ਰਿਣੀ ਹਾਂ ਅੰਤਰਰਾਸ਼ਟਰੀ ਖੇਡ ਲੇਖਕ ਪ੍ਰਿੰ. ਸਰਵਣ ਸਿੰਘ ਦਾ, ਜਿਨ੍ਹਾਂ ਨੂੰ ਪੰਜਾਬ ਦੀ ਹਰ ਫੇਰੀ 'ਤੇ ਮੁਕੰਦਪੁਰ ਮਿਲਣ ਦਾ ਮੌਕਾ ਨਸੀਬ ਹੁੰਦਾ ਹੈ, ਇਸ ਵਾਰ ਵੀ ਹੋਇਆ। ਉਨ੍ਹਾਂ ਨੇ ਮੋਢੇ 'ਤੇ ਗੁਰਜ਼ ਸਜਾ ਕੇ ਮੈਨੂੰ ਹੌਸਲਾ ਤੇ ਥਾਪੜਾ ਦਿਤਾ, ਜੋ ਮੇਰੀ ਜ਼ਿੰਦਗੀ ਦਾ ਬਿਹਤਰੀਨ ਮੌਕਾ ਤੇ ਵੱਡਮੁੱਲਾ ਮਾਣ ਹੈ।

ਲਿਖਦਾ ਹਾਂ ਖਿਡਾਰੀਆਂ ਲਈ,
ਲਿਖਦਾ ਹਾਂ ਪਹਿਲਵਾਨਾਂ ਲਈ।
ਖੇਡ ਸ਼ੌਕ ਪਾਲਦਾ ਹਾਂ,
ਨਹੀਂ ਲਿਖਦਾ ਸਨਮਾਨਾਂ ਲਈ।

# ਸਦਾ ਵਸੋਆ

ਵਸੋਆ ਵੈਸਾਖੀ ਨੂੰ ਹੀ ਕਹਿੰਦੇ ਹਨ। ਅਸੀਂ ਵੈਸਾਖੀ ਬੜੇ ਚਾਅ ਨਾਲ ਮਨਾਉਂਦੇ ਹਾਂ। ਬਹੁਤ ਘੱਟ ਲੋਕ ਜਾਣਦੇ ਹੋਣਗੇ ਕਿ ਵੈਸਾਖੀ ਸ਼ਬਦ ਦਾ ਅਰਥ ਕੀ ਹੈ। ਪਾਠਕ ਹੈਰਾਨ ਹੋਣਗੇ ਕਿ ਵੈਸਾਖੀ ਸ਼ਬਦ ਦਾ ਅਰਥ ਹੈ, ਮਧਾਣੀ। ਸਾਰੇ ਸੋਚਾਂ 'ਚ ਗੁਆਚ ਜਾਣਗੇ ਕਿ ਵੈਸਾਖੀ ਦਾ ਮਧਾਣੀ ਨਾਲ ਕੀ ਸਬੰਧ ਹੋਇਆ ਭਲਾ! ਇਹ ਵਿਸ਼ਾ ਬੜਾ ਹੀ ਦਿਲਚਸਪ ਅਤੇ ਗਿਆਨਵਰਧਕ ਹੈ। ਆਓ, ਜਾਣੀਏ ਵੈਸਾਖੀ ਕਿਆ ਹੈ!



ਚੰਦਰਮਾ ਦੇ ਆਕਾਸ਼ੀ ਪੰਧ ਨੂੰ ਅਠਾਈ ਉਣੱਤੀ ਹਿੱਸਿਆਂ ਵਿਚ ਵੰਡਿਆ ਗਿਆ ਹੈ,

ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384

ਜਿਨ੍ਹਾਂ ਨੂੰ ਨਕਸ਼ਤਰ ਜਾਂ ਨਸ਼ੱਤਰ ਕਹਿੰਦੇ ਹਨ। ਇਸ ਨੂੰ ਨਕਸ਼ ਵੀ ਕਹਿ ਲਈਦਾ ਹੈ।

ਆਕਾਸ਼ੀ ਖਲਾਅ ਕਈ ਤਰ੍ਹਾਂ ਦੇ ਨਕਸ਼ ਅਰਥਾਤ ਸ਼ਕਲਾਂ ਇਖਤਿਆਰ ਕਰ ਲੈਂਦੇ ਹਨ, ਜਿਸ ਤੋਂ ਉਨ੍ਹਾਂ ਨਸ਼ੱਤਰਾਂ ਦੇ ਨਾਂ ਰੱਖ ਲਏ ਗਏ ਹਨ। ਇਸੇ ਤਰ੍ਹਾਂ ਸੂਰਜ ਦੀਆਂ ਬਾਰਾਂ ਰਾਸ਼ੀਆਂ ਹਨ; ਇਨ੍ਹਾਂ ਦੇ ਨਾਂ ਵੀ ਇਸੇ ਤਰ੍ਹਾਂ ਧਰੇ ਹੋਏ ਹਨ।

ਜਿਸ ਨੂੰ ਅਸੀਂ ਕੈਲੰਡਰ ਕਹਿੰਦੇ ਹਾਂ, ਅਸਲ ਵਿਚ ਉਹ ਸਮੇਂ ਨੂੰ ਨਾਪਣ ਜਾਂ ਮਾਪਣ ਵਾਲਾ ਨਿਯਮ ਹੈ। ਸਾਡੇ ਪੂਰਵਜਾਂ ਨੇ ਸਮੇਂ ਨੂੰ ਨਾਪਣ ਵਾਲਾ ਨਿਯਮ ਸੂਰਜ ਅਤੇ ਚੰਦਰਮਾ ਨੂੰ ਮੇਲ ਕੇ ਬਣਾਇਆ ਹੈ। ਬਾਣੀ ਵਿਚ ਅਨੇਕ ਥਾਂਵਾਂ 'ਤੇ ਆਇਆ ਹੈ, "ਸਸੀਅਰ ਕੈ ਘਰਿ ਸੂਰੁ ਸਮਾਵੈ॥" ਹੋਰ ਦੇਖੋ, "ਪਸਰੀ ਕਿਰਣਿ ਰਸ ਕਮਲ ਬਿਗਾਸੇ ਸਸਿ ਘਰਿ ਸੂਰੁ ਸਮਾਇਆ॥" ਜਿਸ ਤਰ੍ਹਾਂ ਸੂਰਜ ਦੀਆਂ ਕਿਰਨਾਂ ਦੇ ਪਸਾਰੇ ਨਾਲ ਕੰਵਲ ਫੁੱਲ ਖਿੜ ਗਏ ਹਨ, ਉਵੇਂ ਹੀ ਮੇਰਾ ਸ਼ਾਂਤ ਚਿੱਤ ਮਸਤਕ ਦੇ ਪ੍ਰਕਾਸ਼ ਨਾਲ ਬਿਗਸ ਗਿਆ ਹੈ। ਭਾਰਤੀ ਪਰੰਪਰਾ ਵਿਚ ਚੰਦਰਮਾ ਮਨ ਦਾ ਪ੍ਰਤੀਕ ਹੈ ਤੇ ਸੂਰਜ ਮਸਤਕ ਦਾ। ਸਾਡੀ ਪਰੰਪਰਾ ਵਿਚ ਮਨ ਅਤੇ ਮਸਤਕ ਦਾ ਮਿਲਾਪ ਹੈ।

ਸੂਰਜ ਅੱਗ ਦਾ ਗੋਲਾ ਹੈ, ਜਿਸ ਦੀ ਧੁੱਪ ਤਿਖੇਰੀ ਤੇ ਸਾੜਨ ਵਾਲੀ ਹੁੰਦੀ ਹੈ। ਇਸ ਦੇ ਉਲਟ ਚੰਦਰਮਾ ਮਿੱਟੀ ਹੈ, ਪਰ ਸੂਰਜ ਦੀ ਰੋਸ਼ਨੀ ਜਦ ਚੰਦ ਨਾਲ ਟਕਰਾ ਕੇ, ਧਰਤੀ ਵੱਲ ਮੁੜਦੀ ਹੈ ਤਾਂ ਉਹ ਚਾਨਣੀ ਹੁੰਦੀ ਹੈ, ਜਿਸ ਦੀ ਤਾਸੀਰ ਸੀਤਲ ਹੁੰਦੀ ਹੈ। 'ਸਸਿ ਘਰਿ ਸੂਰੁ ਸਮਾਇਆ' ਦਾ ਏਹੋ ਭਾਵ ਹੈ। ਇਵੇਂ ਹੀ ਮਸਤਕ ਦਾ ਗਿਆਨ ਜਦ ਹਿਰਦੇ 'ਚੋਂ ਲੰਘਦਾ ਹੈ ਤਾਂ ਉਸ ਦੀ ਪ੍ਰਕਿਰਤੀ ਨਿਰਮਲ ਅਤੇ ਸੀਤਲ ਹੋ ਜਾਂਦੀ ਹੈ।

ਇਸੇ ਪਰੰਪਰਾ ਅਨੁਸਾਰ ਭਾਰਤੀ ਕੈਲੰਡਰ ਵਿਚ ਵੀ ਸੂਰਜ ਅਤੇ ਚੰਦਰਮਾ ਦਾ ਮਿਲਾਪ ਕਰਵਾਇਆ ਗਿਆ ਹੈ। ਸੂਰਜ ਦੀ ਜਿਸ ਰਾਸ਼ੀ ਦੌਰਾਨ ਆਉਣ ਵਾਲੀ ਪੂਰਨਮਾਸ਼ੀ ਨੂੰ, ਚੰਦਰਮਾ ਜਿਸ ਨਕਸ਼ੱਤਰ ਵਿਚ ਹੁੰਦਾ ਹੈ, ਉਸ ਮਹੀਨੇ ਦਾ ਨਾਂ ਵੀ ਉਸੇ ਨਕਸ਼ੱਤਰ ਵਾਲਾ ਹੁੰਦਾ ਹੈ। ਇਸ ਮਹੀਨੇ ਦੀ ਪੂਰਨਮਾਸ਼ੀ ਨੂੰ ਚੰਦਰਮਾ ਵੈਸਾਖ ਨਕਸ਼ੱਤਰ ਵਿਚ ਹੁੰਦਾ ਹੈ, ਇਸ ਲਈ ਇਸ ਮਹੀਨੇ ਦਾ ਨਾਂ ਵੈਸਾਖ ਹੈ।



ਵੈਸਾਖ ਦਾ ਅਰਥ ਹੈ, ਮਧਾਣੀ, ਜਿਸ ਤੋਂ ਸਾਡੇ ਮਨ ਵਿਚ ਰਿੜਕਣ ਦਾ ਦ੍ਰਿਸ਼ ਸਾਕਾਰ ਹੁੰਦਾ ਹੈ। ਰਿੜਕਣ ਨਾਲ ਕਿਸੇ ਵੀ ਸ਼ੈ ਦਾ ਤੱਤ ਸਾਰ ਜਾਂ ਤਸੱਵਰ ਸਾਡੇ ਸਨਮੁਖ ਹੋ ਜਾਂਦਾ ਹੈ। ਕਿਸੇ ਵੇਲੇ ਦੇਵਤਿਆਂ ਤੇ ਰਾਕਸ਼ਾਂ ਨੇ ਮਿਲ ਕੇ ਖੀਰ ਸਾਗਰ ਨੂੰ ਰਿੜਕ ਲਿਆ ਸੀ, ਜਿਸ ਵਿਚੋਂ ਚੌਦਾਂ ਰਤਨ ਨਿਕਲੇ ਸਨ, ਜਿਨ੍ਹਾਂ ਵਿਚ ਸ਼ਿਰੋਮਣੀ ਰਤਨ ਅੰਮ੍ਰਿਤ ਸੀ।

ਵੈਸਾਖੀ ਜਾਂ ਵਸੋਆ ਰਿੜਕਣ ਦਾ ਪੁਰਬ ਹੈ। ਇਸ ਦਿਨ ਦਸ਼ਮੇਸ਼ ਪਿਤਾ ਨੇ ਸਰਬਲੋਹ ਦੇ ਬਾਟੇ ਵਿਚ ਸਤਿਲੁਜ ਦਾ ਸੀਤਲ ਜਲ ਖੰਡੇ ਨਾਲ ਰਿੜਕਿਆ ਸੀ ਤੇ ਆਪਣੇ ਪਿਆਰਿਆਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ ਦਿੱਤੀ ਸੀ।

ਅੰਮ੍ਰਿਤ ਦੀ ਦਾਤ ਦਰਅਸਲ ਅਮਰਪਦ ਦਾ ਸੂਤਰ ਹੈ, ਜਿਸ ਦਾ ਸਿੱਧਾ ਸਬੰਧ ਰਿੜਕਣ ਅਰਥਾਤ ਮੰਥਨ ਨਾਲ ਹੈ। ਮਧਾਣੀ ਸ਼ਬਦ ਵੀ ਮੰਥਨੀ ਤੋਂ ਹੀ ਬਣਿਆ ਹੈ, ਮੰਥਨੀ ਅਰਥਾਤ ਮੰਥਨ ਕਰਨ ਵਾਲੀ।

ਅੱਜ ਸਾਡੇ ਅੱਗੇ ਵੰਨ ਸੁਵੰਨੇ ਵਿਚਾਰਾਂ ਦਾ ਅਥਾਹ ਸਾਗਰ ਹੈ, ਜਿਨ੍ਹਾਂ ਨੂੰ ਰਿੜਕਣਾ ਸਾਡਾ ਮੂਲ ਮਨੋਰਥ ਹੈ। ਜਿਸ ਤਰ੍ਹਾਂ ਮੰਥਨ ਸੰਸਕ੍ਰਿਤ ਦਾ ਸ਼ਬਦ ਹੈ, ਉਸੇ ਤਰ੍ਹਾਂ ਅਰਬੀ ਦਾ ਸ਼ਬਦ ਹੈ, ਮਤਨ, ਜਿਸ ਦਾ ਅਰਥ ਪੜ੍ਹਨਾ ਹੈ। ਮਤਨ ਅਸਲ ਵਿਚ ਮੰਥਨ ਦੀ ਮੁਢਲੀ ਪ੍ਰਕ੍ਰਿਆ ਹੈ।

ਪੰਚਮ ਪਾਤਸ਼ਾਹ ਨੇ ਸਾਨੂੰ ਅਹਿਲੇ ਕਿਤਾਬ ਹੋਣ ਦਾ ਮਾਣ ਬਖ਼ਸ਼ ਕੇ ਸਦਾ ਸਦਾ ਲਈ ਕਿਤਾਬ ਦੇ ਮਤਨ ਅਰਥਾਤ ਪਾਠ ਨਾਲ ਜੋੜ ਦਿੱਤਾ। ਦਸ਼ਮੇਸ਼ ਪਿਤਾ ਨੇ ਸਾਨੂੰ 'ਮਤਨ' ਦੇ ਅਗਲੇਰੇ ਕਦਮ 'ਮੰਥਨ' ਨਾਲ ਹਮਕਦਮ ਕਰ ਦਿੱਤਾ। ਅੰਮ੍ਰਿਤ ਤਿਆਰ ਕਰਨ ਸਮੇਂ ਬਾਣੀ ਦਾ ਜਾਪ ਵੀ ਕੀਤਾ ਗਿਆ ਸੀ, ਜੋ ਮਤਨ ਅਤੇ ਮੰਥਨ ਦੀ ਉਤਮ ਮਿਸਾਲ ਹੈ।

ਅਸੀਂ 'ਮਤਨ' ਨੂੰ ਕੇਵਲ ਗੁਰੂ ਗ੍ਰੰਥ ਸਾਹਿਬ ਦੇ ਪਾਠ ਤੱਕ ਸੀਮਤ ਕਰ ਲਿਆ ਅਤੇ 'ਮੰਥਨ' ਨੂੰ ਅਸੀਂ ਸਿਰਫ ਗਾਤਰੇ ਦਾ ਪਰਿਆਇ ਬਣਾ ਲਿਆ। ਨੀਝ ਨਾਲ ਦੇਖੇ ਬਗੈਰ ਹੀ ਕਿਹਾ ਜਾ ਸਕਦਾ ਹੈ ਕਿ ਸਿੱਖ ਹੁਣ 'ਮਤਨ' ਅਤੇ 'ਮੰਥਨ' ਦੋਹਾਂ ਤੋਂ ਟੁੱਟ ਚੁੱਕੇ ਹਨ। ਨਾ ਅਸੀਂ ਹੁਣ ਕੁਝ ਪੜ੍ਹਨਯੋਗ ਪੜ੍ਹਦੇ ਹਾਂ ਤੇ ਨਾ ਹੀ ਕੁਝ ਵਿਚਾਰਨਯੋਗ ਸੋਚਦੇ, ਵਿਚਾਰਦੇ ਹਾਂ।

ਵੈਸਾਖੀ ਸਾਡੇ ਲਈ ਮਤਨ ਅਤੇ ਮੰਥਨ ਦਾ ਪੁਰਬ ਹੈ, ਪਰ ਅਸੀਂ ਇਸ ਨੂੰ ਹੱਲੇ ਗੁੱਲੇ ਦਾ ਮੌਕਾ ਬਣਾ ਲਿਆ ਹੈ। ਆਓ, ਇਸ ਸ਼ੁਭ ਅਵਸਰ 'ਤੇ ਮੁੜ ਮਤਨ ਅਤੇ ਮੰਥਨ ਵੱਲ ਪਰਤੀਏ।

# ਗੁਰਬਾਣੀ ਅਨੁਸਾਰ 'ਅਬਿਚਲ ਨਗਰੁ' ਕਿੱਥੇ ਹੈ?

ਗੁਰੂ ਗ੍ਰੰਥ ਸਾਹਿਬ ਵਿਚ 'ਅਬਿਚਲ' ਸ਼ਬਦ 7 ਵਾਰੀ ਅਤੇ 'ਅਬਿਚਲੁ' ਸ਼ਬਦ 2 ਵਾਰੀ ਵਰਤਿਆ ਮਿਲਦਾ ਹੈ। 'ਅਬਿਚਲ ਨਗਰੀ' ਅਤੇ 'ਅਬਿਚਲ ਨਗਰੁ' ਦੋਵੇਂ ਵਾਕ ਅੰਸ਼ ਇੱਕ-ਇੱਕ ਵਾਰੀ ਇਸੇ ਰੂਪ ਵਿਚ ਵਰਤੇ ਗਏ ਹਨ, ਜਿਨ੍ਹਾਂ ਵਿਚ 'ਅਬਿਚਲ' ਸ਼ਬਦ 'ਲੁ' ਨਾ ਹੋਣ ਕਾਰਨ

ਕਸ਼ਮੀਰਾ ਸਿੰਘ
ਫੋਨ: 801-414-0171

ਸਬੰਧ ਵਾਚਕ ਰੂਪ ਵਿਚ ਵਰਤਿਆ ਗਿਆ ਹੈ। 'ਅਬਿਚਲ' ਸ਼ਬਦ ਦੇ ਅਰਥ ਬਣਨਗੇ, ਅਬਿਚਲ ਦਾ, ਅਬਿਚਲ ਦੀ। 'ਅਬਿਚਲ' ਕਿਸੇ ਸ਼ਹਿਰ ਦਾ ਨਾਂ ਨਹੀਂ। ਅਬਿਚਲ, ਨਾ ਡੋਲਣ ਵਾਲੇ ਦਾ, ਨਾ ਡੋਲਣ ਵਾਲੇ ਦੀ। 'ਅਬਿਚਲੁ' ਸ਼ਬਦ ਨਾਲ 'ਨਗਰੁ' ਜਾਂ 'ਨਗਰੀ' ਸ਼ਬਦ ਨਹੀਂ ਵਰਤੇ ਗਏ। ਗੁਰਬਾਣੀ ਵਿਚੋਂ ਹੇਠ ਲਿਖੀਆਂ ਦੋ ਪੰਕਤੀਆਂ ਅਤੇ ਉਨ੍ਹਾਂ ਦੀ ਵਿਚਾਰ ਵਿਚੋਂ ਪਤਾ ਲੱਗਦਾ ਹੈ ਕਿ 'ਅਬਿਚਲ ਨਗਰੁ' ਕਿੱਥੇ ਹੈ?

(ੳ). ਅਬਿਚਲ ਨਗਰੁ ਗੋਬਿੰਦ ਗੁਰੂ ਕਾ ਨਾਮੁ ਜਪਤ ਸੁਖੁ ਪਾਇਆ ਰਾਮ॥ (ਪੰਨਾ 783)

**ਵਿਚਾਰ:** ਅਬਿਚਲ, ਨਾ ਡੋਲਣ ਵਾਲੇ ਦਾ, ਅਬਿਨਾਸ਼ੀ ਦਾ। ਨਗਰੁ- ਸ਼ਹਿਰ, ਸਰੀਰ। ਗੋਬਿੰਦ ਗੁਰੂ ਕਾ, ਗੁਰੂ ਗੋਬਿੰਦ ਕਾ (ਕਾ ਨੇ ਗੋਬਿੰਦ ਸ਼ਬਦ ਦੇ ਦੱਦੇ ਦਾ ਔਂਕੜ ਹਟਾ ਦਿੱਤਾ ਹੈ) ਵੱਡੇ ਗੋਬਿੰਦ ਦਾ, ਪ੍ਰਭੂ ਦਾ। ਗੁਰੂ, ਵੱਡਾ।

'ਅਬਿਚਲ ਨਗਰੁ ਗੋਬਿੰਦ ਗੁਰੂ ਕਾ' ਦੇ ਕੀ ਅਰਥ ਹਨ? ਇਹ ਸ਼ਰੀਰ ਵੱਡੇ ਅਬਿਨਾਸ਼ੀ ਪ੍ਰਭੂ ਦਾ ਸ਼ਹਿਰ ਬਣ ਜਾਂਦਾ ਹੈ।

ਇਹ ਤਬਦੀਲੀ ਕਦੋਂ ਹੁੰਦੀ ਹੈ? ਇਹ ਤਬਦੀਲੀ 'ਨਾਮੁ ਜਪਤ ਸੁਖੁ ਪਾਇਆ ਰਾਮ' ਵਾਕ ਅੰਸ਼ ਤੋਂ ਸਪੱਸ਼ਟ ਹੁੰਦੀ ਹੈ। ਜਿਨ੍ਹਾਂ ਨੇ ਪ੍ਰਭੂ ਦੇ ਗੁਣ ਗਾਉਂਦਿਆਂ ਆਤਮਕ ਸੁੱਖ ਪ੍ਰਾਪਤ ਕਰ ਲਿਆ, ਉਨ੍ਹਾਂ ਦਾ ਸਰੀਰ ਨਾ ਡੋਲਣ ਵਾਲੇ (ਅਬਿਨਾਸ਼ੀ) ਪ੍ਰਭੂ ਦਾ ਸ਼ਹਿਰ ਭਾਵ ਟਿਕਾਣਾ ਬਣ ਗਿਆ।

(ਅ). 'ਨਗਰੁ' ਦੇ ਥਾਂ 'ਨਗਰੀ' ਸ਼ਬਦ ਦੀ ਵਰਤੋਂ

ਸੋ ਵਸੈ ਇਤੁ ਘਰਿ ਜਿਸੁ ਗੁਰੁ ਪੂਰਾ ਸੇਵ॥
ਅਬਿਚਲ ਨਗਰੀ ਨਾਨਕ ਦੇਵ॥ (ਪੰਨਾ 430)

**ਵਿਚਾਰ:** ਨਾਨਕ, ਹੇ ਨਾਨਕ! ਅਬਿਚਲ ਨਗਰੀ, ਨਾ ਡੋਲਣ ਵਾਲੇ ਦੀ ਨਗਰੀ, ਇਹ ਕਾਇਆ। ਦੇਵ (ਸਬੰਧ ਕਾਰਕ) ਦੇਵ ਦੀ, ਪ੍ਰਭੂ ਦੀ। ਇਹ ਕਾਇਆ ਕਦੇ ਨਾ ਡੋਲਣ ਵਾਲੇ (ਅਬਿਨਾਸ਼ੀ) ਪ੍ਰਭੂ ਦੀ ਨਗਰੀ ਬਣ ਜਾਂਦੀ ਹੈ, ਜੇ ਪੂਰੇ ਗੁਰੂ ਦੀ ਬਖਸ਼ਿਸ਼ ਹੋ ਜਾਵੇ ਭਾਵ ਪ੍ਰਭੂ ਦਾ ਟਿਕਾਣਾ ਹੋਣ ਕਰ ਕੇ ਇਹ ਕਾਇਆ ਮੋਹ ਮਾਇਆ ਵਿਚ ਨਿਰਲੇਪ ਰਹਿੰਦੀ ਹੈ।

**ਨੋਟ:** ਨਾਨਕ ਦੇਵ ਸ਼ਬਦਾਂ ਤੋਂ ਟਪਲਾ ਨਹੀਂ ਖਾਣਾ ਚਾਹੀਦਾ ਕਿ ਇਹ ਪਹਿਲੇ ਗੁਰੂ ਜੀ ਦਾ ਨਾਂ ਹੈ। ਟਪਲੇ ਕਰ ਕੇ ਹੀ ਪਹਿਲੇ ਗੁਰੂ ਜੀ ਨੂੰ ਗੁਰੂ ਨਾਨਕ ਦੇਵ ਜੀ ਆਖਿਆ ਜਾ ਰਿਹਾ ਹੈ, ਜੋ ਸੱਚ ਨਹੀਂ ਹੈ। ਪਹਿਲੇ ਗੁਰੂ ਜੀ ਦਾ ਨਾਂ, ਗੁਰੂ ਨਾਨਕ ਸਾਹਿਬ ਹੀ ਸੱਚ ਹੈ। ਕਿਸੇ ਗੁਰੂ ਜੀ ਦੇ ਨਾਂ ਨਾਲ ਗੁਰਬਾਣੀ ਵਿਚ ਵਰਤੇ ਨਾਂਵਾਂ ਅਨੁਸਾਰ 'ਦੇਵ' ਸ਼ਬਦ ਦੀ ਵਰਤੋਂ ਨਹੀਂ ਹੈ।

**ਸਾਰ ਅੰਸ਼:** ਅਬਿਚਲ ਨਗਰ ਜਾਂ ਨਗਰੀ ਵਾਲੇ ਧਰਤੀ ਉਤੇ ਬਣੇ ਕਿਸੇ ਅਸਥਾਨ ਨੂੰ ਗੁਰਬਾਣੀ ਦੀਆਂ ਪੰਕਤੀਆਂ ਨਾਲ ਜੋੜ ਕੇ ਨਹੀਂ ਦੇਖਣਾ ਚਾਹੀਦਾ। ਗੁਰਬਾਣੀ ਅਨੁਸਾਰ ਉਹ ਸਰੀਰ ਹੀ ਅਬਿਨਾਸ਼ੀ ਪ੍ਰਭੂ ਲਈ 'ਅਬਿਚਲ ਨਗਰੁ' ਜਾਂ 'ਅਬਿਚਲ ਨਗਰੀ' ਹੈ, ਜੋ ਪ੍ਰਭੂ ਦੀ ਯਾਦ ਹਰਦਮ ਆਪਣੇ ਅੰਦਰ ਬਣਾਈ ਰੱਖਦਾ ਹੈ।

## ਇਹ ਕਿਹੜੇ ਰਾਹ...

ਬਾਬਾ ਜੀ ਦੇ ਕੀਤੇ ਹੋਏ ਬਚਨਾਂ ਨੂੰ ਭੁੱਲ ਕੇ
ਇਹ ਕਿਹੜੇ ਰਾਹਾਂ ਦੇ ਉਤੇ ਤੁਰੇ ਹੋਏ ਹਾਂ।
ਜਿਨ੍ਹਾਂ ਨਾਲ ਬਾਬਿਆਂ ਸੀ ਲੜਨਾ ਸਿਖਾਇਆ
ਅੱਜ ਫਾਇਦੇ ਲਈ ਉਨ੍ਹਾਂ ਨਾਲ ਰਲੇ ਹੋਏ ਹਾਂ।

ਜਿਨ੍ਹਾਂ ਜੜ੍ਹਾਂ ਨੂੰ ਸ਼ਹੀਦਾਂ ਸੀ ਲਹੂ ਨਾਲ ਸਿੰਜਿਆ
ਤੇਲ ਜੜ੍ਹਾਂ ਵਿਚ ਪਾਉਣ ਅਸੀਂ ਚਲੇ ਹੋਏ ਹਾਂ।
ਇੱਕ ਸਮੇਂ ਰਾਖੀ ਮੰਗਣ ਆਉਂਦੇ ਸੀ ਨਿਤਾਣੇ
ਅੱਜ ਜ਼ਾਲਮਾਂ ਦੀ ਰਾਖੀ ਲਈ ਖੜ੍ਹੇ ਹੋਏ ਹਾਂ।

ਜ਼ਾਲਮ ਨਾਲ ਲੜ ਸਿੰਘਾ! ਮਜ਼ਲੂਮ ਨਾਲ ਖੜ੍ਹ ਕੇ
ਅਸੀਂ ਨਹੀਓਂ ਮੰਨਣਾ, ਅਸੀਂ ਅੜੇ ਹੋਏ ਹਾਂ।
ਬਾਬੇ ਨੇ ਸੀ ਸਿਖ ਦਿੱਤੀ ਪੁੱਠੇ ਪਾਣੀ ਦੇਣ ਦੀ
ਅੱਜ ਪਾਣੀ ਦੇ ਵਹਾਵਾਂ ਨਾਲ ਰੁੜ੍ਹੇ ਹੋਏ ਹਾਂ।

ਕਦੇ ਵੱਸਦਾ ਗੁਰਾਂ ਦੇ ਜੋ ਨਾਮ 'ਤੇ ਸੀ ਦੇਸ
ਅੱਜ ਘਰਾਂ ਵਿਚੋਂ ਨਾਮ ਉਹ ਭੁਲਾਈ ਬੈਠੇ ਹਾਂ।

ਬਾਪੂ ਸਾਡੇ ਰੋੜ੍ਹ'ਤਾ ਖਜਾਨਾ ਕੰਡੇ ਸਰਸਾ
ਅਸੀਂ ਗੋਲਕਾਂ 'ਤੇ ਨਜ਼ਰ ਟਿਕਾਈ ਬੈਠੇ ਹਾਂ।
ਤੁਰਨਾ ਸੀ ਪੁੱਤਰਾਂ ਦੇ ਦਾਨੀ ਦੀਆਂ ਪੈੜਾਂ 'ਤੇ
ਪੈੜ ਛੱਡ ਗੁਰਾਂ ਦੀ, ਪੁੱਤ ਗਲ ਲਾਈ ਬੈਠੇ ਹਾਂ।

*-ਗੋਬਿੰਦ ਸਿੰਘ ਗੁਰਦਾਸਪੁਰ*
*ਫੋਨ: 91-89714-14935*

## ਜੀਵਤ-ਤੱਤ

ਪੁੱਤਰ ਤੇ ਘੋੜੇ ਦੀ, ਲਗਾਮ ਰੱਖੋ ਖਿੱਚ ਕੇ,
ਧੀਆਂ ਨੂੰ ਕਦੇ ਬਹੁਤਾ, ਲਾਡ ਨਹੀਂ ਲਡਾਈਦਾ।
ਚੋਰ, ਲੰਡੂ, ਗੱਪੀ ਯਾਰ, ਕੋਲ ਕਦੇ ਬੈਠੋ ਨਾ,
ਜੂਏਬਾਜ਼ ਕਦੇ ਵੀ, ਜਵਾਈ ਨਹੀਂ ਬਣਾਈਦਾ।
ਸਫਰ ਦੌਰਾਨ ਬੱਸ, ਚੁੱਪਚਾਪ ਬੈਠੇ ਰਹੀਏ,
ਫਾਲਤੂ ਦੀ ਬਹਿਸ ਵਿਚ, ਸਮਾਂ ਨਹੀਂ ਗਵਾਈਦਾ।
ਲਾਲੋ ਜੇ ਪਰੋਸੀ ਹੋਵੇ,
ਰੁੱਖੀ ਮਿੱਸੀ ਪਿਆਰ ਨਾਲ,
ਮਲਿਕ ਭਾਗੋ ਦਾ, ਕੜਾਹ ਨਹੀਂ ਖਾਈਦਾ।
ਸ਼ਕਲਾਂ ਦੀ ਜਗ੍ਹਾ, ਅਕਲਾਂ ਨੂੰ ਪਹਿਲ ਦੇਵੋ,
'ਫੈਸ਼ਨਾਂ ਦੀ ਪੱਟੀ' ਨੂੰ ਨੂੰਹ ਨਹੀਂ ਬਣਾਈਦਾ।
ਬਾਪੂ ਦੀ ਪਗੜੀ, ਬੇਦਾਗ਼ ਜੇ ਰੱਖਣੀ ਏ,
ਧੀ ਨੂੰ ਬਨੇਰੇ, ਸੱਜ ਬੈਠਣੋਂ ਹਟਾਈਦਾ।
ਕਦਰ ਭਰਾਵਾਂ ਦੀ, ਉਹ ਭੈਣ ਕਰੇ ਕਦੇ ਨਾ,
ਨਾਨਕੇ ਘਰ ਭੇਜ, ਹੈ ਜਿਸ ਨੂੰ ਪੜ੍ਹਾਈਦਾ।

*-ਜੁਗਰਾਜ ਸਿੰਘ, ਸ਼ੌਂਕ*
*ਫੋਨ: 704-257-6693*

# ਟਿਕ-ਟਾਕ ਐਪ ਵਿਰੁਧ ਮਦਰਾਸ ਹਾਈ ਕੋਰਟ ਦਾ ਫੈਸਲਾ

ਇੰਟਰਨੈਟ ਨਾਲ ਜੁੜੀਆਂ ਵੱਖ ਵੱਖ ਸੋਸ਼ਲ ਵੈਬਸਾਈਟਾਂ ਦੇ ਅਵਿਸ਼ਕਾਰ ਸਦਕਾ ਦੁਨੀਆਂ ਇਕ ਗਲੋਬਲ ਵਿਲੇਜ ਦੀ ਸੂਰਤ ਵਿਚ ਬਦਲ ਕੇ ਰਹਿ ਗਈ ਹੈ ਅਤੇ ਇੰਟਰਨੈਟ ਜਰੀਏ ਵੱਖ-ਵੱਖ ਐਪਸ ਰਾਹੀਂ ਸੂਚਨਾ ਦਾ ਅਦਾਨ-ਪ੍ਰਦਾਨ ਬੇਹੱਦ ਸਰਲ ਤੇ ਆਸਾਨ ਹੋ ਗਿਆ ਹੈ, ਪਰ ਅਸੀਂ ਸਾਰੇ ਇਸ ਗੱਲ ਤੋਂ ਵੀ ਸਹਿਜੇ ਹੀ ਜਾਣੂੰ ਹਾਂ ਕਿ ਜਿੱਥੇ ਫੁੱਲ ਨੇ, ਉਥੇ ਕੰਢੇ ਨੇ ਅਤੇ ਜਿੱਥੇ ਦੁੱਖ ਨੇ, ਉਥੇ

ਮੁਹੰਮਦ ਅੱਬਾਸ ਧਾਲੀਵਾਲ
ਫੋਨ: 91-98552-59650

ਸੁੱਖ ਨੇ। ਇਵੇਂ ਹੀ ਜਿਥੇ ਮੁਸ਼ਕਿਲਾਂ ਨੇ, ਉਥੇ ਆਸਾਨੀਆਂ ਹੋਇਆ ਕਰਦੀਆਂ ਨੇ, ਪਰ ਇਹ ਫੈਸਲਾ ਸਾਡੇ ਵਿਵੇਕ 'ਤੇ ਨਿਰਭਰ ਕਰਦਾ ਹੈ ਕਿ ਅਸੀਂ ਕਿਹੋ ਜਿਹੀ ਸਥਿਤੀ ਵਿਚ ਕਿਸ ਤਰ੍ਹਾਂ ਦਾ ਵਿਹਾਰ ਕਰਨਾ ਹੈ ਅਤੇ ਖੁਦ ਨੂੰ ਤੇ ਸਮੁੱਚੇ ਸਮਾਜ ਨੂੰ ਬੁਰਾਈਆਂ ਤੋਂ ਕਿਸ ਤਰ੍ਹਾਂ ਸਾਫ ਰੱਖਣਾ ਹੈ।

ਬੇਸ਼ੱਕ ਅੱਜ ਇੰਟਰਨੈਟ ਨੇ ਮਨੁੱਖੀ ਜੀਵਨ ਨੂੰ ਆਸਾਨ ਬਣਾਉਣ ਵਿਚ ਕੋਈ ਕਸਰ ਨਹੀਂ ਛੱਡੀ, ਪਰ ਇੰਟਰਨੈਟ ਦੀਆਂ ਅਲੱਗ-ਅਲੱਗ ਐਪਸ ਦੇ ਜਰੀਏ ਸਮਾਜ 'ਤੇ ਜੋ ਮਾੜੇ ਪ੍ਰਭਾਵ ਪੈ ਰਹੇ ਹਨ, ਉਨ੍ਹਾਂ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਅੱਜ ਵੱਟਸਐਪ, ਫੇਸਬੁੱਕ, ਟਵਿਟਰ ਆਦਿ ਚਲਾਉਣ ਵਾਲਿਆਂ ਦੇ ਜਿਥੇ ਜੀਵਨ ਦੇ ਅਨਮੋਲ ਸਮੇਂ ਦੀ ਬਰਬਾਦੀ ਹੋ ਰਹੀ ਹੈ, ਉਥੇ ਹੀ ਇਸ ਦੇ ਲਗਾਤਾਰ ਇਸਤੇਮਾਲ ਨਾਲ ਲੋਕ ਤਰ੍ਹਾਂ ਤਰ੍ਹਾਂ ਦੀਆਂ ਬਿਮਾਰੀਆਂ ਸਮੇਤ ਗੰਭੀਰ ਕਿਸਮ ਦੇ ਮਨੋਰੋਗਾਂ ਦਾ ਸ਼ਿਕਾਰ ਹੋ ਰਹੇ ਹਨ। ਕੁਝ ਸਮੇਂ ਤੋਂ ਬਲੂ ਵ੍ਹੇਲ ਅਤੇ ਪਬ-ਜੀ ਆਦਿ ਗੇਮਾਂ ਦਾ ਜਾਦੂ ਜਿਸ ਹਰ ਬੱਚੇ ਤੇ ਵੱਡੇ ਦੇ ਸਿਰ ਚੜ੍ਹ ਬੋਲ ਰਿਹਾ ਹੈ। ਇਨ੍ਹਾਂ ਗੇਮਾਂ ਨੂੰ ਲੈ ਕੇ ਬੱਚੇ ਕਿਸ ਖਤਰਨਾਕ ਹੱਦ ਤੱਕ ਪਾਗਲ ਵਿਖਾਈ ਦੇ ਰਹੇ ਹਨ, ਇਸ ਦੀ ਗੰਭੀਰਤਾ ਇਸੇ ਤੋਂ ਹੀ ਲਾਈ ਜਾ ਸਕਦੀ ਹੈ ਕਿ ਬਲੂ ਵ੍ਹੇਲ ਗੇਮ ਨੇ ਕਈ ਬੱਚਿਆਂ ਦੀਆਂ ਕੀਮਤੀ ਜਾਨਾਂ ਤੱਕ ਲੈ ਲਈਆਂ ਹਨ।

ਹਾਲ ਹੀ ਵਿਚ ਜਿਸ ਤਰ੍ਹਾਂ ਨਾਲ ਟਿਕ-ਟਾਕ ਐਪ ਨੂੰ ਲੈ ਕੇ ਮਦਰਾਸ ਹਾਈ ਕੋਰਟ ਦੀ ਮਦੁਰੈ ਬੈਂਚ ਨੇ ਆਪਣਾ ਸਖਤ ਰੁਖ ਅਖਤਿਆਰ ਕਰ ਕੇ ਇਸ 'ਤੇ ਪਾਬੰਦੀ ਲਾਈ ਹੈ ਅਤੇ ਕੇਂਦਰ ਸਰਕਾਰ ਨੂੰ ਟਿਕ-ਟਾਕ ਦੇ ਸੰਦਰਭ ਵਿਚ ਨਿਰਦੇਸ਼ ਦਿੱਤੇ ਹਨ, ਉਸ ਦੀ ਜਿੰਨੀ ਤਾਰੀਫ ਕੀਤੀ ਜਾਏ, ਘੱਟ ਹੈ। ਕੋਰਟ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਉਹ ਟਿਕ-ਟਾਕ ਐਪ ਦੀ ਡਾਊਨਲੋਡਿੰਗ 'ਤੇ ਬੈਨ ਲਾਏ। ਇਸ ਦੇ ਨਾਲ ਹੀ ਕੋਰਟ ਨੇ ਮੀਡੀਆ ਨੂੰ ਵੀ ਦਿਸ਼ਾ ਨਿਰਦੇਸ਼ ਕਰਦਿਆਂ ਆਖਿਆ ਹੈ ਕਿ ਉਹ ਟਿਕ-ਟਾਕ 'ਤੇ ਬਣੇ ਵੀਡੀਓ ਦਾ ਪ੍ਰਸਾਰਨ ਨਾ ਕਰੇ। ਟਿਕ-ਟਾਕ ਦੇ ਵੀਡੀਓਜ਼ 'ਚ ਅਸ਼ਲੀਲ ਸਮੱਗਰੀ ਦੀ ਭਰਮਾਰ ਪਿਛੋਂ ਇਹ ਆਦੇਸ਼ ਦਿੱਤੇ ਗਏ ਹਨ।

ਜ਼ਿਕਰਯੋਗ ਹੈ ਕਿ ਉਕਤ ਮਾਮਲੇ ਵਿਚ ਜਸਟਿਸ ਐਸ. ਐਸ. ਸੁੰਦਰ ਨੇ ਮੀਡੀਆ ਨੂੰ ਨਿਰਦੇਸ਼ ਜਾਰੀ ਕਰਦਿਆਂ ਕਿਹਾ ਕਿ ਉਹ ਟਿਕ-ਟਾਕ 'ਤੇ ਬਣੇ ਵੀਡੀਓ ਦਾ ਪ੍ਰਸਾਰਨ ਨਾ ਕਰੇ, ਕਿਉਂਕਿ ਇਸ ਐਪ ਰਾਹੀਂ ਬੱਚਿਆਂ ਤੱਕ ਬਾ-ਆਸਾਨੀ ਪ੍ਰੋਨੋਗ੍ਰਾਫੀ ਅਤੇ ਇਤਰਾਜ਼ਯੋਗ ਸਮੱਗਰੀ ਪਰੋਸੀ ਜਾ ਰਹੀ ਹੈ। ਨਾਲ ਹੀ ਕੋਰਟ ਨੇ ਕੇਂਦਰ ਸਰਕਾਰ ਤੋਂ ਇਹ ਵੀ ਪੁੱਛਿਆ ਹੈ ਕਿ ਸਰਕਾਰ ਨੂੰ ਜਵਾਬ ਦੇਣਾ ਹੋਵੇਗਾ ਕਿ ਕੀ ਉਹ ਅਜਿਹਾ ਕੋਈ ਕਾਨੂੰਨ ਲਿਆਉਣ 'ਤੇ ਵਿਚਾਰ ਕਰੇਗੀ, ਜਿੱਦਾਂ ਕਿ ਅਮਰੀਕਾ ਆਦਿ ਦੀਆਂ ਸਰਕਾਰਾਂ ਨੇ ਬੱਚਿਆਂ ਨੂੰ ਸਾਈਬਰ ਕ੍ਰਾਈਮ ਦਾ ਸ਼ਿਕਾਰ ਬਣਨ ਤੋਂ ਬਚਾਉਣ ਲਈ ਚਿਲਡਰਨ ਆਨਲਾਈਨ ਪ੍ਰਾਈਵੇਸੀ ਪ੍ਰੋਟੈਕਸ਼ਨ ਐਕਟ ਅਧੀਨ ਲਿਆਉਣ ਦਾ ਕੰਮ ਕੀਤਾ ਹੈ।

ਇਥੇ ਜਿਕਰਯੋਗ ਹੈ ਕਿ ਪਿਛਲੇ ਕੁਝ ਸਮੇਂ ਤੋਂ ਨੌਜਵਾਨ ਮੁੰਡੇ-ਕੁੜੀਆਂ ਵਿਚ ਟਿਕ-ਟਾਕ ਐਪ ਦਾ ਜਨੂੰਨ ਪਾਗਲਪਨ ਦੀ ਹੱਦ ਤਕ ਸਿਰ ਚੜ੍ਹ ਕੇ ਬੋਲ ਰਿਹਾ ਹੈ। ਮੁੰਡੇ-ਕੁੜੀਆਂ ਦੀ ਛੱਡੋ, ਹੁਣ ਤਾਂ ਬਜੁਰਗ ਵੀ ਇਸ ਐਪ ਦੇ ਸ਼ੈਦਾਈ ਵਿਖਾਈ ਦੇ ਰਹੇ ਹਨ।

ਪਰ ਵਧੇਰੇ ਸ਼ਰਾਰਤੀ ਅਨਸਰਾਂ ਵਲੋਂ ਪਿਛਲੇ ਕੁਝ ਸਮੇਂ ਤੋਂ ਉਕਤ ਐਪ ਦਾ ਬੇਹੱਦ ਇਤਰਾਜ਼ਯੋਗ ਤੇ ਸ਼ਰਮਨਾਕ ਹੱਦ ਤੱਕ ਗਲਤ ਇਸਤੇਮਾਲ ਹੋਣਾ ਸ਼ੁਰੂ ਹੋ ਗਿਆ। ਨਤੀਜਨ ਉਕਤ ਐਪ ਰਾਹੀਂ ਧੜੱਲੇ ਨਾਲ ਅਸ਼ਲੀਲ ਚੀਜ਼ਾਂ ਪਰੋਸੀਆਂ ਜਾ ਰਹੀਆਂ ਹਨ। ਕਿਉਂਕਿ ਅੱਜ ਕਲ ਬੱਚਿਆਂ ਦੇ ਹੱਥ ਵਿਚ ਮੋਬਾਇਲ ਆਮ ਵੇਖੇ ਜਾ ਸਕਦੇ ਹਨ ਅਤੇ ਇਹੋ ਵਜ੍ਹਾ ਹੈ ਕਿ ਇਸ ਐਪ ਦੇ ਬੱਚਿਆਂ ਦੇ ਕਿਰਦਾਰ ਤੇ ਭਵਿੱਖ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਦੇ ਖਦਸ਼ੇ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਜਿਸ ਤਰ੍ਹਾਂ ਕੋਰਟ ਨੇ ਟਿਕ-ਟਾਕ ਬੈਨ ਕਰਨ ਦੇ ਨਿਰਦੇਸ਼ ਦਿੱਤੇ ਹਨ, ਅਜਿਹੀ ਹੀ ਕਾਰਵਾਈ ਅੱਜ ਉਨ੍ਹਾਂ ਪੇਡ ਟਰੌਲਰਾਂ ਵਿਰੁਧ ਵੀ ਲੋੜੀਂਦੀ ਹੈ, ਜੋ ਸਿਆਸੀ ਪਾਰਟੀਆਂ ਰਾਹੀਂ ਆਪਣੇ ਸੌੜੇ ਹਿੱਤਾਂ ਦੀ ਪੂਰਤੀ ਲਈ ਫੌਜਾਂ ਵਾਂਗ ਆਪਣੇ ਮੁਖਾਲਿਫਾਂ ਵਿਰੁਧ ਖੜ੍ਹੇ ਕੀਤੇ ਜਾਂਦੇ ਹਨ ਤੇ ਜਿਸ ਦੇ ਨਤੀਜੇ ਵਜੋਂ ਹੱਕ-ਸੱਚ ਦੀਆਂ ਉਨ੍ਹਾਂ ਆਵਾਜ਼ਾਂ ਨੂੰ ਟਰੌਲਰਾਂ ਰਾਹੀਂ ਮਾਨਸਿਕ ਪੀੜਾ ਦੇ ਕੇ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਸਭ ਦੀ ਜਾਣਕਾਰੀ ਹੋਣ ਦੇ ਬਾਵਜੂਦ ਸਰਕਾਰਾਂ ਇਨ੍ਹਾਂ ਟਰੌਲਰਾਂ ਵਿਰੁਧ ਬਣਦੀ ਕਾਰਵਾਈ ਕਰਨ ਦੀ ਥਾਂ ਤਮਾਸ਼ਬੀਨ ਬਣੀਆਂ ਨਜ਼ਰ ਆਉਂਦੀਆਂ ਹਨ।

ਉਕਤ ਟਰੌਲਰਾਂ ਦੇ ਸੰਦਰਭ ਵਿਚ ਕੋਰਟਾਂ ਨੂੰ ਚਾਹੀਦਾ ਹੈ ਕਿ ਜਨਤਕ ਹੱਕਾਂ ਦੀ ਰਾਖੀ ਹਿੱਤ ਅਜਿਹੇ ਟਰੌਲਰਾਂ ਵਿਰੁਧ ਵੀ ਸਰਕਾਰਾਂ ਨੂੰ ਫੌਰੀ ਕਾਰਵਾਈ ਕਰਨ ਦੇ ਨਿਰਦੇਸ਼ ਦੇਣੇ ਚਾਹੀਦੇ ਹਨ ਤਾਂ ਜੋ ਇਨ੍ਹਾਂ ਫੇਕ ਆਈਡੀਆਂ ਵਾਲੇ ਟਰੌਲਰਾਂ, ਜੋ ਅਕਸਰ ਹੱਕ-ਸੱਚ ਦੀ ਅਲਖ ਜਗਾਉਣ ਵਾਲਿਆਂ ਲਈ ਬੇਹੱਦ ਭੱਦੀ ਸ਼ਬਦਾਵਲੀ ਦੇ ਨਾਲ ਨਾਲ ਗਾਲੀ-ਗਲੋਚ ਤੱਕ ਕਰਦੇ ਹਨ ਅਤੇ ਅਕਸਰ ਧਮਕੀਆਂ ਦੇਣ ਤੋਂ ਵੀ ਗੁਰੇਜ ਨਹੀਂ ਕਰਦੇ, ਵਿਰੁਧ ਇਕ ਅਜਿਹੀ ਮਿਸਾਲੀ ਕਾਰਵਾਈ ਅੰਜਾਮ ਦਿੱਤੀ ਜਾਣੀ ਚਾਹੀਦੀ ਹੈ, ਜਿਸ ਦੇ ਨਤੀਜੇ ਵਜੋਂ ਹੱਕ-ਸੱਚ ਦੀਆਂ ਆਵਾਜ਼ਾਂ ਉਠਾਉਣ ਵਾਲਿਆਂ ਦੇ ਆਤਮ ਵਿਸ਼ਵਾਸ ਵਿਚ ਵਾਧਾ ਹੋਵੇ ਤਾਂ ਕਿ ਜਮਹੂਰੀ ਕਦਰਾਂ-ਕੀਮਤਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ।

# ਜਸਵੰਤ ਸਿੰਘ ਖਾਲੜਾ ਦੀ ਆਖਰੀ ਤਕਰੀਰ

## ਕੁਦਰਤੀ ਸਾਨੂੰ ਇਹ ਰਾਹ ਮਿਲ ਗਿਆ...

***ਮਨੁੱਖੀ ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਾਲੇ ਜਸਵੰਤ ਸਿੰਘ ਖਾਲੜਾ ਦੀ ਪਤਨੀ ਪਰਮਜੀਤ ਕੌਰ ਖਾਲੜਾ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਚੋਣ ਲੜ ਰਹੇ ਹਨ। ਪਿਛਲੇ ਅੰਕ ਵਿਚ ਅਸੀਂ ਇਸ ਬਾਬਤ ਸ. ਮਣਿਲ ਸਿੰਘ ਸਰਾਂ ਦਾ ਲੇਖ ਛਾਪਿਆ ਸੀ। ਸ. ਗੁਰਬਚਨ ਸਿੰਘ ਨੇ 'ਪੰਜਾਬ ਟਾਈਮਜ਼' ਲਈ ਜਸਵੰਤ ਸਿੰਘ ਖਾਲੜਾ ਦੀ ਕੈਨੇਡਾ ਵਿਚ ਦਿੱਤੀ ਇਹ ਤਕਰੀਰ ਭੇਜੀ ਹੈ। ਇਹ ਤਕਰੀਰ ਉਨ੍ਹਾਂ ਦੀ ਆਖਰੀ ਤਕਰੀਰ ਹੋ ਨਿੱਬੜੀ ਸੀ। ਇਸ ਤਕਰੀਰ ਵਿਚ ਉਨ੍ਹਾਂ ਭਾਵੇਂ ਕਈ ਗੱਲਾਂ ਕੀਤੀ ਹਨ, ਪਰ ਇਸ ਦਾ ਸਭ ਤੋਂ ਅਹਿਮ ਪੱਖ ਲਾਪਤਾ ਨੌਜਵਾਨਾਂ ਦਾ ਥਹੁ-ਪਤਾ ਲਾਉਣ ਲਈ ਕੀਤੇ ਤਰੱਦਦ ਬਾਰੇ ਕੀਤੀਆਂ ਗੱਲਾਂ ਹਨ। ਇਸ ਤਕਰੀਰ ਨੂੰ ਅਸੀਂ ਰਤਾ ਕੁ ਸੰਖੇਪ ਕਰਕੇ ਛਾਪ ਰਹੇ ਹਾਂ। -ਸੰਪਾਦਕ***

ਇਕ ਲਘੂ ਕਥਾ ਹੈ। ਜਦ ਸੂਰਜ ਪਹਿਲੀ ਵਾਰ ਅਸਤਣ ਲੱਗਾ ਤਾਂ ਜਿਉਂ ਜਿਉਂ ਉਹ ਆਪਣਾ ਪੰਧ ਮੁਕਾ ਰਿਹਾ ਸੀ, ਚਾਨਣ ਘਟ ਰਿਹਾ ਸੀ। ਹਨੇਰੇ ਦੀ ਆਮਦ ਦੇ ਨਿਸ਼ਾਨ ਪ੍ਰਗਟ ਹੋ ਰਹੇ ਸਨ। ਲੋਕਾਂ ਵਿਚ ਹਾਹਾਕਾਰ ਮਚ ਰਹੀ ਸੀ ਕਿ ਸੂਰਜ ਛਿਪ ਜਾਊਗਾ, ਹਨੇਰਾ ਪਸਰ ਜਾਊਗਾ, ਕਿਸੇ ਨੂੰ ਕੁਝ ਦਿਸੂ ਨਾ ਤੇ ਸਾਡਾ ਕੀ ਬਣੂੰ? ਦੁਨੀਆਂ ਫਿਕਰਮੰਦ ਸੀ। ਸੂਰਜ ਅਸਤਿਆ, ਹਨੇਰੇ ਨੇ ਆਪਣਾ ਜ਼ੋਹਰ ਵਿਖਾਉਣ ਲਈ ਧਰਤੀ ਉਤੇ ਪੈਰ ਪਾਇਆ ਪਰ ਕਹਿੰਦੇ, ਦੂਰ ਕਿਸੇ ਝੌਂਪੜੀ ਵਿਚੋਂ ਇਕ ਦੀਪਕ ਨੇ ਸਿਰ ਚੁਕਿਆ ਅਤੇ ਕਿਹਾ, ਮੈਂ ਹਨੇਰੇ ਨੂੰ ਚੈਲੰਜ ਕਰਦਾਂ, ਆਪਣੇ ਆਲੇ-ਦੁਆਲੇ ਇਸ ਨੂੰ ਲਾਗੇ ਨਹੀਂ ਲੱਗਣ ਦਿਆਂਗਾ। ਕਹਿੰਦੇ, ਉਸ ਦੀਪਕ ਨੂੰ ਦੇਖ ਕੇ ਹਰ ਝੁਗੀ-ਝੌਂਪੜੀ ਵਿਚ ਦੀਪਕ ਉਠਿਆ ਅਤੇ ਦੁਨੀਆਂ ਹੈਰਾਨ ਰਹਿ ਗਈ ਕਿ ਇਨ੍ਹਾਂ ਦੀਪਕਾਂ ਨੇ ਹਨੇਰੇ ਨੂੰ ਪਸਰਨ ਤੋਂ ਰੋਕਿਆ ਤੇ ਲੋਕ ਦੇਖ ਸਕੇ। ਮੈਂ ਸਮਝਦਾਂ ਕਿ ਅਜ ਜਦੋਂ ਹਨੇਰਾ ਪੂਰੇ ਜ਼ੋਰ ਨਾਲ ਸੱਚ ਉਤੇ ਫਤਿਹ ਪਾਉਣ ਲਈ ਲਲਕਾਰ ਰਿਹਾ ਹੈ ਤਾਂ ਮੈਂ ਕਹੂੰਗਾ ਅਣਖੀਲਾ ਪੰਜਾਬ, ਦੀਪਕ ਦੀ ਨਿਆਈਂ ਇਸ ਨੂੰ ਚੈਲੰਜ ਕਰ ਰਿਹਾ ਹੈ।

ਮੈਂ ਖਾਸ ਮਿਸ਼ਨ ਉਤੇ ਇਸ ਦੇਸ਼ ਆਇਆ ਹਾਂ। ਛੋਟਾ ਜਿਹਾ ਮਿਸ਼ਨ ਹੈ। ਤੁਸੀਂ ਤਾਂ ਬਹੁਤ ਵੱਡੇ ਮਿਸ਼ਨ ਨੂੰ ਇਥੇ ਦਾ ਵਿਸ਼ਾ ਬਣਾਇਐ, ਉਹਦੇ ਵਿਚੋਂ ਛੋਟਾ ਜਿਹਾ ਹਿੱਸਾ ਮਨੁੱਖੀ ਅਧਿਕਾਰਾਂ ਦਾ ਹੈ ਤੇ ਮਨੁੱਖੀ ਅਧਿਕਾਰਾਂ ਵਿਚੋਂ ਵੀ ਛੋਟਾ ਜਿਹਾ ਹਿੱਸਾ ਮੈਨੂੰ ਦੇ ਦਿਓ। ਅੱਜ ਅਸੀਂ ਕੈਨੇਡਾ ਵਿਚ ਇਕ ਰਿਪੋਰਟ ਦੀ ਗੱਲ ਕਰਨ ਆਏ ਸਾਂ। ਉਹ ਰਿਪੋਰਟ ਜੋ ਪਿਛਲੇ ਦਸਾਂ ਸਾਲਾਂ ਦੇ ਜਬਰ ਦੀ ਕਹਾਣੀ ਬਿਆਨ ਕਰਦੀ ਹੈ ਤੇ ਉਸ ਰਿਪੋਰਟ ਨੂੰ ਜਦ ਅਸੀਂ ਸ਼ੁਰੂ ਕਰਨ ਲੱਗੇ ਸਾਂ, ਪਹਿਲਾਂ ਸਾਡੇ ਕੋਲ ਸੈਂਕੜੇ ਰਿਪੋਰਟਾਂ ਸਨ ਪਰ ਇਕ ਸਵਾਲ ਸੀ, ਜੋ ਉਨ੍ਹਾਂ ਰਿਪੋਰਟਾਂ ਵਿਚੋਂ ਸਾਨੂੰ ਕੋਈ ਜਵਾਬ ਨਹੀਂ ਸੀ ਦੇ ਰਿਹਾ; ਉਹ ਸਵਾਲ ਸੀ ਕਿ ਹਜ਼ਾਰਾਂ ਮਾਂਵਾਂ ਆਪਣੇ ਪੁੱਤਾਂ ਨੂੰ ਉਡੀਕ ਰਹੀਆਂ ਨੇ, ਚਾਹੇ ਕਈਆਂ ਨੂੰ ਪਤਾ ਹੈ ਕਿ ਪੁੱਤ ਹੁਣ ਇਸ ਦੁਨੀਆਂ ਉਤੇ ਜਰਵਾਣਿਆਂ ਨਹੀਂ ਛੱਡਿਆ ਪਰ ਮਾਂ ਦਾ ਦਿਲ ਐਸਾ ਹੁੰਦਾ ਹੈ ਕਿ ਉਹ ਪੁੱਤ ਦੀ ਲਾਸ਼ ਦੇਖ ਕੇ ਵੀ ਯਕੀਨ ਨਹੀਂ ਕਰਦੀ ਕਿ ਉਹਦਾ ਪੁੱਤ ਉਹਨੂੰ ਛੱਡ ਗਿਆ ਹੈ।

ਤੇ ਜਿਨ੍ਹਾਂ ਮਾਂਵਾਂ ਨੇ ਆਪਣੇ ਜਾਇਆਂ ਦੀਆਂ ਲਾਸ਼ਾਂ ਵੀ ਨਹੀਂ ਸੀ ਦੇਖੀਆਂ, ਉਹ ਸਾਡੇ ਉਤੇ ਸਵਾਲ ਕਰ ਰਹੀਆਂ ਸਨ ਕਿ ਇਨ੍ਹਾਂ ਦਾ ਪਤਾ ਕਰ ਦਿਓ ਕਿ ਸਾਡਾ ਪੁੱਤ ਹੈ ਵੀ ਕਿ ਨਹੀਂ। ਉਨ੍ਹਾਂ ਭੈਣਾਂ ਦੇ ਵੀਰ, ਜਿਨ੍ਹਾਂ ਭੈਣਾਂ ਦੇ ਹੱਥਾਂ ਵਿਚ ਫੜੀਆਂ ਰੱਖੜੀਆਂ ਵੀਰਾਂ ਨੂੰ ਉਡੀਕ ਰਹੀਆਂ ਸਨ। ਕਈ ਬੀਬੀਆਂ ਭੈਣਾਂ ਸਾਡੀਆਂ ਅਸੀਂ ਘਰੋਂ ਤੋਰਨ ਲਈ ਰੋਕੀ ਖੜ੍ਹੇ ਸਾਂ, ਕਿਉਂਕਿ ਜਿਨ੍ਹਾਂ ਨਾਲ ਮੰਗੀਆਂ ਸਨ, ਜਿਨ੍ਹਾਂ ਨਾਲ ਵਿਆਹੁਣੀਆਂ ਸਨ, ਪੁਲਿਸ ਨੇ ਚੁੱਕਿਆ ਸਾਨੂੰ ਪਤਾ ਨਈਂ।

ਇਸ ਕਹਾਣੀ ਨੂੰ ਜਦੋਂ ਅਸੀਂ ਸ਼ੁਰੂ ਕੀਤਾ ਤਾਂ ਪਹਿਲਾਂ ਤਾਂ ਅਸੀਂ ਇਸ ਗੱਲ ਬਾਰੇ ਅੰਕੜੇ ਇਕੱਠੇ ਕੀਤੇ ਕਿ ਕਿੰਨੇ ਪੁੱਤ, ਕਿੰਨੇ ਭਰਾ, ਕਿੰਨੇ ਪਤੀ ਤੇ ਕਿੰਨੇ ਬੱਚੇ ਲਾਪਤਾ ਨੇ, ਪਰ ਜਦੋਂ ਅਸੀਂ ਇਸ ਵਿਸ਼ੇ ਉਤੇ ਗੱਲ ਸ਼ੁਰੂ ਕੀਤੀ ਤਾਂ ਅਨੇਕ ਮਾਂਵਾਂ-ਭੈਣਾਂ ਇਹ ਗੱਲ ਕਹਿਣ ਲਈ ਤਿਆਰ ਨਹੀਂ ਸਨ। ਕਹਿੰਦੀਆਂ, ਪੁੱਤ ਜੇ ਗੱਲ ਤੁਸਾਂ ਅਗਾਂਹ ਕਰ ਦਿਤੀ, ਸਾਡਾ ਪੁੱਤ ਜਿੰਦਾ ਏ ਅਜੇ, ਉਹ ਮਾਰ ਦੇਣਗੇ। ਤੁਸੀਂ ਗੱਲ ਨਾ ਕਰਿਓ, ਅਸੀਂ ਤੁਹਾਨੂੰ ਵੀ ਨਹੀਂ ਦੱਸਣਾ। ਅਸੀਂ ਰਫ (ਮੋਟਾ) ਜਿਹਾ ਐਸਟੀਮੇਟ (ਅੰਦਾਜ਼ਾ) ਦੁਨੀਆਂ ਦੇ ਸਾਹਮਣੇ ਰੱਖਿਆ ਕਿ ਇਕੱਲੇ ਅੰਮ੍ਰਿਤਸਰ ਜ਼ਿਲ੍ਹੇ ਵਿਚ 2000 ਬੱਚੇ ਲਾਪਤਾ ਹਨ। ਸਰਕਾਰ ਦੱਸੇ ਕਿ ਉਹ ਕਿਥੇ ਨੇ? ਸਰਕਾਰ ਚੁਪ ਸੀ। ਅਸੀਂ ਫਿਰ ਕੁਝ ਪਰਿਵਾਰਾਂ ਵਲੋਂ ਹਾਈਕੋਰਟ ਵਿਚ ਪਟੀਸ਼ਨਾਂ ਕਰਾਈਆਂ ਕਿ ਦੱਸੋ ਇਹ ਬੱਚੇ ਕਿਥੇ ਨੇ?

ਸਰਕਾਰ ਨੇ ਹਲਫੀਆ ਬਿਆਨ ਦਿਤੇ ਕਿ ਅਸੀਂ ਇਨ੍ਹਾਂ ਬੱਚਿਆਂ ਨੂੰ ਜਾਣਦੇ ਨਹੀਂ। ਜਦੋਂ ਗੱਲ ਹੋਰ ਅਗੇ ਵਧੀ ਤਾਂ ਜ਼ੁਲਮ ਦੇ ਇੰਚਾਰਜ ਕੇ. ਪੀ. ਐਸ. ਗਿੱਲ ਨੇ ਅੰਮ੍ਰਿਤਸਰ ਵਿਚ ਪ੍ਰੈਸ ਕਾਨਫਰੰਸ ਕਰ ਕੇ ਕਿਹਾ ਕਿ ਇਹ ਮਨੁੱਖੀ ਅਧਿਕਾਰ ਵਿੰਗ ਵਾਲੇ ਮਨੁੱਖੀ ਅਧਿਕਾਰਾਂ ਬਾਰੇ ਕੁਝ ਨਹੀਂ ਕਰ ਰਹੇ, ਇਨ੍ਹਾਂ ਦਾ ਮੋਟਿਵ (ਨਿਸ਼ਾਨਾ) ਹੈ ਕਿ ਇਹ ਬੌਕਰ ਖੜ੍ਹੀ ਕਰੀ ਰੱਖਣਾ ਚਾਹੁੰਦੇ ਐ ਕਿ ਪੰਜਾਬ ਵਿਚ ਕਿਤੇ ਅਮਨ ਨਾ ਹੋ ਜਾਵੇ ਤੇ ਇਹ ਆਈ. ਐਸ. ਆਈ. ਦੇ ਏਜੰਟ ਨੇ ਤੇ ਸਾਡੀ ਪੁਲਿਸ ਮਸ਼ੀਨਰੀ ਨੂੰ ਡਿਸਕਰੇਜ (ਨਿਰਾਸ਼) ਕਰ ਕੇ ਦੁਬਾਰਾ ਮਿਲੀਟੈਂਸੀ (ਖਾੜਕੂਵਾਦ) ਉਭਾਰਨ ਲਈ ਸਾਜ਼ਿਸ਼ਾਂ ਘੜ ਰਹੇ ਨੇ। ਕੇ. ਪੀ. ਐਸ. ਗਿੱਲ ਨੇ ਇਥੋਂ ਤਕ ਕਿਹਾ ਕਿ ਮੈਂ ਦੱਸਦਾਂ ਕਿ ਉਹ ਬੱਚੇ ਕਿਥੇ ਐ। ਉਸ ਨੇ ਕਿਹਾ ਕਿ ਇਹ ਬੱਚੇ ਯੂਰਪ, ਕੈਨੇਡਾ, ਅਮਰੀਕਾ ਵਿਚ ਦਿਹਾੜੀਆਂ ਕਰ ਰਹੇ ਨੇ ਤੇ ਇਹ ਮਨੁੱਖੀ ਅਧਿਕਾਰ ਸੰਗਠਨ ਸਾਨੂੰ ਕਹਿ ਰਹੇ ਨੇ ਕਿ ਹਜ਼ਾਰਾਂ ਬੱਚੇ ਲਾਪਤਾ ਨੇ। ਇਹ ਚੈਲੰਜ (ਵੰਗਾਰ) ਸੀ ਸਾਨੂੰ, ਉਸ ਹਕੀਕਤ ਨੂੰ ਅਸੀਂ ਸਾਹਮਣੇ ਲਿਆਉਣਾ ਚਾਹੁੰਦੇ ਸਾਂ।

ਅਸੀਂ ਇਸ ਹਕੀਕਤ ਨੂੰ ਸਬੂਤਾਂ ਸਹਿਤ ਦੁਨੀਆਂ ਸਾਹਮਣੇ ਪੇਸ਼ ਕਰਨ ਲਈ ਆਪਣੇ ਆਪ ਨੂੰ ਉਸ ਮੁਹਿੰਮ ਵਿਚ ਪਾਇਆ, ਜਿਥੇ ਸਾਨੂੰ ਖਤਰਿਆਂ ਦਾ ਸਾਹਮਣਾ ਕਰਨਾ ਪਿਆ। ਲੇਕਿਨ ਅਸੀਂ ਗਏ, ਉਥੇ ਜਿਥੇ ਸਾਡੇ ਭਰਾ ਗਏ ਸੀ, ਅਸੀਂ ਮੜ੍ਹੀਆਂ ਵਿਚ ਗਏ, ਅਸੀਂ ਜਾ ਕੇ ਉਥੇ ਡਿਊਟੀਆਂ ਦਿੰਦੇ ਮੁਲਾਜ਼ਮਾਂ ਨੂੰ ਪੁਛਿਆ ਕਿ ਤੁਸੀਂ ਸਾਨੂੰ ਇੰਨਾ ਈ ਦੱਸ ਦਿਉ ਕਿ ਇਸ ਸਮੇਂ ਵਿਚ ਪੁਲਿਸ ਨੇ ਤੁਹਾਨੂੰ ਕਿੰਨੀਆਂ ਕੁ ਲਾਸ਼ਾਂ ਦਿਤੀਆਂ। ਕੋਈ ਕਹੇ, 9-10 ਰੋਜ਼ ਦੀਆਂ ਸਾੜਦੇ ਸਾਂ; ਕੋਈ ਕਹੇ, ਕੋਈ ਹਿਸਾਬ ਈ ਨਹੀਂ; ਕਦੀ ਟਰੱਕ ਪੂਰਾ ਆ ਜਾਂਦਾ ਸੀ ਤੇ ਕਦੀ 2-4 ਆਉਂਦੀਆਂ ਸਨ। ਜਦੋਂ ਅਸੀਂ ਕਿਹਾ ਕਿ ਸਾਨੂੰ ਤਾਂ ਹਿਸਾਬ ਚਾਹੀਦਾ, ਤਾਂ ਉਨ੍ਹਾਂ ਕਿਹਾ ਕਿ ਇਕ ਥਾਂ ਤੋਂ ਹਿਸਾਬ ਮਿਲ ਸਕਦਾ, ਲਾਸ਼ਾਂ ਸਾਨੂੰ ਪੁਲਿਸ ਦਿੰਦੀ ਸੀ ਤੇ ਬਾਲਣ ਸਾਨੂੰ ਮਿਉਂਸਪਲ ਕਮੇਟੀ ਦਿੰਦੀ ਸੀ। ਮਿਉਂਸਪਲ ਕਮੇਟੀ ਦੇ ਨਿਯਮ ਨੇ, ਇਥੇ ਵੀ ਹੋਣਗੇ ਕਿ ਸ਼ਹਿਰ ਵਿਚ ਲਾਵਾਰਸ ਲਾਸ਼ ਕੋਈ ਵੀ ਮਿਲੇ, ਮਿਉਂਸਪੈਲਟੀ ਆਪਣੇ ਖਰਚੇ 'ਤੇ ਸਸਕਾਰ ਕਰਦੀ ਐ।

ਫਿਰ ਕੁਦਰਤੀ ਇਹ ਰਾਹ ਸਾਨੂੰ ਮਿਲ ਗਿਆ। ਅਸੀਂ ਵੇਖਿਆ ਕਿ ਸਾਡੇ ਲਾਪਤਾ ਭਰਾਵਾਂ ਦਾ ਪੂਰਾ ਹਿਸਾਬ ਲਿਖਿਆ ਪਿਆ ਸੀ। ਉਥੇ ਰੋਜ਼ਾਨਾ ਕਿੰਨਾ ਬਾਲਣ ਇਸ਼ੂ (ਜਾਰੀ) ਹੁੰਦਾ ਸੀ, ਲਿਖਿਆ ਪਿਆ ਸੀ। ਉਥੇ ਲਿਖਿਆ ਸੀ ਕਿ ਕਿੰਨੀਆਂ ਲਾਸ਼ਾਂ ਕਿਹੜਾ ਪੁਲਿਸ ਅਫਸਰ ਦੇ ਕੇ ਗਿਆ ਤੇ ਜਦੋਂ ਅਸੀਂ ਉਸ ਤੋਂ ਵੀ ਅੱਗੇ ਗਏ ਤਾਂ ਉਥੇ ਇਹ ਵੀ ਲਿਖਿਆ ਪਿਆ ਸੀ ਕਿ ਕਿਹੜਾ ਠਾਣੇਦਾਰ ਕਿੰਨੀਆਂ ਲਾਸ਼ਾਂ ਲੈ ਕੇ ਆਇਆ। ਅਸੀਂ ਹੈਰਾਨ ਰਹਿ ਗਏ ਕਿ ਅੰਮ੍ਰਿਤਸਰ ਜ਼ਿਲ੍ਹੇ ਦੇ ਤਿੰਨਾਂ ਸ਼ਹਿਰਾਂ ਦੀਆਂ ਮਿਉਂਸਪਲ ਕਮੇਟੀਆਂ ਦੇ ਸ਼ਮਸ਼ਾਨਘਾਟਾਂ ਵਿਚ 6017 ਲਾਸ਼ਾਂ ਅਜਿਹੀਆਂ ਸਨ, ਜੋ ਸਾਫ ਲਿਖਿਆ ਸੀ ਕਿ ਇਹ ਸਿੱਖ ਨੌਜਵਾਨਾਂ ਦੀਆਂ ਲਾਸ਼ਾਂ ਨੇ, ਜਿਨ੍ਹਾਂ ਦੀ ਉਮਰ 15 ਤੋਂ 35 ਸਾਲ ਦੇ ਦਰਮਿਆਨ ਆ। ਲਿਖਿਆ ਸੀ, ਬੀਬੀਆਂ ਦੀਆਂ ਲਾਸ਼ਾਂ ਵੀ ਨੇ। ਅਸੀਂ ਹੈਰਾਨ ਹੋਏ ਕਿ ਉਹਦੇ ਵਿਚ ਬਜ਼ੁਰਗਾਂ ਦੀਆਂ ਲਾਸ਼ਾਂ ਵੀ ਨੇ, ਚਾਹੇ ਉਹ ਕੁਛ ਪਰਸੈਂਟ (ਫੀਸਦੀ) ਸੀ। ਉਥੇ ਲਿਖਿਆ ਪਿਆ ਸੀ, ਸਾਡੀਆਂ ਮਾਤਾਵਾਂ ਦੀਆਂ ਲਾਸ਼ਾਂ ਵੀ ਨੇ। ਉਥੇ ਮਾਤਾ ਗੁਰਮੇਜ ਕੌਰ, ਜਿਨ੍ਹੇ ਬਾਬਾ ਮਾਨੋਚਾਹਲ ਜੰਮਿਆ ਸੀ, ਉਹਦੀ ਲਾਸ਼ ਵੀ ਸਾਨੂੰ ਲੱਭੀ। ਉਥੇ ਬੀਬੀ ਮਹਿੰਦਰ ਕੌਰ, ਜਿਨ੍ਹੇ ਪਰਮਜੀਤ ਸਿੰਘ ਪੰਜਵੜ ਜੰਮਿਆ ਸੀ, ਉਹਦੀ ਲਾਸ਼ ਵੀ ਲੱਭੀ ਤੇ ਉਥੇ ਹਰਮਿੰਦਰ ਸਿੰਘ ਸੁਲਤਾਨਵਿੰਡ ਦੇ ਚਾਚੇ ਬਾਬਾ ਪਿਆਰਾ ਸਿੰਘ ਦੀ ਲਾਸ਼ ਵੀ ਸਾਨੂੰ ਲੱਭੀ।

ਜਦੋਂ ਸਾਨੂੰ ਇਹ ਹਕੀਕਤ ਮਿਲੀ, ਅਸੀਂ ਉਸ ਦੇਸ਼ ਦੀ ਉਚ ਅਦਾਲਤ ਵਿਚ ਗਏ। ਅਸੀਂ ਪੰਜਾਬ ਤੇ ਹਰਿਆਣਾ ਹਾਈਕੋਰਟ ਦਾ ਦਰਵਾਜ਼ਾ ਖੜਕਾਇਆ ਕਿ ਘਟੋ-ਘਟ ਸਾਨੂੰ ਇਹ ਡੀਟੇਲ (ਵੇਰਵਾ) ਤਾਂ ਦੇ ਦਿਉ ਕਿ ਕਿਹੜੀ ਲਾਸ਼ ਕੀਹਦੀ ਐ। ਕਾਨੂੰਨ ਕਹਿੰਦਾ ਹੈ ਕਿ ਲਾਵਾਰਸ ਲਾਸ਼ ਦੀ ਫੋਟੋ ਰੱਖੀ ਜਾਂਦੀ ਐ; ਕਾਨੂੰਨ ਕਹਿੰਦਾ, ਲਾਵਾਰਸ ਲਾਸ਼ ਦੇ ਕੱਪੜੇ ਉਦੋਂ ਤਕ ਸਾਂਭ ਕੇ ਰੱਖੇ ਜਾਂਦੇ ਆ, ਜਦ ਤਕ ਉਨ੍ਹਾਂ ਦਾ ਵਾਰਸ ਕਲੇਮ (ਦਾਅਵਾ) ਨਾ ਕਰੇ, ਪਰ ਉਹ ਦੇਸ਼ ਜੋ ਸਭ ਤੋਂ ਵਡੀ ਜਮਹੂਰੀਅਤ ਤੇ ਨਿਆਂ ਪਸੰਦ ਕਹਾਉਂਦਾ ਏ, ਉਸ ਦੇਸ਼ ਦੀ ਹਾਈਕੋਰਟ ਨੇ ਸਾਨੂੰ ਕਿਹਾ ਕਿ ਇੰਜ ਕਰੋ, ਇਹ ਪਬਲਿਕ ਇੰਟਰੈਸਟ (ਲੋਕਹਿਤ)



ਜਸਵੰਤ ਸਿੰਘ ਖਾਲੜਾ

ਤਾਂ ਬਣਦੀ ਨਹੀਂ, ਇਹਦੇ ਨਾਲ ਬਹੁਤ ਵੱਡਾ ਮਸਲਾ ਖੜ੍ਹਾ ਹੁੰਦੇ ਏ, ਤੁਸੀਂ ਹਰ ਪਰਿਵਾਰ ਨੂੰ ਭੇਜ ਦਿਉ, ਜਿਨ੍ਹਾਂ ਦੀ ਲਾਸ਼ ਹੈ, ਅਸੀਂ ਉਨ੍ਹਾਂ ਨੂੰ ਜਾਣਕਾਰੀ ਦੇ ਦਿਆਂਗੇ। ਕਾਨੂੰਨ ਨਾਲ ਮਖੌਲ ਕੀਤਾ ਗਿਆ। ਉਨ੍ਹਾਂ ਲੋਕਾਂ ਨਾਲ ਮਖੌਲ ਕੀਤਾ ਗਿਆ, ਜੋ ਹੋਰ ਕੁਛ ਨਹੀਂ ਮੰਗਦੇ, ਸਿਰਫ ਡੈਥ ਸਰਟੀਫਿਕੇਟ (ਮੌਤ ਦਾ ਸਬੂਤ) ਹੀ ਮੰਗਦੇ ਸਨ। ਚਾਹੇ ਅਸੀਂ ਹੁਣ ਸੁਪਰੀਮ ਕੋਰਟ ਵਿਚ ਜਾਵਾਂਗੇ ਪਰ ਸਭ ਤੋਂ ਵੱਡੀ ਕਚਹਿਰੀ ਲੋਕਾਂ ਦੀ ਕਚਹਿਰੀ ਹੁੰਦੀ ਐ ਤੇ ਅਸੀਂ ਲੋਕਾਂ ਦੀ ਕਚਹਿਰੀ ਵਿਚ ਦੁਨੀਆਂ ਪੱਧਰ 'ਤੇ ਜਾਣਾ ਚਾਹੁੰਦੇ ਆਂ ਕਿ ਐ ਦੁਨੀਆਂ ਵਾਲਿਓ! ਤੁਸਾਂ ਸਾਨੂੰ ਅਤਿਵਾਦੀ ਆਖਿਆ, ਤੁਸਾਂ ਸਾਨੂੰ ਫਿਰਕਾਪ੍ਰਸਤ ਆਖਿਆ ਏ, ਪਰ ਜਿਨ੍ਹਾਂ ਨੂੰ ਤੁਸਾਂ ਅਮਨ ਦੇ ਮਸੀਹੇ ਆਖਿਆ ਸੀ, ਜਿਨ੍ਹਾਂ ਨੂੰ ਤੁਸਾਂ ਜਮਹੂਰੀਅਤ ਦੇ ਪੈਗੰਬਰ ਕਿਹਾ ਸੀ, ਉਨ੍ਹਾਂ ਦੀ ਅਸਲੀਅਤ ਜਾਣੋ ਤੇ ਸਾਨੂੰ ਦੱਸੋ ਕਿ ਆਖਰ ਅਤਿਵਾਦੀ ਕੌਣ ਐ ਤੇ ਸਤਿਵਾਦੀ ਕੌਣ ਐ?

ਇਸ ਆਧਾਰ ਉਤੇ ਮਹਾਰਾਜ ਨੇ ਕੋਈ ਮੌਕਾ ਬਖਸ਼ਿਆ। (ਕਾਮਾਗਾਟਾ ਮਾਰੂ ਜਹਾਜ਼ ਵਿਚ ਆਏ) ਦਾਦੇ ਮੇਰੇ ਨੂੰ ਤਾਂ ਇਸ ਮੁਲਕ (ਕੈਨੇਡਾ) ਨੇ ਨਈਂ ਸੀ ਵੜਨ ਦਿਤਾ ਪਰ ਕੋਈ ਭਾਣਾ ਅਚਾਨਕ ਵਾਪਰਿਆ। ਮੈਨੂੰ ਕਿਹਾ ਗਿਆ ਕਿ ਮਿਸਿਜ਼ ਕੁਲੀਨ ਇਥੇ ਕੋਈ ਸੈਮੀਨਾਰ ਕਰ ਰਹੀ ਐ। ਮੈਂ ਕੈਨੇਡਾ ਆਇਆ। ਇਥੇ ਕੈਨੇਡਾ ਦੀ ਸਰਕਾਰ, ਪਾਰਲੀਮੈਂਟ ਨੂੰ ਸਭ ਕੁਛ ਕਿਹਾ; ਲੇਕਿਨ ਮੈਂ ਸਮਝਦਾਂ ਕਿ ਬੇਗਾਨਿਆਂ ਨੂੰ ਕਹਿਣ ਦੇ ਨਾਲ ਨਾਲ ਆਪਣਿਆਂ ਨੂੰ ਵੀ ਕਹਿ ਲਵਾਂ ਕੁਛ। ਅਸੀਂ ਇਹ ਬਹੁਤ ਕਹਿ ਸਕਦੇ ਹਾਂ ਕਿ ਸਾਡੇ ਉਤੇ ਜ਼ੁਲਮ ਬਹੁਤ ਹੋਇਆ, ਲੇਕਿਨ ਜ਼ੁਲਮ ਦਾ ਪੂਰਾ ਹਿਸਾਬ ਰੱਖਣ ਦਾ ਅਜੇ ਸਾਨੂੰ ਅਭਿਆਸ ਨਹੀਂ ਹੋਇਆ। ਅਸੀਂ ਕਰੀਬ 50 ਹਜ਼ਾਰ ਜਾਂ ਕਰੀਬ 10 ਲੱਖ, ਇਹ ਸਾਰਾ ਕੁਛ ਕਹਿ ਦਿੰਨੇ ਆਂ। ਦੁਨੀਆਂ ਦੇ ਪੜ੍ਹੇ ਲਿਖੇ ਲੋਕ ਇਤਬਾਰ ਨਹੀਂ ਕਰਦੇ। ਸਹੀ ਅੰਕੜੇ ਮੰਗਦੇ ਨੇ ਤਾਂ ਉਹਦੇ ਵਾਸਤੇ ਅਸੀਂ ਇਹ ਵੀ ਕਹਿਨੇ ਆਂ ਕਿ ਆਉ ਤੁਸੀਂ ਸਾਰੇ ਹੀ ਇਸ ਮਸਲੇ ਉਤੇ। ਕਿਉਂਕਿ ਇਹ ਮਸਲਾ ਉਨ੍ਹਾਂ ਪਰਿਵਾਰਾਂ ਦਾ ਹੀ ਨਹੀਂ, ਕੌਮ ਦਾ ਮਸਲਾ ਏ। ਇਹ ਦੁਨੀਆਂ ਦੀ ਮਾਨਵਤਾ ਦਾ ਮਸਲਾ ਐ। ਤੁਸੀਂ ਸਾਰੇ ਇਸ ਮਸਲੇ ਨੂੰ ਜਿਥੇ ਵੀ ਹੈ, ਜਿਸ ਵੀ ਢੰਗ ਨਾਲ ਹੈ, ਉਸ ਢੰਗ ਨਾਲ ਪੇਸ਼ ਕਰੋ ਤੇ ਉਸ ਹਕੂਮਤ ਨੂੰ, ਉਸ ਮਸ਼ੀਨਰੀ ਨੂੰ, ਉਸ ਨਿਆਂਪ੍ਰਣਾਲੀ ਨੂੰ ਲਾਹਨਤਾਂ ਪਾਓ ਤੇ ਲੋਕਾਂ ਨੂੰ ਅਸਲੀਅਤ ਦੱਸੋ। ਇਸ ਕੰਮ ਵਿਚ ਤੁਸੀਂ ਸਾਡੀ ਜ਼ਰੂਰ ਮਦਦ ਕਰਿਓ।

ਇਸ ਦੇ ਨਾਲ ਹੀ ਮੈਂ ਤੁਹਾਡੇ ਨਾਲ ਇਕ ਗੱਲ ਹੋਰ ਕਰਨੀ ਚਾਹੁੰਨਾਂ। ਮਨੁੱਖੀ ਅਧਿਕਾਰ ਪੰਜਾਬ ਵਿਚ ਰਹਿੰਦੇ ਲੋਕਾਂ ਦੇ ਹੀ ਕੁਚਲੇ ਨਹੀਂ ਜਾਂਦੇ, ਮਨੁੱਖੀ ਅਧਿਕਾਰ ਸਿਰਫ ਉਥੇ ਰਹਿਣ ਵਾਲੇ ਸਿੱਖਾਂ ਦੇ ਈ ਕੁਚਲੇ ਨਹੀਂ ਜਾਂਦੇ। ਹਰ ਸਿੱਖ ਜਦ ਭਾਰਤੀ ਸਟੇਟ ਨਾਲ ਆਪਣੇ ਸਬੰਧਾਂ ਦਾ ਲੈਣ-ਦੇਣ ਕਰਦਾ ਏ ਤਾਂ ਉਸ ਦੇ ਮਨੁੱਖੀ ਅਧਿਕਾਰਾਂ ਉਤੇ ਵਾਰ ਹੁੰਦਾ ਏ। ਕਈਆਂ ਨੂੰ ਅਹਿਸਾਸ ਹੁੰਦਾ ਐ ਤੇ ਕਈਆਂ ਨੂੰ ਨਹੀਂ ਹੁੰਦਾ। ਮੈਂ ਕਹਿਨਾਂ ਕਿ ਤੁਹਾਡੇ ਹਰ ਇਕ ਦੇ ਨਾਲ ਭਾਰਤੀ ਸਟੇਟ ਮਨੁੱਖੀ ਅਧਿਕਾਰਾਂ ਦੇ ਪੱਖ ਤੋਂ ਧੱਕਾ ਕਰਦਾ ਐ ਤੇ ਤੁਸੀਂ ਸਿਰਫ ਇਹ ਹੀ ਨਾ ਸੋਚਿਓ ਕਿ ਸਾਡੇ ਨਾਲ ਮਨੁੱਖੀ ਅਧਿਕਾਰਾਂ ਦਾ ਧੱਕਾ ਹੋ ਰਿਹੈ ਤਾਂ ਤੁਸੀਂ ਸਾਡੀ ਗੱਲ ਕਰਨੀ ਐ। ਧੱਕਾ ਕਿਵੇਂ ਹੁੰਦਾ, ਤੁਸੀਂ ਚਾਹੇ ਕੈਨੇਡਾ ਦੇ ਸਿਟੀਜ਼ਨ ਬਣ ਗਏ ਪਰ ਇਕ ਗੱਲ ਯਾਦ ਰੱਖੋ, ਦੁਨੀਆਂ ਵਿਚ ਸਭ ਤੋਂ ਵੱਡਾ ਬੁਨਿਆਦੀ ਅਧਿਕਾਰ ਐ ਬੰਦੇ ਦੇ ਪੂਜਾ ਪਾਠ ਕਰਨ ਦਾ, ਉਸ ਦੇ ਧਰਮ ਨੂੰ ਮੰਨਣ ਦਾ ਅਧਿਕਾਰ ਤੇ ਤੁਸੀਂ ਰੋਜ਼ ਦੋ ਵੇਲੇ ਅਰਦਾਸ ਕਰਦੇ ਹੋ 'ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ' ਦੀ, ਕਿਹੜਾ ਸਿੱਖ ਐ ਜਿਹੜਾ ਬਾਂਹ ਖੜ੍ਹੀ ਕਰ ਕੇ ਕਹਿ ਸਕਦਾ ਕਿ ਮੈਨੂੰ ਇਸ ਮੁਢਲੇ ਬੁਨਿਆਦੀ ਮਨੁੱਖੀ ਅਧਿਕਾਰ ਦੀ ਪ੍ਰਾਪਤੀ ਐ, ਦੁਨੀਆਂ ਦਾ ਕੋਈ ਧਰਮ ਅਜਿਹਾ ਨਹੀਂ ਜਿਸ ਨੂੰ ਆਪਣੇ ਮੱਕੇ ਵਿਚ ਜਾਣ ਦੀ, ਜਿਸ ਨੂੰ ਆਪਣੇ ਪੋਪ ਦੇ ਕੋਲ ਜਾਣ ਦੀ ਕੋਈ ਪਾਬੰਦੀ ਹੋਵੇ। ਦੁਨੀਆਂ ਵਿਚ ਸਿਰਫ ਇਕ ਧਰਮ ਐ, ਉਹ ਸਿੱਖ ਧਰਮ ਐ, ਜਿਸ ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਜਿਸ ਦੇ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਜਾਣ ਉਤੇ ਪਾਬੰਦੀ ਆ।

ਦੂਸਰਾ ਅਧਿਕਾਰ ਹੁੰਦਾ, ਹਰ ਬੰਦੇ ਦਾ ਆਪਣੇ ਵਿਚਾਰ ਪ੍ਰਗਟ ਕਰਨ ਦਾ। ਇਥੇ ਰਹਿੰਦਿਆਂ ਉਥੋਂ ਦੀਆਂ ਪਾਬੰਦੀਆਂ ਸਾਡਾ ਪਿੱਛਾ ਕਰਦੀਆਂ ਨੇ। ਦੱਸਿਆ ਗਿਆ ਹੈ ਕਿ ਡਾ. ਅਮਰਜੀਤ ਸਿੰਘ ਦੇ ਬੋਲਣ ਬਾਰੇ ਉਥੋਂ ਦੀ ਸਰਕਾਰ ਜਾਂ ਉਥੋਂ ਦੀ ਸਰਕਾਰ ਦੇ ਬੰਦਿਆਂ ਦੀਆਂ ਹਦਾਇਤਾਂ ਉਤੇ ਇਥੇ ਕਿਹਾ ਗਿਆ ਕਿ ਉਹ ਇਥੇ ਬੋਲਣ ਜਾਂ ਨਾ ਬੋਲਣ, ਇਹਦੇ ਬਾਰੇ ਦੱਸਿਆ ਜਾਵੇ। ਇਹ ਵਿਚਾਰ ਪ੍ਰਗਟ ਕਰਨ ਦਾ ਸਾਡਾ ਹੱਕ ਐ, ਜਿਸ ਨੂੰ ਇਕ ਖਾਸ ਥਾਂ ਤੋਂ ਲੋਕ ਕੁਚਲਣ ਲਈ ਦੁਨੀਆਂ ਪੱਧਰ 'ਤੇ ਕੋਸ਼ਿਸ਼ ਕਰਦੇ ਨੇ। ਕੀ ਤੁਸੀਂ ਏਸ ਵਿਚਾਰ ਦੀ ਰਾਖੀ ਲਈ ਇਸ ਅਖੀਲੇ ਪੰਜਾਬ ਦੀ ਰਾਖੀ ਲਈ ਕੁਛ ਕਰ ਸਕਦੇ ਹੋ, ਇਹ ਤੁਸੀਂ ਜ਼ਰੂਰ ਵਿਚਾਰਿਓ। ਤੁਸੀਂ ਆਪਣੇ ਪੁੱਤਾਂ-ਧੀਆਂ ਦੀ ਸ਼ਾਦੀ ਕਰਨ ਲਈ ਪੰਜਾਬ ਜਾਂਦੇ ਹੋ। ਤੁਸੀਂ ਉਥੋਂ ਜਦੋਂ ਆਪਣੇ ਬੱਚਿਆਂ ਦੇ ਵਿਆਹ ਦਾ ਸਰਟੀਫਿਕੇਟ ਲਿਆਉਂਦੇ ਹੋ, ਤੁਹਾਨੂੰ ਜ਼ਰੂਰੀ ਹੁੰਦਾ ਕਿ ਕਚਹਿਰੀ ਵਿਚ ਦਰਜ ਕਰਵਾਓ। ਖਲੋ ਕੇ ਕੀ ਕਹਿੰਦੇ ਜੇ, ਕਦੀ ਸੋਚਿਆ? ਤੁਸੀਂ ਹਿੰਦੂ ਮੈਰਿਜ ਐਕਟ ਮੁਤਾਬਕ ਸਾਰੇ ਸਰਟੀਫਿਕੇਟ ਕੱਢ ਵਿਚ ਮਾਰ ਕੇ ਲਿਆਉਂਦੇ ਜੇ। ਕੀ ਤੁਹਾਨੂੰ ਕਿਸੇ ਕੈਨੇਡੀਅਨ ਇੰਮੀਗ੍ਰੇਸ਼ਨ ਅਧਿਕਾਰੀ ਨੇ ਨਹੀਂ ਪੁਛਿਆ ਕਿ ਇਥੇ ਤਾਂ ਤੁਸੀਂ ਕਹਿੰਦੇ ਜੇ ਅਸੀਂ ਸਿੱਖ ਆਂ ਤੇ ਸਰਟੀਫਿਕੇਟ ਤਾਂ ਦੂਜਾ ਲੈ ਆਂਦਾ ਜੇ, ਕਿ ਹਿੰਦੂ ਮੈਰਿਜ ਐਕਟ ਮੁਤਾਬਕ ਮੈਂ ਆਪਣੇ ਬੱਚੇ ਦੀ ਸ਼ਾਦੀ ਕਰਕੇ ਆਇਆਂ। ਕੀ ਤੁਸੀਂ ਸੋਚਿਆ ਹੈ ਕਿ ਇਹ ਅਧਿਕਾਰ ਤੁਹਾਡੇ ਵਾਸਤੇ ਕਿਹੋ ਜਿਹਾ ਸਰਟੀਫਿਕੇਟ ਹੈ? ਤੁਸੀਂ ਸਾਰੇ ਉਥੇ ਦੋ-ਦੋ, ਚਾਰ-ਚਾਰ ਕਿੱਲੇ ਛੱਡ ਕੇ ਆਏ ਹੋ। ਪਹਿਲਾਂ ਕਿਹਾ ਕਿ ਭਰਾ ਵਾਹ ਲੈਣ ਪਰ ਹੁਣ ਚਾਹੁੰਦੇ ਹੋ ਕਿ ਵੇਚ ਕੇ ਪੈਸਾ ਲੈ ਆਈਏ। ਜਾ ਕੇ ਤੁਸੀਂ ਕਚਹਿਰੀਆਂ ਵਿਚ ਕੇਸ ਕਰਦੇ ਹੋ ਤਾਂ ਕਿਹੜੇ ਕਾਨੂੰਨ ਮੁਤਾਬਕ ਵਕੀਲ ਕਰਦੇ ਹੋ, ਹਿੰਦੂ ਵਿਰਾਸਤ ਐਕਟ ਮੁਤਾਬਕ ਮੇਰੇ ਪਿਉ ਦੀ ਜ਼ਮੀਨ ਦਾ ਇੰਨਾ ਕੁ ਹਿੱਸਾ ਮੇਰਾ ਬਣਦਾ ਹੈ? ਕਦੀ ਤੁਸਾਂ ਸੋਚਿਆਂ ਕਿ ਸਭ ਕੁਛ ਦੇ ਹੁੰਦਿਆਂ ਵੀ ਉਸ ਅਦਾਲਤ ਵਿਚ ਜਾ ਕੇ 2-4 ਕਿੱਲਿਆਂ ਬਦਲੇ ਫਿਰ ਆਪਣੇ ਆਪ ਨੂੰ ਹਿੰਦੂ ਕਹਿਣਾ ਪੈਂਦਾ ਹੈ।

ਸੋ, ਇਹ ਤੁਹਾਡੇ ਨਾਲ ਸਬੰਧਿਤ ਗੱਲਾਂ ਨੇ, ਉਥੇ ਅਨੇਕ ਸਾਡੇ ਨਾਲ ਸਬੰਧਿਤ ਗੱਲਾਂ ਨੇ। ਮੈਂ ਕਹਿਨਾਂ, ਇਨ੍ਹਾਂ ਸਾਰਿਆਂ ਦੇ ਬਦਲੇ ਆਪਾਂ ਦੁਨੀਆਂ ਵਿਚ ਕਿਤੇ ਵੀ ਵਸਦੇ ਹੋਈਏ, ਰਾਜਨੀਤੀ ਕਿਸੇ ਨੂੰ ਵੀ ਮੰਨਦੇ ਹੋਈਏ, ਸਾਨੂੰ ਸਾਰਿਆਂ ਨੂੰ ਸੁਚੇਤ ਹੋਣਾ ਚਾਹੀਦਾ ਹੈ ਤੇ ਦੁਨੀਆਂ ਨੂੰ ਦੱਸਣਾ ਚਾਹੀਦਾ ਹੈ ਕਿ ਸਾਡੇ ਤਾਂ ਪਰਿਵਾਰ ਵੀ ਗਵਰਨ ਹੁੰਦੇ ਆ ਹਿੰਦੂ ਐਕਟ ਮੁਤਾਬਕ, ਸਾਡੇ ਧਾਰਮਿਕ ਅਦਾਰੇ ਵੀ ਗਵਰਨ ਹੁੰਦੇ ਆ ਹਿੰਦੂ ਐਕਟ ਮੁਤਾਬਕ। ਫਿਰ ਮਨੁੱਖੀ ਅਧਿਕਾਰਾਂ ਦੀ ਮੰਗ, ਮਨੁੱਖੀ ਅਧਿਕਾਰਾਂ ਦਾ ਵਿਸ਼ਾ ਅੱਜ ਇਹ ਮੰਗ ਕਰਦਾ ਹੈ ਕਿ ਹਰ ਬੰਦਾ ਜਿੱਥੇ ਵੀ ਐ, ਉਹ ਘੱਟੋ-ਘੱਟ ਸਤਿਗੁਰੂ ਤੋਂ ਅਸੀਸਾਂ ਮੰਗਦਾ ਹੈ। ਜੇ ਤੁਸੀਂ ਇੱਥੇ ਆ ਕੇ ਦੁਧ ਮੰਗਦੇ ਜੇ, ਪੁੱਤ ਮੰਗਦੇ ਜੇ, ਖੁਸ਼ੀਆਂ ਮੰਗਦੇ ਜੇ, ਸਤਿਗੁਰ ਤੁਹਾਨੂੰ ਸਭ ਕੁਛ ਦਿੰਦਾ ਪਰ ਸਤਿਗੁਰ ਤੁਹਾਥੋਂ ਇਕ ਗੱਲ ਤਾਂ ਮੰਗਦਾ ਕਿ 'ਅਖਵਾਓ ਤਾਂ ਗੁਰੂ ਦੇ ਸਿੱਖ।'

ਰਾਜ ਬਣਦੇ ਰਹੇ, ਟੁੱਟਦੇ ਰਹੇ, ਲੇਕਿਨ ਦੁਨੀਆਂ ਉਤੇ ਜੋ ਧਰਮ ਆਇਆ, ਜੇ ਉਹ ਧਰਮ ਸਤਿਗੁਰਾਂ ਦੇ ਦਿਖਾਏ ਰਸਤੇ ਉਤੇ ਚਲਿਆ, ਨਾ ਕੋਈ ਟੁੱਟਿਆ, ਨਾ ਉਹਦੀ ਕਿਸੇ ਨੇ ਥਾਂ ਲਈ ਹੈ। ਸਿੱਖ ਧਰਮ ਅਜ ਦੁਨੀਆਂ ਦੇ ਸਾਹਮਣੇ ਮਨੁੱਖੀ ਅਧਿਕਾਰਾਂ ਦਾ ਵੀ ਨਮੂਨਾ ਪੇਸ਼ ਕਰੇਗਾ। ਮੈਨੂੰ ਕੁਛ ਵੀਰਾਂ ਨੇ ਕਿਹਾ ਕਿ ਸਾਡੇ ਉਤੇ ਸਵਾਲ ਹੁੰਦੇ ਐ ਕਿ ਤੁਸੀਂ ਰਾਜਨੀਤਕ ਮੰਗਾਂ ਧਰਮ ਦੇ ਆਧਾਰ ਉਤੇ ਖੜ੍ਹ ਕੇ ਕਰਦੇ ਹੋ, ਇਸ ਦੇ ਨਾਲ ਜਮਹੂਰੀਅਤ ਤੇ ਅਜ ਦਾ ਸਮਾਜ ਨਹੀਂ ਸਿਰਜਿਆ ਜਾਂਦਾ। ਮੈਂ ਇਸ ਗੁਰੂ ਘਰ ਵਿਚੋਂ ਇਕੱਲੇ ਸਿੱਖਾਂ ਨੂੰ ਨਹੀਂ, ਦੁਨੀਆਂ ਭਰ ਦੇ ਰਾਜਨੀਤਕ ਫਿਲਾਸਫਰਾਂ ਨੂੰ ਦੱਸਦਾਂ ਕਿ ਠੀਕ ਉਸ ਸਮੇਂ ਜਦੋਂ ਸਨਅਤੀ ਤਕਨੀਕ ਨੇ ਦੁਨੀਆਂ ਵਿਚ ਨਵੇਂ ਰਾਜਨੀਤਕ ਮਾਡਲ ਪੈਦਾ ਕੀਤੇ, ਜਿਸ ਨੂੰ ਤੁਸੀਂ ਜਮਹੂਰੀਅਤ ਕਹਿੰਦੇ ਹੋ, ਜਿਹਦੇ ਵਿਚ ਵੋਟਾਂ ਨਾਲ ਰਾਜ ਚੁਣੇ ਜਾਂਦੇ ਸੀ, ਠੀਕ ਉਸ ਸਮੇਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਕ ਸਮਾਜ ਸਿਰਜਣ ਲਈ, ਇਕ ਚੰਗਾ ਰਾਜ ਸਿਰਜਣ ਲਈ ਇਕ ਸਿਧਾਂਤ ਦਿਤਾ, ਜਮਹੂਰੀਅਤ ਵੀ ਦਿਤੀ ਪਰ ਉਤੇ ਧਰਮ ਦਾ ਕੁੰਡਾ ਦਿਤਾ।

ਠੀਕ ਐ ਕਿ ਦੁਨੀਆਂ ਵਿਚ ਦਸਮੇਸ਼ ਪਿਤਾ ਦੇ ਪੈਰੋਕਾਰ ਆਪਣੇ ਫਲਸਫੇ ਨੂੰ ਦੁਨੀਆਂ ਦੀ ਸਟੇਜ ਉਤੇ ਚਾਹੇ ਇੰਨੇ ਜ਼ੋਰ ਨਾਲ ਨਹੀਂ ਰੱਖ ਸਕੇ ਪਰ ਉਸੇ ਵੇਲੇ ਦੋ ਫਲਸਫੇ ਪੈਦਾ ਹੋਏ ਦੁਨੀਆਂ ਵਿਚ, ਜਿਹੜੇ ਇਨ੍ਹਾਂ ਤਿੰਨ ਸਦੀਆਂ ਵਿਚ ਚਲੇ ਐ। ਉਹ ਫਲਸਫੇ ਜਮਹੂਰੀਅਤ ਨਾਲ ਸਬੰਧਤ ਜ਼ਰੂਰ ਨੇ ਪਰ ਉਨ੍ਹਾਂ ਦੇ ਦੋ ਢੰਗ ਤਰੀਕੇ ਸੀ। ਇਕ ਢੰਗ ਤਰੀਕਾ, ਜਿਸ ਨੂੰ ਮਾਰਕਸੀ ਢੰਗ ਤਰੀਕਾ ਕਹਿੰਦੇ ਆ, ਜਿਹੜਾ ਪਦਾਰਥਵਾਦ ਉਤੇ ਖਲੋ ਕੇ, ਤੇ ਜਮਾਤ ਰਹਿਤ ਜਾਂ ਹੋਰ ਕਿਸੇ ਢੰਗ ਦੇ ਸਮਾਜ ਦੀ ਗੱਲ ਕਰਦਾ ਸੀ। ਇਕ ਫਲਸਫਾ ਉਹ ਸੀ, ਜੋ ਦੁਨੀਆਂ ਵਿਚ ਪਦਾਰਥਕ ਖੁਸ਼ਹਾਲੀ ਵਾਸਤੇ, ਖੁੱਲ੍ਹੀ ਮਾਰਕਿਟ ਵਾਸਤੇ ਇਥੋਂ ਦੀ ਪਦਾਰਥਕ ਉਨਤੀ ਵਾਸਤੇ ਸਮਾਜ ਸਿਰਜਣ ਦੀ ਗੱਲ ਕਰਦਾ ਸੀ ਤੇ ਦੋਵੇਂ ਫਲਸਫੇ ਕਹਿੰਦੇ ਸਨ ਕਿ ਧਰਮ ਤੇ ਰਾਜਨੀਤੀ ਅਲਹਿਦਾ ਹੋਣੀ ਚਾਹੀਦੀ ਹੈ। ਉਹ ਦੋਵੇਂ ਫਲਸਫੇ ਦੁਨੀਆਂ ਵਿਚ ਤਿੰਨ ਸਦੀਆਂ ਚੱਲੇ। ਚਾਹੇ ਉਨ੍ਹਾਂ ਵਿਚੋਂ ਇਕ ਫਲਸਫੇ ਨੂੰ ਪੰਜਾਹ ਸਾਲ ਹੀ ਚੱਲਣ ਦਾ ਮੌਕਾ ਮਿਲਿਆ ਹੋਊਗਾ, ਲੇਕਿਨ ਪ੍ਰਚਲਿਤ ਰਹੇ ਨੇ। ਉਹ ਦੋਵੇਂ ਫਲਸਫੇ ਦੁਨੀਆਂ ਵਿਚ ਫੇਲ੍ਹ ਹੋਏ ਨੇ। ਮਾਰਕਸਵਾਦ ਬੁਰੀ ਤਰ੍ਹਾਂ ਫੇਲ੍ਹ ਹੋਇਆ ਤੇ ਉਸ ਦੇ ਮੁਕਾਬਲੇ 'ਤੇ ਖੁੱਲ੍ਹੀ ਮੰਡੀ ਵਾਲਾ ਧਰਮ ਰਹਿਤ

(ਅਗਲੇ ਸਫੇ 'ਤੇ ਜਾਰੀ)

ਪੂੰਜੀਵਾਦ ਅੱਜ ਦੁਨੀਆਂ ਦੀਆਂ ਸਾਰੀਆਂ ਬਿਮਾਰੀਆਂ ਦੀ ਜੜ੍ਹ ਬਣ ਕੇ ਸਾਰੇ ਪੱਛਮੀ ਸਮਾਜ ਨੂੰ ਚੰਬੜ ਗਿਆ ਹੈ। ਇਸ ਫਲਸਫੇ ਨੇ, ਧਰਮ ਰਹਿਤ ਰਾਜ ਤੇ ਧਰਮ ਰਹਿਤ ਸਮਾਜ ਦੇ ਫਲਸਫੇ ਨੇ ਅੱਜ ਮਨੁਖੀ ਸਮਾਜ ਦੀ ਬੁਨਿਆਦੀ ਇਕਾਈ ਪਰਿਵਾਰ ਨੂੰ ਵੀ ਖਿੰਡਾ ਕੇ ਰੱਖ ਦਿੱਤਾ ਐ।

ਅੱਜ ਦੁਨੀਆਂ ਵਿਚ ਸਮਾਜਿਕ ਸਬੰਧਾਂ ਨੂੰ ਤੋੜ ਕੇ ਰੱਖ ਦਿਤਾ ਐ ਤੇ ਪੱਛਮੀ ਸਮਾਜ ਦੇ ਉਹ ਸਾਰੇ ਵਿਚਾਰਕ, ਉਹ ਸਾਰੇ ਰਾਜਨੀਤੀਵਾਨ, ਜੋ ਭਵਿਖ ਵਿਚ ਇੱਕੀਵੀਂ ਸਦੀ ਸਿਰਜਣ ਦੀ ਗੱਲ ਕਰਦੇ ਐ, ਉਹ ਇਸ ਗੱਲ ਉਤੇ ਆ ਗਏ ਆ ਕਿ ਇਹ ਪ੍ਰਣਾਲੀ ਵੀ ਠੀਕ ਨਹੀਂ ਚੱਲ ਰਹੀ। ਇਹ ਪ੍ਰਣਾਲੀ, ਉਹ ਕਹਿੰਦੇ ਇਸ ਕਰਕੇ ਠੀਕ ਨਹੀਂ ਚਲ ਰਹੀ ਕਿਉਂਕਿ ਰਾਜਨੀਤੀ ਵਿਚ ਨੈਤਿਕਤਾ ਨਹੀਂ ਰਹੀ। ਖੁੱਲ੍ਹੇ ਮੁਕਾਬਲੇ 'ਚ ਸਮਾਜ ਪ੍ਰਤੀ ਕੋਈ ਜ਼ਿੰਮੇਵਾਰੀ ਨਹੀਂ ਰਹੀ। ਸਮਾਜਿਕ ਜ਼ਿੰਦਗੀ ਵਿਚ ਆਪਸੀ ਪ੍ਰੇਮ ਭਾਵ ਨਹੀਂ ਰਿਹਾ।

ਅੱਜ ਦੁਨੀਆਂ ਦੇ ਏਜੰਡੇ ਉਤੇ ਐ ਕਿ ਇੱਕੀਵੀਂ ਸਦੀ ਸਿਰਜਣ ਵਾਲੇ ਫਿਲਾਸਫਰ ਇਹੋ ਜਿਹੀਆਂ ਥਿਊਰੀਆਂ (ਸਿਧਾਂਤ) ਲਿਆ ਰਹੇ ਨੇ, ਜਿਨ੍ਹਾਂ ਨੂੰ ਹਾਲੇ ਉਹ ਨੈਤਿਕਤਾ ਬੇਸਡ (ਆਧਾਰਤ) ਰਾਜਨੀਤੀ ਕਹਿੰਦੇ ਨੇ, ਲੇਕਿਨ ਉਹ ਸਾਡੇ ਸਤਿਗੁਰ ਦੀ ਬਖਸ਼ੀ ਧਰਮ ਆਧਾਰਤ ਰਾਜਨੀਤੀ ਐ ਤੇ ਉਹ ਧਰਮ ਆਧਾਰਤ ਰਾਜਨੀਤੀ ਅਸੀਂ ਪੇਸ਼ ਕਰਦੇ ਆਂ। ਸਾਡੇ ਸਿਧਾਂਤ ਕਹਿੰਦੇ ਨੇ ਕਿ ਜਦ ਰਾਜਾ ਧਰਮ ਤੋਂ ਦੂਰ ਹੋ ਜਾਂਦਾ ਏ ਤਾਂ ਉਹ ਸ਼ੀਂਹ ਬਣ ਜਾਂਦਾ ਏ, ਉਹ ਸਿਸਟਮ (ਪ੍ਰਬੰਧਕ) ਕੁੱਤੇ ਬਣ ਜਾਂਦੇ ਐ ਤੇ ਜੇ ਚੰਗਾ ਰਾਜ ਤੇ ਚੰਗਾ ਸਮਾਜ ਸਿਰਜਣਾ ਚਾਹੁੰਦੇ ਹੋ ਤਾਂ ਧਰਮ ਦਾ ਕੁੰਡਾ ਰਾਜ ਉਪਰ ਹੋਣਾ ਚਾਹੀਦਾ ਏ। ਇਹ ਫਲਸਫਾ ਸਿਰਫ ਸਿੱਖਾਂ ਨੂੰ ਨਹੀਂ ਸੀ ਦਿਤਾ, ਦੁਨੀਆਂ ਵਿਚ ਸਮੁੱਚੀ ਮਾਨਵਤਾ ਨੂੰ ਸਾਡੇ ਸਤਿਗੁਰਾਂ ਨੇ ਦਿਤਾ ਸੀ। ਆਓ! ਪੂਰੇ ਯਕੀਨ ਨਾਲ ਇਸ ਫਲਸਫੇ ਨੂੰ ਰੱਖੀਏ ਕਿ ਦੁਨੀਆਂ ਵਾਲਿਓ! ਜੇ ਪਰਿਵਾਰਕ, ਸਮਾਜਿਕ ਤੇ ਰਾਜਨੀਤਕ ਬਿਮਾਰੀਆਂ ਤੋਂ ਛੁਟਕਾਰਾ ਪਾਉਣਾ ਹੈ ਤਾਂ ਧਰਮ ਆਧਾਰਤ ਰਾਜਨੀਤੀ, ਜਿਸ ਦਾ ਸਿਧਾਂਤ 'ਮੀਰੀ-ਪੀਰੀ' ਦੇ ਮਾਲਕ ਨੇ ਦਿਤਾ ਐ, ਦਸਮ ਪਿਤਾ ਨੇ ਦਿਤਾ ਐ, ਸਾਰੇ ਉਸ ਉਤੇ ਰਾਜ ਸਿਰਜੋ ਤੇ ਇਹ ਰਾਜ ਇਨ੍ਹਾਂ ਸਾਰੀਆਂ ਬਿਮਾਰੀਆਂ ਦਾ ਹਲ ਹੋਵੇਗਾ।

ਦੁਨੀਆਂ ਵਿਚ ਨਵੀਆਂ ਲਹਿਰਾਂ ਚੱਲ ਰਹੀਆਂ ਨੇ ਕਿ ਕੁਦਰਤ ਨੂੰ ਬਚਾਓ, ਮਨੁਖੀ ਅਧਿਕਾਰਾਂ ਨੂੰ ਬਚਾਓ, ਵਾਤਾਵਰਣ ਨੂੰ ਬਚਾਓ, ਇਨ੍ਹਾਂ ਸਭ ਦਾ ਇਕੋ ਇਕ ਹੱਲ ਹੈ ਕਿ ਆਪਣੇ ਸਮਾਜ ਨੂੰ, ਆਪਣੇ ਰਾਜ ਨੂੰ ਧਰਮ ਦੇ ਆਧਾਰ 'ਤੇ ਜਥੇਬੰਦ ਕਰੋ। ਮਨੁੱਖਤਾ ਦਾ ਭਲਾ ਏਸ ਗੱਲ ਵਿਚ ਹੈ ਤੇ ਜਦੋਂ ਅਸੀਂ ਇਹ ਮੰਗ ਕਰਦੇ ਆਂ ਤਾਂ ਅਸੀਂ ਫਿਰਕਾਪ੍ਰਸਤ ਨਹੀਂ ਹੁੰਦੇ। ਮੈਨੂੰ ਹੋਰ ਕਿਸੇ ਦਾ ਤਾਂ ਪਤਾ ਨਹੀਂ ਪਰ ਮੇਰੇ ਮਨ ਅੰਦਰ ਇਹ ਗੱਲ ਜ਼ਰੂਰ ਆਉਂਦੀ ਐ ਕਿ ਦਿੱਲੀ ਦੇ ਹਾਕਮ, ਜੋ ਸਦੀਆਂ ਤੋਂ ਗੁਲਾਮੀ ਦੀ ਜ਼ਿੰਦਗੀ ਬਤੀਤ ਕਰਦੇ ਰਹੇ, ਜ਼ਲੀਲ ਹੁੰਦੇ ਰਹੇ ਤੇ ਉਨ੍ਹਾਂ ਦੀ ਸੋਚ ਅੱਜ ਇਸ ਤਰ੍ਹਾਂ ਦੀ ਹੋ ਗਈ ਐ ਕਿ ਉਨ੍ਹਾਂ ਨੂੰ ਬੰਦਾ ਬੰਦਾ ਨਹੀਂ ਦਿਸ ਰਿਹਾ। ਉਨ੍ਹਾਂ ਦਾ ਹੱਲ ਵੀ ਇਹੋ ਹੈ ਕਿ ਉਹ ਚੰਗਾ ਰਾਜਨੀਤਕ ਮਾਡਲ ਅਪਨਾਉਣ। ਮੈਂ ਜਿਥੇ ਆਪਣੀ ਕੌਮ ਵਾਸਤੇ ਘਰ ਮੰਗਦਾਂ, ਉਥੇ ਮੈਂ ਕਹਿਨਾਂ ਕਿ ਉਨ੍ਹਾਂ ਲੋਕਾਂ ਨੂੰ ਵੀ ਜਿਹੜੇ ਆਨੇ-ਬਹਾਨੇ ਕਦੀ ਭਾਰਤੀਕਰਨ ਦੇ ਨਾਅਰੇ ਮਾਰਦੇ ਨੇ, ਕਦੀ ਮਰਾਠਾ ਰਾਜ ਦੇ ਨਾਅਰੇ ਮਾਰਦੇ ਨੇ, ਸਾਨੂੰ ਉਨ੍ਹਾਂ ਨੂੰ ਵੀ ਕਹਿ ਦੇਣਾ ਚਾਹੀਦਾ ਕਿ ਤੁਹਾਨੂੰ ਤੁਹਾਡਾ ਘਰ ਮੁਬਾਰਕ, ਤੁਸੀਂ ਤੇਤੀ (33) ਕਰੋੜ ਦੇਵੀ ਦੇਵਤਿਆਂ ਦਾ ਆਪਣਾ ਰਾਜ ਸਿਰਜ ਲਓ, ਪਰ ਅਸੀਂ ਆਪਣੇ ਫਲਸਫੇ ਦੇ ਆਧਾਰ 'ਤੇ ਸਮਾਜ ਸਿਰਜ ਕੇ ਤੁਹਾਨੂੰ ਦਿਖਾਈਏ। ਦੁਨੀਆਂ ਦੇਖੇਗੀ ਕਿਹੜਾ ਧਰਮ ਕਿਹੜਾ ਫਲਸਫਾ ਠੀਕ ਹੈ, ਉਹ ਫਿਰ ਅਡਵਾਂਸ (ਤਰੱਕੀ) ਕਰੇਗਾ।

ਇਥੇ ਬੈਠਿਆਂ ਮੇਰੇ ਦਿਮਾਗ ਵਿਚ ਆਈ ਸੀ: 'ਅਣਖੀਲਾ ਪੰਜਾਬ' ਪੰਜਾਬ ਵੀ ਤਾਂ ਅਣਖੀਲਾ ਹੁੰਦਾ। ਹਰ ਅਣਖੀਲਾ ਪੰਜਾਬੀ ਹੁੰਦਾ, ਪਰ ਇਥੇ ਬੱਚੇ ਲੱਗੇ ਵਾਰ ਗਾਉਣ। ਬੈਠਿਆਂ-ਬੈਠਿਆਂ ਮੈਂ ਜਦੋਂ ਇਸ ਸਵਾਲ ਨਾਲ ਘੁਲ ਰਿਹਾ ਸੀ ਤਾਂ ਮੈਨੂੰ ਜਵਾਬ ਮਿਲਦਾ ਸੀ, ਉਥੋਂ ਦੇ ਪੰਜਾਬ ਤਿੰਨ ਨੇ। ਇਕ ਪੰਜਾਬ ਦਾ ਉਹ ਹਿੱਸਾ ਹੈ, ਜਿਸ ਨੇ ਸ਼ੁਰੂ ਤੋਂ ਵੈਦਿਕ ਸਭਿਆਚਾਰ ਨੂੰ ਅਲਵਿਦਾ ਕਹਿ ਕੇ ਹਿੰਦੂਕੁਸ਼ ਪਰਬਤ ਦੇ ਪਾਰੋਂ ਆਏ ਵਿਚਾਰਾਂ ਨੂੰ, ਪਾਰੋਂ ਆਏ ਰਾਜਿਆਂ ਨੂੰ ਅਪਨਾ ਕੇ ਇਕ ਹਿੱਸਾ ਅੱਡ ਕਰ ਲਿਆ। ਇਕ ਪੰਜਾਬ ਦਾ ਉਹ ਹਿੱਸਾ ਐ, ਜੋ ਦਿੱਲੀ ਤੋਂ ਸ਼ੁਰੂ ਹੋ ਜਾਂਦਾ ਐ। ਉਹ ਵੀ ਪੰਜਾਬ ਐ, ਜੋ ਉਨ੍ਹਾਂ ਰਵਾਇਤਾਂ ਨੂੰ ਨਹੀਂ ਭੁਲਿਆ, ਜਿਨ੍ਹਾਂ ਕਰਕੇ ਹਰ ਦੂਜੇ-ਤੀਜੇ ਮਹੀਨੇ ਮੁਹੰਮਦ ਗਜ਼ਨਵੀ ਆ ਚੜ੍ਹਦਾ ਸੀ ਤੇ ਅਗਲੇ ਬੰਨਿਓਂ ਝੋਲੀਆਂ ਵਿਛਾ ਕੇ ਜੋ ਮੰਗਦਾ ਸੀ, ਉਹਨੂੰ ਦੇ ਦਿੰਦੇ ਸੀ। ਉਹ ਵੀ ਇਕ ਸਭਿਆਚਾਰ ਐ ਤੇ ਪੰਜਾਬ ਦਾ ਇਕ ਉਹ ਵੀ ਹਿੱਸਾ ਹੈ, ਜਿਹਨੇ ਉਸ ਹਿੱਸੇ ਨੂੰ ਪ੍ਰਵਾਨ ਕੀਤਾ ਐ। ਇਤਿਹਾਸ ਵਿਚ ਨਿੱਕੀ ਜਿਹੀ ਘਟਨਾ ਆਉਂਦੀ ਹੈ। ਨਾਦਰ ਸ਼ਾਹ ਨੇ ਜਦ ਦਿੱਲੀ ਉਤੇ ਹਮਲਾ ਕੀਤਾ, ਉਹਨੇ ਇੰਨਾ ਜ਼ੁਲਮ ਕੀਤਾ ਕਿ ਉਹਦੀ ਆਪਣੀ ਆਤਮਾ ਵੀ ਕੰਬਣ ਲੱਗੀ। ਸ਼ਾਮ ਨੂੰ ਉਹ ਕਹਿਣ ਲੱਗਾ ਆਪਣੇ ਸੈਨਾਪਤੀਆਂ ਨੂੰ ਕਿ ਆਪਾਂ ਛੇਤੀ ਵਾਪਸ ਚਲੇ ਜਾਈਏ, ਜਿੰਨਾ ਜ਼ੁਲਮ ਕੀਤਾ ਐ, ਉਹਦੇ ਤੋਂ ਇਨ੍ਹਾਂ ਲੋਕਾਂ ਦੀ ਜ਼ਮੀਰ ਜਾਗ ਸਕਦੀ ਹੈ ਤੇ ਕੱਲ੍ਹ ਨੂੰ ਸਮੱਸਿਆ ਖੜ੍ਹੀ ਹੋ ਸਕਦੀ ਹੈ।

ਇਤਿਹਾਸ ਵਿਚ ਦਰਜ ਹੈ, ਉਸ ਮੌਕੇ ਦੇ ਇਕ ਵਿਦਵਾਨ ਨੇ ਲਿਖਿਆ ਹੈ ਕਿ ਇਕ ਤਜਰਬੇਕਾਰ ਵਜ਼ੀਰ, ਜੋ ਉਦੋਂ ਤਾਂ ਵਜ਼ੀਰ ਨਹੀਂ ਸੀ ਪਰ ਪਹਿਲਾਂ ਦਿੱਲੀ ਦਰਬਾਰ ਦੀ ਸ਼ਾਨ ਸੀ, ਉਹਨੇ ਕਿਹਾ, ਨਾਦਰ ਸ਼ਾਹ! ਇਹ ਗੱਲ ਤੇਰੀ ਗਲਤ ਹੈ। ਇਸ ਦਿੱਲੀ ਦੇ ਲੋਕਾਂ ਉਤੇ ਇਤਿਹਾਸ ਵਿਚ ਜਿਹਨੇ ਜਿੰਨਾ ਵੱਧ ਜਬਰ ਕੀਤੈ, ਓਨਾ ਵੱਧ ਇਨ੍ਹਾਂ ਨੇ ਨਜ਼ਰਾਨੇ ਭੇਟ ਕੀਤੇ, ਤੂੰ ਦੇਖੇਂਗਾ ਕੱਲ੍ਹ ਨੂੰ ਕੀ ਹੋਊਗਾ ਤੇ ਮੈਂ ਫਿਰਕਾਪ੍ਰਸਤੀ ਦੇ ਆਧਾਰ ਉਤੇ ਨਹੀਂ ਕਹਿ ਰਿਹਾ, ਇਹ ਇਤਿਹਾਸਕ ਸੱਚਾਈ ਹੈ ਕਿ ਅਗਲੇ ਦਿਨ ਨਾਦਰ ਸ਼ਾਹ ਦੇ ਦਰਬਾਰ ਦੇ ਵਿਚ ਨਾਲੇ ਬਹੂ-ਬੇਟੀਆਂ ਨੂੰ ਨਚਾਇਆ ਗਿਆ, ਨਾਲੇ ਨਜ਼ਰਾਨੇ ਭੇਟ ਕੀਤੇ ਗਏ, ਨਾਲੇ ਸ਼ੁਕਰਾਨੇ ਭੇਟ ਕੀਤੇ ਗਏ। ਇਕ ਉਹ ਵੀ ਪੰਜਾਬ ਐ। ਤਿੰਨੇ ਪੰਜਾਬ ਦੇ ਹਿੱਸੇ ਨੇ, ਤਿੰਨ ਤਰ੍ਹਾਂ ਦੇ ਪੰਜਾਬੀ ਨੇ।


ਇਕ ਉਹ ਵੀ ਪੰਜਾਬੀ ਐ, ਜਿਹਨੇ ਦਸਮ ਪਿਤਾ ਦੇ ਇਸ਼ਾਰੇ ਉਤੇ ਆਪਣੇ ਸਿਰ ਭੇਟ ਕਰ ਦਿਤੇ, ਇਕ ਉਹ ਵੀ ਪੰਜਾਬੀ ਐ ਜਿਹਨੇ ਆਪਣੀ ਅਣਖ ਦੀ ਖਾਤਰ ਤਾਂ ਕੀ, ਜਿਹਨੇ ਦੁਨੀਆਂ ਦੀ ਇੱਜਤ ਬਚਾਉਣ ਲਈ, ਜਿਹਨੇ ਦਿੱਲੀ ਦੀ ਇੱਜਤ ਬਚਾਉਣ ਲਈ ਆਪਣੇ ਆਪ ਨੂੰ ਵਾਰ ਦਿਤਾ। ਉਹ ਵੀ ਇਕ ਪੰਜਾਬ ਐ। ਜਿਹੜੀ ਇਹ ਗਲਤਫਹਿਮੀ ਹੈ ਕਿ ਹਰ ਕੋਈ ਪੰਜਾਬੀ ਏ ਤੇ ਹਰ ਪੰਜਾਬੀ ਅਣਖ ਵਾਲਾ ਏ, ਮੈਂ ਕਹਿਨਾਂ, ਇਹ ਗਲਤ ਧਾਰਨਾ ਐ, ਜੋ ਪੰਜਾਬ ਵਿਚ ਵਸਦਾ ਅਣਖ ਵਾਲਾ ਪੰਜਾਬੀ ਐ, ਉਹ ਪੰਜਾਬੀ ਤਾਂ ਰਿਹਾ ਨਹੀਂ, ਕਿਉਂਕਿ ਜਦੋਂ ਪੰਜਾਬੀਆਂ ਦੀ ਵੰਡ ਹੋਈ ਤਾਂ ਉਹ ਤਾਂ ਖਾਲਸਾ ਸਜ ਗਿਆ। ਅਣਖੀਲਾ ਪੰਜਾਬ ਉਹ ਐ ਜੋ ਗੁਰੂ ਦਾ ਖਾਲਸਾ ਐ। ਅਣਖੀਲਾ ਪੰਜਾਬ ਉਹ ਹੈ ਜੋ ਸੱਚੀਓਂ ਅਣਖ ਦੀ ਜ਼ਿੰਦਗੀ ਜਿਉਣ ਵਾਸਤੇ ਤੜਪਦਾ ਐ।

ਸੋ, ਗੁਰੂ ਪਾਸ ਅਰਦਾਸ ਕਰੋ ਕਿ ਸੱਚੀਓਂ ਅਸੀਂ ਅਣਖੀਲੇ ਬਣੇ ਰਹੀਏ। ਜਿਸ ਕੰਮ ਲਈ ਸਾਨੂੰ ਸਾਜਿਆ ਗਿਆ ਸੀ, ਉਹਦੇ ਉਤੇ ਪਹਿਰਾ ਦੇ ਸਕੀਏ। ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕੀਏ। ਗੁਰੂ ਤੋਂ ਸਭ ਕੁਝ ਮੰਗਦੇ ਆਂ, ਗੁਰੂ ਤੋਂ ਇਕ ਦਾਤ ਅਸੀਂ ਮੰਗਦੇ ਨਹੀਂ ਡਰਦੇ, ਗੁਰੂ ਕੋਲ ਬੜੀਆਂ ਦਾਤਾਂ ਨੇ ਪਰ ਸਭ ਤੋਂ ਵੱਡੀ ਦਾਤ ਸਤਿਗੁਰਾਂ ਕੋਲ ਕਿਹੜੀ ਐ, ਸਭ ਤੋਂ ਵੱਡੀ ਦਾਤ ਦੁੱਧ ਦੀ ਨਹੀਂ, ਪੁੱਤ ਦੀ ਨਹੀਂ ਤੇ ਗੁਰੂ ਹੁਣ ਗੱਦੀ ਵੀ ਕਿਸੇ ਨੂੰ ਨਹੀਂ ਦਿੰਦੇ। ਕਿਸੇ ਸਾਧ ਨੂੰ ਹੁਣ ਉਹ ਗੁਰੂ ਨਹੀਂ ਬਣਾ ਸਕਦੇ। ਗੁਰੂ ਨੇ ਜਦ ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦੇ ਦਿਤੀ ਸੀ ਤਾਂ ਉਨ੍ਹਾਂ ਕੋਲ ਇਕ ਵਿਸ਼ੇਸ਼ ਦਾਤ ਸੀ, ਜਿਹੜੀ ਜਿਹੜਾ ਮਰਜ਼ੀ ਸਿੱਖ ਲੈ ਸਕਦਾ ਤੇ ਉਸ ਵਿਸ਼ੇਸ਼ ਦਾਤ ਦਾ ਗੁਰਾਂ ਤੋਂ ਬਾਅਦ ਸਿੱਖਾਂ ਨੇ ਇੰਨਾ ਸਤਿਕਾਰ ਕੀਤਾ ਤੇ ਉਹ ਵਿਸ਼ੇਸ਼ ਦਾਤ ਗੁਰੂ ਦੇ ਕੋਲ ਐ, ਉਹ ਹੈ ਸ਼ਹਾਦਤ ਦੀ ਦਾਤ। ਜਿਨ੍ਹਾਂ ਨੂੰ ਇਹ ਦਾਤ ਮਿਲਦੀ ਏ, ਉਹ ਗੁਰੂ ਤਾਂ ਨਹੀਂ ਬਣਦੇ ਲੇਕਿਨ ਗੁਰੂ ਤੋਂ ਬਾਅਦ ਸਾਡੀ ਕੌਮ ਦੇ ਸਭ ਤੋਂ ਵਧ ਸਤਿਕਾਰਤ ਲੋਕ ਬਣਦੇ ਨੇ। ਸੋ, ਜੇ ਸਾਡੀ ਕਿਸਮਤ ਵਿਚ ਇਹ ਦਾਤ ਨਹੀਂ, ਸਤਿਗੁਰ ਨੇ ਅਜੇ ਸਾਨੂੰ ਇੰਨੀ ਮਤਿ ਬੁਧ ਤਾਕਤ ਨਹੀਂ ਦਿਤੀ ਤਾਂ ਘਟੋ-ਘਟ ਉਸ ਦਾਤ ਨੂੰ ਪ੍ਰਾਪਤ ਕਰਨ ਵਾਲਿਆਂ ਦੇ ਅਗੇ ਆਪਣਾ ਸਿਰ ਝੁਕਾਇਆ ਕਰੋ, ਉਸ ਦਾਤ ਨੂੰ ਪ੍ਰਾਪਤ ਕਰਨ ਦੀ ਤਮੰਨਾ ਜ਼ਰੂਰ ਕਰਿਆ ਕਰੋ। ਸਤਿਗੁਰ ਮਿਹਰ ਕਰੇ, ਜੇ ਅਸੀਂ ਇਹ ਮੰਗ ਕਰਾਂਗੇ ਤਾਂ ਉਹ ਬਾਕੀ ਸਾਰੀਆਂ ਦਾਤਾਂ ਇਹਦੇ ਵਿਚ ਹੀ ਦੇ ਦੇਊਗਾ।

ਦੁਨੀਆਂ ਵਿਚ ਮਾੜੇ ਲੋਕਾਂ ਨਾਲ ਰਹਿ ਕੇ ਮਾੜੇ ਸਮਾਜ ਨਾਲ ਖਹਿ ਕੇ, ਮਾੜੀਆਂ ਬਿਰਤੀਆਂ ਆਈਆਂ ਨੇ, ਕਮਜ਼ੋਰੀਆਂ ਆਈਆਂ ਨੇ, ਘਰਾਂ ਵਲ ਨੂੰ ਭੱਜਦੇ ਐ। ਪੰਥ ਦੇ ਕਾਜ ਦੀ ਥਾਂ ਲਾਲਚ ਵਸ ਕਈ ਕੁਝ ਕਰਦੇ ਐ। ਸਤਿਗੁਰ ਪਾਸ ਅਰਦਾਸ ਕਰਿਆ ਕਰੋ, ਇਨ੍ਹਾਂ ਮਾੜੀਆਂ ਬਿਰਤੀਆਂ ਤੋਂ ਖਹਿੜਾ ਛੁੱਟੇ ਤੇ ਸਤਿਗੁਰ ਆਪਣੇ ਗਾਡੀ ਰਾਹ ਉਤੇ ਚੱਲਣ ਦੀ ਸਮਰੱਥਾ ਬਖਸ਼ੇ।

# ਜਲ੍ਹਿਆਂਵਾਲੇ ਬਾਗ ਦਾ ਸ਼ਹੀਦੀ ਸਾਕਾ

ਜਲ੍ਹਿਆਂਵਾਲਾ ਬਾਗ ਦੇ ਖੂਨੀ ਸਾਕੇ ਨੂੰ 100 ਸਾਲ ਹੋ ਗਏ ਹਨ। ਅੰਮ੍ਰਿਤਸਰ ਵਿਚ ਜਲ੍ਹਿਆਂਵਾਲਾ ਬਾਗ ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ ਹੀ ਪੈਂਦਾ ਹੈ। ਬਾਗ ਦਾ ਖੇਤਰਫਲ 6.5 ਏਕੜ ਹੈ ਅਤੇ ਇਸ ਦੇ ਚਾਰ ਚੁਫੇਰੇ ਬੜੀਆਂ ਉਚੀਆਂ ਕੰਧਾਂ ਹਨ। ਬਾਗ ਦੇ 5 ਦਰਵਾਜੇ ਹਨ ਅਤੇ ਇਸ ਵਿਚ ਇਕ ਖੂਹ ਵੀ ਹੈ, ਪਰ ਬਾਗ ਵਿਚ ਇਕ ਵੀ ਰੁੱਖ ਨਹੀਂ ਹੈ। ਇਥੇ ਸਿਆਸੀ ਕਾਨਫਰੰਸਾਂ ਕੀਤੀਆਂ ਜਾਂਦੀਆਂ ਸਨ, ਧਾਰਮਿਕ ਤਿਓਹਾਰ ਮਨਾਏ ਜਾਂਦੇ ਸਨ ਅਤੇ ਰੋਸ ਮੁਜਾਹਰੇ ਵੀ ਕੀਤੇ ਜਾਂਦੇ ਸਨ। 13 ਅਪਰੈਲ 1919



ਐਤਵਾਰ ਵਿਸਾਖੀ ਵਾਲੇ ਦਿਨ ਬ੍ਰਿਗੇਡੀਅਰ ਰੈਨਾਲਡ ਐਡਵਰਡ ਹੈਨਰੀ ਡਾਇਰ ਨੇ ਕੋਈ ਦਸ ਤੋਂ ਪੰਦਰਾਂ ਹਜ਼ਾਰ ਬੇਕਸੂਰ ਲੋਕਾਂ ਦੇ ਇਕੱਠ ਉਤੇ ਬਿਨਾ ਚਿਤਾਵਨੀ ਦਿੱਤੇ ਗੋਲੀ

ਨਿਰਮਲ ਸਿੰਘ ਕਾਹਲੋਂ, ਸਿਡਨੀ
ਫੋਨ: 0468395922
kahlonhayatnagar94@mail.com

ਚਲਾ ਦਿੱਤੀ।

ਕਤਲੇਆਮ ਦਾ ਕਾਰਨ: ਅੰਗਰੇਜ਼ ਸਰਕਾਰ ਨੇ ਭਾਰਤ ਵਿਚ ਰੌਲਟ ਐਕਟ ਲਾਗੂ ਕਰ ਦਿੱਤਾ। ਉਸ ਸਮੇਂ ਪੰਜਾਬ ਦਾ ਗਵਰਨਰ ਮਾਈਕਲ ਓਡਵਾਇਰ ਸੀ। ਇਸ ਕਾਨੂੰਨ ਦੇ ਲਾਗੂ ਹੋਣ ਨਾਲ ਸਰਕਾਰ ਕਿਸੇ ਵੀ ਵਿਅਕਤੀ ਨੂੰ ਕਿਸੇ ਵੀ ਸਮੇਂ ਬਿਨਾ ਵਾਰੰਟ ਗ੍ਰਿਫਤਾਰ ਕਰ ਸਕਦੀ ਸੀ ਅਤੇ ਸਰਕਾਰ ਨੇ ਸਤਿਪਾਲ, ਸੈਫੁਦੀਨ ਕਿਚਲੂ ਅਤੇ ਕਈ ਹੋਰ ਸਿਆਸੀ ਨੇਤਾ ਗ੍ਰਿਫਤਾਰ ਵੀ ਕਰ ਲਏ ਸਨ। ਮਹਾਤਮਾ ਗਾਂਧੀ ਨੇ ਰੌਲਟ ਐਕਟ ਦਾ ਵਿਰੋਧ ਕਰਨ ਲਈ ਸਾਰੇ ਦੇਸ਼ ਵਿਚ ਹੜਤਾਲ ਦਾ ਸੱਦਾ ਦੇ ਦਿੱਤਾ। ਇਸ ਦਾ ਬਹੁਤਾ ਅਸਰ ਪੰਜਾਬ ਅਤੇ ਬੰਗਾਲ ਵਿਚ ਹੋਇਆ। 10 ਅਪਰੈਲ 1919 ਨੂੰ ਅੰਮ੍ਰਿਤਸਰ ਦੇ ਡੀ. ਸੀ. ਦੀ ਕੋਠੀ ਦੇ ਸਾਹਮਣੇ ਭਾਰੀ ਰੋਸ ਮੁਜਾਹਰਾ ਹੋਇਆ। ਇਕੱਠ ਉਤੇ ਪੁਲਿਸ ਨੇ ਗੋਲੀ ਚਲਾ ਕੇ ਕਈ ਲੋਕ ਮਾਰ ਦਿੱਤੇ। ਰੋਹ ਵਿਚ ਪੰਜਾਬ ਦੇ ਕਈ ਸ਼ਹਿਰਾਂ ਵਿਚ ਰੋਸ ਮੁਜਾਹਰੇ ਹੋਏ, ਭੀੜ ਨੇ ਕਈ ਰੇਲਵੇ ਸਟੇਸ਼ਨ ਅਤੇ ਕਈ ਸਰਕਾਰੀ ਦਫਤਰ ਵੀ ਸਾੜ ਦਿੱਤੇ, ਰੇਲ ਦੀਆਂ ਪਟੜੀਆਂ ਪੁੱਟ ਦਿੱਤੀਆਂ ਅਤੇ 5 ਅੰਗਰੇਜ਼ ਵੀ ਮਾਰ ਦਿੱਤੇ।

ਪੰਜਾਬ ਦੇ ਗਵਰਨਰ ਓਡਵਾਇਰ ਨੇ ਹੋ ਰਹੇ ਵਿਰੋਧ ਨੂੰ ਠੱਲ ਪਾਉਣ ਦੀ ਜਿੰਮੇਵਾਰੀ ਜਲੰਧਰ ਵਿਚ ਤਾਇਨਾਤ ਬ੍ਰਿਗੇਡੀਅਰ ਡਾਇਰ ਨੂੰ ਦੇ ਦਿੱਤੀ ਅਤੇ ਡਾਇਰ ਅੰਮ੍ਰਿਤਸਰ ਆ ਗਿਆ। 11 ਅਪਰੈਲ 1919 ਨੂੰ ਅੰਦੋਲਨਕਾਰੀਆਂ ਨੇ ਇਕੱਠ ਕਰਕੇ 13 ਅਪਰੈਲ 1919 ਨੂੰ ਸਾਢੇ 4 ਵਜੇ ਜਲ੍ਹਿਆਂਵਾਲੇ ਬਾਗ ਵਿਚ ਕਾਨਫਰੰਸ ਕਰਨ ਦਾ ਫੈਸਲਾ ਕਰ ਲਿਆ। ਇਕ ਖਬਰਚੀ ਤੋਂ ਹੋਣ ਵਾਲੀ ਕਾਨਫਰੰਸ ਦੀ ਖਬਰ ਡਾਇਰ ਨੂੰ ਮਿਲ ਗਈ। ਡਾਇਰ ਨੇ ਪੰਜਾਬ ਦੇ ਗਵਰਨਰ ਓਡਵਾਇਰ ਕੋਲੋਂ ਹੁਕਮ ਲੈ ਕੇ ਅੰਮ੍ਰਿਤਸਰ ਸ਼ਹਿਰ ਵਿਚ ਮਾਰਸ਼ਲ ਲਾਅ ਲਾ ਦਿੱਤਾ। ਇਸ ਕਾਨੂੰਨ ਤਹਿਤ ਸ਼ਹਿਰ ਵਿਚ ਕੋਈ ਵੀ ਜਲਸਾ ਨਹੀਂ ਸੀ ਹੋ ਸਕਦਾ।

13 ਅਪਰੈਲ 1919 ਨੂੰ ਵਿਸਾਖੀ ਦਾ ਦਿਨ ਸੀ। ਵਿਸਾਖੀ ਦਾ ਤਿਓਹਾਰ ਮਨਾਉਣ ਲਈ ਅੰਮ੍ਰਿਤਸਰ ਦੇ ਹਿੰਦੂ, ਸਿੱਖ, ਮੁਸਲਮਾਨ, ਮਰਦ,



ਗੋਲੀ ਚਲਾਉਂਦੀ ਹੋਈ ਫੌਜੀ ਟੁਕੜੀ

ਔਰਤਾਂ, ਮੁੰਡੇ, ਕੁੜੀਆਂ, ਬੱਚੇ ਅਤੇ ਪਿੰਡਾਂ ਦੇ ਲੋਕ ਜਲ੍ਹਿਆਂਵਾਲੇ ਬਾਗ ਵਿਚ ਪਹੁੰਚ ਗਏ। ਇਥੇ ਦੁਕਾਨਾਂ ਲੱਗ ਗਈਆਂ ਅਤੇ ਸਾਢੇ 4 ਵਜੇ ਕਾਨਫਰੰਸ ਸ਼ੁਰੂ ਹੋ ਗਈ।

ਬਾਗ ਵਿਚ ਹੋਣ ਵਾਲੇ ਜਲਸੇ ਦੀ ਖਬਰ ਡਾਇਰ ਨੂੰ ਦੁਪਹਿਰ 1.40 ਵਜੇ ਮਿਲ ਗਈ। ਡਾਇਰ ਨੇ ਸਬੰਧਤ ਅਧਿਕਾਰੀਆਂ ਨੂੰ ਸੱਦ ਕੇ ਜਲ੍ਹਿਆਂਵਾਲੇ ਬਾਗ ਵਿਚ ਜਾਣ ਦੀ ਤਿਆਰੀ ਕਰ ਲਈ। ਡਾਇਰ ਅਤੇ ਉਸ ਦਾ ਏ. ਡੀ. ਸੀ. ਕੈਪਟਨ ਬ੍ਰਿਗਸ ਇਕ ਕਾਰ ਵਿਚ ਬੈਠ ਗਏ, ਇਸ ਪਿਛੇ ਦੋ ਬਖਤਰਬੰਦ ਜੀਪਾਂ ਅਤੇ ਪੁਲਿਸ ਦੀ ਇਕ ਕਾਰ ਸੀ। ਪੁਲਿਸ ਦੀ ਕਾਰ ਵਿਚ ਐਸ. ਪੀ. ਅਤੇ ਡੀ. ਐਸ. ਪੀ. ਬੈਠ ਗਏ। ਇਕ ਬਖਤਰਬੰਦ ਜੀਪ ਉਤੇ ਮਸ਼ੀਨ ਗੰਨ ਬੀੜ ਕੇ ਬਾਗ ਵਿਚ ਜਾਣ ਲਈ ਚਾਲੇ ਪਾ ਦਿੱਤੇ। ਇਸ ਕਾਫਲੇ ਅੱਗੇ ਇਕ ਫੌਜੀ ਮੋਟਰ ਸਾਈਕਲ ਚਲਾ ਰਿਹਾ ਸੀ ਅਤੇ ਕਾਰਾਂ ਦੇ ਪਿੱਛੇ ਬੰਦੂਕਾਂ ਨਾਲ ਲੈਸ 50 ਸੈਨਿਕ ਦੌੜੇ ਜਾ ਰਹੇ ਸਨ। ਇਸ ਫੌਜੀ ਟੁਕੜੀ ਵਿਚ ਗੋਰਖੇ, ਸਿੱਖ ਅਤੇ ਰਾਜਪੂਤ ਫੌਜੀ ਵੀ ਸਨ। ਇਹ ਫੌਜੀ ਟੁਕੜੀ ਹਾਲ ਬਾਜ਼ਾਰ ਵਿਚੋਂ ਹੁੰਦੀ ਹੋਈ ਫਵਾਰਾ ਚੌਂਕ ਪਹੁੰਚ ਕੇ ਅੱਗੇ ਰਸਤਾ ਤੰਗ ਹੋਣ ਕਾਰਨ ਉਥੇ ਹੀ ਰੁਕ ਗਈ।

ਇਹ ਫੌਜੀ ਟੁਕੜੀ ਸ਼ਾਮ ਦੇ 5.30 ਵਜੇ ਜਲ੍ਹਿਆਂਵਾਲੇ ਬਾਗ ਵਿਚ ਪਹੁੰਚ ਗਈ ਅਤੇ ਬ੍ਰਿਗੇਡੀਅਰ ਡਾਇਰ ਨੇ ਇਕ ਉਚੀ ਥਾਂ ਉਤੇ ਫੌਜੀ ਤਾਇਨਾਤ ਕਰਕੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਗੋਲੀ ਚੱਲਣ ਨਾਲ ਬਾਗ ਵਿਚ ਭੱਜ ਦੌੜ ਮੱਚ ਗਈ ਅਤੇ ਚੀਖ ਚਿਹਾੜਾ ਪੈ ਗਿਆ। ਸਿਰਫ 10 ਮਿੰਟ ਹੀ ਗੋਲੀਆਂ ਚਲਾ ਕੇ ਫੌਜੀ ਟੁਕੜੀ ਚਲੀ ਗਈ। ਉਦੋਂ ਹੀ ਰਾਤ ਦਾ ਕਰਫਿਊ ਲਾ ਦਿੱਤਾ ਗਿਆ, ਇਸ ਕਰਕੇ ਨਾ ਤਾਂ ਕਿਸੇ ਨੇ ਲਾਸ਼ਾਂ ਚੁੱਕੀਆਂ ਅਤੇ ਨਾ ਹੀ ਕਿਸੇ ਨੇ ਜ਼ਖਮੀਆਂ ਨੂੰ ਪਾਣੀ ਪਿਲਾਇਆ। ਸਮੇਂ ਸਿਰ ਡਾਕਟਰੀ ਮਦਦ ਨਾ ਮਿਲਣ ਕਾਰਨ ਕਈ ਲੋਕਾਂ ਦੀ ਮੌਤ ਹੋ ਗਈ।

ਸਰਕਾਰ ਨੇ ਮਰਨ ਵਾਲਿਆਂ ਦੀ ਗਿਣਤੀ 379 ਅਤੇ ਜ਼ਖਮੀਆਂ ਦੀ ਗਿਣਤੀ 1,100 ਦੱਸੀ। ਮਰਨ ਵਾਲਿਆਂ ਵਿਚ ਔਰਤਾਂ ਅਤੇ ਮਰਦਾਂ ਸਮੇਤ 41 ਕੁੜੀਆਂ, ਮੁੰਡੇ ਅਤੇ ਬੱਚੇ ਵੀ ਸ਼ਾਮਲ ਸਨ। ਕਾਂਗਰਸ ਪਾਰਟੀ ਨੇ ਮਰਨ ਵਾਲਿਆਂ ਦੀ ਗਿਣਤੀ 1,000 ਅਤੇ ਜ਼ਖਮੀਆਂ ਦੀ ਗਿਣਤੀ 1,500 ਦੱਸੀ। ਡਾ. ਸਮਿੱਥ, ਜਿਸ ਨੇ ਜ਼ਖਮੀਆਂ ਦੀ ਮੱਲ੍ਹਮ ਪੱਟੀ ਕੀਤੀ ਸੀ, ਉਸ ਅਨੁਸਾਰ 1,526 ਲੋਕ ਜ਼ਖਮੀ ਹੋਏ ਸਨ। ਦੇਸ਼ ਵਾਸੀਆਂ ਨਾਲ ਹਮਦਰਦੀ ਰੱਖਣ ਵਾਲੇ ਕਈ ਫੌਜੀਆਂ ਨੇ ਕਈ ਗੋਲੀਆਂ ਹਵਾ ਵਿਚ ਅਤੇ ਕੰਧ ਉਤੇ ਹੀ ਦਾਗ ਦਿੱਤੀਆਂ। ਇਸ ਕਾਂਡ ਨੂੰ ਅੰਗਰੇਜ਼ ਸਰਕਾਰ ਦਾ ਸਭ ਤੋਂ ਵੱਡਾ ਕਤਲੇਆਮ ਮੰਨਿਆ ਗਿਆ।

ਅਗਲੇ ਦਿਨ ਬਾਗ ਵਿਚੋਂ ਹਿੰਦੂ, ਸਿੱਖ ਅਤੇ ਮੁਸਲਮਾਨ ਆਪੋ ਆਪਣੀਆਂ ਲਾਸ਼ਾਂ ਲੈ ਗਏ। ਕਈ ਲਾਸ਼ਾਂ ਬਾਗ ਦੇ ਨਾਲ ਲਗਦੀਆਂ ਗਲੀਆਂ ਵਿਚੋਂ ਵੀ ਮਿਲੀਆਂ ਅਤੇ 120 ਲਾਸ਼ਾਂ ਖੂਹ ਵਿਚੋਂ ਵੀ ਕੱਢੀਆਂ ਗਈਆਂ। ਇਸ ਕਤਲੇਆਮ ਦਾ ਬਦਲਾ ਲੈਣ ਲਈ ਨਾ ਤਾਂ ਕਿਸੇ ਹਿੰਦੂ ਅਤੇ ਨਾ ਹੀ ਕਿਸੇ ਮੁਸਲਮਾਨ ਦੀ ਅਣਖ ਜਾਗੀ। ਸਿਰਫ ਸਰਦਾਰ ਊਧਮ ਸਿੰਘ ਨੇ 13 ਮਾਰਚ 1940 ਨੂੰ ਇੰਗਲੈਂਡ ਦੀ ਧਰਤੀ ਉਤੇ ਜਾ ਕੇ ਕਿੰਗਸਟਨ ਸ਼ਹਿਰ ਦੇ ਕਾਕਸਟਨ ਹਾਲ ਵਿਚ ਭਰੀ ਸਭਾ ਦੌਰਾਨ ਮਾਈਕਲ ਓਡਵਾਇਰ ਨੂੰ ਦੋ ਗੋਲੀਆਂ ਮਾਰ ਕੇ ਮਾਰ ਦਿੱਤਾ। ਇਕ ਗੋਲੀ ਓਡਵਾਇਰ ਦੇ ਫੇਫੜੇ ਅਤੇ ਦੂਜੀ ਗੋਲੀ ਦਿਲ ਵਿਚ ਲੱਗੀ।

ਮਾਈਕਲ ਓਡਵਾਇਰ ਨੂੰ ਮਾਰ ਕੇ ਜਲ੍ਹਿਆਂਵਾਲੇ ਬਾਗ ਦੇ ਖੂਨੀ ਸਾਕੇ ਦਾ 21 ਸਾਲਾਂ ਬਾਅਦ ਬਦਲਾ ਲੈ ਕੇ ਸਰਦਾਰ ਊਧਮ ਸਿੰਘ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਦੇ ਕੇ ਆਪ ਸ਼ਹੀਦ ਹੋ ਗਿਆ। ਗੋਲੀ ਚਲਾਉਣ ਪਿਛੋਂ ਊਧਮ ਸਿੰਘ ਉਥੋਂ ਕਿਤੇ ਨਹੀਂ ਗਿਆ। ਮਾਈਕਲ ਓਡਵਾਇਰ ਦੇ ਕਤਲ 'ਤੇ ਮਹਾਤਮਾ ਗਾਂਧੀ ਅਤੇ ਜਵਾਹਰ ਲਾਲ ਨਹਿਰੂ ਨੇ ਦੁੱਖ ਦਾ ਪ੍ਰਗਟਾਵਾ ਕੀਤਾ।

ਊਧਮ ਸਿੰਘ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਕੇ ਕਤਲ ਕੇਸ ਚਲਾ ਦਿੱਤਾ ਅਤੇ ਅਦਾਲਤ ਨੇ ਊਧਮ ਸਿੰਘ ਨੂੰ ਮੌਤ ਦੀ ਸਜ਼ਾ ਸੁਣਾ ਕੇ 31 ਜੁਲਾਈ 1940 ਨੂੰ ਲੰਡਨ ਦੀ ਪਨਿਟੋਵਿਲ ਜੇਲ੍ਹ ਵਿਚ ਫਾਂਸੀ ਚਾੜ੍ਹ ਕੇ ਸ਼ਹੀਦ ਕਰ ਦਿੱਤਾ।

ਮੌਤ ਤੋਂ ਪਹਿਲਾਂ ਊਧਮ ਸਿੰਘ ਕੋਲੋਂ ਆਖਰੀ ਖਾਹਿਸ਼ ਪੁੱਛੀ ਗਈ ਤਾਂ ਉਸ ਨੇ ਉਤਰ ਦਿੱਤਾ, "ਜਲ੍ਹਿਆਂਵਾਲੇ ਬਾਗ ਦਾ ਬਦਲਾ ਲੈ ਕੇ ਮੈਂ ਆਪਣਾ ਫਰਜ਼ ਪੂਰਾ ਕਰ ਦਿੱਤਾ ਹੈ। ਕਤਲੇਆਮ ਦਾ ਅਸਲੀ ਦੋਸ਼ੀ ਓਡਵਾਇਰ ਹੀ ਹੈ। ਅੰਗਰੇਜ਼ ਰਾਜ ਵਿਚ ਭੁੱਖੇ ਮਰਦੇ ਲੋਕਾਂ ਨੂੰ ਮੈਂ ਵੇਖਿਆ ਹੈ। ਦੇਸ਼ ਦੇ ਲੋਕਾਂ ਨੂੰ ਇਹ ਦਬਾ ਕੇ ਰੱਖਣਾ ਚਾਹੁੰਦਾ ਸੀ। ਮੈਂ ਆਪਣੇ ਦੇਸ਼ ਲਈ ਸ਼ਹੀਦ ਹੋ ਜਾਵਾਂਗਾ। ਆਪਣੀ ਮੌਤ ਦਾ ਮੈਨੂੰ ਕੋਈ ਅਫਸੋਸ ਨਹੀਂ। ਸ਼ਹੀਦ ਹੋ ਕੇ ਮੈਨੂੰ ਮੌਤ ਨਾਲੋਂ ਵੀ ਵੱਧ ਸਨਮਾਨ ਮੇਰੇ ਦੇਸ਼ ਵਾਸੀਆਂ ਕੋਲੋਂ ਮਿਲੇਗਾ।"

ਸ. ਊਧਮ ਸਿੰਘ ਦਾ ਪਿਛੋਕੜ: ਊਧਮ ਸਿੰਘ ਦਾ ਜਨਮ 26 ਦਸੰਬਰ 1899 ਨੂੰ ਸੁਨਾਮ, ਜਿਲਾ ਸੰਗਰੂਰ ਵਿਚ ਇਕ ਗਰੀਬ ਘਰ ਵਿਚ ਹੋਇਆ। ਉਸ ਦਾ ਬਚਪਨ ਦਾ ਨਾਂ ਸ਼ੇਰ ਸਿੰਘ ਸੀ ਅਤੇ ਪਿਤਾ ਦਾ ਨਾਂ ਟਹਿਲ ਸਿੰਘ। ਸੰਨ 1901 ਵਿਚ ਮਾਤਾ ਅਤੇ 1907 ਵਿਚ ਪਿਤਾ ਚੜ੍ਹਾਈ ਕਰ ਗਏ। ਊਧਮ ਸਿੰਘ ਦਾ ਵੱਡਾ ਭਰਾ ਮੁਕਤਾ ਸਿੰਘ ਉਸ ਨੂੰ ਖਾਲਸਾ ਯਤੀਮਖਾਨੇ ਅੰਮ੍ਰਿਤਸਰ ਲੈ ਗਿਆ ਅਤੇ ਉਹ ਦੋਵੇਂ ਯਤੀਮਖਾਨੇ ਵਿਚ ਹੀ ਪਲੇ। ਯਤੀਮਖਾਨੇ ਵਿਚ ਉਸ ਨੇ ਅੰਮ੍ਰਿਤਪਾਨ ਕੀਤਾ ਅਤੇ ਉਸ ਦਾ ਨਾਂ ਊਧਮ ਸਿੰਘ ਰੱਖ ਦਿੱਤਾ ਗਿਆ। ਊਧਮ ਸਿੰਘ ਨੇ ਸੰਨ 1918 ਵਿਚ 10ਵੀਂ ਪਾਸ ਕਰਕੇ 1919 ਵਿਚ ਯਤੀਮਖਾਨਾ ਛੱਡ ਦਿੱਤਾ।

ਜਲ੍ਹਿਆਂਵਾਲੇ ਬਾਗ ਦਾ ਬਦਲਾ ਲੈਣ ਲਈ ਊਧਮ ਸਿੰਘ 1921 ਵਿਚ ਗਦਰ ਪਾਰਟੀ ਵਿਚ ਸ਼ਾਮਿਲ ਹੋ ਕੇ ਵਿਦੇਸ਼ ਚਲਾ ਗਿਆ। ਭਗਤ ਸਿੰਘ ਦੇ ਕਹਿਣ 'ਤੇ 1927 ਵਿਚ ਪੰਜਾਬ ਆ ਗਿਆ। ਨਾਜਾਇਜ਼ ਪਿਸਤੌਲ ਰੱਖਣ ਦੇ ਦੋਸ਼ ਵਿਚ 4 ਸਾਲ ਕੈਦ ਕੱਟ ਕੇ 1931 ਵਿਚ ਕਸ਼ਮੀਰ ਚਲਾ ਗਿਆ। ਕਸ਼ਮੀਰ ਤੋਂ ਜਰਮਨੀ ਤੇ ਉਥੋਂ 1933 ਵਿਚ ਬਰਤਾਨੀਆ ਜਾ ਕੇ ਇਕ ਹੋਟਲ ਵਿਚ ਕੰਮ ਕਰਕੇ ਪੈਸੇ ਕਮਾ ਕੇ ਇਕ ਪਿਸਤੌਲ ਖਰੀਦ ਲਿਆ।

ਬ੍ਰਿਗੇਡੀਅਰ ਰੈਨਾਲਡ ਐਡਵਰਡ ਹੈਨਰੀ ਡਾਇਰ: ਡਾਇਰ ਦੇ ਪਿਤਾ ਦਾ ਨਾਂ ਐਡਵਰਡ ਇਬਰਾਹੀਮ ਡਾਇਰ ਸੀ ਅਤੇ ਉਸ ਦਾ ਜਨਮ 9 ਅਕਤੂਬਰ 1864 ਨੂੰ ਮਸੂਰੀ, ਭਾਰਤ ਵਿਚ ਹੋਇਆ। ਡਾਇਰ ਸੰਨ 1885 ਵਿਚ ਫੌਜ ਵਿਚ ਲੈਫਟੀਨੈਂਟ ਭਰਤੀ ਹੋ ਗਿਆ। ਲੈਫਟੀਨੈਂਟ ਦਾ



ਬ੍ਰਿਗੇਡੀਅਰ ਡਾਇਰ

ਕੋਰਸ ਪੂਰਾ ਕਰਕੇ ਭਾਰਤ ਦੀ ਫੌਜ ਵਿਚ ਬਦਲੀ ਕਰਵਾ ਲਈ ਅਤੇ ਸੰਨ 1910 ਨੂੰ ਲੈਫਟੀਨੈਂਟ ਕਰਨਲ ਬਣ ਕੇ 25 ਪੰਜਾਬ ਰੈਜੀਮੈਂਟ ਦਾ ਕਮਾਂਡਿੰਗ ਅਫਸਰ ਬਣ ਗਿਆ। ਜਲ੍ਹਿਆਂਵਾਲੇ ਕਾਂਡ ਸਮੇਂ ਉਹ ਬ੍ਰਿਗੇਡੀਅਰ ਸੀ। ਜਲ੍ਹਿਆਂਵਾਲੇ ਬਾਗ ਦੇ ਕਾਂਡ ਪਿਛੋਂ ਉਸ ਦੀ ਰਿਹਾਇਸ਼ ਕੁਝ ਦਿਨ ਲੋਹਗੜ੍ਹ ਕਿਲੇ ਵਿਚ ਕਰ ਕੇ ਬਾਅਦ 'ਚ ਉਸ ਨੂੰ ਇੰਗਲੈਂਡ ਭੇਜ ਦਿੱਤਾ। ਜਲ੍ਹਿਆਂਵਾਲੇ ਬਾਗ ਦੇ ਕਤਲੇਆਮ ਦੀ ਪੜਤਾਲ ਵਿਚ ਦੋਸ਼ੀ ਪਾਏ ਜਾਣ ਕਾਰਨ ਡਾਇਰ ਨੂੰ 23 ਮਾਰਚ 1920 ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ। ਉਸ ਨੂੰ ਪੈਨਸ਼ਨ ਵੀ ਨਾ ਮਿਲੀ। ਡਾਇਰ ਦੀ ਪੀਲੀਏ ਤੇ ਅਧਰੰਗ ਕਾਰਨ 27 ਜੁਲਾਈ 1927 ਨੂੰ 62 ਸਾਲ 9 ਮਹੀਨੇ ਦੀ ਉਮਰੇ ਮੌਤ ਹੋ ਗਈ।

# ਪਲ ਪਲ ਦੀ ਪਰਿਕਰਮਾ

## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਲਈ ਜ਼ਿੰਮੇਵਾਰ ਜਨਰਲ ਓਡਵਾਇਰ ਨੂੰ ਗੋਲੀ ਮਾਰ ਕੇ ਬਦਲਾ ਲੈਣ ਵਾਲੇ ਸ਼ਹੀਦ ਊਧਮ ਸਿੰਘ ਨੂੰ ਆਪਣੇ ਨਿਵੇਕਲੇ ਅੰਦਾਜ਼ ਵਿਚ ਸ਼ਰਧਾਂਜਲੀ ਭੇਟ ਕੀਤੀ ਸੀ। ਹਥਲੇ ਲੇਖ ਵਿਚ ਉਹ ਜ਼ਿੰਦਗੀ ਦੇ ਪਲਾਂ-ਛਿਣਾਂ ਦਾ ਲੇਖਾ-ਜੋਖਾ ਕਰਦਿਆਂ ਕਹਿੰਦੇ ਹਨ, "ਹਰ ਪਲ ਦੀ ਤਾਸੀਰ ਅਤੇ ਤਰਜ਼ੀਹ ਵੱਖ-ਵੱਖ। ਤਰਕੀਬ ਅਤੇ ਤਸਵੀਰ ਦਾ ਮੁਹਾਂਦਰਾ ਵਿਭਿੰਨ।...ਪਲ ਨੇ ਕਿਹੜੇ ਰੰਗ, ਰੂਪ ਅਤੇ ਅੰਦਾਜ਼ ਵਿਚ ਜੀਵਨੀ ਦਸਤਕ ਬਣਨਾ, ਇਕ ਪਲ ਦੀ ਤਾਂ ਗੱਲ ਆ।...ਪਲ ਦਾ ਫੁਰਨਾ ਕਾਵਿ-ਕਿਰਤ ਜਾਂ ਕਲਾ-ਕਿਰਤ ਬਣਨ ਲਈ ਮਨ-ਦਹਿਲੀਜ਼ ਵਿਚ ਮੌਲਦਾ।" ਉਹ ਚੇਤੇ ਕਰਵਾਉਂਦੇ ਹਨ, "ਉਹ ਕੇਹੇ ਵੱਡਭਾਗੀ ਪਲ ਸਨ, ਜਦ ਮੋਦੀਖਾਨੇ ਵਿਚ ਵਹੀਆਂ ਫਰੋਲਣ ਵਾਲਾ ਨਾਨਕ ਸ਼ਾਹ ਫਕੀਰ ਬਣ, ਉਦਾਸੀਆਂ ਨੂੰ ਤੁਰ ਪਿਆ। ਮਹਿਲਾਂ ਦੀਆਂ ਸੁੱਖ-ਸਹੂਲਤਾਂ ਨੂੰ ਤਿਆਗ ਸਿਥਾਰਥ ਗੌਤਮ ਬੁੱਧ ਬਣ ਗਿਆ।" -ਸੰਪਾਦਕ***

ਪਲ, ਸਮੇਂ ਦਾ ਸਭ ਤੋਂ ਛੋਟਾ ਲਮਹਾ, ਜਿਸ ਵਿਚ ਕੁਝ ਵੀ ਵਾਪਰਨ, ਕੁਝ ਵੀ ਹੋਣ ਅਤੇ ਅਣਹੋਇਆ ਤੇ ਅਣਕਿਆਸਿਆ ਹੋਣ ਜਾਂ ਹੋ ਜਾਣ ਦੀ ਆਸ, ਸੰਭਾਵਨਾ।

ਪਲ ਵਿਚੋਂ ਹੀ ਕਈ ਪਲ ਜਨਮਦੇ, ਜੋ ਪਲਾਂ ਦੀ ਲਾਮਡੋਰੀ ਬਣ ਕੇ ਸਮੇਂ ਦੀ ਉਹ ਇਕਾਈ ਬਣਦੇ ਜਿਨ੍ਹਾਂ ਨੇ ਪਿੰਡੇ 'ਤੇ ਹੰਢਾਏ ਇਤਿਹਾਸ ਨੂੰ ਭਵਿੱਖ ਦੇ ਹਵਾਲੇ ਕਰਨਾ ਹੁੰਦਾ।

ਵਰਤਮਾਨ ਪਲ ਵਿਚ ਅਸੀਂ ਕੁਝ ਅਜਿਹਾ ਸੂਖਮ ਅਤੇ ਸਹਿਜ ਭਰਪੂਰ ਕਰ ਸਮਾਜ ਦਾ ਮੁਹਾਂਦਰਾ ਲਿਸ਼ਕਾ ਸਕਦੇ ਅਤੇ ਕੀਰਤੀਆਂ ਨੂੰ ਕਾਰਨਾਮਿਆਂ ਦਾ ਰੂਪ ਦੇ ਸਕਦੇ। ਬੀਤੇ ਪਲ ਜੋ ਅਸੀਂ ਗਵਾ ਚੁਕੇ ਹੁੰਦੇ, ਉਹ ਸਾਡੇ ਹੇਰਵਿਆਂ 'ਚ ਵੱਸਦੇ। ਕੁਝ ਉਹ ਵੀ ਪਲ ਹੁੰਦੇ, ਜਿਨ੍ਹਾਂ ਦੀ ਅਵੱਗਿਆ ਨੇ ਜ਼ਿੰਦਗੀ ਨੂੰ ਤਕਲੀਫਾਂ ਅਤੇ ਦਰਦ ਦੀ ਭੱਠੀ 'ਚ ਝੋਕ ਦਿਤਾ। ਪਰ ਕੁਝ ਪਲ ਅਜਿਹੇ ਵੀ ਹੁੰਦੇ, ਜੋ ਸਾਡੀਆਂ ਯਾਦਾਂ ਵਿਚ ਸਦਾ ਤਾਰੀ ਰਹਿੰਦੇ। ਕੁਝ ਪਲ ਅਜਿਹੇ ਵੀ ਹੁੰਦੇ, ਜਿਨ੍ਹਾਂ ਨੂੰ ਬਿਤਾਉਣ ਦੀ ਸੋਚ ਸਾਡੇ ਮਨਾਂ 'ਤੇ ਭਾਰੂ ਰਹਿੰਦੀ। ਭਵਿੱਖੀ ਪਲਾਂ ਵਿਚ ਬੀਤੀਆਂ ਕੁਤਾਹੀਆਂ ਅਤੇ ਕਮੀਆਂ ਨੂੰ ਦੂਰ ਕਰ, ਸਮੇਂ ਨੂੰ ਨਵੀਂ ਨੁਹਾਰ ਦੇਣ ਲਈ ਇਸ ਦੀਆਂ ਤਰਜ਼ੀਹਾਂ ਨੂੰ ਤਰਤੀਬ ਦੇ, ਜੀਵਨ ਨੂੰ ਉਚੀਆਂ ਬੁਲੰਦੀਆਂ ਦਾ ਹਾਣੀ ਬਣਾਉਣ ਦੀ ਲੋਚਾ।

ਹੱਥ ਵਿਚ ਆਏ ਪਲ ਨੂੰ ਕਦੇ ਨਾ ਗਵਾਓ, ਕਿਉਂਕਿ ਇਸ ਦੀ ਅਹਿਮੀਅਤ ਦਾ ਅੰਦਾਜ਼ਾ ਇਸ ਦੇ ਬੀਤ ਜਾਣ ਪਿਛੋਂ ਹੁੰਦਾ। ਬੀਤ ਚੁਕੇ ਪਲ ਕਾਰਨ ਜੀਵਨ ਨੂੰ ਮਾਯੂਸੀ ਅਤੇ ਉਦਾਸੀ ਦੇ ਆਲਮ ਵਿਚ ਕਦੇ ਨਾ ਲਿਆਓ, ਕਿਉਂਕਿ ਇਸ ਦਾ ਕੋਈ ਨਹੀਂ ਫਾਇਦਾ। ਸਗੋਂ ਬੀਤੇ ਦੇ ਸਬਕ ਤੁਹਾਡੀ ਸੋਚ ਨੂੰ ਨਵੀਂ ਉਡਾਣ ਦੇ ਸਕਦੇ। ਆਉਣ ਵਾਲੇ ਸਮੇਂ ਦੇ ਗਰਭ ਵਿਚ ਕੀ ਪਿਆ ਅਤੇ ਆਉਣ ਵਾਲੇ ਪਲਾਂ ਨੇ ਤੁਹਾਡੀ ਜ਼ਿੰਦਗੀ ਨੂੰ ਕਿਹੜੀ ਦਿਸ਼ਾ ਪ੍ਰਦਾਨ ਕਰਨੀ, ਇਹ ਤੁਹਾਡੀ ਸੰਵੇਦਨਾ, ਸੇਧ ਅਤੇ ਸਿਰੜ-ਸਾਧਨਾ 'ਤੇ ਨਿਰਭਰ।

ਪਲ ਪਲ ਕਰਕੇ ਕਿਰ ਰਹੀ ਜ਼ਿੰਦਗੀ ਨੂੰ ਜਿਉਣ ਜੋਗਾ ਕਰਨ ਵਾਲੇ ਜ਼ਿੰਦਗੀ ਦੇ ਸ਼ਾਹ-ਅਸਵਾਰ। ਉਨ੍ਹਾਂ ਦੇ ਦੀਦਿਆਂ ਵਿਚ ਸੁੱਚਮਤਾ ਤੇ ਸਮਰੱਥਾ ਦੇ ਦੀਦਾਰ, ਜੋ ਉਨ੍ਹਾਂ ਦਾ ਕਿਰਦਾਰ, ਵਿਹਾਰ ਅਤੇ ਸਦਾਚਾਰ, ਜਿਨ੍ਹਾਂ ਨੇ ਕੀਤਾ, ਉਨ੍ਹਾਂ ਨੂੰ ਕਦਾਵਰ ਬਣਾਉਣ ਦਾ ਉਪਚਾਰ।

ਪਲ ਪਲ ਕਰਕੇ ਜਦ ਟੁੱਟਦੀ ਏ ਸਾਹਾਂ ਦੀ ਡੋਰ, ਆਪਣਿਆਂ ਦੇ ਨੈਣਾਂ ਵਿਚ ਪੀੜ ਤੇ ਦਰਦ ਦੀ ਉਮਡਦੀ ਏ ਲੋਰ ਤਾਂ ਜੀਵਨ ਦੀ ਸਮੁੱਚੀ ਸਕਾਰਥਾ ਸਾਕਾਰ ਹੋ, ਮਨੁੱਖ ਨੂੰ ਨਿਰਖਦੀ ਤੇ ਪਰਖਦੀ, ਪਰ ਜਦ ਸਾਹਾਂ ਦੀ ਕੱਚੀ ਤੰਦ ਦੇ ਤਿੜਕਣ ਦੀ ਆਪਣੇ ਹੀ ਉਡੀਕ ਕਰਦੇ ਤਾਂ ਆਪਣਿਆਂ ਲਈ ਕੀਤੇ ਗੁਨਾਹਾਂ ਦੀ ਗਾਥਾ ਤੇ ਜੀਵਨ ਸੰਘਰਸ਼ ਪ੍ਰਸ਼ਨ ਬਣ ਜਾਂਦਾ ਕਿ ਕਿਹਦੇ ਲਈ ਮੈਂ ਇਹ ਕੁਝ ਕਰਦਾ ਰਿਹਾ? ਕਿਉਂ ਪਾਪਾਂ ਦੀ ਗਾਗਰ ਹੱਥੀਂ ਭਰਦਾ ਰਿਹਾ? ਬੇਈਮਾਨੀਆਂ ਅਤੇ ਪਾਪਾਂ ਨਾਲ ਮਨ-ਗੰਗਾ ਨੂੰ ਮਲੀਨ ਕਰਦਾ ਰਿਹਾ? ਕਾਹਤੋਂ ਖੁਦ ਦਾ ਮਰਸੀਆ ਪੜ੍ਹਦਾ ਰਿਹਾ? ਆਖਰੀ ਵਕਤ ਆਤਮਾ 'ਤੇ ਭਾਰ ਲੈ ਕੇ ਆਖਰੀ ਸਫਰ 'ਤੇ ਤੁਰਨ ਵਾਲੇ ਕਈ ਪੀੜ੍ਹੀਆਂ ਨੂੰ ਹੰਝੂ ਅਰਪਦੇ। ਉਹ ਆਪਣਿਆਂ ਦੀਆਂ ਯਾਦਾਂ ਵਿਚ ਵੀ ਸਦਾ ਹੀ ਮਰਦੇ ਰਹਿੰਦੇ।

ਹਰ ਪਲ ਦੀ ਤਾਸੀਰ ਅਤੇ ਤਰਜ਼ੀਹ ਵੱਖ-ਵੱਖ। ਤਰਕੀਬ ਅਤੇ ਤਸਵੀਰ ਦਾ ਮੁਹਾਂਦਰਾ ਵਿਭਿੰਨ। ਤਸ਼ਬੀਹ ਅਤੇ ਤਕਨੀਕ ਅਲੱਗ-ਅਲੱਗ। ਪਲ ਨੇ ਕਿਹੜੇ ਰੰਗ, ਰੂਪ ਅਤੇ ਅੰਦਾਜ਼ ਵਿਚ ਜੀਵਨੀ ਦਸਤਕ ਬਣਨਾ, ਇਕ ਪਲ ਦੀ ਤਾਂ ਗੱਲ ਆ।

ਪਲ ਜਦ ਕਤਲ, ਕੁਤਾਹੀ, ਕਮੀਨਗੀ ਦਾ ਕੋਹਝ ਬਣਦੇ ਤਾਂ ਉਹ ਮੱਥਾ ਦਾ ਕਲੰਕ ਬਣ ਕੇ ਸਾਰੀ ਉਮਰ ਨਮੋਸ਼ੀ ਵਿਚ ਜਿਉਣ ਲਈ ਮਜਬੂਰ ਕਰਦੇ। ਪਲ ਜਦ ਕੁਰਬਾਨੀ, ਕਾਰਨਾਮਿਆਂ ਦਾ ਇਤਿਹਾਸ ਬਣਦੇ ਤਾਂ ਸੁਨਹਿਰੀ ਅੱਖਰਾਂ ਵਿਚ ਸਮੇਂ ਦੀ ਅਮਾਨਤ ਬਣਦੇ। ਪਲ ਜਦ ਖੁਦਕੁਸ਼ੀ ਵੰਨੀਂ ਤੁਰਦੇ ਤਾਂ ਵੱਸਦੇ-ਰੱਸਦੇ ਘਰ ਵਿਚ ਵੈਣ, ਵਿਰਲਾਪ ਅਤੇ ਕੀਰਨਿਆਂ ਦੀ ਗੂੰਜ ਸੁਣਦੀ। ਗੂੰਗੇ ਪਲ ਸਮਾਜਕ ਅਲੰਬਰਦਾਰਾਂ ਦੇ ਬੋਲੇ ਕੰਨਾਂ ਤੀਕ ਨਹੀਂ ਪਹੁੰਚਦੇ। ਖੇਤਾਂ ਵਿਚ ਉਗ ਰਹੀ ਖੁਦਕੁਸ਼ੀਆਂ ਦੀ ਫਸਲ ਨੇ ਪਰਿਵਾਰ, ਘਰ ਤੇ ਸਮਾਜ ਨੂੰ ਤਬਾਹ ਕਰ, ਸਮੁੱਚੀ ਤਨਜ਼ੀਮ ਨੂੰ ਆਪਣੇ ਕਲਾਵੇ ਵਿਚ ਲੈ ਲੈਣਾ ਏ। ਸਿਰਫ ਕੁਝ ਕੁ ਸਮੇਂ ਦੀ ਤਾਂ ਗੱਲ ਆ।

ਪਲ ਦੀ ਪਕੜ ਵਿਚ ਪਾਕੀਜ਼ਗੀ ਤੇ ਤਹਿਜ਼ੀਬ ਹੋਵੇ ਤਾਂ ਪਲ ਕਦੇ ਵੀ ਕਤਲਾਂ, ਖੁਦਕੁਸ਼ੀਆਂ ਅਤੇ ਅੰਤਰੀਵ ਨੂੰ ਮਾਰਨ ਦੇ ਰਾਹ ਨਹੀਂ ਪੈਂਦਾ। ਇਸ ਤੋਂ ਬਚਣ ਲਈ ਅਜਿਹੇ ਪਲ ਵਿਚ ਮਾਨਸਿਕ ਸੰਤੁਲਨ ਕਾਇਮ ਰਹੇ ਅਤੇ ਮਨ 'ਤੇ ਵਾਧੂ ਵਿਚਾਰਾਂ ਅਤੇ ਨਾਕਾਰਾਤਮਕ ਰੁਚੀਆਂ ਹਾਵੀ ਨਾ ਹੋਣ ਦਿਓ। ਖੁਦ ਨੂੰ ਖਤਮ ਕਰਨ ਵਾਲੇ ਜ਼ਿਆਦਾਤਰ ਬਹੁਤ ਭਾਵੁਕ ਅਤੇ ਮਨ ਦੀ ਮੰਨਣ ਵਾਲੇ ਲੋਕ ਹੁੰਦੇ। ਦਿਲ ਅਤੇ ਦਿਮਾਗ ਵਿਚ ਇਕਸਾਰਤਾ ਅਤੇ ਸਾਵਾਂਪਣ ਰੱਖਣ ਵਾਲੇ ਮਰਨ ਪਲਾਂ ਨੂੰ ਵੀ ਜਿਉਣ ਪਲਾਂ ਵਿਚ ਵਟੀਂਦੇ, ਜ਼ਿੰਦਗੀ ਦੇ ਮੱਥੇ 'ਤੇ ਲੰਮੀ ਉਮਰ ਦੀਆਂ ਰੇਖਾਵਾਂ ਵਿਉਂਤਦੇ।

ਉਹ ਪਲ ਹੀ ਹੁੰਦਾ ਜਦ ਇਕ ਵਿਚਾਰ ਇਨਕਾਲਬ ਦੀ ਧਰਾਤਲ ਬਣਦਾ। ਪਲ ਦਾ ਫੁਰਨਾ ਕਾਵਿ-ਕਿਰਤ ਜਾਂ ਕਲਾ-ਕਿਰਤ ਬਣਨ ਲਈ ਮਨ-ਦਹਿਲੀਜ਼ ਵਿਚ ਮੌਲਦਾ। ਪਲ ਭਰ ਦੀ ਸੋਚ ਤੁਹਾਡੀਆਂ ਤਰਜ਼ੀਹਾਂ ਤੇ ਤਕਸੀਮਾਂ ਨੂੰ ਸਹੀ ਦਿਸ਼ਾ ਵੱਲ ਪ੍ਰੇਰਿਤ ਕਰਨ ਦਾ ਸਬੱਬ ਬਣਦੀ। ਪਲ ਹੀ ਸੀ ਜਦ ਬਿਰਖ ਤੋਂ ਹੇਠਾਂ ਡਿੱਗ ਰਿਹਾ ਸੇਬ ਨਿਊਟਨ ਦੇ ਗੁਰੂਤਾ ਦੇ ਸਿਧਾਂਤ ਵਿਚ ਤਬਦੀਲ ਹੋ ਗਿਆ। ਪਲ ਦੀ ਚੰਗਿਆੜੀ ਹੀ ਦੁਨੀਆਂ ਦੀਆਂ ਵੱਡੀਆਂ ਘਟਨਾਵਾਂ ਬਣਦੀਆਂ, ਜੋ ਤਹਿਰੀਕ ਦਾ ਮਾਣ ਹੁੰਦੀਆਂ। ਸਿਰਫ ਅਜਿਹੇ ਪਲਾਂ ਨੂੰ ਪਕੜਨ, ਅਤੇ ਇਸ ਦੀਆਂ ਪਰਤਾਂ ਨੂੰ ਫਰੋਲਣ ਦੀ ਲੋੜ ਹੁੰਦੀ। ਅਜਿਹੇ ਪਲਾਂ ਨੂੰ ਸੰਭਾਲਣ ਵਾਲੇ ਸਮੇਂ ਦੀਆਂ ਸਤਿਕਾਰਯੋਗ ਸ਼ਖਸੀਅਤਾਂ, ਪਰ ਇਨ੍ਹਾਂ ਨੂੰ ਗਵਾਉਣ ਵਾਲੇ ਰਾਹਾਂ ਦੀ ਰਾਖ।

ਪਲ ਦਾ ਝਲਕਾਰਾ ਹੀ ਹੁੰਦਾ, ਜੋ ਮੌਤ ਵੱਲ ਵੀ ਲਿਜਾ ਸਕਦਾ ਅਤੇ ਜੀਵਨ-ਪਗਡੰਡੀ ਵੰਨੀਂ ਵੀ। ਇਕ ਛਿਣ ਵਿਚ ਹੀ ਸੋਚਣਾ ਹੁੰਦਾ ਕਿ ਤੁਸੀਂ ਕਿਹੜਾ ਮਾਰਗ ਅਪਨਾਉਣਾ। ਸੜਕੀ ਦੁਰਘਟਨਾਵਾਂ ਅਕਸਰ ਹੀ ਪਲ ਭਰ ਦੀ ਕੁਤਾਹੀ ਤਾਂ ਹੁੰਦੀਆਂ।

ਪਲ ਹੀ ਹੁੰਦਾ ਜਿਸ ਵਿਚ ਬਹੁਤ ਕੁਝ ਤਬਦੀਲ ਹੋ ਜਾਂਦਾ। ਖੁਸ਼ੀਆਂ ਮਾਣ ਰਿਹਾ ਮਨ ਗਹਿਰੀ ਉਦਾਸੀ ਦੀ ਖੱਡ ਵਿਚ ਜਾ ਡਿੱਗਦਾ। ਹੁਲਾਸ ਵਿਚ ਬੀਤ ਰਿਹਾ ਵਕਤ ਹੰਝੂਆਂ ਦੀ ਸੈਲਾਬ ਬਣ ਜਾਂਦਾ। ਨਾਲ ਤੁਰਿਆ ਜਾ ਰਿਹਾ ਸਾਥੀ ਹੱਥ ਛੁਡਾ ਸਦਾ ਲਈ ਅਲਵਿਦਾ ਕਹਿ ਜਾਂਦਾ ਤੇ ਤੁਸੀਂ ਦੇਖਦੇ ਰਹਿ ਜਾਂਦੇ। ਇਕ ਪਛਤਾਵਾ ਰਹਿ ਜਾਂਦਾ ਕਿ ਕਾਸ਼! ਮੈਂ ਉਸ ਪਲ ਨੂੰ ਸੰਭਾਲ ਕੇ, ਉਸ ਪਲ ਵਿਚ ਆਪਣੀ ਸੋਚ-ਤਰਜੀਹ ਸਹੀ ਪਾਸੇ ਨੂੰ ਲਾਉਂਦਾ। ਬੀਤੇ ਤੋਂ ਬਾਅਦ ਤਾਂ ਸਿਰਫ ਪਲ-ਪਛਤਾਵਾ ਮਨ ਨੂੰ ਸੂਲੀ 'ਤੇ ਟੰਗੀ ਰੱਖਦਾ। ਪਲ ਦਾ ਗੁੱਸਾ ਤਬਾਹੀ ਨੂੰ ਸੱਦਾ, ਰਿਸ਼ਤਿਆਂ ਦੀ ਤਰੇੜ ਅਤੇ ਪਿਆਰ ਲਈ ਘ੍ਰਿਣਾ ਦਾ ਪਾਤਰ।

ਪਲ ਨੇ ਕਵਿਤਾ ਜਾਂ ਕਹਾਣੀ ਹੋਣਾ, ਕਾਰਨਾਮਾ ਜਾਂ ਕੁਤਾਹੀ ਬਣਨਾ, ਕਥਨੀ ਰਹਿਣਾ ਜਾਂ ਕਰਨੀ ਬਣਨਾ, ਕਲਯੁੱਗ ਜਾਂ ਸਤਯੁੱਗ ਬਣਨਾ, ਕਾਮਨਾ ਜਾਂ ਕੀਰਤੀ ਦਾ ਰੂਪ ਧਾਰਨਾ, ਅਤੇ ਕਲਪਨਾ ਜਾਂ ਕਰਮਯੋਗਤਾ ਬਣਨਾ, ਪਲ ਵਿਚਲੀ ਚੇਤਨਾ ਨੇ ਨਿਰਧਾਰਤ ਕਰਨਾ ਅਤੇ ਤੁਸੀਂ ਉਸ ਦੇ ਸਿਰਜਣਹਾਰੇ।

ਮਨੁੱਖੀ ਫੁਰਨੇ, ਫੁਰਤੀ, ਫਰਿਸ਼ਤ ਨੇ ਹੀ ਮਨੁੱਖ ਨੂੰ ਫਰਿਸ਼ਤਾ ਜਾਂ ਫਾਹਸ਼ ਬਣਾਉਣਾ ਹੁੰਦਾ। ਪਲ ਨੂੰ ਫਲ ਬਣਾਉਣ ਦੀ ਲੋਚਾ ਮਨ ਵਿਚ ਹੋਵੇ ਤਾਂ ਸੋਚ-ਜ਼ਰਖੇਜ਼ਤਾ ਵਿਚ ਹਮੇਸ਼ਾ ਹੀ ਉਸਾਰੂ ਤੇ ਸੁਚਾਰੂ ਸੋਚਾਂ ਦੇ ਬੀਜ ਪੁੰਗਰਦੇ। ਇਸ ਦੀਆਂ ਕਰੂੰਬਲਾਂ ਤੇ ਪੱਤੀਆਂ ਵਿਚੋਂ ਹੀ ਜੀਵਨੀ ਸੁਹੰਢਣਾ ਤੇ ਸਾਰਥਕਤਾ ਨੂੰ ਨਵੀਂ ਤਾਜ਼ਗੀ ਅਤੇ ਤਰਤੀਬ ਦਿਤੀ ਜਾ ਸਕਦੀ।

ਪਲ ਪਲ ਦਾ ਲੇਖਾ ਕਰਨ ਤੇ ਰੱਖਣ ਵਾਲੇ, ਜੀਵਨ ਦੀ ਸੰਦਲੀ ਸਫ। ਉਨ੍ਹਾਂ ਦੇ ਰਾਹਾਂ ਵਿਚ ਸਫਲਤਾਵਾਂ ਅਤੇ ਸੁਪਨਿਆਂ ਦਾ ਸੱਚ ਉਦੈਮਾਨ ਹੁੰਦਾ। ਉਨ੍ਹਾਂ ਦੇ ਆਭਾ ਮੰਡਲ ਵਿਚ ਸਕੂਨ ਤੇ ਸਹਿਜ।

ਪਲ ਪਲ ਨੂੰ ਕਤਲ ਕਰਨ ਵਾਲੇ ਖੁਦ ਸਵੈ-ਕਤਲ ਦੇ ਜ਼ਿੰਮੇਵਾਰ। ਆਪਣੀ ਅਰਥੀ ਮੋਢੇ 'ਤੇ ਚਾਈ ਖੁਦ ਹੀ ਕਬਰਾਂ ਨੂੰ ਜਾਂਦਾ ਰਾਹ।

ਹਰੇਕ ਪਲ ਨੂੰ ਮਾਣਨ ਅਤੇ ਭਰਪੂਰਤਾ ਨਾਲ ਜਿਉਣਾ, ਜੀਵਨ-ਰਾਜ਼। ਬਹੁਤ ਘੱਟ ਲੋਕ ਇਸ ਦੇ ਹਮਰਾਜ਼, ਜਿਨ੍ਹਾਂ ਦਾ ਹੁੰਦਾ ਵੱਖਰਾ ਅੰਦਾਜ਼। ਤਰੰਗਤ ਰੱਖਦੇ ਜ਼ਿੰਦ-ਸਾਜ਼। ਉਨ੍ਹਾਂ ਦੀਆਂ ਸੁਰਾਂ ਵਿਚ ਗੂੰਜਦਾ ਅਲਾਪ ਬਣਦਾ ਫਿਜ਼ਾ ਦਾ ਸਦਗੁਣਾ ਰਾਗ, ਜੋ ਸਮੇਂ ਦੀ ਰੰਗਤਾ ਲਈ ਧੰਨਭਾਗ।

ਮਨਾ ਵੇ ਪਲ ਨੂੰ ਘੁੱਟ ਕੇ ਪਕੜੀਂ, ਕਦੇ ਨਾ ਕਰੀਂ ਵਸਾਹ। ਪਲਾਂ ਵਿਚ ਭੁੱਲ-ਭੁਲੱਈਆਂ ਤੇ ਪਲ ਹੀ ਪੱਧਰਾ ਰਾਹ। ਪਲ ਸਮੇਂ ਦੇ ਸਫੇ ਦਾ ਤਾਰਾ ਤੇ ਪਲ ਅੰਬਰਾਂ ਦੀ ਥਾਹ। ਪਲ ਹੀ ਹੁੰਦਾ ਅੰਬਰੀ ਸਤਰੰਗੀ, ਪਲ ਪਲਾਂ ਦਾ ਸਾਹ। ਪਲ ਦੀ ਬੀਹੀ ਪਲ ਬੋਲਦੇ, ਪਲਾਂ ਦੀ ਫੜ ਕੇ ਬਾਂਹ। ਪਲ ਦੇ ਨੈਣੀਂ ਝਾਕਣੋ ਆਕੀ, ਪਲ 'ਚ ਬਣਨ ਸਵਾਹ। ਪਲ ਸਦਾ ਵਿਸਾਰਦਾ ਉਸ ਨੂੰ, ਕੀਤੀ ਨਾ ਜਿਸ ਪਲ-ਪ੍ਰਵਾਹ। ਪਲ ਗੁਲਾਬ ਦਾ ਖਿੜਿਆ ਫੁੱਲ, ਵਕਤ-ਟਾਹਣੀ ਦੀ ਚਾਅ। ਪਲ-ਚਾਹਤ ਦਾ ਬੇਰੋਕ ਫੁਹਾਰਾ, ਮਨ ਜੂਹੇ ਉਪਜਾਅ। ਤਾਂ ਹੀ ਪਲ-ਸੁੱਚਮਤਾ ਦੇ ਰੰਗ ਬੈਠਣਾ, ਅੰਤਰੀਵ ਦੇ ਵਿਹੜੀ ਆ। ਪਲ ਜੇ ਉਮਰ ਦੇ ਲੇਖੇ ਲੱਗੇ ਤਾਂ ਉਮਰਾ ਵੀ ਪਲ ਬਣ ਜਾ। ਪਲ, ਪਹਿਲ ਤੇ ਪਲ ਪਵਿੱਤਰ, ਪਲ ਹੀ ਸਮਾਂ-ਸਦਾਅ। ਪਲ ਦੌਰਾਨ ਹੀ ਅੰਦਰੋਂ ਮੌਲੇ, ਬੈਠਾ ਅੰਦਰ ਖੁਦਾ।

***ਪਲ ਨੇ ਕਵਿਤਾ ਜਾਂ ਕਹਾਣੀ ਹੋਣਾ, ਕਾਰਨਾਮਾ ਜਾਂ ਕੁਤਾਹੀ ਬਣਨਾ, ਕਥਨੀ ਰਹਿਣਾ ਜਾਂ ਕਰਨੀ ਬਣਨਾ, ਕਲਯੁੱਗ ਜਾਂ ਸਤਯੁੱਗ ਬਣਨਾ, ਕਾਮਨਾ ਜਾਂ ਕੀਰਤੀ ਦਾ ਰੂਪ ਧਾਰਨਾ, ਅਤੇ ਕਲਪਨਾ ਜਾਂ ਕਰਮਯੋਗਤਾ ਬਣਨਾ, ਪਲ ਵਿਚਲੀ ਚੇਤਨਾ ਨੇ ਨਿਰਧਾਰਤ ਕਰਨਾ ਅਤੇ ਤੁਸੀਂ ਉਸ ਦੇ ਸਿਰਜਣਹਾਰੇ।***

ਉਹ ਕੇਹੇ ਵੱਡਭਾਗੀ ਪਲ ਸਨ, ਜਦ ਮੋਦੀਖਾਨੇ ਵਿਚ ਵਹੀਆਂ ਫਰੋਲਣ ਵਾਲਾ ਨਾਨਕ ਸ਼ਾਹ ਫਕੀਰ ਬਣ, ਉਦਾਸੀਆਂ ਨੂੰ ਤੁਰ ਪਿਆ। ਮਹਿਲਾਂ ਦੀਆਂ ਸੁੱਖ-ਸਹੂਲਤਾਂ ਨੂੰ ਤਿਆਗ ਸਿਥਾਰਥ ਗੌਤਮ ਬੁੱਧ ਬਣ ਗਿਆ। ਸਕੂਲੀ ਪੜ੍ਹਾਈ ਵਿਚ ਫਾਡੀ ਰਹਿਣ ਵਾਲਾ ਵਿਦਿਆਰਥੀ ਆਈਨਸਟਾਈਨ ਬਣ ਗਿਆ। ਪਲ ਦੀ ਕੁੱਖ ਵਿਚ ਕੀ ਪਿਆ, ਇਹ ਤਾਂ ਪਲ ਬੀਤਣ ਪਿਛੋਂ ਹੀ ਪਤਾ ਲੱਗਦਾ।

ਪਲ ਅਮੁੱਲ, ਅਤੁੱਲ, ਅਭੁੱਲ, ਅਦਿੱਖ, ਅਸੀਮ, ਅਣਭੋਲ ਅਤੇ ਅਕੱਥ। ਇਸ ਦੀਆਂ ਸੰਭਾਵਨਾਵਾਂ, ਸੀਮਾਵਾਂ ਅਤੇ ਸਮਰੱਥਾਵਾਂ ਨੂੰ ਕਿਸੇ ਦਾਇਰੇ ਵਿਚ ਕਿਵੇਂ ਸੀਮਤ ਕਰੋਗੇ?

ਪਲ ਨੇ ਹੀ ਸਧਾਰਨ ਪਿਛੋਕੜ ਵਾਲੇ ਇਬਰਾਹਮ ਲਿੰਕਨ ਨੂੰ ਅਮਰੀਕਾ ਦਾ ਰਾਸ਼ਟਰਪਤੀ ਬਣਾਇਆ। ਭਗਤ ਸਿੰਘ, ਊਧਮ ਸਿੰਘ ਤੇ ਕਰਤਾਰ ਸਿੰਘ ਸਰਾਭੇ ਨੂੰ ਸ਼ਹਾਦਤ ਵੰਨੀਂ ਤੋਰਿਆ। ਉਹ ਪਲ ਹੀ ਸੀ, ਜਦ ਬਾਲ ਗੋਬਿੰਦ ਨੇ ਪਿਤਾ ਨੂੰ ਸ਼ਹੀਦ ਹੋਣ ਲਈ ਕਿਹਾ, ਜਿਸ ਨੇ ਖਾਲਸੇ ਦੀ ਧਰਾਤਲ ਲਈ ਸਿਰਾਂ ਦੀ ਖੇਤੀ ਕਰਨ ਵੰਨੀਂ ਪਲੇਠਾ ਕਦਮ ਪੁਟਿਆ ਸੀ। ਕੇਹਾ ਪਲ ਸੀ, ਜਦ ਬਾਪ ਪੁੱਤਰਾਂ ਨੂੰ ਸ਼ਹੀਦ ਕਰਵਾਉਣ ਲੱਗਿਆਂ ਉਤਸ਼ਾਹਿਤ ਸੀ।

ਪਰ ਕੁਝ ਪਲ ਹਮੇਸ਼ਾ ਨਮੋਸ਼ੀ ਹੁੰਦੇ, ਜਦ ਗੱਦਾਰ ਦੇਸ਼ ਭਗਤਾਂ ਲਈ ਫਾਂਸੀ ਦੀਆਂ ਗੋਂਦਾਂ ਗੁੰਦਦੇ, ਗਦਰ ਨੂੰ ਫੇਲ੍ਹ ਕਰਨ ਲਈ ਮੁਰੱਬਿਆਂ ਦਾ ਸੌਦਾ ਕਰਦੇ। ਇਹ ਮਨਹੂਸ ਪਲ ਹਮੇਸ਼ਾ ਹੀ ਅਜਿਹੇ ਲੋਕਾਂ ਨੂੰ ਧਿਰਕਾਰਦੇ, ਕਲੰਕ ਨੂੰ ਨਾ ਧੋਤੇ ਜਾਣ ਦਾ ਹਰਖ ਬਣੇ ਹੀ ਰਹਿਣਗੇ।

ਕੁਝ ਯਾਦਗਾਰੀ ਪਲ ਹੁੰਦੇ, ਜੋ ਪਲ 'ਚ ਹੀ ਬੀਤ ਜਾਂਦੇ, ਪਰ ਕੁਝ ਅਜਿਹੇ ਪਲ ਵੀ ਹੁੰਦੇ ਜਿਨ੍ਹਾਂ ਦੇ ਬੀਤਣ ਵਿਚ ਉਮਰ ਹੀ ਬੀਤ ਜਾਂਦੀ। ਉਮਰੋਂ ਲੰਮੇਰੇ ਉਡੀਕ ਦੇ ਪਲ, ਸਾਹਾਂ ਲਈ ਸੂਲੀ ਹੀ ਤਾਂ ਹੁੰਦੇ।

ਕੁਝ ਅਜਿਹੇ ਪਲ ਹੁੰਦੇ, ਜਿਨ੍ਹਾਂ ਨੂੰ ਜਿਉਣ ਦੀ ਤਮੰਨਾ ਵਾਰ ਵਾਰ ਮਨ 'ਚ ਪੈਦਾ ਹੁੰਦੀ, ਜੋ ਵਗਦੀਆਂ ਲੂਆਂ ਵਿਚ ਠੰਢੀ ਪੌਣ ਦਾ ਬੁੱਲਾ ਹੁੰਦੇ, ਪਰ ਕੁਝ ਅਜਿਹੇ ਪਲ ਵੀ ਹੁੰਦੇ, ਜਿਨ੍ਹਾਂ ਨੂੰ ਯਾਦ ਕਰਕੇ ਮਨ ਤ੍ਰਹਿਕਦਾ ਜਦ ਰੁਮਕਦੀ ਪੌਣ ਝੱਖੜ ਬਣ, ਜੀਵਨ-ਬਹਾਰ ਨੂੰ ਪੱਤਝੜ ਬਣਾ ਦਿੰਦੀ।

ਪਲਾਂ ਨੂੰ ਪਲ ਪਲ ਜਿਉਣਾ ਸਿੱਖੋ। ਉਮਰ-ਪੌੜੀ ਤੁਹਾਨੂੰ ਅਸੀਮ ਖੁਸ਼ੀਆਂ, ਚਾਵਾਂ ਅਤੇ ਖੇੜਿਆਂ ਦੀ ਧਰਾਤਲ ਦਾ ਨਾਮਕਰਨ ਦੇਵੇਗੀ।

ਕਈ ਵਾਰ ਪੀੜਾਂ ਪਰੁੱਚੇ ਅਤੇ ਦਰਦਾਂ ਮਾਰੇ ਪਲ, ਸੁੰਦਰ, ਸਦੀਵੀ ਅਤੇ ਸੁਹਾਵਣੇ ਪਲਾਂ ਲਈ ਮਾਰਗ ਬਣ, ਜੀਵਨ ਗਾਥਾ ਨੂੰ ਨਵੇਂ ਸਿਰਿਓਂ ਲਿਖ ਜਾਂਦੇ।

ਜੀਵਨ ਵਿਚ ਸਭ ਤੋਂ ਅਮੁੱਲ ਵਸਤਾਂ ਜਾਂ ਸਹੂਲਤਾਂ ਨਹੀਂ ਹੁੰਦੀਆਂ, ਸਗੋਂ ਕੁਝ ਪਲ ਹੁੰਦੇ ਜੋ ਇਨ੍ਹਾਂ ਸਹੂਲਤਾਂ, ਸੁੱਖਾਂ ਅਤੇ ਸੁਪਨਿਆਂ ਦਾ ਸਿਰਨਾਵਾਂ ਹੁੰਦੇ। ਪਲਾਂ ਦੀ ਅਹਿਮੀਅਤ ਅਤੇ ਅਮੁੱਲਤਾ ਨੂੰ ਪਛਾਣ ਕੇ ਜੀਵਨ ਨੂੰ ਪਛਾਣਿਆ ਜਾ ਸਕਦਾ।

### ਪਲ ਪਲ ਦਾ ਹਿਸਾਬ

ਇਕ ਪਲ ਮੇਰੀ ਸੋਚ 'ਚ ਖੁਰਿਆ,
ਇਕ ਵਸੇਂਦਾ ਸਾਹੀਂ।
ਇਕ ਪਲ ਮੇਰੇ ਜੀਵਨ ਵਿਹੜੇ,
ਆਵੇ ਕਦੇ-ਕਦਾਈਂ।

ਇਕ ਪਲ ਮੇਰੀ ਹਿੱਕ 'ਚ ਰਿਝਦਾ,
ਪੀੜਾ ਪੀੜਾ ਹੋ ਜਾਵਾਂ,
ਇਕ ਪਲ ਢੂੰਡੇਂਦਿਆਂ ਉਮਰ ਵਿਹਾਜੀ,
ਨਾ ਟੱਕਰੇ ਨਾ ਥੀਵੇ।

ਇਕ ਪਲ ਮੇਰੇ ਅੰਦਰ ਲਿਸ਼ਕੇ,
ਚਾਨਣ ਵਿਚ ਨਹਾਵਾਂ,
ਇਕ ਪਲ ਉਮਰ ਦੇ ਨਾਂਵੇਂ ਕਰਦਾ,
ਨਿੱਤ ਢਲਦਾ ਪ੍ਰਛਾਵਾਂ।

ਇਕ ਪਲ ਛਾਂ ਦਾ ਵਾਸਾ ਵਿਹੜੇ,
ਯਖ ਸਾਹ ਪੱਲੇ ਪਾਵੇ,
ਇਕ ਪਲ ਖਿੜੀ ਦੁਪਹਿਰਾਂ ਜਿਹਾ,
ਨਿੱਘ ਹੀ ਨਿੱਘ ਵਰਤਾਵੇ।

ਇਕ ਪਲ ਮੇਰਾ ਖੁਦ ਦਾ ਜਾਇਆ,
ਹਉਕਾ ਹਉਕਾ ਹੋਵਾਂ,
ਇਕ ਪਲ ਦੋਖੀਆਂ ਨਾਂਵੇਂ ਲਾਇਆ,
ਹੱਸ ਹੱਸ ਦੋਹਰੀ ਹੋਵਾਂ।

ਇਕ ਪਲ ਤਿੜਕੇ ਸ਼ੀਸ਼ੇ ਵਰਗਾ,
ਕਿਰਚ ਕਿਰਚ ਹੋ ਜੀਵਾਂ,
ਇਕ ਪਲ ਥਿਰਕਦੇ ਪਾਰੇ ਵਰਗਾ,
ਤਿੱਪ ਤਿੱਪ ਕਰਕੇ ਪੀਵਾਂ।

ਇਕ ਪਲ ਮਾਂ ਦੀ ਗੋਦੀ ਵਰਗਾ,
ਖੇਡਾਂ, ਖਾਵਾਂ ਤੇ ਸੌਂ ਜਾਵਾਂ,
ਇਕ ਪਲ ਤੱਪਦੀ ਭੱਠੀ ਵਰਗਾ,
ਪਿੰਡੇ ਭਸਮ ਚੜ੍ਹਾਵਾਂ।

ਪਲ ਪਲ ਕਰਕੇ ਪਲ ਦੀ ਗਾਥਾ,
ਪਲ ਪਲ ਮੁੱਕਦੀ ਜਾਵੇ,
ਕਿਧਰੋਂ ਨਾ ਕੋਈ ਉਘ-ਸੁੱਘ ਮਿਲਦੀ,
ਨਾ ਕੋਈ ਖੁਰਾ ਥਿਆਵੇ।

ਮਨੁੱਖ ਨੂੰ ਜੀਵਨ ਵਿਚ ਆਏ ਸਮਾਂ, ਸਥਾਨ ਜਾਂ ਸਾਥੀ ਤਾਂ ਭੁੱਲ ਸਕਦੇ ਨੇ, ਪਰ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੇ ਜ਼ਿਕਰਯੋਗ ਪਲ ਕਦੇ ਵੀ ਚੇਤਿਆਂ ਵਿਚੋਂ ਨਹੀਂ ਖੁਰਦੇ।

ਜੀਵਨ ਨੂੰ ਸਾਲਾਂ, ਮਹੀਨਿਆਂ ਵਿਚ ਮਾਪਣ ਦੀ ਲੋੜ ਨਹੀਂ। ਕੁਝ ਕੁ ਹੀ ਪਲ ਹੁੰਦੇ, ਜੋ ਜੀਵਨ ਬਣਨ ਦੀ ਸਮਰੱਥਾ ਰੱਖਦੇ।

ਜ਼ਿੰਦਗੀ ਵਿਚ ਨਿੱਕੇ ਨਿੱਕੇ ਪਲਾਂ ਵਿਚੋਂ ਖੁਸ਼ੀਆਂ ਨੂੰ ਤਲਾਸ਼ਣ ਅਤੇ ਇਨ੍ਹਾਂ ਨੂੰ ਸੰਜੀਦਗੀ ਤੇ ਸਮਰਪਣ ਨਾਲ ਜੀਣ ਵਾਲੇ ਹੀ ਜੀਵਨ ਦਾ ਸੁੱਚਮ ਹੁੰਦੇ। ਇਨ੍ਹਾਂ ਨੂੰ ਗਵਾਉਣ ਵਾਲਿਆਂ ਨੂੰ ਬਾਅਦ ਵਿਚ ਅਹਿਸਾਸ ਹੁੰਦਾ ਕਿ ਉਹ ਪਲ ਤਾਂ ਬਹੁਤ ਅਹਿਮ ਸਨ। ਮਨੁੱਖ ਉਮਰ ਦੇ ਪਹਿਲੇ ਪੜਾਅ ਵਿਚ ਨਿੱਜ ਨੂੰ ਮਨਫੀ ਕਰ, ਦੂਸਰਿਆਂ ਲਈ ਜਿਉਂਦਾ। ਜਦ ਖੁਦ ਲਈ ਜਿਉਣ ਦਾ ਚੇਤਾ ਆਉਂਦਾ ਤਾਂ ਸਮਾਂ ਵਫਾ ਹੀ ਨਹੀਂ ਕਰਦਾ। ਜੀਵਨ ਦਾ ਸਾਵਾਂਪਣ, ਜੀਵਨ-ਪਗਡੰਡੀ ਦੀ ਸੇਧ।

ਹਮੇਸ਼ਾ ਚੰਗੇ-ਮੰਦੇ, ਹਾਵੇ-ਹਾਸੇ ਵਾਲੇ ਜਾਂ ਹਾਂ-ਪੱਖੀ/ਨਾਂਹ-ਪੱਖੀ ਪਲਾਂ ਨੂੰ ਮਾਣਨ ਦੀ ਜਾਚ ਹੋਣੀ ਚਾਹੀਦੀ, ਕਿਉਂਕਿ ਹਰ ਪਲ ਸਾਡੀ ਝੋਲੀ ਵਿਚ ਕੁਝ ਨਾ ਕੁਝ ਪਾ ਕੇ ਹੀ ਜਾਂਦਾ। ਇਹ ਸਾਡੀ ਸੋਚ-ਸੰਵੇਦਨਾ 'ਤੇ ਨਿਰਭਰ।

ਕੈਮਰੇ 'ਚ ਕੈਦ ਖੁਸ਼ਨੁਮਾ ਪਲਾਂ ਨੂੰ ਜਦ ਪਿੱਛਲਖੁਰੀ ਨਿਹਾਰਦੇ ਤਾਂ ਬਹੁਤ ਕੁਝ ਸਾਡੀਆਂ ਯਾਦਾਂ ਵਿਚ ਪੁਨਰ-ਸੁਰਜੀਤ ਹੋ ਜਾਂਦਾ, ਜਿਸ ਨੂੰ ਜਿਉਣ ਲਈ ਅਸੀਂ ਫਿਰ ਤੋਂ ਉਤਸੁਕ ਹੋ ਜਾਂਦੇ। ਬੱਚਿਆਂ ਦੇ ਬਚਪਨੀ ਪਲ, ਉਸ ਵਕਤ ਨੂੰ ਸਾਹਵੇਂ ਲਿਆ ਖਲਿਆਰਦੇ, ਜਦੋਂ ਜਵਾਨ ਹੋਏ ਬੱਚਿਆਂ ਦੀਆਂ ਨਿੱਕੀਆਂ ਨਿੱਕੀਆਂ ਸ਼ਰਾਰਤਾਂ ਹੀ ਅਸੀਮ ਖੁਸ਼ੀਆਂ ਨੂੰ ਸਿਰਜਣ ਦਾ ਆਹਰ ਬਣਦੀਆਂ ਸਨ।

ਕੁਝ ਪਲ ਹੁੰਦੇ ਮੋਹ ਦਾ ਨਿਉਂਦਾ
ਹਰ ਝੋਲੀ ਵਿਚ ਪਾਈਏ
ਕੁਝ ਪਲ ਹੁੰਦੇ ਮਹਿਕ ਸ਼ਗੂਫਾ
ਸਾਹਾਂ ਵਿਚ ਰਮਾਈਏ।

ਕੁਝ ਪਲ ਹੁੰਦੇ ਚੰਨ ਈਦ ਦਾ
ਰੌਸ਼ਨ ਰੌਸ਼ਨ ਹੋ ਜਾਈਏ
ਕੁਝ ਪਲ ਹੁੰਦੇ ਸੂਰਜ ਵਰਗੇ
ਸੋਚਾਂ ਵਿਚ ਉਗਾਈਏ।

ਕੁਝ ਪਲ ਹੁੰਦੇ ਸੰਦਲੀ ਸੁਪਨੇ
ਨੈਣਾਂ ਵਿਚ ਟਿਕਾਈਏ
ਕੁਝ ਪਲ ਹੁੰਦੇ ਸਾਹੋਂ ਨੇੜੇ
ਘੁੱਟ ਸੀਨੇ ਨਾਲ ਲਾਈਏ।

ਕੁਝ ਪਲ ਹੁੰਦੇ ਫੁੱਲਾਂ ਜਿਹੇ
ਮਨ ਦਾ ਚਮਨ ਖਿੜਾਈਏ
ਕੁਝ ਪਲ੍ਹ ਹੁੰਦੇ ਜਿੰਦ ਤੋਂ ਮਹਿੰਗੇ
ਨਾ ਨੋਟਾਂ ਸੰਗ ਵਟਾਈਏ।

ਕੁਝ ਪਲ ਹੁੰਦੇ ਦਿਲ 'ਤੇ ਉਕਰੇ
ਕਿਸੇ ਨਾ ਹਾਲ ਸੁਣਾਈਏ
ਕੁਝ ਪਲ ਹੁੰਦੇ ਮਨ ਦੀ ਬੀਹੀ
ਨਿੱਤ ਹੀ ਫੇਰਾ ਪਾਈਏ।


ਕੁਝ ਪਲ ਹੁੰਦੇ ਦਰਦ-ਮਜੀਠੀ
ਅੰਦਰੇ ਅੰਦਰ ਰਮਾਈਏ
ਕੁਝ ਪਲ ਹੁੰਦੇ ਗੁੰਮਿਆ ਆਪਾ
ਮਿਲੇ ਤਾਂ ਮੋੜ ਲਿਆਈਏ।

ਕੁਝ ਪਲ ਸਰਦਲ ਡੋਲਿਆ ਪਾਣੀ

***(ਅਗਲੇ ਸਫੇ 'ਤੇ ਜਾਰੀ)***

# ਝਾਂਸਾ ਨਹੀਂ ਆਇਆ ਝਾਂਸੀ ਤੋਂ

**ਸ਼ਬਦ ਝਰੋਖਾ**



ਬਲਜੀਤ ਬਾਸੀ
ਫੋਨ: 734-259-9353

ਇਸ ਕਾਲਮ ਰਾਹੀਂ ਇਹ ਗੱਲ ਕਈ ਵਾਰੀ ਸਾਂਝੀ ਕਰ ਚੁਕੇ ਹਾਂ ਕਿ ਸਮਾਜ ਦੇ ਕਿਸੇ ਪਹਿਲੂ ਧਰਮ, ਰਾਜਨੀਤੀ, ਸਭਿਆਚਾਰ, ਵਿਗਿਆਨ ਆਦਿ ਵਿਚ ਤੀਬਰ ਮਨੁੱਖੀ ਸਰਗਰਮੀ ਕਾਰਨ ਅਨੇਕਾਂ ਸ਼ਬਦ, ਉਕਤੀਆਂ, ਮੁਹਾਵਰੇ, ਨਾਹਰੇ, ਬੋਲੇ ਆਦਿ ਹੋਂਦ ਵਿਚ ਆਉਂਦੇ ਹਨ। ਪੁਰਾਣੇ ਸ਼ਬਦ ਨਵੇਂ ਅਰਥ ਗ੍ਰਹਿਣ ਕਰ ਜਾਂਦੇ ਹਨ। ਰਾਜਨੀਤਕ ਸਰਗਰਮੀਆਂ ਦੌਰਾਨ ਪਾਰਟੀਆਂ ਇੱਕ ਦੂਜੇ 'ਤੇ ਵਿਅੰਗ ਕੱਸਦੀਆਂ ਹਨ ਤਾਂ ਸ਼ਬਦਾਂ ਤੇ ਵਰਤਣੀਆਂ ਨੂੰ ਕਿਧਰ ਦਾ ਕਿਧਰ ਲੈ ਜਾਂਦੀਆਂ ਹਨ। ਅੱਜ ਕਲ ਚੌਕੀਦਾਰ ਦੀ ਖੂਬ ਜੱਖਣਾ ਪੁੱਟੀ ਜਾ ਰਹੀ ਹੈ। ਕੋਸ਼ਕਾਰ ਤੇ ਨਿਰੁਕਤਸ਼ਾਸਤਰੀ ਭਾਸ਼ਾ ਵਿਚ ਆਈਆਂ ਇਨ੍ਹਾਂ ਤਬਦੀਲੀਆਂ ਨੂੰ ਨੋਟ ਕਰਦੇ ਹਨ। ਮੇਰੇ ਮਿੱਤਰ ਹਿੰਦੀ ਦੇ ਨਿਰੁਕਤਸ਼ਾਸਤਰੀ ਅਜਿਤ ਵਡਨੇਰਕਰ ਨੇ ਪਿੱਛੇ ਜਿਹੇ ਝਾਂਸਾ ਸ਼ਬਦ ਦਾ ਖੁਰਾ ਖੋਜ ਲੱਭਿਆ ਹੈ। ਪ੍ਰਸੰਗ ਇਹ ਹੈ ਕਿ ਅੱਜ ਕਲ ਚੋਣਾਂ ਦੇ ਦਿਨ ਹਨ ਤੇ ਵਿਭਿੰਨ ਰਾਜਨੀਤਕ ਪਾਰਟੀਆਂ ਇੱਕ ਦੂਜੇ 'ਤੇ ਝਾਂਸੇਬਾਜ਼ੀ ਕਰਨ ਦਾ ਦੋਸ਼ ਲਾ ਰਹੀਆਂ ਹਨ, ਇਥੋਂ ਤੱਕ ਕਿ ਇੱਕ ਦੂਜੇ ਦੀ ਹਰ ਜਾਇਜ਼-ਨਾਜਾਇਜ਼ ਗੱਲ ਨੂੰ ਝਾਂਸਾ ਗਰਦਾਨਿਆ ਜਾ ਰਿਹਾ ਹੈ। ਅੱਜ ਮੈਂ ਇਸ ਸ਼ਬਦ ਬਾਰੇ ਵਡਨੇਰਕਰ ਦਾ ਲੇਖ ਆਪਣੇ ਸ਼ਬਦਾਂ ਵਿਚ ਪੇਸ਼ ਕਰਨ ਜਾ ਰਿਹਾ ਹਾਂ, ਕੁਝ ਆਪਣੇ ਵਾਧਿਆਂ ਸਮੇਤ।

ਕੁਝ ਦਿਨ ਪਹਿਲਾਂ ਕਾਂਗਰਸ ਪਾਰਟੀ ਨੇ ਆਪਣਾ ਮੈਨੀਫੈਸਟੋ ਜਾਰੀ ਕੀਤਾ ਤਾਂ ਭਾਜਪਾ ਨੇ ਇਸ ਨੂੰ ਝਾਂਸਾ-ਪੱਤਰ ਕਹਿ ਕੇ ਠੁਕਰਾ ਦਿੱਤਾ। ਫਿਰ ਸੰਕਲਪ-ਪੱਤਰ ਦੇ ਨਾਂ ਹੇਠ ਭਾਜਪਾ ਨੇ ਆਪਣੀ ਫੁੱਲਝੜੀ ਚਲਾਈ ਤਾਂ ਕਾਂਗਰਸ ਨੇ ਮੋੜਵੇਂ ਤੌਰ 'ਤੇ ਇਸ ਨੂੰ ਵੀ ਝਾਂਸਾ-ਪੱਤਰ ਕਹਿ ਕੇ ਇੱਟ ਦਾ ਜਵਾਬ ਇੱਟ ਵਿਚ ਹੀ ਦੇ ਦਿੱਤਾ। ਕਿਸੇ ਨਾਲ ਧੋਖਾਧੜੀ ਕਰਨ ਦੇ ਅਰਥਾਂ ਵਿਚ ਸਾਡੀਆਂ ਭਾਸ਼ਾਵਾਂ ਵਿਚ ਬੋਲਚਾਲ ਦਾ ਸ਼ਬਦ ਝਾਂਸਾ ਪ੍ਰਚਲਿਤ ਹੈ। ਝਾਂਸਾ ਦੇਣਾ ਜਾਂ ਝਾਂਸਾ ਖਾਣਾ ਮੁਹਾਵਰੇ ਵੀ ਖੂਬ ਚਲਦੇ ਹਨ। ਸਮਾਜਕ ਜੀਵਨ ਵਿਚ ਕਈ ਠੱਗ ਕਿਸਮ ਦੇ ਲੋਕ ਨੌਕਰੀਆਂ ਜਾਂ ਵਿਆਹ ਦਾ ਝਾਂਸਾ ਦੇ ਕੇ ਲੋਕਾਂ ਨੂੰ ਫੁਸਲਾ ਲੈਂਦੇ ਹਨ ਤੇ ਝਾਂਸਾ ਖਾਣ ਵਾਲਾ ਹੱਥ ਮਲਦਾ ਹੀ ਰਹਿ ਜਾਂਦਾ ਹੈ।

ਭਾਸ਼ਾ ਵਿਗਿਆਨੀਆਂ ਅਨੁਸਾਰ ਇਸ ਸ਼ਬਦ ਦਾ ਨਾਤਾ ਸੰਸਕ੍ਰਿਤ ਸ਼ਬਦ 'ਅਧਿਯਾਸ'



ਨਾਲ ਹੈ। ਇਕ ਇਤਲਾਹ ਅਨੁਸਾਰ ਇਸ ਦਾ ਪ੍ਰਾਕ੍ਰਿਤ ਰੂਪ 'ਅਜਝਾਸ' ਹੈ। ਅਕਸਰ 'ਧ' ਅਤੇ 'ਯ' ਰਲ ਕੇ 'ਝ' ਵਿਚ ਵਟ ਜਾਂਦੇ ਹਨ। ਅਧਿਆਪਕ ਵਾਲੇ ਲੇਖ ਵਿਚ ਅਸੀਂ ਦੇਖਿਆ ਸੀ ਕਿ 'ਓਝਾ' ਸ਼ਬਦ 'ਉਪਾਧਯਾਯ' (ਪੰਜਾਬੀ ਉਪਾਧਿਆਇ) ਤੋਂ ਬਣਿਆ ਹੈ। ਓਝਾ ਦਾ ਵਿਕਾਸ ਇਸ ਤਰ੍ਹਾਂ ਹੋਇਆ ਹੋਵੇਗਾ: ਉਪਾਧਯਾਯ> ਉਵਜਝਾਯ> ਉਅਝਾ> ਓਝਾ। ਇਸ ਵਿਚਲੀ 'ਓ' ਧੁਨੀ ਅਲੋਪ ਹੋਣ ਨਾਲ 'ਝਾ' ਹੀ ਰਹਿ ਗਿਆ। ਸੰਸਕ੍ਰਿਤ 'ਅਧਯਾਸ' ਵਿਚ ਆਸਣ ਸਥਾਨ, ਉਪਰ ਬੈਠਣ, ਅਧਿਕਾਰ ਵਿਚ ਕਰਨ ਦੇ ਨਾਲ ਨਾਲ ਮਿਥਿਆ ਆਰੋਪਣ ਦਾ ਆਸ਼ਾ ਵੀ ਹੈ। ਇਹ ਸ਼ਬਦ ਬਣਿਆ ਹੈ, ਆਸਣ ਸ਼ਬਦ ਵਿਚਲੇ ਧਾਤੂ 'ਆਸ' ਅੱਗੇ 'ਅਧਿ' ਅਗੇਤਰ ਲਾਉਣ ਨਾਲ। ਇਸ ਅਗੇਤਰ ਵਿਚ ਅਧਿਕਤਾ ਦੇ ਅਰਥ ਹਨ ਜਿਵੇਂ ਅਧਿਕਾਰ, ਅਧਿਨਾਇਕ ਸ਼ਬਦਾਂ ਵਿਚ ਮਾਲੂਮ ਕੀਤਾ ਜਾ ਸਕਦਾ ਹੈ। ਇਸ ਵਿਚ ਉਪਰ, ਬਤਤ, ਉਚਾਈ, ਸਿਰੇ ਦੀ ਗੱਲ, ਸ੍ਰੇਸ਼ਟਤਾ ਦੇ ਭਾਵ ਹਨ। ਕੁਲ ਮਿਲਾ ਕੇ ਅਧਿ ਵਿਚ ਅਧਿਕਤਾ ਦੀ ਹੀ ਗੱਲ ਹੈ। ਜਦ ਕੁਰਸੀ ਦੀ ਗੱਲ ਹੋਵੇ ਤਾਂ ਅਧਿਕਤਾਈ ਸੱਤਾ ਤੱਕ ਅਪੜੇਗੀ ਹੀ।

ਆਸਣ ਵਿਚਲੇ ਆਸ ਵਿਚ ਬੈਠਣ, ਲੇਟਣ, ਰਹਿਣ, ਨਿਵਾਸ ਕਰਨ ਦੇ ਭਾਵ ਵੀ ਹਨ ਅਤੇ ਝੂਠ, ਬਨਾਵਟ, ਭ੍ਰਾਂਤੀ, ਚਿੱਟਾ ਝੂਠ, ਚਾਲਬਾਜ਼ੀ, ਕਪਟ ਜਿਹੀ ਗੱਲ ਵੀ ਹੈ। ਇਸ ਦੇ ਨਾਲ ਹੀ ਆਸ ਦਾ ਇਕ ਅਰਥ ਬਿਨਾ ਕਿਸੇ ਰੁਕਾਵਟ, ਕੁਝ ਵੀ ਕਰਨਾ ਹੈ। ਆਸਣ ਸ਼ਬਦ ਇਸੇ ਆਸ ਧਾਤੂ ਤੋਂ ਨਿਕਲਿਆ ਹੈ, ਜਿਸ ਦਾ ਅਰਥ ਬੈਠਣਾ, ਬੈਠਣ ਦਾ ਸਥਾਨ, ਕੁਰਸੀ, ਸਿੰਘਾਸਣ ਆਦਿ ਹੈ। ਉਦਾਸ ਸ਼ਬਦ ਵਿਚ ਵੀ ਇਹੋ ਧਾਤੂ ਵੜਿਆ ਹੋਇਆ ਹੈ। ਇਸ ਦੇ ਅੱਗੇ ਉਦ ਅਗੇਤਰ ਲੱਗ ਕੇ ਉਦਾਸ ਬਣਿਆ, ਜਿਸ ਦਾ ਮੁਢਲਾ ਭਾਵ ਪਰੇ ਬੈਠਣ ਤੋਂ ਬਣਦਾ ਹੈ। ਗੁਰੂ ਨਾਨਕ ਦੀਆਂ ਉਦਾਸੀਆਂ ਵਿਚ ਦੁਨੀਆਂ ਤੋਂ ਪਰੇ ਹੋਣ ਦਾ ਆਸ਼ਾ ਹੈ।

ਖੈਰ, ਆਸਣ ਸ਼ਬਦ ਵਿਚ ਆਪਣੀ 'ਪਦਵੀ ਅਨੁਸਾਰ ਸਥਾਨ' ਲੈਣ ਤੋਂ ਵੀ ਮੁਰਾਦ ਹੈ। ਆਸਣ ਆਪਣੇ ਤੌਰ 'ਤੇ ਬੁਧੀ ਅਤੇ ਪ੍ਰਤਿਸ਼ਠਾ ਨਾਲ ਜੁੜਿਆ ਹੈ, ਪਰ ਇਸ ਨਾਲ 'ਅਧਿ' ਅਗੇਤਰ ਲੱਗ ਕੇ ਬਣੇ 'ਅਧਿਯਾਸ' ਸ਼ਬਦ ਵਿਚ ਉਪਰ ਬੈਠਣਾ ਜਿਹੇ ਅਰਥ ਦਿੰਦਾ ਹੈ। ਉਪਰ ਬੈਠਣ ਦੀ ਸਥਿਤੀ ਦਾ ਮਤਲਬ ਹੈ, ਕਿਸੇ 'ਤੇ ਹਾਵੀ ਹੋ ਜਾਣਾ। ਉਚਾਈ ਦਾ ਰਿਸ਼ਤਾ ਆਕੜ ਨਾਲ ਹੈ। ਇਸ ਤਰ੍ਹਾਂ ਅਧਿਯਾਸ ਵਿਚ ਅਯੋਗ ਹੁੰਦਿਆਂ ਵੀ ਯੋਗਤਾ ਦਾ ਦਿਖਾਵਾ ਕਰਨਾ, ਆਸਣ ਜਾਂ ਕੁਰਸੀ ਦੇ ਲਾਇਕ ਨਾ ਹੁੰਦਿਆਂ ਵੀ ਇਸ ਦਾ ਰੁਹਬ ਜਮਾਉਣ ਵਾਲੀ ਗੱਲ ਆ ਜਾਂਦੀ ਹੈ।

ਆਪਟੇ ਦੇ ਸੰਸਕ੍ਰਿਤ ਕੋਸ਼ ਵਿਚ ਅਧਿਯਾਸ ਦਾ ਅਰਥ ਮਿਥਿਆ ਆਰੋਪਣ ਹੈ ਅਰਥਾਤ ਝੂਠੀ ਛਵੀ, ਖੁਦ ਨੂੰ ਇਸ ਤਰ੍ਹਾਂ ਪੇਸ਼ ਕਰਨਾ, ਜੋ ਹਕੀਕਤ ਨਹੀਂ, ਇਸ ਤਰ੍ਹਾਂ ਰੁਹਬ ਜਤਾਉਣਾ ਕਿ 'ਮੈਂ ਹਾਂ ਤਾਂ ਸਭ ਮੁਮਕਿਨ ਹੈ।' ਕੁਝ ਇਸ ਤਰ੍ਹਾਂ ਜਿਵੇਂ ਰੱਸੀ ਨੂੰ ਸੱਪ ਸਮਝ ਬੈਠਣਾ। ਅਧਿਯਾਸ ਨਾਲ ਮੁੱਖ ਤੌਰ 'ਤੇ ਭਰਮ ਤੋਂ ਪੈਦਾ ਹੋਇਆ ਗਿਆਨ ਹੈ, ਪਰ ਆਮ ਲੋਕਾਂ ਦੀਆਂ ਨਜ਼ਰਾਂ ਵਿਚ ਇਸ ਦਾ ਵਿਸਤਾਰ ਝੂਠ, ਕਪਟ, ਜਾਅਲਸਾਜ਼ੀ, ਠੱਗੀ ਠੋਰੀ ਗੱਲ ਕਿ ਝਾਂਸਾ ਹੋ ਨਿਬੜਿਆ।

ਭਾਜਪਾ ਅਤੇ ਕਾਂਗਰਸ ਇੱਕ ਦੂਜੇ ਦੇ ਮੈਨੀਫੈਸਟੋ ਨੂੰ ਝਾਂਸਾਪੱਟੀ ਕਹਿ ਰਹੇ ਹਨ। ਇਸ ਵਿਚਲੇ ਪੱਟੀ ਸ਼ਬਦ ਵਿਚ ਨਿਹਿਤ ਪਾਠ ਦਾ ਭਾਵ ਸਾਫ ਪੜ੍ਹਿਆ ਜਾ ਸਕਦਾ ਹੈ। ਵਿਦਿਆਰਥੀਆਂ ਨੂੰ ਪੱਟੀ (ਫੱਟੀ) 'ਤੇ ਪੜ੍ਹਾਇਆ ਜਾਂਦਾ ਹੈ, ਇਸ ਲਈ ਪੱਟੀ ਸ਼ਬਦ ਵਿਚ ਪੜ੍ਹਨ ਦੇ ਸੰਕੇਤ ਆ ਗਏ ਹਨ। ਧਿਆਨ ਦਿਓ, ਕਿਸੇ ਨੂੰ 'ਪੱਟੀ ਪੜ੍ਹਾਉਣਾ' ਮੁਹਾਵਰੇ ਵੱਲ। ਆਪਣਾ ਮਤਲਬ ਸਿੱਧ ਕਰਨ ਲਈ ਜ਼ਬਰਦਸਤੀ ਆਪਣੇ ਗਿਆਨ ਦਾ ਰੁਹਬ ਪਾਉਣਾ, ਖੁਦ ਨੂੰ ਆਹਲਾ ਸਾਬਿਤ ਕਰਨਾ, ਕਿਸੇ ਨੂੰ ਧੋਖੇ ਵਿਚ ਰੱਖਣਾ, ਵਰਗਲਾਉਣਾ ਆਦਿ ਜਿਹੇ ਭਾਵ ਝਾਂਸੇ ਵਿਚ ਆਉਂਦੇ ਹਨ।

ਝਾਂਸਾ ਸ਼ਬਦ ਪਿਛੇ ਫਾਰਸੀ ਪਿਛੇਤਰ 'ਬਾਜ਼' ਲੱਗ ਕੇ ਝਾਂਸੇਬਾਜ਼ ਬਣ ਗਿਆ। ਬਾਜ਼ ਅਗੇਤਰ ਦਾ ਅਰਥ ਹੁੰਦਾ ਹੈ, ਖੇਡਣ ਵਾਲਾ ਜਿਵੇਂ ਕਬੂਤਰਬਾਜ਼, ਪਤੰਗਬਾਜ਼, ਸ਼ੋਸ਼ੇਬਾਜ਼। ਸੋ, ਝਾਂਸੇਬਾਜ਼ ਦਾ ਮਤਲਬ ਹੋਇਆ, ਝਾਂਸਾ ਦੇਣ ਵਾਲਾ, ਵਰਗਲਾਉਣ ਵਾਲਾ। ਝਾਂਸਾਬਾਜ਼ੀ ਵੀ ਜਾਣੋ ਇੱਕ ਖੇਡ ਹੀ ਹੈ, ਜੋ ਦੂਜਿਆਂ ਨੂੰ ਠੱਗ ਕੇ ਖੇਡੀ ਜਾਂਦੀ ਹੈ। ਪਰ ਖੇਦ ਹੈ, ਝਾਂਸਾ ਖਾਣ ਵਾਲੇ ਲਈ ਕੋਈ ਸ਼ਬਦ ਨਹੀਂ ਬਣਿਆ। ਕੀ ਝਾਂਸੇਪੱਟਿਆ ਚੱਲ ਸਕਦਾ ਹੈ? ਵਡਨੇਰਕਰ ਨੇ ਝਾਂਸਾਗ੍ਰਸਤ ਸੁਝਾਇਆ ਹੈ।

# ਪਲ ਪਲ ਦੀ ਪਰਿਕਰਮਾ

(ਪਿਛਲੇ ਸਫੇ ਦੀ ਬਾਕੀ)

ਮਿਲਣ ਤਾਂ ਸ਼ੁਕਰ ਮਨਾਈਏ
ਕੁਝ ਪਲ ਹੁੰਦੇ ਅਦਬ ਜਿਉਂਦਾ
ਅਦਬ, ਅਦਾਬ ਬਣਾਈਏ।

ਕੁਝ ਪਲ ਹੁੰਦੇ ਮੁਹੱਬਤਨਾਮਾ
ਹਰਫ ਹਰਫ ਹੋ ਜਾਈਏ
ਕੁਝ ਪਲ ਹੁੰਦੇ ਕਵਿਤਾ ਵਰਗੇ
ਰੇਸ਼ਮ ਪੱਟ ਹੰਢਾਈਏ।

ਕੁਝ ਪਲ ਹੁੰਦੇ ਤਹਿਜ਼ੀਬ ਦਾ ਵਰਕਾ
ਸਮਿਆਂ ਨੂੰ ਸਮਝਾਈਏ
ਵਰਤਮਾਨ ਦੀ ਹਿੱਕੜੀ ਉਪਰ
ਤਾਰਾ ਮੰਡਲ ਉਗਾਈਏ।

ਕਦੇ ਉਸ ਪਲ ਦੀ ਉਡੀਕ ਨਾ ਕਰੋ, ਜੋ ਸੰਪੂਰਨ ਹੋਵੇ ਸਗੋਂ ਅਪੂਰਨ ਪਲਾਂ ਨੂੰ ਸੰਪੂਰਨ ਕਰਨ ਦੀ ਸਮਰੱਥਾ ਹੋਵੇ ਤਾਂ ਜ਼ਿੰਦਗੀ ਵੀ ਸੰਪੂਰਨ ਹੋ ਜਾਂਦੀ।

ਪਲਾਂ ਨੂੰ ਕਦੇ ਵੀ ਸਾਹਾਂ ਦੀ ਗਿਣਤੀ ਵਿਚ ਨਾ ਉਲਝਾਓ ਸਗੋਂ ਜ਼ਿੰਦਗੀ ਦੇ ਪੱਲੇ ਵਿਚ ਜ਼ਿੰਦਾਦਿਲ ਪਲਾਂ ਨੂੰ ਪਾਓ ਅਤੇ ਜੀਵਨ-ਜਾਚ ਨੂੰ ਅਪਨਾਓ, ਜੀਵਨ ਸੁਹੰਢਣਾ ਹੋ ਜਾਵੇਗਾ।

ਪਲ ਉਹੀ ਸਦਗੁਣਾ ਜਦ ਜੀਵਨ ਦੀ ਸੋਝੀ ਆ ਜਾਵੇ, ਜੀਵਨ ਬਦਲ ਜਾਵੇ ਕਿਉਂਕਿ ਪਲ ਨੇ ਹੀ ਪਲਾਂ ਨੂੰ ਬਦਲਣ ਦਾ ਕਰਮ ਕਰਨਾ ਹੁੰਦਾ।

ਪਲ ਪਲ ਜ਼ਿੰਦਗੀ ਦਾ ਜਸ਼ਨ ਮਨਾਓ। ਜੀਵਨ ਨੂੰ ਸੋਗ ਦੇ ਲੇਖੇ ਨਾ ਲਾਓ ਅਤੇ ਸਾਹਾਂ ਵਿਚ ਸਿਸਕੀ ਨਾ ਉਪਜਾਓ। ਸਿਉਂਕੇ ਸਾਹਾਂ ਦੀ ਖੁਦ ਕੋਈ ਅਉਧ ਨਹੀਂ ਹੁੰਦੀ।

ਪਲ ਤੇ ਪੀੜ ਦਾ ਸਾਥ ਵਿਚੋਂ ਪ੍ਰਾਪਤੀ। ਪਲ ਤੇ ਪਕੜ ਦੀ ਸਾਂਝ ਵਿਚੋਂ ਸਫਲਤਾ। ਪਲ ਦੀ ਪੁਣਛਾਣ ਰਾਹੀਂ ਪੁਖਤਗੀ। ਪਲ ਤੇ ਪਹਿਲ ਵਿਚੋਂ ਪਹਿਲ-ਕਦਮੀ। ਪਲ ਦੇ ਪ੍ਰਭਾਵ ਵਿਚੋਂ ਪ੍ਰਤਿਭਾ। ਪਲ ਦੀ ਪ੍ਰਤੀਬੱਧਤਾ ਰਾਹੀਂ ਪਰਮਾਣ।

ਬੀਤੇ ਹੋਏ ਪਲ ਕਦੇ ਨਹੀਂ ਪਰਤਦੇ ਅਤੇ ਨਾ ਹੀ ਲਏ ਹੋਏ ਸਾਹਾਂ ਨੇ ਫਿਰ ਧੜਕਣ ਬਣਨਾ। ਸਗੋਂ ਹਥਲੇ ਪਲ ਅਤੇ ਆਉਂਦੇ ਸਾਹਾਂ ਦੀ ਸਾਰਥਕਤਾ ਲਈ ਖੁਦ ਨੂੰ ਅਰਪਿਤ ਕਰਕੇ, ਜੀਵਨ ਨੂੰ ਅਜਾਈਂ ਗਵਾਉਣ ਤੋਂ ਬਚਾਇਆ ਜਾ ਸਕਦਾ। ਪਤਾ ਨਹੀਂ ਅਗਲਾ ਸਾਹ ਆਵੇ ਕਿ ਨਾ ਆਵੇ?

# ਅੰਗਰੇਜ਼ ਸਰਕਾਰ ਦੀ ਮਸ਼ੀਨਰੀ ਦੇ ਕਲ-ਪੁਰਜ਼ੇ

## ਜ਼ੈਲਦਾਰ, ਲੰਬੜਦਾਰ ਅਤੇ ਸਫੈਦਪੋਸ਼

### ਜ਼ੈਲਦਾਰ

ਜ਼ੈਲਦਾਰ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦੇ ਅਰਥ ਹਨ, ਸਫਾਈ ਸੇਵਕ ਅਤੇ ਕੋਈ ਵੀ ਘਟੀਆ ਕੰਮ ਕਰਨ ਵਾਲਾ। ਇਸ ਦੇ ਭਾਵੁਕ ਅਰਥ ਹਨ, ਅੰਗਰੇਜ਼ ਸਰਕਾਰ ਦੇ ਵਫਾਦਾਰ, ਪਿੰਡਾਂ ਵਿਚ ਅੰਗਰੇਜ਼ ਸਰਕਾਰ ਦੇ ਵਿਰੋਧੀਆਂ ਦੀ ਸਫਾਈ ਕਰਨ ਵਾਲੇ। ਜੇ ਕਿਤੇ ਵੀ ਅੰਗਰੇਜ਼ ਸਰਕਾਰ ਵਿਰੁਧ ਕੋਈ ਕਾਰਵਾਈ ਦਾ ਉਨ੍ਹਾਂ ਨੂੰ ਪਤਾ ਲਗਦਾ ਤਾਂ ਇਕ ਦੂਜੇ ਤੋਂ ਮੂਹਰੇ ਹੋ ਕੇ ਜਿਲੇ ਦੇ ਪੁਲਿਸ ਕਮਿਸ਼ਨਰ ਅਤੇ ਡੀ. ਸੀ. ਨੂੰ ਖਬਰ ਦੇਣ ਨੂੰ ਭੱਜਦੇ। ਇਹ ਅੰਗਰੇਜ਼ ਸਰਕਾਰ ਦੇ ਰੋਹਬਦਾਬ ਅਤੇ ਤਪ-ਤੇਜ਼ ਨੂੰ ਮਜ਼ਬੂਤ



ਵਾਸਦੇਵ ਸਿੰਘ ਪਰਹਾਰ
ਫੋਨ: 206-434-1155

ਬਣਾਉਂਦੇ। ਇਸ ਸਰਕਾਰੀ ਪਿੱਠੂਪੁਣੇ ਦੇ ਸਹਾਰੇ ਇਹ ਬਹੁਤ ਆਪਹੁਦਰੇ, ਜ਼ਾਲਮ ਅਤੇ ਚੋਰ-ਉਚੱਕਿਆਂ ਨੂੰ ਆਪਣੇ ਹੱਥ ਰੱਖਦੇ। ਇਹ ਸੰਸਥਾ ਅੰਗਰੇਜ਼ਾਂ ਨੇ ਸੰਨ 1870 ਵਿਚ ਕਾਇਮ ਕੀਤੀ ਸੀ। ਇਨ੍ਹਾਂ ਨੂੰ ਆਮ ਜਨਤਾ ਨਾਲ ਵਧੀਕੀਆਂ ਕਰਨ ਦੀ ਖੁੱਲ੍ਹ ਸੀ। ਇਹ ਖੁਦ ਬੜੇ ਬਦਚਲਨ ਹੁੰਦੇ ਸਨ। ਪਿੰਡ ਦੇ ਇਕ ਜਾਂ ਦੋ ਕੰਮੀਆਂ ਦੀ ਇਹ ਡਿਊਟੀ ਲਾ ਦਿੰਦੇ ਕਿ ਰੋਜ਼ ਆ ਕੇ ਉਨ੍ਹਾਂ ਦੇ ਘਰ ਮੱਝਾਂ, ਘੋੜੀਆਂ ਨੂੰ ਪੱਠੇ ਪਾਉਣੇ ਅਤੇ ਜ਼ੈਲਦਾਰ ਦੀ ਸੇਵਾ ਵਿਚ ਹਾਜ਼ਰ ਰਹਿਣਾ। ਪੁਲਿਸ ਅਤੇ ਹੋਰ ਸਰਕਾਰੀ ਅਫਸਰਾਂ ਨੂੰ ਲੋਕਾਂ ਤੋਂ ਰਿਸ਼ਵਤ ਦਿਵਾਉਣੀ ਅਤੇ ਵਿਚੋਂ ਅੱਧ ਕੁ ਆਪਣੇ ਲਈ ਰੱਖ ਲੈਣਾ ਤਾਂ ਆਮ ਗੱਲ ਸੀ। ਇਹ ਆਪਣੇ ਵਿਰੋਧੀਆਂ ਅਤੇ ਦੇਸ਼ ਭਗਤਾਂ 'ਤੇ ਝੂਠੇ ਕੇਸ ਪੁਆ ਕੇ ਤੰਗ ਕਰਦੇ।

ਇਹ ਲੋਕ ਬੱਬਰਾਂ ਦੇ ਦੇਸ਼ ਦੀ ਆਜ਼ਾਦੀ ਹਾਸਿਲ ਕਰਨ ਦੇ ਤਹੱਈਏ ਵਿਚ ਵੱਡਾ ਅੜਿੱਕਾ ਸਨ। ਇਸ ਲਈ ਬੱਬਰਾਂ ਨੇ ਅੰਗਰੇਜ਼ ਸਰਕਾਰ ਦੀ ਮਸ਼ੀਨਰੀ ਫੇਲ੍ਹ ਕਰਨ ਲਈ ਪਹਿਲਾਂ ਇਨ੍ਹਾਂ ਪੁਰਜ਼ਿਆਂ ਨੂੰ ਨਕਾਰਾ ਕਰਨ ਦਾ ਕੰਮ ਅਰੰਭਿਆ। ਪਹਿਲਾਂ ਖਾਸ ਸਰਕਾਰ ਦੇ ਝੋਲੀ ਚੁੱਕਾਂ ਨੂੰ ਚਿੱਠੀਆਂ ਲਿਖ ਕੇ ਤਾੜਨਾ ਕੀਤੀ ਕਿ ਸਰਕਾਰ ਦੇ ਪਿੱਠੂਪਣੇ ਤੋਂ ਬਾਜ਼ ਆ ਜਾਓ, ਵਰਨਾ ਸੁਧਾਰ ਅਥਵਾ ਕਤਲ ਹੋਣ ਲਈ ਤਿਆਰ ਰਹੋ। ਚਿੱਠੀਆਂ ਮਿਲਣ 'ਤੇ ਕਈ ਕਮਜ਼ੋਰ ਦਿਲੇ ਤਾਂ ਆਪਣੇ ਘਰੀਂ ਵੀ ਨਾ ਸੌਂਦੇ, (ਕਥਿਤ) ਕੰਮੀਆਂ ਦੇ ਘਰੀਂ ਸੌਂਦੇ, ਕਈ ਰਾਤਾਂ ਨੂੰ ਹੜਬੜਾ ਕੇ ਉਠ ਖੜ੍ਹਦੇ। ਮਾਹਿਲਪੁਰ ਦਾ ਜ਼ੈਲਦਾਰ ਰਾਮ ਨਰੈਣ ਸਿੰਘ ਬੈਂਸ ਬੱਬਰਾਂ ਦੀ ਦਹਿਸ਼ਤ ਨਾਲ ਰਾਤ ਨੂੰ ਕੋਠੇ 'ਤੇ ਸੁੱਤਾ ਬੁੜਬੁੜਾ ਉਠਦਾ, 'ਬੱਬਰ ਆ ਗਏ, ਮੈਨੂੰ ਬਚਾਉ ਲੋਕੋ।' ਇੰਜ ਆਖਦਾ ਕੋਠੇ ਤੋਂ ਡਿੱਗ ਕੇ ਮਰ ਗਿਆ। ਬਿਅੰਤ ਸਿੰਘ ਬੈਂਸ (ਨੰਗਲ ਕਲਾਂ) ਬੱਬਰਾਂ ਨੇ ਸੋਧ ਦਿੱਤਾ। ਬਿਸ਼ਨ ਸਿੰਘ ਕੰਬੋਜ (ਰਾਣੀਥੂਹਾ, ਤਹਿਸੀਲ ਫਗਵਾੜਾ) ਨੂੰ ਬਾਬੂ ਸੰਤ ਸਿੰਘ ਛੋਟੀ ਹਰੀਉਂ ਨੇ ਇਕੱਲਿਆਂ ਹੀ ਚਹੇੜੂ ਰੇਲਵੇ ਸਟੇਸ਼ਨ ਤੋਂ ਘੋੜੀ 'ਤੇ ਆਪਣੇ ਪਿੰਡ ਨੂੰ ਜਾਂਦੇ ਗੋਲੀਆਂ ਦਾ ਨਿਸ਼ਾਨਾ ਬਣਾਇਆ।

ਹਰ ਜ਼ੈਲਦਾਰ ਨੂੰ ਉਸ ਦੀ ਜ਼ੈਲ ਦੇ ਪਿੰਡਾਂ ਦੇ ਸਰਕਾਰੀ ਮਾਮਲੇ ਦਾ 10 ਫੀਸਦੀ ਮਿਲਦਾ ਸੀ। ਜੇ ਕਿਤੇ ਫਸਲ ਖਰਾਬ ਹੋਣ ਕਰਕੇ ਸਰਕਾਰ ਮਾਮਲਾ ਮੁਆਫ ਕਰ ਦੇਵੇ ਤਾਂ ਜ਼ੈਲਦਾਰਾਂ ਨੂੰ ਕੁਝ ਨਹੀਂ ਸੀ ਮਿਲਦਾ। ਅੰਗਰੇਜ਼ਾਂ ਨੇ ਜ਼ੈਲਦਾਰਾਂ ਵਿਚ ਭੇਤ ਪਾਉਣ ਲਈ ਤਿੰਨ ਦਰਜੇ ਬਣਾਏ ਹੋਏ ਸਨ, ਜਿਨ੍ਹਾਂ ਦੀਆਂ ਤਨਖਾਹਾਂ ਵਿਚ ਵੀ ਫਰਕ ਸੀ ਤਾਂ ਕਿ ਇਹ ਅੰਗਰੇਜ਼ ਸਰਕਾਰ ਦੀਆਂ ਨਜ਼ਰਾਂ ਵਿਚ ਹੋਰ ਚੰਗੇ ਬਣਨ ਲਈ ਸਰਕਾਰ ਦੀ ਖੈਰ-ਖਵਾਹੀ ਦਾ ਹੋਰ ਸਬੂਤ ਦੇਣ। ਸੰਨ 1885 'ਚ ਸਭ ਜ਼ੈਲਾਂ ਤੇ ਪਟਵਾਰ ਹਲਕਿਆਂ ਨੂੰ ਇਕਸਾਰ ਕੀਤਾ ਗਿਆ।

ਜ਼ੈਲਦਾਰਾਂ ਨੂੰ ਮੁਆਵਜ਼ਾ ਦੇਣ ਦਾ ਅਸਿੱਧਾ ਤਰੀਕਾ ਸੀ ਕਿ ਡਿਪਟੀ ਕਮਿਸ਼ਨਰ ਉਨ੍ਹਾਂ ਦੇ ਪੁੱਤਰਾਂ ਨੂੰ ਸਰਕਾਰੀ ਨੌਕਰੀਆਂ 'ਤੇ ਨਿਯੁਕਤ ਕਰ ਦਿੰਦੇ। ਉਦੋਂ ਨਾ ਕੋਈ ਸਿਲੈਕਸ਼ਨ ਬੋਰਡ ਜਾਂ ਕੋਈ ਹੋਰ ਸਰਕਾਰੀ ਨੌਕਰੀਆਂ ਵਿਚ ਭਰਤੀ ਕਰਨ ਦਾ ਤਰੀਕਾ ਸੀ। ਡਿਪਟੀ ਕਮਿਸ਼ਨਰਾਂ ਕੋਲ ਹੀ ਇਹ ਅਧਿਕਾਰ ਸਨ।

### ਲੰਬੜਦਾਰ

ਇਹ ਸ਼ਬਦ ਫਾਰਸੀ ਭਾਸ਼ਾ ਦੇ ਦੋ ਸ਼ਬਦਾਂ-'ਆਲਮ' ਤੇ 'ਬਰਦਾਰ' ਦਾ ਜੋੜ ਹੈ। ਆਲਮ ਦਾ ਅਰਥ ਹੈ, ਝੰਡਾ ਅਤੇ ਬਰਦਾਰ ਦਾ ਅਰਥ ਹੈ, ਚੁੱਕਣ ਵਾਲਾ। ਅੰਗਰੇਜ਼ੀ ਰਾਜ ਆਉਣ ਤੋਂ ਪਹਿਲਾਂ ਹਰ ਪਿੰਡ ਵਿਚ ਚੌਧਰੀ ਹੁੰਦਾ ਸੀ, ਜੋ ਲੋਕ ਆਪਣੀ ਮਰਜ਼ੀ ਨਾਲ ਚੁਣਦੇ। ਆਮ ਤੌਰ 'ਤੇ ਚੰਗੇ ਇਨਸਾਫਪਸੰਦ ਅਤੇ ਅਮੀਰ ਆਦਮੀ ਹੀ ਚੌਧਰੀ ਹੁੰਦੇ। ਇਹ ਰੁਤਬਾ ਜੱਦੀ ਪੁਸ਼ਤੀ ਨਹੀਂ ਸੀ। ਅੰਗਰੇਜ਼ ਸਰਕਾਰ ਨੇ 'ਪਾੜੋ ਤੇ ਰਾਜ ਕਰੋ' ਦੀ ਪਾਲਿਸੀ ਅਨੁਸਾਰ ਹਰ ਪਿੰਡ ਦੀ ਜਮੀਨ ਅਤੇ ਆਬਾਦੀ ਅਨੁਸਾਰ ਹਰ ਪਿੰਡ ਵਿਚ ਇਕ ਜਾਂ ਇਕ ਤੋਂ ਵੱਧ ਨੰਬਰਦਾਰ ਨਿਯੁਕਤ ਕੀਤੇ। ਨੰਬਰਦਾਰੀ (ਲੰਬੜਦਾਰੀ) ਜੱਦੀ ਪੁਸ਼ਤੀ ਸੀ। ਲੰਬੜਦਾਰ ਦਾ ਵੱਡਾ ਪੁੱਤਰ, ਲਾਇਕ ਹੋਵੇ ਜਾਂ ਨਾਲਾਇਕ, ਹੀ ਲੰਬੜ ਬਣਦਾ। ਲੰਬੜਦਾਰ ਇਕ ਪਿੰਡ ਵਿਚ ਕਈ ਕਈ ਹੁੰਦੇ, ਜੋ ਆਪਣੀ ਪੱਤੀ ਦੇ ਸਰਕਾਰੀ ਮਾਮਲੇ ਦੇ 2 ਫੀਸਦੀ ਹਿੱਸੇ ਦੇ ਹੱਕਦਾਰ ਹੁੰਦੇ ਸਨ। ਇਹ ਵੀ ਸਰਕਾਰੀ ਅਫਸਰਾਂ, ਪਟਵਾਰੀ, ਥਾਣੇਦਾਰ ਆਦਿ ਨਾਲ ਪੂਰਾ ਸਹਿਯੋਗ ਕਰਦੇ। ਪਿੰਡਾਂ ਵਿਚ ਆਪਣੀ ਦੁਸ਼ਮਣੀ ਕੱਢਣ ਲਈ ਵਿਰੋਧੀਆਂ ਨੂੰ ਥਾਣੇ ਸਦਵਾ ਕੇ ਬੇਇੱਜ਼ਤ ਕਰਵਾ ਦਿੰਦੇ। ਇਹ ਅੰਗਰੇਜ਼ ਸਰਕਾਰ ਦੇ ਮੁਢਲੇ ਥੰਮ੍ਹ ਸਨ।

ਜਦੋਂ 1947 ਵਿਚ ਭਾਰਤ ਆਜ਼ਾਦ ਹੋ ਗਿਆ ਤਾਂ ਜ਼ੈਲਦਾਰਾਂ ਦਾ ਰੁਤਬਾ ਤਾਂ ਖਤਮ ਕਰ ਦਿੱਤਾ ਗਿਆ, ਪਰ ਲੰਬੜਦਾਰਾਂ ਦੇ ਅਧਿਕਾਰ ਕੇਵਲ ਸਰਕਾਰੀ ਮਾਮਲਾ ਉਗਰਾਹ ਕੇ ਖਜ਼ਾਨੇ ਵਿਚ ਜਮ੍ਹਾਂ ਕਰਵਾਉਣ ਤਕ ਹੀ ਸੀਮਤ ਕਰ ਦਿੱਤੇ ਗਏ। ਅੰਗਰੇਜ਼ ਸਰਕਾਰ ਦੇ ਇਨ੍ਹਾਂ ਪਿੱਠੂਆਂ ਦੀ ਥਾਂ ਪਿੰਡ ਦੇ ਲੋਕਾਂ ਵਲੋਂ ਚੁਣੇ ਗਏ ਪੰਚਾਂ ਅਤੇ ਸਰਪੰਚਾਂ ਨੂੰ ਇਨ੍ਹਾਂ ਵਾਲੇ ਅਧਿਕਾਰ ਦਿੱਤੇ; ਭਾਵੇਂ ਸਰਕਾਰੀ ਮਾਮਲਾ ਇਹੀ ਉਗਰਾਹੁੰਦੇ। ਸ. ਪ੍ਰਤਾਪ ਸਿੰਘ ਕੈਰੋਂ ਦੇ ਸਮੇਂ ਉਨ੍ਹਾਂ ਦੇਖਿਆ ਕਿ ਸਰਕਾਰੀ ਮਾਮਲਾ ਉਗਰਾਹੁਣ ਅਤੇ ਲੰਬੜਦਾਰਾਂ ਦਾ 2 ਫੀਸਦੀ ਕਮਿਸ਼ਨ, ਇਨ੍ਹਾਂ ਉਪਰ ਪਟਵਾਰੀ, ਨਾਇਬ ਤਹਿਸੀਲਦਾਰ ਰੱਖਣ ਦਾ ਖਰਚਾ ਵੱਧ ਹੈ ਤਾਂ ਸਰਕਾਰ ਨੇ ਜਮੀਨ ਦਾ ਸਰਕਾਰੀ ਮਾਮਲਾ ਹੀ ਮੁਆਫ ਕਰ ਦਿੱਤਾ। ਅੱਜ ਕੱਲ੍ਹ ਲੰਬੜਦਾਰ ਬੇਤਾਜ ਬਾਦਸ਼ਾਹ ਹਨ। ਇਨ੍ਹਾਂ ਦੇ ਸਭ ਅਧਿਕਾਰ ਸਰਪੰਚਾਂ ਪਾਸ ਆ ਗਏ ਹਨ।

### ਸਫੈਦਪੋਸ਼

ਪਿੰਡ ਦੇ ਨੰਬਰਦਾਰਾਂ ਵਿਚੋਂ ਜੋ ਸਰਕਾਰੀ ਅਫਸਰਾਂ, ਤਹਿਸੀਲਦਾਰਾਂ, ਪਟਵਾਰੀਆਂ, ਥਾਣੇਦਾਰਾਂ ਆਦਿ ਨਾਲ ਵੱਧ ਸਹਿਯੋਗ, ਭਾਵ ਚਾਪਲੂਸੀ ਕਰੇ, ਉਸ ਨੂੰ ਸਫੈਦਪੋਸ਼ ਬਣਾ ਦਿੱਤਾ ਜਾਂਦਾ। ਉਂਜ, ਇਹ ਰੁਤਬਾ ਐਵੇਂ ਨਾਮ ਦਾ ਹੀ ਸੀ।

## ਮਿਨੀ ਕਹਾਣੀ

### ਕਰਵਾ ਚੌਥ

ਸਾਡੇ ਘਰ 'ਚ ਕਦੇ ਕਿਸੇ ਨੇ ਕਰਵਾ ਚੌਥ ਦਾ ਵਰਤ ਨਹੀਂ ਸੀ ਰੱਖਿਆ। ਇਥੇ ਅਮਰੀਕਾ ਵਿਚ ਸਾਡੇ ਗੁਆਂਢ ਇੱਕ ਹਿੰਦੂ ਪਰਿਵਾਰ ਰਹਿੰਦਾ ਹੈ, ਜਿਸ ਨਾਲ ਸਾਡੀ ਕਾਫੀ ਸਾਂਝ ਹੈ। ਇਸ ਵਾਰ ਜਦੋਂ ਇਸ ਪਰਿਵਾਰ ਦੀਆਂ ਔਰਤਾਂ ਨੇ ਕਰਵਾ ਚੌਥ ਦਾ ਵਰਤ ਰੱਖਿਆ ਤਾਂ ਮੇਰੀ ਘਰ ਵਾਲੀ ਨੇ ਵੀ ਵਰਤ ਰੱਖਣ ਦਾ ਮਨ ਬਣਾ ਲਿਆ।

ਕਰਵਾ ਚੌਥ ਵਾਲੇ ਦਿਨ ਸਵੇਰੇ ਸੂਰਜ ਨਿਕਲਣ ਤੋਂ ਪਹਿਲਾਂ ਕਿੱਲੋ ਕੁ ਸੇਬ ਅਤੇ ਹੋਰ ਨਿੱਕ-ਸੁੱਕ ਖਾ ਕੇ ਵਰਤ ਸ਼ੁਰੂ ਹੋ ਗਿਆ। ਦੁਪਹਿਰ ਤੱਕ ਮੇਰੀ ਘਰ ਵਾਲੀ ਡੈਂਟਿੰਗ ਪੇਂਟਿੰਗ ਕਰਵਾ ਕੇ ਨਵੀਂ ਵਿਆਹੀ ਦੁਲਹਨ ਵਾਂਗ ਸਜ ਗਈ। ਲਾਲ ਸੂਹਾ ਸੂਟ, ਕੂਲੇ ਹੱਥਾਂ ਉਤੇ ਸੂਹੀ ਮਹਿੰਦੀ, ਲਾਲ ਚੂੜੀਆਂ, ਪੈਰੀਂ ਚਾਂਦੀ ਦੀਆਂ ਝਾਂਜਰਾਂ-ਜਿੱਧਰ ਜਾਵੇ ਛਣ ਛਣ ਕਰਦੀ ਜਾਵੇ। ਲਾਲ ਸੇਬ ਵਰਗਾ ਚਿਹਰਾ-ਪਤਾ ਨਾ ਲੱਗੇ ਕਿ ਬਹੁਤੇ ਸੇਬ ਖਾਣ ਕਰ ਕੇ ਲਾਲ ਹੋਇਐ ਜਾਂ ਰੰਗ ਰੋਗਨ ਕਰ ਕੇ ਕੀਤਾ ਹੋਇਆ।

ਮੈਨੂੰ ਪਤਾ ਹੈ ਕਿ ਵਰਤ ਰੱਖਣ ਨਾਲ ਕਿਸੇ ਦੀ ਉਮਰ ਨਹੀਂ ਵਧਦੀ ਅਤੇ ਨਾ ਹੀ ਕੋਈ ਦੇਵੀ-ਦੇਵਤਾ ਖੁਸ਼ ਹੁੰਦਾ ਹੈ। ਹਾਂ, ਦੋ ਦੇਵਤੇ ਜਰੂਰ ਖੁਸ਼ ਹੋ ਗਏ। ਦੁਲਹਨ ਵਾਂਗ ਸਜ ਕੇ ਪਤਨੀ ਦੇਵੀ ਅਤੇ ਉਸ ਨੂੰ ਇਸ ਰੂਪ ਵਿਚ ਵੇਖ ਕੇ ਮੈਂ ਯਾਨਿ ਪਤੀ ਦੇਵ।

ਨਵੀਂ ਵਿਆਹੀ ਵਹੁਟੀ ਦੀ ਫੀਲਿੰਗ ਪੂਰੀ ਸਿਖਰ 'ਤੇ ਸੀ ਕਿ ਅਚਾਨਕ ਖੱਦਰ ਜਿਹੀ ਜੀਨ ਦੇ ਕੱਪੜੇ ਪਾਈ ਹੱਥ ਵਿਚ ਪੁਰਾਣਾ ਜਿਹਾ ਟਿਫਨ ਫੜੀ ਵੇਅਰਹਾਊਸ ਵਿਚ ਕੰਮ 'ਤੇ ਜਾਣ ਲਈ ਤਿਆਰ ਘਰ ਵਾਲੀ ਨੇ ਅੱਟਣਾਂ ਵਾਲੇ ਸਖਤ ਹੱਥਾਂ ਨਾਲ ਮੈਨੂੰ ਬੜੀ ਹੀ ਬੇਰਹਿਮੀ ਨਾਲ ਝੰਜੋੜ ਕੇ ਜਗਾ ਦਿੱਤਾ ਤੇ ਛੇਤੀ ਤਿਆਰ ਹੋ ਕੇ ਕੰਮ 'ਤੇ ਜਾਣ ਦੀ ਤਾਕੀਦ ਕਰਦੀ ਔਹ ਗਈ, ਔਹ ਗਈ!

-ਬਲਿਹਾਰ ਸਿੰਘ ਲੈਲ
lehalbalihar@gmail.com

# ਫਕੀਰ ਇਪੀ

*ਗੁਰਚਰਨ ਸਿੰਘ ਸਹਿੰਸਰਾ ਦੀ ਚਰਚਿਤ ਕਿਤਾਬ 'ਡਿਠੇ ਸੁਣੇ ਪਠਾਣ', ਜਿਸ ਵਿਚੋਂ ਇਹ ਲੇਖ 'ਫਕੀਰ ਇਪੀ' ਇਥੇ ਦਿੱਤਾ ਜਾ ਰਿਹਾ ਹੈ, ਦਾ ਨਵਾਂ ਐਡੀਸ਼ਨ ਲੋਕਗੀਤ ਪ੍ਰਕਾਸ਼ਨ (ਮੁਹਾਲੀ) ਨੇ ਛਾਪਿਆ ਹੈ। ਇਹ ਕਿਤਾਬ ਪਹਿਲਾਂ-ਪਹਿਲ 1980ਵਿਆਂ ਵਿਚ ਛਪ ਕੇ ਆਈ ਸੀ। ਦੇਸ਼ ਭਗਤ ਯਾਦਗਾਰ ਹਾਲ (ਜਲੰਧਰ) ਦੇ ਪਿਛਵਾੜੇ ਭਾਈ ਰਤਨ ਸਿੰਘ ਟਰੱਸਟ ਦਾ ਦਫਤਰ ਹੈ, ਜਿਥੇ ਗੁਰਚਰਨ ਸਿੰਘ ਸਹਿੰਸਰਾ ਦਾ ਸਾਥੀ ਕਾਮਰੇਡ ਮੋਹਣ ਸਿੰਘ ਜੌਹਲ ਹੁੰਦਾ ਸੀ। ਉਨ੍ਹਾਂ ਕੋਲ ਬਹੁਤ ਸਾਰੀਆਂ ਕਿਤਾਬਾਂ ਸਨ। ਇਕ ਦਿਨ ਉਹ ਪੂਰਨ ਸਿੰਘ ਫੁੱਲ ਕੋਲੋਂ ਉਨ੍ਹਾਂ ਬੰਦਿਆਂ ਦੇ ਨਾਂ ਪਤੇ ਲਿਖਵਾ ਰਹੇ ਸਨ, ਜਿਨ੍ਹਾਂ ਨੂੰ ਕਿਤਾਬਾਂ ਦੇਣੀਆਂ ਸਨ। ਮੈਂ ਕੁਝ ਕਿਤਾਬਾਂ ਖਰੀਦਣ ਦੀ ਗੱਲ ਕੀਤੀ, ਮੁੱਲ ਸ਼ਾਇਦ 50 ਰੁਪਏ (ਪੱਕਾ ਯਾਦ ਨਹੀਂ) ਸੀ। ਮੈਂ ਮੁੱਲ ਕੁਝ ਵਧੇਰੇ ਹੀ ਦੱਸਿਆ ਤਾਂ ਪੂਰਨ ਸਿੰਘ ਫੁੱਲ ਕਹਿਣ ਲੱਗਾ, 'ਕੱਢ 5 ਰੁਪਏ। ਤੂੰ ਮੁੱਲ ਹੀ ਸੁਣੇ ਆ, ਬਾਬਿਆਂ ਦੀਆਂ ਛੋਟਾਂ ਨਹੀਂ ਦੇਖੀਆਂ।' ਜੌਹਲ ਸਾਹਿਬ ਨੇ ਆਪਣੇ ਨਾਲੇ ਨਾਲੋਂ ਚਾਬੀਆਂ ਦਾ ਗੁੱਛਾ ਖੋਲ੍ਹਿਆ ਤੇ ਅਲਮਾਰੀ ਵਿਚੋਂ ਦੋ ਕਿਤਾਬਾਂ-'ਆਬ ਤੇ ਖੂਨ' (ਕਵਿਤਾ-ਮਾਸਟਰ ਦਰਸ਼ਨ ਸਿੰਘ) ਅਤੇ 'ਡਿੱਠੇ ਸੁਣੇ ਪਠਾਣ' ਮੇਰੇ ਹੱਥ ਚਾ ਫੜਾਈਆਂ। -ਕਸ਼ਮੀਰ ਸਿੰਘ ਕਾਂਗਣਾ, ਬੇਕਰਜ਼ਫੀਲਡ, ਫੋਨ: 661-331-5651*

ਗੁਰਚਰਨ ਸਿੰਘ ਸਹਿੰਸਰਾ

ਉਂਜ ਤਾਂ ਅਸੀਂ ਫਕੀਰ ਇਪੀ ਨੂੰ ਮਿਲ ਕੇ ਉਸ ਦੇ ਅੰਗਰੇਜ਼ੀ ਹਕੂਮਤ ਨਾਲ ਲਾਏ ਹੋਏ ਹਥਿਆਰਬੰਦ ਅਖਾੜੇ ਨੂੰ ਜਾਚਣ ਅਤੇ ਸਮਝਣ ਲਈ ਚਿਰਾਂ ਤੋਂ ਸਲਾਹ ਕਰ ਰਹੇ ਸਾਂ, ਪਰ ਕੌਮੀ ਆਜ਼ਾਦੀ ਦੀ ਲਹਿਰ ਦੀ ਨੁਹਾਰ, ਜਿਸ ਦੇ ਅਸੀਂ ਇਨਕਲਾਬੀ ਅੰਗ ਸਾਂ, ਤੇ ਇਸ ਦੇ ਤਾਅ ਦੀ ਨੀਵੀਂ ਪੱਧਰ ਅਤੇ ਆਪਣੇ ਕੰਮ ਤੇ ਪਿੜ ਦੀ ਸੌੜ੍ਹ ਨੇ ਸਾਨੂੰ ਮੌਕਾ ਹੀ ਨਾ ਦਿੱਤਾ ਕਿ ਹੋਰ ਕੰਮ ਛੱਡ ਕੇ ਇਸ ਪਾਸੇ ਉਚੇਚਾ ਧਿਆਨ ਦੇਈਏ; ਫਿਰ ਵੀ ਜੰਗ ਦੀਆਂ ਹਾਲਤਾਂ ਕਾਰਨ ਦੇਸ਼ ਦੀ ਕੌਮੀ ਲਹਿਰ ਵਿਚ ਆਏ ਜਨਤਕ ਉਭਾਰ, ਇਸ ਦੀ ਅੰਗਰੇਜ਼ੀ ਹਕੂਮਤ ਨਾਲ ਟੱਕਰ ਲੈਣ ਦੀ ਸੰਭਾਵਨਾ ਤੇ ਜਰਮਨਾਂ ਨਾਲ ਜੁੜੇ ਜੋੜ ਤੋਂ ਪੈਦਾ ਹੋਈ ਲੋੜ ਨੂੰ ਮੁੱਖ ਰੱਖ ਕੇ ਸਾਡੇ ਲਈ ਜ਼ਰੂਰੀ ਹੋ ਗਿਆ ਕਿ ਵਜ਼ੀਰਸਤਾਨ ਜਾ ਕੇ ਉਸ ਨੂੰ ਮਿਲਿਆ ਸਮਝਿਆ ਅਤੇ ਆਪਣੇ ਕੰਮ ਦੀ ਸਹਾਇਤਾ ਲਈ ਤਿਆਰ ਕੀਤਾ ਜਾਏ।

ਅਸੀਂ ਉਸ ਨਾਲ ਰਾਜਸੀ ਗਾਂਢਾ ਲਾਉਣ ਤੋਂ ਪਹਿਲਾਂ ਉਸ ਦਾ ਰਾਜਸੀ ਨਿਸ਼ਾਨਾ, ਕੰਮਕਾਰ ਦਾ ਢਾਂਚਾ, ਇਸ ਪਿਛੇ ਲੁਕਿਆ ਉਸ ਦਾ ਮੁੱਖ ਮੰਤਵ ਤੇ ਇਸ ਦੀ ਪ੍ਰਾਪਤੀ ਲਈ ਉਸ ਦੇ ਤੌਰ-ਤਰੀਕੇ ਜਾਣਨਾ ਚਾਹੁੰਦੇ ਸਾਂ ਤੇ ਜੇ ਉਹ ਸਾਨੂੰ ਕੁਝ ਵੀ ਰਾਸ ਆ ਜਾਣ ਤਾਂ ਉਸ ਨਾਲ ਪਰਸਪਰ ਸਹਾਇਤਾ ਦੀ ਬਿਨਾ ਉਤੇ ਇਹੋ ਜਿਹਾ ਬੰਦੋਬਸਤ ਕਰਨਾ ਲੋਚਦੇ ਸਾਂ, ਜਿਸ ਨਾਲ ਪੰਜਾਬ ਦੀ ਬਿਨਾ ਉਤੇ ਇਨਕਲਾਬੀ ਵਰਕਰ ਭੇਜ ਕੇ ਰਫਲਾਂ ਚਲਾਉਣ, ਬਣਾਉਣ ਤੇ ਗੁਰੀਲਾ ਢੰਗ ਦੀ ਲੜਾਈ ਲੜਨ ਦੀ ਜਾਚ ਸਿਖਾ ਲਈ ਜਾਵੇ ਤੇ ਜੇ ਅੰਗਰੇਜ਼ੀ ਰਾਜ ਨੂੰ ਉਲਟਾਉਣ ਲਈ ਸਾਨੂੰ ਕੋਈ ਲੜਾਈ ਵਿੱਢਣੀ ਪੈ ਜਾਵੇ ਤਾਂ ਉਥੋਂ ਰਫਲਾਂ, ਪਿਸਤੌਲ ਆਦਿ ਹਾਸਲ ਕੀਤੇ ਜਾ ਸਕਣ। ਇਸ ਦੇ ਬਦਲੇ ਵਿਚ ਅਸੀਂ ਉਸ ਦੇ ਬੰਦਿਆਂ ਨੂੰ ਜਥੇਬੰਦੀ ਤੇ ਪ੍ਰਾਪੇਗੰਡਾ ਕਰਨ ਤੇ ਸਾਈਕਲੋ ਨਾਲ ਛਪਾਈ ਕਰਨ ਦਾ ਕੰਮ ਦੱਸਣਾ ਸੀ।

ਸਾਡੀ ਪਾਰਟੀ ਨੇ ਇਹੋ ਜਿਹਾ ਇਕ ਜੋੜ 1932-33 ਵਿਚ ਮਹਿਮੰਦਾਂ ਦੇ ਲੀਡਰ ਹਾਜੀ ਤੁਰੰਗਜ਼ਈ ਨਾਲ ਜੋੜਿਆ ਸੀ, ਜਦੋਂ ਅੰਗਰੇਜ਼ਾਂ ਨੇ ਆਜ਼ਾਦ ਕਬੀਲਿਆਂ ਨੂੰ ਏਜੰਸੀ ਵਿਚ ਲੈਣ ਲਈ ਮਹਿਮੰਦਾਂ ਉਤੇ ਚੜ੍ਹਾਈ ਕੀਤੀ ਹੋਈ ਸੀ। ਤੇ ਮਹਿਮੰਦ ਕਬੀਲੇ ਦੇ ਲੋਕ ਹਾਜੀ ਤੁਰੰਗਜ਼ਈ ਦੀ ਕਮਾਨ ਹੇਠ ਇਕੱਠੇ ਹੋ ਕੇ ਆਪਣੀ ਆਜ਼ਾਦੀ ਬਚਾਉਣ ਲਈ ਅੰਗਰੇਜ਼ੀ ਫੌਜਾਂ ਵਿਰੁਧ ਹਥਿਆਰੀਂ ਲੜ ਰਹੇ ਸਨ। ਉਦੋਂ ਸਨੌਬਰ ਖਾਂ, ਸੈਦ ਅਮੀਰ, ਗੁਲਾਮ ਮੁਰਤਜ਼ਾ ਤੇ ਸ਼ਾਹਜ਼ਾਦ ਖਾਂ ਸੂਬਾ ਸਰਹੱਦ ਵਿਚੋਂ ਤੇ ਦਲੀਪ ਸਿੰਘ ਜੌਹਲ ਤੇ ਮੁਹੱਬਤ ਸਿੰਘ ਪੰਜਾਬ ਕੋਟ ਸੌਂਧਾ ਪੰਜਾਬ ਵਿਚੋਂ ਉਥੇ ਭੇਜੇ ਗਏ ਸਨ। ਇਨ੍ਹਾਂ ਨੇ ਛੋਟੇ ਹਥਿਆਰ ਚਲਾਉਣੇ ਸਿੱਖੇ ਤੇ ਗੰਧਾਉ ਦੀ ਮਸ਼ਹੂਰ ਲੜਾਈ ਵਿਚ ਹਿੱਸਾ ਲਿਆ। ਇਨ੍ਹਾਂ ਵਿਚੋਂ ਸ਼ਾਹਜ਼ਾਦ ਖਾਂ ਉਸ ਲੜਾਈ ਵਿਚ ਸ਼ਹੀਦ ਹੋ ਗਿਆ। ਸਾਡੇ ਕਾਮਰੇਡ ਸਾਈਕਲੋ ਮਸ਼ੀਨ ਉਤੇ ਪਰਚੇ ਛਾਪ-ਛਾਪ ਮਹਿਮੰਦਾਂ ਤੇ ਨਾਲ ਲਗਦੇ ਸ਼ਿਨਵਾਰੀ ਤੇ ਉਤਮਾਨਜ਼ਈ ਪਠਾਣਾਂ ਵਿਚ ਵੰਡਣ ਲਈ ਦਿੰਦੇ ਰਹੇ। ਇਨ੍ਹਾਂ ਪਰਚਿਆਂ ਦੇ ਪ੍ਰਾਪੇਗੰਡੇ ਨਾਲ ਗੰਧਾਉ ਦੀ ਲੜਾਈ ਵਿਚ ਬੜਾ ਮੁਲਖੱਈਆ ਇਕੱਠਾ ਹੋ ਗਿਆ।

ਹੁਣ? ਇਹ ਤਾਂ ਸਾਡਾ ਹਥਿਆਰ ਚਲਾਉਣ ਤੇ ਗੁਰੀਲਾ ਢੰਗ ਦੀ ਲੜਾਈ ਸਿਖਣ ਦਾ ਕੰਮ ਸੀ।

ਦੂਸਰੇ, ਕਾਬਲ ਤੋਂ ਸਾਨੂੰ ਪਤਾ ਲੱਗਾ ਕਿ ਉਥੋਂ ਦਾ ਫਾਸਿਸਟਾਂ ਦਾ ਦੂਤਾਵਾਸ ਰੁਪਏ ਪੈਸੇ ਅਤੇ ਹਥਿਆਰ ਪੱਤੇ ਨਾਲ ਫਕੀਰ ਦੀ ਸਹਾਇਤਾ ਕਰ ਰਿਹਾ ਸੀ। ਅਸੀਂ ਇਹ ਜਾਣਨਾ ਚਾਹੁੰਦੇ ਸਾਂ ਕਿ ਫਾਸਿਸਟਾਂ ਦਾ ਇਨ੍ਹਾਂ ਸਰਹੱਦੀ ਛੇੜਖਾਨੀਆਂ ਵਿਚ ਕਿੰਨਾ ਕੁ ਹੱਥ ਸੀ ਤੇ ਇਹ ਛੇੜਖਾਨੀਆਂ ਜਰਮਨਾਂ ਦੇ ਹਿੰਦ ਉਤੇ ਹਮਲਾ ਕਰਨ ਦਾ ਰਾਹ ਤਾਂ ਨਹੀਂ ਬਣਾ ਰਹੀਆਂ। ਅਸੀਂ ਇਹ ਵੀ ਪਤਾ ਕਰਨਾ ਚਾਹੁੰਦੇ ਸਾਂ ਕਿ ਫਕੀਰ ਨਾਲ ਫਾਸਿਸਟਾਂ ਦਾ ਪਿਆ ਪੰਜਾ ਜੇ ਉਹ ਹਿੰਦ ਦੀ ਆਜ਼ਾਦੀ ਲਈ ਖਤਰਨਾਕ ਦਿਸੇ ਤਾਂ ਕਿਸ ਤਰ੍ਹਾਂ ਹਟਾਇਆ ਜਾ ਸਕਦਾ ਸੀ।

ਤੀਸਰੇ, ਇਟਾਲੀਅਨ ਦੂਤਾਵਾਸ ਵਲੋਂ ਵੀ ਸਾਨੂੰ ਆਖਿਆ ਗਿਆ ਸੀ ਕਿ ਫਕੀਰ ਉਨ੍ਹਾਂ ਤੋਂ ਲਈ ਸਹਾਇਤਾ ਅਨੂਕੂਲ ਆਪਣੀਆਂ ਸਰਗਰਮੀਆਂ ਨਹੀਂ ਫੈਲਾ ਰਿਹਾ, ਇਸ ਲਈ ਉਥੇ ਜਾ ਕੇ ਇਸ ਦੇ ਕਾਰਨਾਂ ਦਾ ਪਤਾ ਕੀਤਾ ਜਾਵੇ।

ਚੌਥਾ ਅਸੀਂ ਚਾਹੁੰਦੇ ਸਾਂ ਕਿ ਫਕੀਰ ਦਾ ਫਾਸਿਸਟਾਂ ਨਾਲੋਂ ਸਿੱਧਾ ਨਾਤਾ ਤੁੜਵਾ ਲਈਏ ਤੇ ਆਪਣੇ ਰਾਹੀਂ ਜੋੜ ਲਈਏ ਤਾਂ ਜੋ ਉਸ ਦੀਆਂ ਸਰਗਰਮੀਆਂ ਸਾਡੀ ਕੌਮੀ ਲਹਿਰ ਦੀਆਂ ਸਹਾਇਕ ਬਣਨ, ਨਾ ਕਿ ਹਿੰਦ ਦੀ ਆਜ਼ਾਦੀ ਖੋਹ ਲੈਣ ਲਈ ਕੀਤੇ ਜਾਣ ਵਾਲੇ ਫਾਸਿਸਟਾਂ ਦੇ ਹਮਲੇ ਦਾ ਰਾਹ ਸਾਫ ਕਰਦੀਆਂ ਰਹਿਣ। ਅਸੀਂ ਇਸ ਲਈ ਇਹ ਦਾਅ ਲਾਉਣਾ ਚਾਹੁੰਦੇ ਸਾਂ ਕਿ ਸਹਾਇਤਾ ਦੇ ਕੰਮ ਨੂੰ ਫਾਸਿਸਟਾਂ ਵਲੋਂ ਆਪਣੇ ਹੱਥ ਵਿਚ ਲੈ ਲਈਏ ਤੇ ਫਕੀਰ ਨੂੰ ਮਨਾਇਆ ਜਾਏ ਕਿ ਫਾਸਿਸਟਾਂ ਵਲੋਂ ਦਿਤੀ ਜਾਣ ਵਾਲੀ ਸਹਾਇਤਾ ਸਾਡੇ ਰਾਹੀਂ ਉਸ ਨੂੰ ਜਾਇਆ ਕਰੇ। ਫਾਸਿਸਟ ਵੀ ਇਹੀ ਚਾਹੁੰਦੇ ਸਨ। ਉਹ ਅੰਗਰੇਜ਼ੀ ਚੌਕਸੀ ਤੋਂ ਬਚਣ ਲਈ ਇਹ ਚੰਗਾ ਸਮਝਦੇ ਸਨ ਕਿ ਅਸੀਂ ਉਨ੍ਹਾਂ ਤੋਂ ਸਹਾਇਤਾ ਲਿਜਾ ਕੇ ਫਕੀਰ ਨੂੰ ਦਿਆ ਕਰੀਏ ਪਰ ਇਸ ਲਈ ਫਕੀਰ ਦੀ ਮਨਜ਼ੂਰੀ ਲੈਣੀ ਜ਼ਰੂਰੀ ਸੀ।

ਇਨ੍ਹਾਂ ਕਾਰਨਾਂ ਨੇ ਮੇਰਾ ਫਕੀਰ ਪਾਸ ਜਾਣਾ ਜ਼ਰੂਰੀ ਬਣਾ ਦਿੱਤਾ। ਮੈਂ ਆਪਣੀ ਪਾਰਟੀ ਵਲੋਂ ਗੁਲਜ਼ਾਰ ਸ਼ਾਹ, ਪਿੰਡ ਹਡਿਆਲਾ, ਜ਼ਿਲ੍ਹਾ ਲਾਹੌਰ ਦੇ ਝੂਠ-ਮੂਠ ਨਾਂ ਤੇ ਪਤੇ ਉਤੇ ਫਕੀਰ ਇਪੀ ਨੂੰ ਮਿਲਣ ਵਾਸਤੇ ਚਿੱਠੀ ਲਿਖੀ, ਜਿਸ ਨੂੰ ਸਰਹੱਦ ਵਿਚ ਸਾਡੀ ਪਾਰਟੀ ਦੇ ਲੀਡਰ ਕਾਕਾ ਖੁਸ਼ਹਾਲ ਖਾਂ ਖੱਟਕ (ਪਠਾਣਾਂ ਵਿਚ ਚਾਚੇ ਨੂੰ ਕਾਕਾ ਆਖਿਆ ਜਾਂਦਾ ਹੈ) ਨੇ ਆਪਣੇ ਕਿਸੇ ਬੰਦੇ ਰਾਹੀਂ ਉਸ ਪਾਸ ਪਹੁੰਚਾ ਦਿੱਤੀ। ਪੰਦਰਾਂ-ਸੋਲਾਂ ਦਿਨਾਂ ਬਾਅਦ ਫਕੀਰ ਦਾ ਜਵਾਬ ਆ ਗਿਆ ਤੇ ਉਸ ਨੇ ਸਾਨੂੰ ਸੱਦ ਲਿਆ।

ਕਾਕੇ ਦਾ ਸੁਨੇਹਾ ਆਉਣ ਉਤੇ ਮੈਂ ਅਤੇ ਕਾਕਾ ਅਗਲੇ ਦਿਨ ਰਾਤ ਬੰਨੂ ਜਾ ਰਹੇ। ਕਾਕਾ ਬਦਰਕੇ (ਓਪਰਿਆਂ ਤੇ ਪਰਦੇਸੀਆਂ ਨੂੰ ਆਜ਼ਾਦ ਇਲਾਕਿਆਂ ਵਿਚ ਲੈ ਕੇ ਫਿਰਨ ਤੇ ਦੁਸ਼ਮਣਾਂ ਨੂੰ ਆਪਸ ਵਿਚ ਗੱਲਬਾਤ ਕਰਵਾਉਣ ਵਾਲਾ ਜ਼ਿੰਮੇਵਾਰ ਜ਼ਾਮਨ ਬੰਦਾ; ਪਠਾਣਾਂ ਵਿਚ ਬਦਰਕੇ ਦੇ ਨਾਲ ਹੁੰਦਿਆਂ ਆਜ਼ਾਦ ਇਲਾਕੇ ਵਿਚ ਕਿਧਰੇ ਫਿਰਿਆ ਜਾਏ ਜਾਂ ਕਿੰਨੇ ਵੀ ਕੌੜੇ ਦੁਸ਼ਮਣਾਂ ਨੂੰ ਆਪਸ ਵਿਚ ਮਿਲਾ ਦਿਤਾ ਜਾਏ ਤਾਂ ਕੋਈ ਹੱਥ ਨਹੀਂ ਪਾਉਂਦਾ) ਦੀ ਭਾਲ ਕਰਨ ਲੱਗ ਪਿਆ, ਜੋ ਅਗਲੇ ਦਿਨ ਲੱਭਾ। ਬਦਰਕਾ ਹੱਡਾਂ-ਪੈਰਾਂ ਦਾ ਵਾਹਵਾ ਖੁੱਲ੍ਹਾ, ਗੱਲ੍ਹਾਂ ਤੇ ਠੋਡੀ ਉਤੇ ਆਈ ਦੋ-ਦੋ ਉਂਗਲਾਂ ਕੱਟੀ ਦਾਹੜੀ ਵਾਲਾ, ਕੱਦ-ਕਾਠ ਦਾ ਚੰਗਾ ਸੋਹਣਾ ਤੇ ਨਰੋਆ ਜਵਾਨ, ਬਹਾਦਰ ਖੇਲ ਦਾ ਹੀ ਰਹਿਣ ਵਾਲਾ ਸੀ ਤੇ ਉਹ ਸਾਡੀ ਚਿੱਠੀ ਲੈ ਕੇ ਫਕੀਰ ਕੋਲ ਗਿਆ ਤੇ ਉਥੋਂ ਉਸ ਦਾ ਜਵਾਬ ਲਿਆਇਆ ਸੀ।

ਅਸੀਂ ਉਸੇ ਦਿਨ ਦੁਪਹਿਰ ਢਲੀ ਲਾਰੀ 'ਤੇ ਬੈਠ ਕੇ ਬੰਨੂ ਤੋਂ ਲਹਿੰਦੇ ਨੂੰ ਦਰਿਆ ਟੋਚੀ ਦੇ ਕੰਢੇ-ਕੰਢੇ ਜਾ ਰਹੀ ਸੜਕੇ ਵਜ਼ੀਰੀਆਂ ਦੇ ਗੜ੍ਹ ਮੀਰਮ ਸ਼ਾਹ ਪਹੁੰਚ ਗਏ ਤੇ ਰਾਤ ਉਸ ਦੇ ਲਾਗੇ ਇਕ ਪਿੰਡ ਵਿਚ ਜਾ ਕੱਟੀ। ਦਿਨੇ ਉਥੇ ਚਾਹ ਪਾਣੀ ਪੀ ਕੇ ਮੀਰਮ ਸ਼ਾਹ ਮੁੜ ਆਏ ਤੇ ਉਥੋਂ ਲਹੁਢੇ ਵੇਲੇ ਫੇਰ ਲਾਰੀ ਵਿਚ ਬੈਠ ਕੇ ਰਾਤ ਨੂੰ ਵੀਹ ਪੰਝੀ ਮੀਲ ਦੂਰ ਇਕ ਹੋਰ ਪਿੰਡ ਵਿਚ ਜਾ ਟਿਕੇ। ਇਸ ਤੋਂ ਅੱਗੇ ਰਾਹ ਵਿਚ ਇਕ ਰਾਤ ਹੋਰ ਲੱਗ ਗਈ। ਇਸ ਤਰ੍ਹਾਂ ਅਸੀਂ ਪੜਾਓ-ਪੜਾਈ ਪੰਜ ਦਿਨ ਤੇ ਚਾਰ ਰਾਤਾਂ ਰਸਤੇ ਵਿਚ ਹੀ ਲੰਘਾ ਲਈਆਂ ਤੇ ਪੰਜਵੀਂ ਸ਼ਾਮ ਨੂੰ ਅਫਗਾਨਿਸਤਾਨ ਦੀ ਹੱਦ ਲਾਗੇ ਗੁਰਵੇਜ਼ ਨਾਂ ਦੇ ਫਕੀਰ ਦੇ ਡੇਰੇ ਪਹੁੰਚ ਗਏ।

ਬੰਨੂ ਤੋਂ ਲੈ ਕੇ ਗੁਰਵੇਜ਼ ਤਕ ਸਾਰਾ ਰਾਹ ਦਰਿਆ ਟੋਚੀ ਦੇ ਕੰਢੇ-ਕੰਢੇ ਹੀ ਗਿਆ ਤੇ ਫਕੀਰ ਦਾ ਡੇਰਾ ਦੂਹ ਖੱਡਾਂ ਦੇ ਚੌੜੇ ਸਾਰੇ ਦੁਸਾਂਘੇ ਵਿਚ ਸੀ। ਉਥੇ ਕੜਾ-ਕੋਠਾ ਕੋਈ ਨਹੀਂ ਸੀ। ਖੱਡਾਂ ਦੀਆਂ ਵੱਖੀਆਂ ਖਰੋਚ-ਖਰੋਚ ਕੇ ਬੰਦਿਆਂ ਦੇ ਰਹਿਣ ਬਹਿਣ ਤੇ ਕੰਮ ਕਾਰ ਕਰਨ ਲਈ ਤਕੜੇ ਕਮਰਿਆਂ ਜਿਡੇ ਘੋਰਨੇ ਪੁੱਟੇ ਹੋਏ ਸਨ। ਇਕ ਮਾੜਚੂ ਜਿਹੇ ਸਠਿਆਏ ਹੋਏ ਬਿਰਧ ਤੇ ਦੋ ਗੱਭਰੂ ਬੰਦਿਆਂ ਨੇ ਸਾਡਾ ਸਵਾਗਤ ਕੀਤਾ। ਸਲਾਮ ਦੁਆ ਤੇ ਖੈਰ-ਖੈਰੀਅਤ ਹੋ ਜਾਣ ਤੋਂ ਬਾਅਦ ਉਹ ਸਾਨੂੰ ਖੱਡ ਦੀ ਵੀਹ ਕੁ ਕਦਮ ਚੜ੍ਹਾਈ ਚੜ੍ਹਾ ਕੇ ਇਕ ਘੋਰਨੇ ਵਿਚ ਲੈ ਵੜੇ। ਇਹ ਬੰਦਿਆਂ ਦੇ ਸਿਰ ਤੋਂ ਗਿਠ ਕੁ ਉੱਚਾ ਵਾਹਵਾ ਖੁਲ੍ਹਾ ਚੌਰਸ ਘੋਰਨਾ ਸੀ, ਜੋ ਫਕੀਰ ਦੀ ਸੰਸਥਾ ਦਾ ਦਫਤਰ ਸੀ। ਅੰਦਰ ਮੇਜ਼ ਕੁਰਸੀ ਰੱਖੇ ਹੋਏ ਸਨ। ਮੇਜ਼ ਉਤੇ ਇਕ ਟਾਈਪ ਰਾਇਟਰ ਪਿਆ ਸੀ ਤੇ ਇਕ ਨੁਕਰੇ ਹੋਰ ਸਮਾਨ ਨਾਲ ਸਾਇਕਲੋ ਮਸ਼ੀਨ ਰਖੀ ਹੋਈ ਸੀ।

ਅਸੀਂ ਛਈਏ ਚਪਲੀਆਂ ਲਾਹ ਕੇ ਭੁੰਜੇ ਵਿਛੇ ਗਲੀਚੇ 'ਤੇ ਬੈਠ ਗਏ। 1942 ਦਾ ਸਤੰਬਰ ਸੀ। ਰੋਜ਼ੇ ਸਾਨੂੰ ਰਾਹ ਵਿਚ ਉਤਰ ਆਏ ਸੀ। ਚਾਹ ਪਾਣੀ ਦੀ ਸੁਲਾਹ ਮਾਰਨ ਜਾਂ ਆਪ ਮੂੰਹੋਂ ਮੰਗ ਲੈਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੋਇਆ। ਇਸ ਲਈ ਨਿਰਨੇ ਕਾਲਜੇ ਤੇ ਭੁੱਖੇ-ਭਾਣੇ ਹੀ ਪੁੱਛ-ਪਛਾਅ ਸ਼ੁਰੂ ਹੋ ਗਿਆ।

ਬਿਰਧ ਨੇ ਬੜੀ ਗੰਭੀਰਤਾ ਧਾਰ ਕੇ ਜ਼ਰਾ ਰੋਹਬ-ਦਾਬ ਨਾਲ ਮੇਰਾ ਨਾਂ-ਪਤਾ, ਪਿਉ-ਦਾਦਾ, ਜਾਤ-ਗੋਤ, ਪਿੰਡ ਪੀਹੜ ਤੇ ਕੰਮਕਾਰ ਪੁਛਿਆ ਤੇ ਪੁਲਿਸ ਵਾਲਿਆਂ ਵਾਂਗ ਬੜੇ ਖਰ੍ਹਵੇਂ ਬੋਲਾਂ ਵਿਚ ਸਵਾਲ ਕੀਤੇ, ਜਿਨ੍ਹਾਂ ਦਾ ਮੈਂ ਫਕੀਰ ਨੂੰ ਲਿਖੀ ਹੋਈ ਆਪਣੀ ਚਿੱਠੀ ਦੀ ਲਿਖਤ ਅਨੁਸਾਰ ਫਟਾ-ਫਟ ਜਵਾਬ ਦੇਈ ਗਿਆ। ਉਪਰੰਤ ਉਸ ਨੇ ਉਠ ਕੇ ਪਿਛਾਂਹ ਕੰਧ ਨਾਲ ਪਿਆ ਇਕ ਟੀਨ ਦਾ ਟਰੰਕ ਖੋਲ੍ਹਿਆ ਤੇ ਇਸ ਵਿਚੋਂ ਇਕ ਮਿਸਲ ਕੱਢੀ ਜਿਸ ਨੂੰ ਅੱਡ ਕੇ ਉਸ ਨੇ ਉਰਦੂ ਲਿਖਿਆ ਹੋਇਆ ਕਾਗਜ਼ ਖਿਚਿਆ ਤੇ ਮੇਰੇ ਅੱਗੇ ਰੱਖ ਦਿੱਤਾ। ਮੈਂ ਤੁਰੰਤ ਪਛਾਣ ਲਿਆ। ਇਹ ਮੇਰੀ ਫਕੀਰ ਇਪੀ ਨੂੰ ਲਿਖ ਕੇ ਭੇਜੀ ਹੋਈ ਚਿੱਠੀ ਸੀ। ਮੈਨੂੰ ਵਿਖਾ ਕੇ ਉਸ ਨੇ ਚਿੱਠੀ ਵਾਪਸ ਲੈ ਲਈ ਤੇ ਇਕ ਸਾਦੇ ਕਾਗਜ਼ ਉਤੇ ਮੇਰਾ ਉਰਦੂ ਵਿਚ ਨਾਂ ਲਿਖਵਾਇਆ, ਮੈਂ ਮੁੜ ਗੁਲਜ਼ਾਰ ਸ਼ਾਹ ਲਿਖ ਦਿੱਤਾ। ਉਸ ਨੇ ਇਸ ਨਵੀਂ ਲਿਖਤ ਦੀ ਉਲੀਕ ਨੂੰ ਪੁਰਾਣੀ ਲਿਖਤ ਦੀ ਉਲੀਕ ਨਾਲ ਮਿਲਾ ਕੇ ਵੇਖਿਆ। ਵਿੰਹਦੇ-ਵਿੰਹਦੇ ਉਸ ਦੀਆਂ ਬੁਢਾਪੇ ਕਾਰਨ ਮੱਥੇ ਉਤੇ ਪਈਆਂ ਤਿਉੜੀਆਂ ਹੋਰ ਉਭਰ ਆਈਆਂ।

ਮੈਂ ਡਰਿਆ ਪਰ ਉਸ ਦੀ ਤਸੱਲੀ ਹੋ ਗਈ ਜਾਪਦੀ ਸੀ ਕਿਉਂਕਿ ਝਬਦੇ ਹੀ ਉਸ ਦੀਆਂ ਤਿਉੜੀਆਂ ਫੱਟ ਪਹਿਲੀ ਥਾਂ 'ਤੇ ਮੁੜ ਆਈਆਂ ਸਨ। ਉਸ ਦੀ ਗੰਭੀਰਤਾ ਟੁੱਟੀ ਤੇ ਚਿਹਰਾ ਚਮਕ ਪਿਆ।

ਮੈਂ ਆਪਣੇ ਆਪ ਨੂੰ ਪਾਸ ਹੋਇਆ ਸਮਝਿਆ। ਰੋਜ਼ਾ ਖੁੱਲ੍ਹਣ ਦਾ ਵੇਲਾ ਹੋ ਗਿਆ। ਬਿਰਧ ਨੇ ਰੋਜ਼ਾ ਖੋਲ੍ਹਣ ਵਾਸਤੇ ਸਾਨੂੰ ਇਕ-ਇਕ ਖਜੂਰ ਦਿਤੀ, ਜਿਸ ਨਾਲ ਅਸੀਂ ਛਿਆਂ ਨੇ ਰੋਜ਼ਾ ਖੋਲ੍ਹਿਆ ਤੇ ਨਮਾਜ਼ ਪੜ੍ਹੀ। ਨਮਾਜ਼ ਤੋਂ ਬਾਅਦ ਰੋਟੀ ਪਾਣੀ ਛਕਿਆ ਤੇ ਮੁੜ ਬਚਨ ਬਿਲਾਸ ਸ਼ੁਰੂ ਹੋਇਆ।

ਹੁਣ ਮੇਰੀ ਵਾਰੀ ਸੀ। ਮੈਂ ਆਪਣੀ ਤਸੱਲੀ ਲਈ ਉਸ ਨੂੰ ਪੁੱਛਣਾ ਪੁਛਾਉਣਾ ਅਰੰਭ ਕੀਤਾ। ਬਿਰਧ ਨੇ ਆਪਣੀ ਲੁੱਟਮਾਰ ਤੇ ਹਮਲਿਆਂ ਦੇ ਮੰਤਵ ਤੇ ਇਸ ਦੇ ਸਾਰੇ ਕਰਮ-ਕਾਂਡ ਵਿਸਥਾਰ ਨਾਲ ਦੱਸੇ। ਉਸ ਨਾਲ ਹੋਈਆਂ ਗੱਲਾਂ ਤੋਂ ਮੇਰਾ ਐਨੀ ਲੰਮੀ ਵਾਟ ਦੀਆਂ ਝਾਲਾਂ ਝੱਲ ਕੇ ਉਥੇ ਜਾਣਾ ਸਭ ਨਿਸਫਲ ਗਿਆ ਦੇਖ ਸ਼ੇਖ ਚਿੱਲੀ ਵਾਂਗ ਮੇਰੀ ਸਾਰੀ ਕੀਤੀ ਕਹਾਣੀ ਤੇ ਸੋਚੀ ਸਚਾਈ ਖੂਹ ਵਿਚ ਪੈ ਗਈ।

ਅਖਬਾਰਾਂ ਵਿਚ ਪੜ੍ਹਿਆ, ਲੋਕਾਂ ਤੋਂ ਸੁਣਿਆ ਤੇ ਦੂਰੋਂ ਵੇਖਿਆ ਫਕੀਰ ਇਪੀ ਦੇ ਅੰਗਰੇਜ਼ੀ ਇਲਾਕੇ ਉਤੇ ਹਮਲੇ ਤੇ ਮਾਰਧਾੜ ਸਾਮਰਾਜ ਵਿਰੋਧੀ ਲਹਿਰ ਦੀ ਬੜੀ ਤਿਖੀ ਧਾਰ ਜਾਪਦੇ ਸਨ ਅਤੇ ਇੰਜ ਲਗਦਾ ਸੀ, ਜਿਵੇਂ ਉਹ ਹਿੰਦੋਸਤਾਨ ਦੀ ਆਜ਼ਾਦੀ ਦੀ ਲਹਿਰ ਦਾ ਤਕੜਾ ਅੰਗ ਹੋ ਕੇ ਅੰਗਰੇਜ਼ੀ ਹਕੂਮਤ ਵਿਰੁਧ ਹਥਿਆਰਬੰਦ ਜੰਗ ਲੜ ਰਿਹਾ ਹੋਵੇ ਪਰ ਜਦ ਮੈਂ ਉਥੇ ਜਾ ਕੇ ਬਿਰਧ ਨਾਲ ਗੱਲਾਂ ਕੀਤੀਆਂ ਤੇ ਉਸ ਤੋਂ ਪਤਾ ਲੱਗੇ ਫਕੀਰ ਦੇ ਮੁੱਖ ਮੰਤਵ ਤੇ ਉਸ ਦੀ ਪਰੰਪਰਾ ਦੇ ਕਰਮ-ਕਾਂਡ ਨੂੰ ਜਾਚਿਆ ਤਾਂ ਉਸ ਦਾ ਮੁੱਖ ਮੰਤਵ ਸਦੀਆਂ ਪਿਛੇ ਰਹਿ ਚੁੱਕੇ ਪਿਛਾੜ ਨੂੰ ਮੁੜ ਵਰਤਮਾਨ ਉਤੇ ਠੋਸਣ ਦੇ ਸੁਫਨੇ ਲੈ ਰਿਹਾ ਸੀ ਤੇ ਇਨ੍ਹਾਂ ਸੁਫਨਿਆਂ ਉਤੇ ਬਣਾਈ ਹੋਈ ਪਰੰਪਰਾ ਨੂੰ ਚਲਾਉਣ ਲਈ ਮਾਰਧਾੜ ਦੀਆਂ ਵਾਰਦਾਤਾਂ ਕਰੀ ਜਾਂ ਕਰਵਾਈ ਰਖਦਾ ਸੀ। ਉਹ ਤੇ ਉਸ ਦੇ ਹਾਲੀ ਮੁਹਾਲੀ ਸੈਂਕੜੇ ਸਾਲਾਂ ਦੇ ਪੁਰਾਣੇ ਇਸਲਾਮੀ ਸ਼ੁਧਾਅ ਤੇ ਨਿਗਾਰਚੀ ਸਨ। ਉਹ ਆਪਣੇ ਤੋਂ ਬਿਨਾਂ ਅੰਗਰੇਜ਼ ਦੀ ਗੁਲਾਮੀ ਵਿਰੁਧ ਲੜ ਤੇ ਜੂਝ ਰਹੇ ਦੇਸ਼ ਭਗਤਾਂ ਨਾਲ ਸੌਕਣ ਸ਼ਰੀਕਾ ਕਰਦੇ ਤੇ ਉਨ੍ਹਾਂ ਨੂੰ ਭਾਵੇਂ ਉਹ ਮੁਸਲਮਾਨ ਹੀ ਹੋਣ, ਕਾਫਰ ਤੇ ਮਲਉਨ ਆਖਦੇ ਸਨ। ਉਹ ਖਾਨ ਅਬਦੁਲ ਗਫਾਰ ਖਾਂ ਦੀ ਖੁਦਾਈ ਖਿਦਮਤਗਾਰਾਂ ਦੀ ਅੰਗਰੇਜ਼ੀ ਗੁਲਾਮੀ ਵਿਰੁਧ ਸੁਰਖਪੋਸ਼ ਕੌਮੀ ਲਹਿਰ ਨੂੰ ਹਿੰਦੂ ਦੀ ਲਾਈ ਅੱਗ ਤੇ ਸ਼ਰਾਰਤ ਦੱਸਦੇ ਸਨ। ਫਕੀਰ ਦਾ ਰਾਜਸੀ ਨਿਸ਼ਾਨਾ ਅਫਗਾਨਿਸਤਾਨ ਤੇ ਸਰਹੱਦੀ ਸੂਬੇ ਦੇ ਪਠਾਣਾਂ ਦੀ ਸਾਰੀ ਧਰਤੀ ਨੂੰ ਇਕੋ ਰਾਜ (ਆਜ਼ਾਦ ਪਖਤੂਨਿਸਤਾਨ) ਹੇਠ ਲਿਆਉਣਾ ਤੇ ਇਸ ਉਤੇ ਫਕੀਰ ਇਪੀ ਨੂੰ ਬਾਦਸ਼ਾਹ ਬਣਾਉਣਾ ਸੀ।

ਇਸ ਨਿਸ਼ਾਨੇ 'ਤੇ ਪੁਜਣ ਦਾ ਮੰਤਵ ਸੀ, ਇਥੇ ਨਵੇਂ ਰਾਜ ਦਾ ਲਾਉ-ਲਸ਼ਕਰ ਚਾੜ੍ਹ ਕੇ ਹਿੰਦੋਸਤਾਨ ਤੇ ਫੇਰ ਸਾਰੀ ਦੁਨੀਆਂ ਦੇ ਦੇਸ਼ਾਂ ਨੂੰ ਇਸਲਾਮ ਦੇ ਝੰਡੇ ਹੇਠ ਲਿਆਉਣਾ ਤੇ ਉਥੇ ਇਸਲਾਮੀ (ਪੁਰਾਨਤਾ ਤੇ ਪਿਛੜਤਾ ਦਾ) ਸ਼ਰੱਈ ਰਾਜ ਸਥਾਪਤ ਕਰਨਾ।

ਹਿੰਦੂਆਂ ਤੇ ਸਿੱਖਾਂ ਦਾ ਆਪ ਨਾਂ ਲੈਣਾ ਤਾਂ ਕਿਤੇ ਰਿਹਾ, ਉਹ ਕਿਸੇ ਹੋਰ ਪਾਸੋਂ ਵੀ ਇਨ੍ਹਾਂ ਦਾ ਨਾਂ ਸੁਣਨਾ ਨਹੀਂ ਸਨ ਚਾਹੁੰਦੇ।

ਸੋ ਅਜਿਹੇ ਇਸਲਾਮੀ ਸ਼ੁਦਾਅ ਦੇ ਮਾਰੇ ਹੋਏ ਇਨ੍ਹਾਂ ਫਿਰਕਾਪ੍ਰਸਤਾਂ ਨਾਲ ਸਾਡਾ ਕਰੂਰਾ ਕਿਸ ਤਰ੍ਹਾਂ ਮਿਲ ਸਕਦਾ ਸੀ?

ਇਸ ਲਈ ਜਦ ਮੈਂ ਉਸ ਬਿਰਧ ਨਾਲ ਹਿੰਦੁਸਤਾਨ ਦੀ ਕੌਮੀ ਲਹਿਰ ਦੇ ਜਨਤਕ ਉਭਾਰ ਤੇ ਇਸ ਵਿਚ ਵਧ ਤੇ ਜ਼ੋਰ ਫੜ ਰਹੇ ਇਨਕਲਾਬੀ ਰੰਗ ਦਾ ਜ਼ਿਕਰ ਕੀਤਾ ਤੇ ਇਨ੍ਹਾਂ ਨਾਲ ਪਰਸਪਰ ਮਿਲਵਰਤਣ ਤੇ ਸਹਾਇਤਾ ਕਰਨ ਕਰਾਉਣ ਦੀਆਂ ਗੱਲਾਂ ਛੇੜੀਆਂ ਤਾਂ ਉਹ ਦੜ ਜਿਹੀ ਵੱਟ ਗਿਆ ਤੇ ਜਦ ਮੈਂ ਆਪਣੀ ਪਾਰਟੀ ਦਾ ਨਾਂ ਲਿਆ ਤਾਂ ਉਸ ਨੇ ਘਿਰਣਾ ਨਾਲ 'ਰੱਤੇ ਕਾਫਰ ਰੂਸ ਦੀ ਦੱਲੀ' ਹੋਣ ਦੀ ਗਾਲ੍ਹ ਕੱਢ ਮਾਰੀ। ਜਦ ਮੈਂ ਉਸ ਦੇ ਕਹਿਣ 'ਤੇ ਆਪਣੀ ਪਾਰਟੀ ਦੇ ਹਿੰਦੂ-ਸਿੱਖ ਆਗੂਆਂ ਦਾ ਨਾਂ ਲਿਆ ਤਾਂ ਉਸ ਨੇ ਇਸ ਤਰ੍ਹਾਂ ਨਿਉਲੀ ਵੱਟੀ, ਜਿਸ ਤਰ੍ਹਾਂ ਕੁਨੀਨ ਦੀ ਘੁੱਟ ਪੀ ਲਈ ਹੋਵੇ।

ਫੇਰ ਪੁੱਛਣ ਲੱਗਾ, 'ਤੁਹਾਡਾ ਕੋਈ ਮੁਸਲਮਾਨ ਲੀਡਰ ਹੈ?' ਮੈਂ ਜ਼ਰਾ ਝਕਿਆ, ਕੀਹਦਾ ਨਾਂ ਦੱਸਾਂ? ਫੇਰ ਡਾਕਟਰ ਅਸ਼ਰਫ ਤੇ ਮਜ਼ਫਰ ਅਹਿਮਦ ਦੇ ਨਾਂ ਲੈ ਦਿੱਤੇ। ਉਸ ਨੇ ਇਨ੍ਹਾਂ ਨੂੰ ਅਣਸੁਣਿਆ ਕਰ ਛੱਡਿਆ।

ਮੁਸਲਿਮ ਲੀਗ ਨੂੰ ਉਸ ਨੇ ਕਾਫਰ ਤੇ ਮਲਊਨ ਇਸ ਲਈ ਆਖਿਆ ਕਿ ਜੇ ਉਹ ਪਾਕਿਸਤਾਨ ਬਣਾ ਬੈਠੀ ਤਾਂ ਫਕੀਰ ਦੇ ਪਖਤੂਨਿਸਤਾਨ ਬਣਾਉਣ ਦੇ ਸੁਫਨੇ ਪੂਰੇ ਹੋਣ ਵਿਚ ਵਿਘਨ ਪਏਗਾ ਤੇ ਨਾਲੇ ਉਹ ਫਕੀਰ ਦੀ ਅਗਵਾਈ ਨਹੀਂ ਮੰਨਦੀ ਤੇ ਅੰਗਰੇਜ਼ਾਂ ਦੇ ਨਾਲ ਰਲ ਕੇ ਚਲਦੀ ਸੀ। ਜੋ ਸਰਹੱਦ ਨੂੰ ਫਕੀਰ ਇਪੀ ਦੇ ਹਵਾਲੇ ਨਹੀਂ ਸਨ ਕਰਦੇ।

ਉਸ ਕਾਂਗਰਸ ਨੂੰ ਹਿੰਦੂ ਕਿਹਾ। ਪਰ ਉਸ ਦੀ ਇਸ ਕਰਕੇ ਪ੍ਰਸ਼ੰਸਾ ਕੀਤੀ ਕਿ ਉਹ ਆਸ ਲਾਈ ਬੈਠੇ ਸਨ ਕਿ ਜਦ ਕਾਂਗਰਸ ਹਿੰਦੋਸਤਾਨ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਵਾ ਲਏਗੀ ਤਾਂ ਹਿੰਦੂ ਕਾਫਰਾਂ ਪਾਸੋਂ ਹਿੰਦੋਸਤਾਨ ਖੋਹ ਲੈਣਾ ਬੜਾ ਸੌਖਾ ਹੋ ਜਾਵੇਗਾ।

ਮੈਂ ਜਦੋਂ ਉਸ ਨੂੰ ਫਾਸਿਸਟਾਂ ਵੱਲੋਂ ਆ ਰਹੀ ਰੁਪਏ, ਪੈਸੇ ਦੀ ਸਹਾਇਤਾ ਦੀਆਂ ਰਕਮਾਂ ਤੇ ਹਥਿਆਰ ਪੱਤੇ ਦੀ ਗਿਣਤੀ ਦੱਸੀ, ਜੋ ਸਾਨੂੰ ਫਾਸਿਸਟਾਂ ਵੱਲੋਂ ਦੱਸੀ ਗਈ ਸੀ ਤਾਂ ਫੇਰ ਲੱਗਾ ਉਹ ਕੁਝ ਰਸ ਰਸਾਈ ਦੀਆਂ ਗੱਲਾਂ ਕਰਨ।

ਉਸ ਨੇ ਦੱਸਿਆ, 'ਤੁਹਾਡੀ ਪਿਛਲੇ ਹਫਤੇ ਤੋਂ ਉਡੀਕ (ਹੋ) ਰਹੀ ਹੈ। ਹਾਜੀ ਸਾਹਿਬ (ਫਕੀਰ ਇਪੀ ਨੂੰ ਪਠਾਣ ਹਾਜੀ ਸਾਹਿਬ ਆਖਦੇ ਸਨ) ਤੁਹਾਨੂੰ ਮਿਲਣ ਨੂੰ ਬੜੇ ਉਤਾਵਲੇ ਸਨ। ਹੁਣ ਰਮਜ਼ਾਨ ਸ਼ਰੀਫ (ਰੋਜ਼ੇ) ਆ ਜਾਣ ਕਰਕੇ ਉਹ ਮੁਕਾਰਬੇ (ਛਿਲੇ) ਵਿਚ ਚਲੇ ਗਏ।'

ਮੈਂ ਇਹ ਸੁਣ ਕੇ ਹੱਕਾ ਬੱਕਾ ਰਹਿ ਗਿਆ। ਮੈਂ ਤਾਂ ਉਸ ਬੁੱਢੜ ਨੂੰ ਹੀ ਫਕੀਰ ਸਮਝੀ ਬੈਠਾ ਸੀ। ਇਸ ਤੋਂ ਪਹਿਲਾਂ ਨਾ ਤਾਂ ਮੈਂ ਆਪ ਪੁਛਿਆ ਤੇ ਨਾ ਮੈਨੂੰ ਕਿਸੇ ਦੱਸਿਆ ਕਿ ਫਕੀਰ ਕੌਣ ਸੀ?

ਹੁਣ? ਫੇਰ ਕੀ! ਉਸ ਨੇ ਫਕੀਰ ਦੀ ਤਰਜਮਾਨੀ ਕੀਤੀ ਸੀ। ਫਕੀਰ ਨੇ ਵੀ ਇਹੀ ਗੱਲਾਂ ਕਰਨੀਆਂ ਸਨ।

ਮੇਰੇ ਪੁੱਛਣ 'ਤੇ ਉਸ ਦੱਸਿਆ ਕਿ ਉਹ ਹਾਜੀ ਅਲ-ਕਜ਼ਾਤ ਸੀ (ਕਾਜ਼ੀਆਂ ਦਾ ਕਾਜ਼ੀ-ਫਕੀਰ ਦਾ ਪ੍ਰਧਾਨ ਮੰਤਰੀ)। ਮੈਂ ਉਸ ਦੇ ਅੰਦਰ ਬਾਹਰ ਦਾ ਅੰਤ ਪਾ ਲਿਆ ਸੀ। ਉਸ ਦਾ ਮੁੱਖ ਮੰਤਵ ਤੇ ਨਿਸ਼ਾਨਾ ਸਾਡੇ ਨਾਲ ਨਹੀਂ ਸਨ ਮਿਲਦੇ। ਤੇ ਜਿਹੋ ਜਿਹਾ ਵਾਤਾਵਰਨ ਮੈਂ ਵੇਖਿਆ ਤੇ ਸੁਣਿਆ, ਉਸ ਤੋਂ ਆਪਸ ਵਿਚ ਕਿਸੇ ਸਹਾਇਤਾ ਦੇਣ ਦਿਵਾਉਣ ਦੀ ਕੋਈ ਸੰਭਾਵਨਾ ਨਹੀਂ ਸੀ ਰਹਿ ਜਾਂਦੀ। ਇਸ ਲਈ ਫਕੀਰ ਮਿਲਿਆ ਜਾਂ ਕਾਜ਼ੀ ਅਲ-ਕਜ਼ਾਤ ਮਿਲਿਆ, ਸਾਡੇ ਲਈ ਕੋਈ ਫਰਕ ਨਹੀਂ ਸੀ।

ਮੈਨੂੰ ਆਪਣੇ ਮਕਸਦ ਦੀ ਨਿਸਫਲਤਾ ਉਤੇ ਬੜਾ ਹਿਰਖ ਆਇਆ ਤੇ ਇਸ ਦੁਬਦਾ ਨੇ ਮੈਨੂੰ ਕਿੱਡੀ ਰਾਤ ਤਕ ਨੀਂਦ ਨਾ ਆਉਣ ਦਿਤੀ। ਮੈਂ ਆਪਣੀ ਇਥੇ ਆਉਣ ਦੀ ਮੂਰਖਤਾ ਉਤੇ ਕਾਫੀ ਚਿਰ ਝੂਰਦਾ ਰਿਹਾ ਤੇ ਸੋਚਦਾ ਰਿਹਾ ਕਿ ਜਿਨ੍ਹਾਂ ਨਾਲ ਰਾਜਸੀ ਮੰਤਵ ਹੀ ਨਹੀਂ ਮਿਲਦਾ, ਕੰਮ ਕਰਨ ਦਾ ਜੋੜ ਕਿਸ ਤਰ੍ਹਾਂ ਜੋੜਿਆ ਜਾ ਸਕਦਾ ਸੀ। ਉਹ ਕਟੜ ਇਸਲਾਮ ਸ਼ੁਧਾਅ (ਸ਼ੁਦਾਅ) ਵਿਚ ਐਨੇ ਖੋਖਲੇ ਹੋਏ ਸਨ ਕਿ ਉਨ੍ਹਾਂ ਨੂੰ ਇਸਲਾਮ ਦੇ ਪਹਾੜੇ ਤੋਂ ਬਾਹਰ ਹੋਰ ਕੁਝ ਨਹੀਂ ਦਿਸਦਾ ਤੇ ਉਹ ਸਿੱਖ ਤੇ ਹਿੰਦੂ ਦਾ ਨਾਂ ਸੁਣਨਾ ਵੀ ਕੁਫਰ ਸਮਝਦੇ ਸਨ। ਉਨ੍ਹਾਂ ਪਾਸ ਆਪਣੇ ਸਿੱਖ ਤੇ ਹਿੰਦੂ ਵਰਕਰ ਕਿਸ ਤਰ੍ਹਾਂ ਗੁਰੀਲਾ ਜੰਗ ਸਿਖਣ ਲਈ ਭੇਜੇ ਜਾ ਸਕਦੇ ਸਨ। ਇਸ ਲਈ ਬੁੱਢੇ ਨਾਲ ਹੋਈ ਗੱਲਬਾਤ ਵਿਚ ਮੈਂ ਆਪਣੇ ਇਸ ਕੰਮ ਦਾ ਨਾਂ ਤਕ ਨਾ ਲਿਆ।

ਮੈਂ ਇਥੇ ਆਉਣ ਦਾ ਐਨਾ ਕਸ਼ਟ ਮੁੱਲ ਲੈਣ ਉਤੇ ਬਹੁਤ ਪਛਤਾਇਆ ਤੇ ਇਸ ਪਸ਼ਚਾਤਾਪ ਵਿਚ ਮੈਨੂੰ ਕਾਕੇ ਖੁਸ਼ਹਾਲ ਖਾਂ ਦੀ ਉਹ ਵਰਜ ਯਾਦ ਆਈ, ਜਿਸ ਵਿਚ ਮੈਨੂੰ ਉਸ ਨੇ ਚਿੱਠੀ ਲਿਖਣ ਲੱਗਿਆਂ ਹੋੜਿਆ ਤੇ ਆਖਿਆ ਸੀ ਕਿ ਉਹ ਤਾਂ ਭੈੜੀ ਤੋਂ ਭੈੜੀ ਕਿਸਮ ਦੇ ਪਿਛਾਂਹ-ਖਿਚੂ ਫਿਰਕਾਪ੍ਰਸਤ ਸ਼ੁਦਾਈ ਹਨ। ਜੋ ਲੁੱਟਮਾਰ ਦੇ ਆਦੀ ਤੇ ਪੈਸੇ ਦੇ ਯਾਰ ਸਨ। ਉਥੇ ਜਾਣਾ ਫਜ਼ੂਲ ਹੈ। ਮੈਂ ਇਸੇ ਪਛਤਾਵੇ ਵਿਚ ਕੁੜ੍ਹਦਾ ਸੌਂ ਗਿਆ।

ਕਾਜ਼ੀ ਦੇ ਨਾਲ ਦੋ ਜਣਿਆਂ ਵਿਚੋਂ ਇਕ 24-25 ਸਾਲ ਦੇ ਹੱਡ-ਮਾਸ ਦੇ ਵਾਹਵਾ ਨਰੋਏ ਜਣੇ ਨੇ ਪੰਜਾਬੀ ਬੋਲ ਕੇ ਕਿਹਾ ਕਿ ਉਹ ਲਾਹੌਰ ਵਿਚ ਪੀ.ਏ.ਪੀ. ਦਾ ਸ਼ੇਰ ਖਾਂ ਹਵਾਲਦਾਰ ਸੀ ਤੇ ਇਕ ਕਤਲ ਕਰਕੇ ਭੱਜਾ ਹੋਇਆ ਉਥੇ ਸ਼ਰਨਾਰਥੀ ਸੀ। ਉਸ ਨੇ ਮੇਰੇ ਹੱਥ ਆਪਣੇ ਘਰਦਿਆਂ ਨੂੰ ਜਿਉਂਦੇ ਹੋਣ ਦੀ ਖਬਰ ਵੀ ਭੇਜੀ ਜੋ ਮੈਂ ਪਹੁੰਚਾ ਦਿੱਤੀ। ਉਸ ਤੋਂ ਪਤਾ ਲੱਗਾ ਕਿ ਹਾਜੀ ਸਾਹਿਬ ਤੇ ਕਾਜ਼ੀ ਸਾਹਿਬ ਵੀ ਮੁਜਰਮ ਸ਼ਰਨਾਰਥੀ ਸਨ ਤੇ ਕਤਲ ਕਰਕੇ ਅੰਗਰੇਜ਼ੀ ਇਲਾਕੇ ਵਿਚੋਂ ਭੱਜ ਕੇ ਉਥੇ ਆਏ ਤੇ ਰਾਜ ਕਰ ਰਹੇ ਸਨ। ਫਕੀਰ ਦਾ ਨਾਂ ਸ਼ੇਰ ਮੁਹੰਮਦ ਖਾਂ ਸੀ ਤੇ ਉਹ ਮੀਰਮ ਸ਼ਾਹ ਦੇ ਲਾਗੇ ਪਿੰਡ ਇਪੀ ਦਾ ਰਹਿਣ ਵਾਲਾ ਸੀ। ਇਸ ਲਈ ਉਸ ਨੂੰ ਅੰਗਰੇਜ਼ੀ ਸਰਕਾਰੀ ਆਦਮੀ ਤੇ ਕਾਗਜ਼ ਇਪੀ ਦਾ ਫਕੀਰ ਆਖਦੇ ਤੇ ਲਿਖਦੇ ਸਨ ਅਤੇ ਆਮ ਲੋਕ ਫਕੀਰ ਇਪੀ ਤੇ ਪਠਾਣ ਲੋਕ ਹਾਜੀ ਸਾਹਿਬ।

*(ਅਗਲੇ ਸਫੇ 'ਤੇ ਜਾਰੀ)*

# ਫਕੀਰ ਇਪੀ

*(ਪਿਛਲੇ ਸਫੇ ਦੀ ਬਾਕੀ)*

(ਬਾਅਦ ਵਿਚ ਸਰਕਾਰੀ ਮਿਸਲਖਾਨੇ ਵਿਚੋਂ ਪਤਾ ਲੱਗਾ ਕਿ ਇਹ ਬੰਦਾ ਉਸ 26 ਨੰਬਰ ਪਲਟਣ ਦੀ ਵਜ਼ੀਰੀ ਕੰਪਨੀ ਵਿਚੋਂ ਸੀ, ਜੋ ਹਾਂਗਕਾਂਗ ਵਿਚ 1914 ਵਿਚ ਗਦਰ ਪਾਰਟੀ ਨਾਲ ਮਿਲ ਗਈ ਸੀ। ਜਦ ਪਲਟਣ 1915 ਵਿਚ ਹਿੰਦੋਸਤਾਨ ਵਾਪਸ ਆਈ ਤਾਂ ਫਿਰ ਵਜ਼ੀਰੀਆਂ ਦੀ ਕੰਪਨੀ ਛੁੱਟੀ 'ਤੇ ਗਈ ਮੁੜ ਨੌਕਰੀ ਤੇ ਵਾਪਸ ਨਾ ਪਹੁੰਚੀ। ਇਹ ਉਸ ਵਿਚ ਸੂਬੇਦਾਰ ਸੀ।)

ਕਾਜ਼ੀ ਰਾਵਲਪਿੰਡੀ ਵਿਚ ਪੋਸਟ ਮਾਸਟਰ ਸੀ ਤੇ ਜਵਾਨੀ ਵੇਲੇ ਤੋਂ ਹੀ ਉਥੇ ਆ ਕੇ ਟਿਕਿਆ ਹੋਇਆ ਸੀ। ਉਹ ਹੁਣ ਕਾਜ਼ੀ ਅਲ-ਕਜ਼ਾਤ ਸੀ ਜੋ ਫਕੀਰ ਤੋਂ ਹਟਵਾਂ ਸਭ ਤੋਂ ਉੱਚਾ ਅਹੁਦਾ ਸੀ ਤੇ ਇਸਲਾਮ ਧਰਤ 'ਤੇ ਸ਼ਰਾਅ ਦਾ ਸਿਆਣਾ ਹੋਣ ਕਰਕੇ ਫਕੀਰ ਇਸ ਦੇ ਹੀ ਸਲਾਹ ਮਸ਼ਵਰੇ 'ਤੇ ਚਲਦਾ ਸੀ।

ਉਸ ਦੇ ਨਾਲ ਦਾ ਜਵਾਨ ਬੀ. ਏ. ਪਾਸ ਤੇ ਬੰਨੂ ਦੇ ਛਾਉਣੀ ਬੋਰਡ ਵਿਚ ਖਜ਼ਾਨਚੀ ਸੀ। ਉਹ ਬਹੁਤ ਵੱਡੀ ਸਾਰੀ ਰਕਮ ਇਧਰ ਉਧਰ ਖਾ ਜਾਣ ਦੇ ਮੁਕੱਦਮੇ ਤੋਂ ਡਰਦਾ ਉਥੇ ਲੁਕਿਆ ਹੋਇਆ ਸੀ ਤੇ ਦਫਤਰ ਦੀ ਟਾਈਪ, ਸਾਈਕਲੋ, ਚਿੱਠੀ ਪੱਤਰ ਤੇ ਹਿਸਾਬ ਕਿਤਾਬ ਦਾ ਕੰਮ ਕਰਦਾ ਸੀ।

ਉਨ੍ਹਾਂ ਤੋਂ ਇਲਾਵਾ ਫਕੀਰ ਦੇ ਦੂਸਰੇ ਲਾਕੜੀ ਤੇ ਹਥਿਆਰ ਪੱਤਾ ਬਣਾਉਣ ਦੀ ਦੁਕਾਨ ਦੇ ਮਿਸਤਰੀ ਆਦਿ 15-20 ਬੰਦੇ ਉਥੇ ਹੋਰ ਰਹਿੰਦੇ ਸਨ, ਜੋ ਬਾਹਲੇ ਅੰਗਰੇਜ਼ੀ ਇਲਾਕਿਆਂ ਵਿਚੋਂ ਖ਼ੂਨਾਂ ਜਾਂ ਡਾਕਿਆਂ ਦੇ ਮੁਕੱਦਮਿਆਂ ਤੋਂ ਲੁਕ ਛਿਪ ਕੇ ਬੈਠੇ ਹੋਏ ਸਨ।

ਫਕੀਰ ਦੇ ਫੌਜੀ ਅਡੰਬਰ ਬਾਰੇ ਸ਼ੇਰ ਖਾਂ ਨੇ ਦੱਸਿਆ ਕਿ ਫਕੀਰ ਪਾਸ ਕੋਈ ਫੜੀ-ਫੌਜ ਨਹੀਂ ਤੇ ਨਾ ਹੀ ਕੋਈ ਜੱਥੇਬੰਦੀ। ਪਰ ਸਭ ਬੰਗਸ ਮਸਊਦ ਤੇ ਵਜ਼ੀਰੀ ਉਸ ਦੇ ਹੁਕਮ ਹੇਠ ਚਲਦੇ ਸਨ ਤੇ ਲੋੜ ਵੇਲੇ ਰਫਲਾਂ ਲੈ ਕੇ ਆ ਜਾਂਦੇ ਸਨ। ਫਕੀਰ ਜ਼ਿਲ੍ਹਾ ਕੁਹਾਟ, ਬੰਨੂ ਤੇ ਡਿਹਰਾ ਇਸਮਾਈਲ ਖਾਂ ਦੇ ਅੰਗਰੇਜ਼ੀ ਇਲਾਕੇ ਦੇ ਸਭ ਮੁਸਲਿਮ ਮੁਲਾਜ਼ਮਾਂ, ਵਪਾਰੀਆਂ, ਦੁਕਾਨਦਾਰਾਂ ਤੇ ਖਾਂਦੇ ਪੀਂਦੇ ਘਰਾਂ ਤੇ ਯਥਾ-ਸ਼ਕਤ, ਜ਼ਕਾਤ ਦੇ ਨਾਂ 'ਤੇ ਮਾਮਲਾ ਉਗਰਾਉਂਦਾ ਸੀ ਤੇ ਹਿੰਦੂ, ਸਿੱਖਾਂ ਤੋਂ ਔਰੰਗਜ਼ੇਬ ਵਾਲਾ ਜਜ਼ੀਆ ਲੈਂਦਾ ਸੀ। ਜੋ ਨਹੀਂ ਦਿੰਦੇ ਸਨ, ਉਨ੍ਹਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਨੁਕਸਾਨ ਪੁਚਾਇਆ ਜਾਂ ਫੜ ਕੇ ਫਕੀਰ ਦੇ ਡੇਰੇ ਲਿਆ ਕੇ ਕੈਦ ਕਰ ਲਿਆ ਜਾਂਦਾ ਸੀ।

ਇਸ ਉਗਰਾਹੀ ਦੀ ਮਾਰਧਾੜ ਦੇ ਕੰਮ ਲਈ ਫਕੀਰ ਨੇ ਆਪਣੇ ਲੁੱਟ ਖੋਹ ਦੇ ਪਿੜ ਨੂੰ ਤਿੰਨਾਂ ਖਿਲਾਫਤਾਂ (ਸੂਬਿਆਂ) ਵਿਚ ਵੰਡਿਆ ਹੋਇਆ ਸੀ। ਇਕ ਬੰਗਸ਼ਾਂ ਤੇ ਵਜ਼ੀਰੀਆਂ ਵਿਚ ਪਾਰਾ ਚਿਨਾਰ ਦੇ ਸਾਹਮਣੇ, ਦੂਸਰੀ ਵਜ਼ੀਰੀਆਂ ਵਿਚ ਦੱਤਾ ਖੇਲ, ਮੀਰਮ ਸ਼ਾਹ ਤੇ ਬੰਨੂ ਦੇ ਸਾਹਮਣੇ ਫਕੀਰ ਦਾ ਆਪਣਾ ਹੈਡਕੁਆਰਟਰ ਗੁਰਵੇਜ਼ ਤੇ ਤੀਸਰੀ ਮਸਊਦੀਆਂ ਵਿਚ ਰਜ਼ਮਕ ਤੇ ਵਾਨਾਂ ਦੇ ਸਾਹਮਣੇ ਸਨ। ਇਨ੍ਹਾਂ ਵਿਚੋਂ ਪਹਿਲੀ ਕੁਰਮ ਦੇ ਗਲੇ ਦੂਜੀਆਂ ਦੇ ਟੋਚੀ ਤੇ ਗੋਮਲ ਗਲੇਆਂ ਦੇ ਸਾਹਮਣੇ ਸਨ। ਇਨ੍ਹਾਂ ਦੇ ਇੰਚਾਰਜਾਂ ਨੂੰ ਖਲੀਫਾ ਆਖਿਆ ਜਾਂਦਾ ਸੀ ਜੋ ਲੁਟਖੋਹ, ਮਾਰਧਾੜ ਲਈ ਲਸ਼ਕਰ ਚਾਹੜਨ ਤੇ ਜ਼ਕਾਤਾਂ ਦੇ ਜਜ਼ੀਏ ਉਗਰਾਹੁਣ ਦੇ ਪ੍ਰਬੰਧਕ ਸਨ। ਇਸ ਕੰਮ ਲਈ ਖਲੀਫਿਆਂ ਨੇ ਆਪਣਿਆਂ ਸੂਬਿਆਂ ਨੂੰ ਅਗਾਂਹ ਸ਼ਹਿਰਵਾਰ ਤੇ ਇਲਾਕੇਵਾਰ ਵੰਡ ਕੇ ਆਪਣੇ ਬੰਦੇ ਲਾਏ ਹੋਏ ਸਨ। ਸਾਡਾ ਬਦਰਕਾ ਵੀ ਉਨ੍ਹਾਂ ਵਿਚੋਂ ਇਕ ਸੀ। ਮਾਰਾਂਧਾੜਾਂ ਵੇਲੇ ਵਜ਼ੀਰੀਆਂ ਨੂੰ ਪਿੰਡਾਂ ਤੇ ਗਰਾਵਾਂ ਵਿਚੋਂ ਢੋਲ ਮਾਰ ਕੇ ਸੱਦ ਲਿਆ ਜਾਂਦਾ, ਸੈਂਟਰਾਂ ਵਿਚ ਤਾਂ ਪੰਦਰਾਂ ਵੀਹ ਬੰਦੇ ਰਹਿੰਦੇ ਸਨ।

ਅੰਗਰੇਜ਼ੀ ਰਾਜ ਦੇ ਇਲਾਕਿਆਂ ਵਿਚ ਲਸ਼ਕਰਾਂ ਦੀ ਚੜ੍ਹਾਈ ਤੇ ਧਾੜਾਂ ਅੰਗਰੇਜ਼ਾਂ ਪਾਸੋਂ ਸਰਹੱਦਾਂ ਦਾ ਇਲਾਕਾ ਛਡਾਉਣ ਵਾਸਤੇ ਨਹੀਂ ਸਨ ਹੁੰਦੀਆਂ। ਇਹ ਸਭ ਲੁੱਟ ਖੋਹ ਕਰਨ ਤੇ ਜ਼ਕਾਤਾ ਤੇ ਜਜ਼ੀਏ ਲੈਣ ਵਾਸਤੇ ਲੋਕਾਂ ਨੂੰ ਡਰਾਵਾ ਦੇਣ ਤੇ ਥੱਲੇ ਲਾਉਣ ਤੇ ਲਾਈ ਰੱਖਣ ਲਈ ਕੀਤੀਆਂ ਜਾਂਦੀਆਂ ਸਨ ਤਾਂ ਜੁ ਲੋਕਾਂ ਉਤੇ ਇਹ ਧੌਂਸ ਜਮਾ ਦਿਤੀ ਜਾਏ ਕਿ ਫਕੀਰ ਤਾਂ ਐਡੀ ਵੱਡੀ ਤਾਕਤ ਹੈ, ਜੋ ਅੰਗਰੇਜ਼ੀ ਫੌਜਾਂ ਨਾਲ ਲੋਹਾ ਲੈਣ ਤੋਂ ਨਹੀਂ ਡਰਦਾ।

ਕੁਝ ਲੁੱਟ ਖੋਹ ਮਾਰ ਖੋਰੇ ਵਜ਼ੀਰੀ, ਮਸਊਦੀ, ਬੰਗਸ਼ ਤੇ ਖਾੜਕੂ ਪਠਾਣ ਆਪਣੇ ਆਪ ਕਰ ਲੈਂਦੇ ਸਨ, ਪਰ ਨਾਂ ਫਕੀਰ ਦਾ ਵੱਜਦਾ ਸੀ। ਉਹ ਪਹਾੜੀ ਸੜਕਾਂ ਤੇ ਔਖੀਆਂ ਥਾਂਵਾਂ ਉਤੋਂ ਲੰਘਦੀਆਂ ਫੌਜੀ ਕਾਨਵਾਈਆਂ ਦਾ ਗੋਲੀ ਗਠਾ, ਹਥਿਆਰ ਪੱਤਾ ਤੇ ਰਸਦ ਪਾਣੀ ਲੁੱਟ ਲੈਂਦੇ ਤੇ ਮੁਸਾਫਰਾਂ ਦਾ ਪੈਸਾ ਧੇਲਾ ਤੇ ਮਾਲ ਖੋਹ ਲੈਂਦੇ। ਇਸ ਲੁੱਟ ਖੋਹ ਵਿਚੋਂ ਵੀ ਫਕੀਰ ਨੂੰ ਹਿੱਸਾ ਜਾਂਦਾ।

ਸ਼ੇਰ ਖਾਂ ਨੇ ਇਹੋ ਜਿਹੀ ਵਾਕਫੀ ਦੇ ਕੇ ਮੇਰੇ ਫਕੀਰ ਨੂੰ ਸਮਝਣ ਲਈ ਰਹਿੰਦੇ ਕਿਵਾੜ ਖੋਲ੍ਹ ਦਿੱਤੇ।

ਮੇਰਾ ਫਕੀਰ ਇਪੀ ਨਾਲ ਰਾਜਸੀ ਗੰਢ ਪਾਉਣ ਤੇ ਗੁਰੀਲੀ ਢੰਗ ਦੀ ਲੜਾਈ ਸਿਖਣ ਦਾ ਸਾਰਾ ਚਾਅ-ਮਠਾਅ ਮਾਰਿਆ ਗਿਆ ਤੇ ਮੈਂ ਚਾਰੇ ਕੰਨੀਆਂ ਝਾੜ ਕੇ ਵਾਪਸ ਮੁੜ ਆਇਆ।

ਹਿਟਲਰ ਨੇ ਸੋਵੀਅਤ ਰੂਸ ਉਤੇ ਹਮਲਾ ਕਰ ਦਿੱਤਾ ਹੋਇਆ ਸੀ। ਹੁਣ ਸਾਡਾ ਫਾਸਿਸਟਾਂ ਨਾਲ ਵਰਤਾਉ ਉਤੋਂ ਉਤੋਂ ਤਾਂ ਉਸੇ ਤਰ੍ਹਾਂ ਮਿਲਾਪੜਾ, ਪਰ ਅੰਦਰੋਂ ਦਾਅ ਮਾਰ ਹੋ ਗਿਆ ਸੀ। ਅਸੀਂ ਕਿਸੇ ਤਰ੍ਹਾਂ ਵੀ ਨਹੀਂ ਸੀ ਚਾਹੁੰਦੇ ਕਿ ਉਹ ਫਕੀਰ ਇਪੀ ਵਰਗੇ ਦੁਸ਼ਟ ਨੂੰ ਸਾਡੇ ਦੇਸ਼ ਦੀ ਆਜ਼ਾਦੀ ਖੋਹਣ ਲਈ ਆਪਣੇ ਹਮਲੇ ਵਾਸਤੇ ਵਰਤਣ। ਅਸੀਂ ਹੁਣ ਜ਼ਿਆਦਾ ਚਾਤਰੀ ਤੇ ਸਾਵਧਾਨੀ ਤੋਂ ਕੰਮ ਲੈਣ ਲੱਗ ਪਏ ਸੀ।

ਜਦੋਂ ਹਿਟਲਰੀ ਫੌਜਾਂ ਨੂੰ ਰੂਸ ਹੱਥੋਂ ਸਟਾਲਿਨਗਰਾਡ ਦੀ ਲੜਾਈ ਵਿਚ ਤੇ ਇਸ ਤੋਂ ਬਾਅਦ ਹਾਰ ਹੋਣ ਲੱਗ ਪਈ ਤਾਂ ਸਾਨੂੰ ਕਾਬਲੋਂ ਜਰਮਨਾਂ ਤੋਂ ਪਤਾ ਲੱਗਾ ਕਿ ਫਾਸਿਸਟਾਂ ਦੇ ਦੂਤਾਵਾਸ ਦੇ ਚਾਰ ਜਰਮਨ ਬੰਦੇ ਹਥਿਆਰਾਂ ਤੇ ਗੋਲੀ ਗੱਠੇ ਦੇ ਤਿੰਨ ਟਰੱਕ ਲੱਦ ਕੇ ਫਕੀਰ ਦੇ ਡੇਰੇ ਗੁਰਵੇਜ਼ ਪਹੁੰਚਾਉਣ ਲਈ ਗਜ਼ਨੀ ਨੂੰ ਗਏ ਸਨ। ਇਨ੍ਹਾਂ ਟਰੱਕਾਂ ਦਾ ਮਾਲ ਲੋਕਾਂ ਦੀਆਂ ਨਜ਼ਰਾਂ ਤੋਂ ਬਚਾਉਣ ਲਈ ਉਤੇ ਸਰਧੇ ਪਾਏ ਹੋਏ ਸਨ। ਛੋਟੇ ਹਥਿਆਰਾਂ ਦੀ ਇਹ ਸਪਲਾਈ ਐਨੀ ਫਕੀਰ ਇੱਪੀ ਦੀ ਸਹਾਇਤਾ ਨੂੰ ਮੁੱਖ ਰੱਖ ਕੇ ਨਹੀਂ ਸੀ, ਜਿੰਨੀ ਆਪਣੇ ਗਲੋਂ ਬਲਾਅ ਲਾਹੁਣ ਵਾਸਤੇ।

ਸੋਵੀਅਤ ਰੂਸ ਉਤੇ ਫਾਸਿਸਟ ਹਮਲੇ ਤੋਂ ਅੰਗਰੇਜ਼ਾਂ ਤੇ ਸੋਵੀਅਤਾਂ ਦਾ ਜੰਗੀ ਯਾਰਾਨਾ ਪੈ ਗਿਆ। ਅਫਗਾਨਿਸਤਾਨ ਵਿਚਲੇ ਫਾਸਿਸਟਾਂ ਦਾ ਪਿਛਾ ਆਪਣੇ ਦੇਸ਼ਾਂ ਨੂੰ ਜਾਣ ਆਉਣ ਤੇ ਡਾਕ ਦਾ ਬੰਦੋਬਸਤ ਸੋਵੀਅਤ ਰੂਸ ਥਾਣੀਂ ਸੀ, ਜੋ ਹੁਦ ਬੰਦ ਹੋ ਗਿਆ ਸੀ। ਹਿਟਲਰੀ ਫੌਜਾਂ ਤੇ ਸੋਵੀਅਤ ਰੂਸ ਤੋਂ ਅਗਾਂਹ ਹਿੰਦੋਸਤਾਨ ਵੱਲ ਵਧ ਆਉਣ ਦੀ ਆਸ ਉਤੇ ਫਾਸਿਸਟਾਂ ਨੇ ਆਪਣੇ ਕਾਬਲ ਦੇ ਦੂਤਾਵਾਸ ਵਿਚ ਰਫਲਾਂ, ਪਿਸਤੌਲਾਂ, ਬੰਬਾਂ ਆਦਿ ਛੋਟੇ ਹਥਿਆਰਾਂ ਦਾ ਬਹੁਤ ਵੱਡਾ ਜ਼ਖੀਰਾ ਤੇ ਬੇਅੰਤ ਗੋਲੀ ਗੱਠਾ ਜੋੜਿਆ ਤੇ ਲੁਕਾਇਆ ਹੋਇਆ ਸੀ, ਜੋ ਉਨ੍ਹਾਂ ਹਿਟਲਰੀ ਫੌਜਾਂ ਦੇ ਹਿੰਦੋਸਤਾਨ ਵੱਲ ਵਧਣ ਵੇਲੇ ਕਾਬਲ ਵਿਚ ਬਗਾਵਤ ਕਰਾਉਣ ਲਈ ਵਰਤਣਾ ਸੀ। ਇਸ ਸਟਾਕ ਵਿਚੋਂ ਹੀ ਉਹ ਫਕੀਰ ਨੂੰ ਮਾਲ ਦਿੰਦੇ ਰਹਿੰਦੇ ਸਨ। ਹੁਣ ਫਾਸਿਸਟਾਂ ਨੂੰ ਡਰ ਪੈ ਗਿਆ ਕਿ ਅੰਗਰੇਜ਼ਾਂ ਤੇ ਸੋਵੀਅਤ ਸਰਕਾਰਾਂ ਜਿਨ੍ਹਾਂ ਦੇ ਪ੍ਰਭਾਵ ਵਿਚ ਅਫਗਾਨਿਸਤਾਨ ਆਇਆ ਹੋਇਆ ਸੀ, ਦਬਾਅ ਹੇਠ ਆ ਕੇ ਮਤਾ ਅਫਗਾਨਿਸਤਾਨ ਹਕੂਮਤ, ਫਾਸਿਸਟਾਂ ਦੇ ਦੂਤਾਵਾਸ ਬੰਦ ਕਰ ਦੇਵੇ ਤਾਂ ਉਸ ਵੇਲੇ ਅਫਗਾਨਿਸਤਾਨ ਹਕੂਮਤ ਨੂੰ ਲੁਕਵੇਂ ਮੈਗਜ਼ੀਨ ਦਾ ਪਤਾ ਲੱਗ ਜਾਵੇਗਾ। ਇਸ ਲਈ ਉਨ੍ਹਾਂ ਨੇ ਇਹ ਮੌਤ ਦਾ ਪੱਥਰ ਫਕੀਰ ਦੇ ਹਵਾਲੇ ਕਰਨ ਦਾ ਫੈਸਲਾ ਕੀਤਾ। ਇਸ ਤਰ੍ਹਾਂ ਇਕ ਤਾਂ ਉਹ ਆਪ ਬਚਦੇ ਸਨ ਤੇ ਦੂਸਰੇ ਫਕੀਰ ਪਾਸ ਇਹ ਸਮਾਨ ਚਲੇ ਜਾਣ ਨਾਲ ਉਹ ਇਨ੍ਹਾਂ ਦਾ ਪੱਕਾ ਲਾਈਲੱਗ ਬਣ ਜਾਂਦਾ ਸੀ। ਤੀਸਰੇ, ਉਹਦੇ ਪਾਸੋਂ ਅੰਗਰੇਜ਼ੀ ਇਲਾਕੇ ਵਿਚ ਮਾਰ ਧਾੜ ਦੇ ਹਮਲੇ ਵਧਵਾ ਕੇ ਅੰਗਰੇਜ਼ੀ ਫੌਜਾਂ ਦੇ ਕੁਝ ਨਾ ਕੁਝ ਹਿੱਸੇ ਨੂੰ ਸਰਹੱਦ ਵਿਚ ਰੁੰਨ੍ਹੀ ਤੇ ਯੂਰਪ ਤੇ ਅਫਰੀਕਾ ਲਿਜਾਣੋਂ ਰੋਕੀ ਰੱਖਣਾ ਸੀ।

ਉਨ੍ਹਾਂ ਨੇ ਇਸ ਮਾਲ ਨੂੰ ਲਿਜਾਣ ਵਾਸਤੇ ਪਹਿਲਾਂ ਸਾਨੂੰ ਵੀ ਆਖਿਆ ਸੀ ਪਰ ਅਸੀਂ ਤਾਂ ਅੰਗਰੇਜ਼ ਦੇ ਸੋਵੀਅਤ ਰੂਸ ਨਾਲ ਹੋ ਗਏ ਜੰਗੀ ਯਰਾਨੇ ਤੋਂ ਲੋਕ ਯੁੱਧ ਦੀ ਪਟੜੀ ਚੜ੍ਹ ਗਏ ਸਾਂ ਤੇ ਸਾਨੂੰ ਹੁਣ ਅੰਗਰੇਜ਼ੀ ਹਕੂਮਤ ਵਿਰੁਧ ਬਗਾਵਤ ਕਰਨ ਤੇ ਇਨ੍ਹਾਂ ਹਥਿਆਰਾਂ ਨੂੰ ਵਰਤਣ ਦੀ ਲੋੜ ਨਹੀਂ ਸੀ। ਇਸ ਲਈ ਅਸਾਂ ਇਨ੍ਹਾਂ ਨੂੰ ਲਿਜਾਣ ਦੀ ਔਖਿਆਈ ਦਾ ਪੱਜ ਲਾ ਕੇ ਨਾਂਹ ਕਰ ਦਿੱਤੀ। ਉਨ੍ਹਾਂ ਨੇ ਇਹ ਫਕੀਰ ਪਾਸ ਪਹੁੰਚਾਉਣ ਦਾ ਫੈਸਲਾ ਕਰ ਲਿਆ।

ਪਰ ਅਸੀਂ ਤਾਂ ਇਹ ਅੱਗੇ ਵੀ ਨਹੀਂ ਸੀ ਚਾਹੁੰਦੇ ਤੇ ਹੁਣ ਤਾਂ ਕਿਸੇ ਤਰ੍ਹਾਂ ਵੀ ਬਰਦਾਸ਼ਤ ਨਹੀਂ ਸੀ ਕਰ ਸਕਦੇ ਕਿ ਫਾਸਿਸਟ ਸਾਡੀਆਂ ਸਰਹੱਦਾਂ ਉਤੇ ਛੇੜਖਾਨੀਆਂ ਕਰਵਾਉਣ ਤੇ ਫਕੀਰ ਇਪੀ ਵਰਗੇ ਪਿਛਾੜ ਤੇ ਦੁਸ਼ਟ ਅਵਤਾਰ ਨੂੰ ਆਪਣੀਆਂ ਗਰਜ਼ਾਂ ਲਈ ਹਿੰਦ ਦੀ ਆਜ਼ਾਦੀ ਖੋਹਣ ਲਈ ਵਰਤਣ। ਅਸੀਂ ਸੋਵੀਅਤ ਦੇ ਕਾਬਲੀ ਦੂਤਾਵਾਸ ਨੂੰ ਦੱਸ ਕੇ ਇਹ ਟਰੱਕ ਗਜ਼ਨੀ ਲੰਘਦੇ ਹੀ ਅਫਗਾਨ ਸਰਕਾਰ ਪਾਸੋਂ ਫੜਵਾ ਦਿੱਤੇ। ਸਮਾਨ ਬਚਾਉਣ ਲਈ ਉਨ੍ਹਾਂ ਜਰਮਨਾਂ ਨੇ ਅਫਗਾਨ ਪੁਲਿਸ ਦਾ ਬੜਾ ਡਟਵਾਂ ਮੁਕਾਬਲਾ ਕੀਤਾ, ਜਿਸ ਵਿਚ ਉਹ ਚਾਰੇ ਮਾਰੇ ਗਏ ਅਤੇ ਸਮਾਨ ਅਫਗਾਨ ਸਰਕਾਰ ਨੇ ਜ਼ਬਤ ਕਰ ਲਿਆ।

ਫਾਸਿਸਟਾਂ ਦੀ ਸਲਾਹ ਸੀ ਕਿ ਜਦ ਰੂਸ ਫਤਿਹ ਕਰਕੇ ਹਿਟਲਰੀ ਫੌਜਾਂ ਹਿੰਦੋਸਤਾਨ ਉਤੇ ਹਮਲਾ ਕਰਨ ਲਈ ਈਰਾਨ ਵਿਚ ਦਾਖਲ ਹੋਣਗੀਆਂ ਤਾਂ ਇਸ ਮੋਰਚੇ ਪਿਛੇ ਹਫੜਾ ਦਫੜੀ ਮਚਾਉਣ ਲਈ ਕਾਬਲ ਵਿਚ ਬਗਾਵਤ ਕਰਵਾ ਦਿੱਤੀ ਜਾਵੇਗੀ। ਇਸ ਕੰਮ ਲਈ ਉਹ ਆਜ਼ਾਦ ਕਬੀਲਿਆਂ ਦੇ ਮੌਲਵੀਆਂ ਤੇ ਅਫਗਾਨ ਸਰਕਾਰ ਦੇ ਕਈ ਨਰਾਜ਼ ਅਫਸਰਾਂ ਤੇ ਅਹਿਲਕਾਰਾਂ ਨਾਲ ਗੱਲਾਂ ਚਲਾ ਰਹੇ ਸਨ।

ਰੋਜ਼ਿਆਂ ਤੋਂ ਬਾਅਦ ਫਕੀਰ ਇਪੀ ਦੀਆਂ ਸਾਨੂੰ ਦੋ ਚਿੱਠੀਆਂ ਆਈਆਂ, ਜਿਨ੍ਹਾਂ ਵਿਚ ਸਾਡੇ ਨਾਲ ਕਾਜ਼ੀ ਦੀ ਰੁਖਾਈ ਦੀ ਮਾਫੀ ਮੰਗੀ ਹੋਈ ਸੀ ਤੇ ਮੁੜ ਆ ਕੇ ਮਿਲਣ ਲਈ ਲਿਖਿਆ ਹੋਇਆ ਸੀ। ਅਸਾਂ ਇਹ ਚਿੱਠੀਆਂ ਰੱਦੀ ਦੀ ਟੋਕਰੀ ਵਿਚ ਸੁੱਟ ਦਿੱਤੀਆਂ।

---

# ਕਦੇ ਮੰਗਿਆਂ ਮਿਲਣ ਆਜ਼ਾਦੀਆਂ ਨਾ



ਡਾ. ਅਜੀਤ ਸਿੰਘ ਕੋਟਕਪੂਰਾ
ਫੋਨ: 585-305-0443

ਬਾਬਾ ਸੋਹਣ ਸਿੰਘ ਭਕਨਾ ਨੇ ਲਿਖਿਆ ਹੈ, "ਇਕ ਵਾਰ ਮੈਂ ਆਪਣੇ ਦੋਸਤ ਨਾਲ ਕਿਸੇ ਮਿੱਲ ਦੇ ਦਫਤਰ ਵਿਚ ਜਾ ਕੇ ਕੰਮ ਲਈ ਮਿਲਿਆ ਅਤੇ ਕੰਮ ਬਾਰੇ ਪੁੱਛਿਆ। ਮਿੱਲ ਵਾਲੇ ਨੇ ਬੜੇ ਆਦਰ ਸਤਿਕਾਰ ਨਾਲ ਕੁਰਸੀਆਂ 'ਤੇ ਬੈਠਣ ਲਈ ਆਖਿਆ। ਅਸੀਂ ਬੈਠਦਿਆਂ ਹੀ ਕੰਮ ਬਾਰੇ ਪੁੱਛਿਆ। ਉਸ ਨੇ ਉਤਰ ਦਿੱਤਾ, 'ਕੰਮ ਤਾਂ ਬਹੁਤ ਹੈ, ਪਰ ਤੁਹਾਡੇ ਲਈ ਨਹੀਂ ਹੈ।' ਜਦੋਂ ਅਸੀਂ ਕਾਰਨ ਪੁੱਛਿਆ ਤਾਂ ਜਵਾਬ ਦਿੱਤਾ, 'ਮੇਰਾ ਮਨ ਕਰਦਾ ਹੈ ਕਿ ਤੁਹਾਨੂੰ ਗੋਲੀ ਨਾਲ ਹੀ ਖਤਮ ਕਰ ਦੇਵਾਂ।' ਅਸੀਂ ਸੁਣ ਕੇ ਹੈਰਾਨ ਹੋਏ ਤੇ ਪੁੱਛਿਆ ਕਿ ਸਾਥੋਂ ਕੀ ਗੁਸਤਾਖੀ ਹੋ ਗਈ ਹੈ? ਉਸ ਨੇ ਸਵਾਲ ਕੀਤਾ, 'ਤੁਹਾਡੀ ਆਬਾਦੀ ਕਿੰਨੀ ਹੈ?' ਅਸੀਂ ਦੱਸਿਆ, 'ਲਗਭਗ ਤੀਹ ਕਰੋੜ।' ਉਸ ਨੇ ਫਿਰ ਕਿਹਾ, 'ਇਸ ਅਬਾਦੀ ਵਿਚ ਭੇਡਾਂ ਹਨ ਕਿ ਆਦਮੀ?' ਅਸੀਂ ਜਵਾਬ ਦਿੱਤਾ ਕਿ ਆਦਮੀ। ਉਸ ਨੇ ਕਿਹਾ, 'ਜੇ ਤੁਸੀਂ ਤੀਹ ਕਰੋੜ ਆਦਮੀ ਹੁੰਦੇ ਤਾਂ ਗੁਲਾਮ ਕਿਸ ਤਰ੍ਹਾਂ ਰਹਿੰਦੇ! ਮੈਂ ਤੁਹਾਨੂੰ ਦੋਹਾਂ ਨੂੰ ਇਕ-ਇਕ ਬੰਦੂਕ ਦਿੰਦਾ ਹਾਂ ਅਤੇ ਜਾਓ ਪਹਿਲਾਂ ਦੇਸ਼ ਨੂੰ ਆਜ਼ਾਦ ਕਰਵਾਓ। ਜਦੋਂ ਆਜ਼ਾਦ ਕਰਵਾ ਕੇ ਵਾਪਸ ਆਓਗੇ ਤਾਂ ਮੈਂ ਸਭ ਤੋਂ ਪਹਿਲਾਂ ਤੁਹਾਨੂੰ ਨੌਕਰੀ ਦੇਵਾਂਗਾ।' ਸਾਨੂੰ ਬਹੁਤ ਹੀ ਸ਼ਰਮ ਆਈ ਤੇ ਅਸੀਂ ਮੂੰਹ ਲਟਕਾ ਕੇ ਵਾਪਸ ਆ ਗਏ।"

ਅਮਰੀਕਨਾਂ ਦੇ ਦਿਲਾਂ ਵਿਚ ਗੁਲਾਮੀ ਵਿਰੁਧ ਨਫਰਤ ਸਪਸ਼ਟ ਵੇਖੀ ਜਾ ਸਕਦੀ ਸੀ। ਆਵਾਸ ਮਹਿਕਮੇ ਦੇ ਬਹੁਤ ਸਾਰੇ ਅਫਸਰ ਹਿੰਦੀਆਂ ਨੂੰ ਅਮਰੀਕਾ ਵਿਚ ਉਤਰਨ ਤੋਂ ਰੋਕਣ ਲਈ ਕਈ ਤਰ੍ਹਾਂ ਦੇ ਢੰਗ ਤਰੀਕੇ ਵਰਤਦੇ ਸਨ। ਉਨ੍ਹਾਂ ਨੂੰ ਕੁਝ ਹੋਟਲਾਂ ਵਿਚ ਜਾਣ ਤੋਂ ਰੋਕਿਆ ਜਾਂਦਾ ਸੀ, ਜਦਕਿ ਜਾਪਾਨੀਆਂ ਅਤੇ ਚੀਨੀਆਂ ਨਾਲ ਚੰਗਾ ਸਲੂਕ ਕੀਤਾ ਜਾਂਦਾ ਸੀ, ਕਿਉਂਕਿ ਉਹ ਆਜ਼ਾਦ ਦੇਸ਼ਾਂ ਤੋਂ ਆਏ ਹੋਏ ਸਨ।

ਇਕ ਹਿੰਦੀ ਹੋਟਲ ਵਿਚ ਚਾਹ ਪੀਣ ਲਈ ਗਿਆ ਤਾਂ ਉਥੇ ਪਹਿਲਾਂ ਹੀ ਬੈਠੇ ਵਿਦਿਆਰਥੀਆਂ ਨੇ ਐਲਬਮ ਵਿਖਾ ਕੇ ਉਸ ਨੂੰ ਉਸ ਦੇ ਦੇਸ਼ ਦੇ ਝੰਡੇ ਦੀ ਪਛਾਣ ਪੁੱਛੀ। ਜਦੋਂ ਉਸ ਨੇ ਯੂਨੀਅਨ ਜੈਕ 'ਤੇ ਉਂਗਲ ਰੱਖੀ ਤਾਂ ਅਮਰੀਕਨਾਂ ਨੇ ਉਸ ਦਾ ਮਖੌਲ ਉਡਾਇਆ ਤੇ ਦੱਸਿਆ ਕਿ ਇਹ ਤਾਂ ਅੰਗਰੇਜ਼ਾਂ ਦਾ ਝੰਡਾ ਹੈ। ਇਸ 'ਤੇ ਹਿੰਦੀ ਨੇ ਕਿਹਾ ਕਿ ਸਾਡਾ ਆਪਣਾ ਤਾਂ ਕੋਈ ਝੰਡਾ ਨਹੀਂ ਹੈ। ਫਿਰ ਅਮਰੀਕੀ ਵਿਦਿਆਰਥੀ ਬੋਲੇ, ਤੁਹਾਡੇ ਜਿਉਣ ਤੋਂ ਬਿਨਾ ਕੀ ਥੁੜਿਆ ਪਿਆ ਹੈ! ਤੁਸੀਂ ਤਾਂ ਗੁਲਾਮ ਹੋ ਅਤੇ ਅਸੀਂ ਗੁਲਾਮੀ ਨਾਲੋਂ ਮਰਨ ਨੂੰ ਪਹਿਲ ਦਿੰਦੇ ਹਾਂ।

ਇਸ ਤਰ੍ਹਾਂ ਦੇ ਵਿਹਾਰ ਨੇ ਹਿੰਦੀ ਕਾਮਿਆਂ 'ਤੇ ਡੂੰਘਾ ਅਸਰ ਕੀਤਾ। ਹਰ ਖੇਤਰ ਵਿਚ ਵਿਤਕਰੇਬਾਜ਼ੀ ਅਤੇ ਤਾਅਨੇਬਾਜ਼ੀ ਨੇ ਉਨ੍ਹਾਂ 'ਤੇ ਡੂੰਘਾ ਅਸਰ ਕੀਤਾ। ਉਨ੍ਹਾਂ 'ਚ ਦੇਸ਼ ਪ੍ਰੇਮ ਦੀ ਭਾਵਨਾ ਫੁੱਟਣ ਲੱਗੀ, ਜਿਸ ਨੇ ਹਿੰਦੁਸਤਾਨੀਆਂ ਅੰਦਰ ਰਾਜਸੀ ਚੇਤਨਾ ਪੈਦਾ ਕੀਤੀ। ਇਸ ਸਦਕਾ ਉਨ੍ਹਾਂ 'ਚ ਦੇਸ਼ ਭਗਤੀ ਅਤੇ ਅੰਗਰੇਜ਼ਾਂ ਖਿਲਾਫ ਵਿਰੋਧ ਪੈਦਾ ਹੋਇਆ।

ਹਿੰਦੀ ਕਾਮਿਆਂ ਵਿਚ ਦੇਸ਼ ਭਗਤੀ ਦੇ ਪ੍ਰਚਾਰ ਲਈ ਇਕ ਸਭਾ ਬਣਾਈ ਗਈ, ਜੋ ਕੁਝ ਮਹੀਨੇ ਅਖਬਾਰ ਵੀ ਕੱਢਦੀ ਰਹੀ। ਹਿੰਦੀਆਂ ਨੇ ਇਕੱਠੇ ਹੋ ਕੇ ਮਜਹਬੀ ਦਾਇਰੇ ਤੋਂ ਉਪਰ ਉਠ ਕੇ ਇਕ ਕੌਮ ਦਾ ਅਹਿਸਾਸ ਦਿਵਾਉਣਾ ਸ਼ੁਰੂ ਕੀਤਾ। ਇਸ ਤਰ੍ਹਾਂ ਦੇ ਵਿਤਕਰਿਆਂ ਨੇ ਹਿੰਦੀ ਲੋਕਾਂ ਨੂੰ ਆਪਣੇ ਨਾਲ ਵਾਪਰ ਰਹੀ ਦੁਰਦਸ਼ਾ ਤੋਂ ਛੁਟਕਾਰਾ ਪਾਉਣ ਲਈ ਗੰਭੀਰਤਾ ਨਾਲ ਸੋਚਣ ਲਈ ਮਜ਼ਬੂਰ ਕਰ ਦਿੱਤਾ। ਹੁਣ ਉਨ੍ਹਾਂ ਦੇ ਅੰਦਰ ਮਜਹਬੀ ਵਖਰੇਵਿਆਂ ਲਈ ਕੋਈ ਥਾਂ ਨਹੀਂ ਸੀ ਤੇ ਉਹ ਕੌਮੀ ਨਿਸ਼ਾਨੇ ਦੀ ਪੂਰਤੀ ਲਈ ਇਕਮੁੱਠ ਹੋ ਵਿਚਾਰ ਕਰਨ ਲੱਗੇ।

ਉਨੀਵੀਂ ਸਦੀ ਆਪਣੇ ਆਖਰੀ ਸਾਹਾਂ 'ਤੇ ਸੀ, ਵੀਹਵੀਂ ਸਦੀ ਦਾ ਸੂਰਜ ਉਦੈ ਹੋ ਰਿਹਾ ਸੀ। ਉਸ ਵੇਲੇ ਹਜ਼ਾਰਾਂ ਹੀ ਪੰਜਾਬ ਦੇ ਸਿੱਖ ਕਿਸਾਨ, ਜਵਾਨ ਅਤੇ ਬੁੱਢੇ ਆਪਣੇ ਪਰਿਵਾਰਾਂ ਦੇ ਪੇਟ ਦੀ ਅੱਗ ਬੁਝਾਉਣ ਖਾਤਿਰ ਘਰ ਬਾਰ ਛੱਡ ਪਰਦੇਸਾਂ ਵਲ ਕੂਚ ਕਰ ਗਏ। ਉਨ੍ਹਾਂ ਲਈ ਪੰਜਾਬ ਤੋਂ ਬੇਮੁਖ ਹੋਣ ਦਾ ਮੁਖ ਕਾਰਨ ਦੋ ਵੇਲੇ ਢਿਡ ਭਰਨਾ ਵੀ ਦਿਨੋ ਦਿਨ ਮੁਸ਼ਕਿਲ ਹੋਣ ਲੱਗਾ ਸੀ। ਉਸ ਜ਼ਮਾਨੇ ਨੂੰ ਆਰਥਕ ਮੰਦਵਾੜੇ ਦਾ ਜ਼ਮਾਨਾ ਕਿਹਾ ਜਾ ਸਕਦਾ ਹੈ। ਸਦੀਆਂ ਪੁਰਾਣਾ ਆਰਥਕ ਪ੍ਰਬੰਧ ਪੂਰਨ ਤੌਰ 'ਤੇ ਬਰਬਾਦ ਹੋ ਚੁਕਾ ਸੀ ਅਤੇ ਉਸਾਰੀ ਦੀ ਨਵੀਂ ਕਿਰਨ ਬਿਲਕੁਲ ਹੀ ਨਜ਼ਰ ਨਹੀਂ ਸੀ ਆ ਰਹੀ। ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ ਨੇ ਆਪਣੀਆਂ ਜਮੀਨਾਂ ਭਰੇ ਮਨ ਨਾਲ ਗਹਿਣੇ ਕਰ ਦਿੱਤੀਆਂ; ਹਲ ਪੰਜਾਲੀ ਵੇਚ ਅਤੇ ਥੋੜ੍ਹੇ-ਬਹੁਤੇ ਰੁਪਿਆਂ ਦਾ ਪ੍ਰਬੰਧ ਕਰ ਪਰਦੇਸੀ ਹੋ ਗਏ।

ਅਮਰੀਕਾ 'ਚ ਹਿੰਦ ਵਾਸੀ ਕੈਲੀਫੋਰਨੀਆ, ਓਰੇਗਾਨ ਅਤੇ ਵਾਸ਼ਿੰਗਟਨ ਵਿਚ ਵੱਸ ਚੁਕੇ ਸਨ। ਆਲੂਆਂ ਦੇ ਬਾਦਸ਼ਾਹ ਬਣ ਚੁਕੇ ਜਵਾਲਾ ਸਿੰਘ, ਉਨ੍ਹਾਂ ਦੇ ਹਿਸੇਦਾਰ ਵਸਾਖਾ ਸਿੰਘ ਤੇ ਸੰਤੋਖ ਸਿੰਘ ਅਤੇ ਵੱਖ ਵੱਖ ਕਾਰਖਾਨਿਆਂ ਵਿਚ ਕੰਮ ਕਰ ਰਹੇ ਸੋਹਣ ਸਿੰਘ ਭਕਨਾ, ਕੇਸਰ ਸਿੰਘ, ਪੰਡਿਤ ਕਾਂਸ਼ੀ ਰਾਮ ਅਤੇ ਹੋਰ ਅਣਗਿਣਤ ਹਿੰਦੁਸਤਾਨੀ ਕਾਫੀ ਰੁਪਿਆ ਕਮਾ ਰਹੇ ਸਨ। ਆਰਥਕ ਮੰਦਵਾੜੇ ਦੇ ਔਖੇ ਦਿਨ ਲੰਘ ਚੁਕੇ ਸਨ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਡਾਲਰਾਂ ਨਾਲ ਇੱਜਤ ਅਤੇ ਸਨਮਾਨ ਨਹੀਂ ਖਰੀਦਿਆ ਜਾ ਸਕਦਾ। ਉਨ੍ਹਾਂ ਨੂੰ ਹਰ ਥਾਂ ਬੇਇੱਜਤ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨਾਲ ਭੈੜਾ ਸਲੂਕ ਕੀਤਾ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਦੇ ਪੰਨਾ 142 'ਤੇ ਸੁਭਾਇਮਾਨ ਸ਼ਬਦ "ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥" ਅਨੁਸਾਰ ਹਿੰਦੁਸਤਾਨੀਆਂ ਦੇ ਮਨਾਂ ਵਿਚ ਇਕ ਗੁਲਾਮ ਦੇਸ਼ ਵਿਚ ਪੈਦਾ ਹੋਣ ਦੀ ਨਮੋਸ਼ੀ ਸੀ। ਆਜ਼ਾਦ ਅਮਰੀਕੀ ਰਾਜ ਪ੍ਰਬੰਧ ਦੀਆਂ ਖੂਬੀਆਂ ਨੇ ਉਨ੍ਹਾਂ 'ਚ ਆਜ਼ਾਦ ਹੋ ਜਾਣ ਦੀ ਖਿੱਚ ਪੈਦਾ ਕਰ ਦਿਤੀ। ਪੰਜਾਬੀਆਂ 'ਚ ਆਜ਼ਾਦੀ ਪ੍ਰਾਪਤ ਕਰਨ ਦੀ ਤਾਂਘ ਉਠਣ ਲੱਗੀ। ਜਲਦੀ ਹੀ ਗੁਰਦੁਆਰੇ ਅਤੇ ਇਕੱਠੇ ਹੋਣ ਵਾਲੇ ਸਥਾਨ ਰਾਜਸੀ ਸਰਗਰਮੀਆਂ ਦੇ ਕੇਂਦਰ ਬਣਨ ਲੱਗੇ। ਵੱਖ ਵੱਖ ਥਾਂਵਾਂ 'ਤੇ ਵਿਚਰਦਿਆਂ ਸਭ ਦੇ ਅੰਦਰ ਬਰਤਾਨਵੀ ਰਾਜ ਵਿਰੁਧ ਬਗਾਵਤ ਦੇ ਖਿਆਲ ਨੇ ਹੁੰਗਾਰਾ ਭਰਿਆ।

ਗਦਰ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦੇ ਅਰਥ ਬੇਵਫਾਈ, ਹਲਚਲ, ਬਗਾਵਤ, ਹੰਗਾਮਾ ਅਤੇ ਵਿਦਰੋਹ ਆਦਿ ਹਨ। ਗਦਰ ਮਚਾਉਣ ਦਾ ਅਰਥ ਲੁੱਟ ਮਚਾਉਣਾ, ਸ਼ੋਰ ਮਚਾਉਣਾ ਜਾਂ ਬਦਇੰਤਜ਼ਾਮੀ ਕਰਨਾ ਆਦਿ ਹਨ। ਕਾਰਲ ਮਾਰਕਸ ਨੇ ਗਦਰ ਨੂੰ ਕੌਮੀ ਬਗਾਵਤ ਦਾ ਦਰਜਾ ਦਿਤਾ ਹੈ। ਗਦਰ ਪਾਰਟੀ ਵਲੋਂ ਕੀਤੇ ਗਏ ਗਦਰ ਬਾਰੇ ਬਰਤਾਨਵੀ ਸੰਸਦ ਦੇ ਉਸ ਸਮੇਂ ਦੇ ਵਿਰੋਧੀ ਨੇਤਾ ਡਿਜ਼ਰੇਲੀ, ਜੋ ਪਿਛੋਂ ਬਰਤਾਨਵੀ ਪ੍ਰਧਾਨ ਮੰਤਰੀ ਵੀ ਬਣਿਆ, ਨੇ ਲਿਖਿਆ ਸੀ ਕਿ ਭਾਰਤ ਦੀ ਮੌਜੂਦਾ ਗੜਬੜ ਇਕ ਫੌਜੀ ਗਦਰ ਹੀ ਨਹੀਂ, ਸਗੋਂ ਇਹ ਇੱਕ ਕੌਮੀ ਬਗਾਵਤ ਹੈ, ਜਿਸ ਵਿਚ ਫੌਜੀ ਸਿਪਾਹੀ ਤਾਂ ਕੇਵਲ ਸੰਦ ਹੀ ਹਨ।

ਆਜ਼ਾਦੀ ਦੇ ਇਤਿਹਾਸ ਵਿਚ ਗਦਰ ਲਹਿਰ ਦਾ ਇਕ ਵਿਸ਼ੇਸ਼ ਸਥਾਨ ਹੈ, ਉਹ ਲਹਿਰ ਜੋ ਹਿੰਦੁਸਤਾਨੀਆਂ ਵਲੋਂ ਗੁਲਾਮੀ ਦਾ ਜੂਲਾ ਲਾਹ ਦੇਣ ਦੇ ਯਤਨ ਵਜੋਂ ਵਿਦੇਸ਼ੀ ਧਰਤੀ 'ਤੇ ਸ਼ੁਰੂ ਕੀਤੀ ਗਈ ਸੀ। ਲਾਲਾ ਹਰਦਿਆਲ ਨੇ ਭਾਰਤੀਆਂ ਅੰਦਰ ਪੈਦਾ ਹੋ ਰਹੇ ਅੰਗਰੇਜ਼ਾਂ ਪ੍ਰਤੀ ਵਿਰੋਧ ਨੂੰ ਭਖਾ ਕੇ ਭਾਂਬੜ ਦੇ ਰੂਪ ਵਿਚ ਬਦਲ ਦਿੱਤਾ। 1913 ਵਿਚ ਸ਼ੁਰੂ ਕੀਤਾ ਗਿਆ ਅਖਬਾਰ 'ਗਦਰ' ਵੀ ਲਾਲਾ ਹਰਦਿਆਲ ਵਲੋਂ ਹਿੰਦੀ ਵੀਰਾਂ ਨੂੰ ਖੁੱਲ੍ਹੇਆਮ ਅੰਗਰੇਜ਼ਾਂ ਨੂੰ ਕਤਲ ਕਰ ਦੇਣ ਅਤੇ ਇਨਕਲਾਬ ਲਈ ਪ੍ਰੇਰਿਤ ਕਰਦਾ ਸੀ। ਲਾਲਾ ਹਰਦਿਆਲ ਵਲੋਂ ਠੋਸ ਤਜਵੀਜ਼ਾਂ ਪੇਸ਼ ਕੀਤੀਆਂ ਗਈਆਂ, ਜੋ ਮਤੇ ਦੇ ਤੌਰ 'ਤੇ ਪੇਸ਼ ਹੋਈਆਂ ਅਤੇ ਸਰਬਸੰਮਤੀ ਨਾਲ ਮਨਜ਼ੂਰ ਕਰ ਲਈਆਂ ਗਈਆਂ। ਕੇਂਦਰੀ ਕਮੇਟੀ ਦੇ ਸਾਰੇ ਹੀ ਅਹੁਦੇਦਾਰ ਸਰਬ ਸੰਮਤੀ ਨਾਲ ਚੁਣੇ ਗਏ ਸਨ। ਸੋਹਣ ਸਿੰਘ ਭਕਨਾ ਪ੍ਰਧਾਨ, ਲਾਲਾ ਹਰਦਿਆਲ ਜਨਰਲ ਸਕੱਤਰ, ਬਾਬਾ ਕੇਸਰ ਸਿੰਘ ਠੱਠਗੜ੍ਹ ਮੀਤ ਪ੍ਰਧਾਨ, ਪੰਡਿਤ ਕਾਂਸ਼ੀ ਰਾਮ ਖਜਾਨਚੀ, ਬਾਬਾ ਹਰਨਾਮ ਸਿੰਘ ਕੋਟਲਾ ਨੌਧ ਸਿੰਘ ਸਹਾਇਕ ਖਜਾਨਚੀ, ਕਰੀਮ ਬਖਸ਼ ਪ੍ਰਬੰਧਕੀ ਸਕੱਤਰ, ਅਜੀਤ ਸਿੰਘ ਦਾ ਇਕ ਸਾਥੀ ਮੀਤ ਸਕੱਤਰ ਅਤੇ ਮੁਨਸ਼ੀ ਰਾਮ ਪ੍ਰਬੰਧਕੀ ਸਕੱਤਰ ਬਣਾਏ ਗਏ। ਗੁਪਤ ਕਾਰਜ ਕਰਨ ਲਈ ਬਾਬਾ ਸੋਹਣ ਸਿੰਘ ਭਕਨਾ, ਲਾਲਾ ਹਰਦਿਆਲ ਅਤੇ ਕਾਂਸ਼ੀ ਰਾਮ ਨੂੰ ਕਮਿਸ਼ਨ ਦਾ ਮੈਂਬਰ ਲਿਆ ਗਿਆ। ਇਸ ਐਸੋਸੀਏਸ਼ਨ ਦਾ ਨਾਂ ਹਿੰਦੀ ਐਸੋਸੀਏਸ਼ਨ ਆਫ ਅਮਰੀਕਾ ਰੱਖਿਆ ਗਿਆ। ਪਾਰਟੀ ਵਲੋਂ ਉਰਦੂ, ਹਿੰਦੀ, ਗੁਰਮੁਖੀ ਅਤੇ ਮਰਾਠੀ ਵਿਚ ਅਖਬਾਰ ਕੱਢਣ ਦਾ ਫੈਸਲਾ ਕੀਤਾ ਗਿਆ, ਜਿਸ ਦਾ ਨਾਂ 1857 ਦੇ ਗਦਰ ਦੀ ਯਾਦ ਵਿਚ 'ਗਦਰ' ਰੱਖਿਆ ਗਿਆ। ਐਸੋਸੀਏਸ਼ਨ ਵੀ ਗਦਰ ਪਾਰਟੀ ਦੇ ਨਾਂ ਨਾਲ ਜਾਣੀ ਜਾਣ ਲੱਗੀ। ਅਖਬਾਰ ਦਾ ਮੁਖ ਦਫਤਰ ਸੈਨ ਫਰਾਂਸਿਸਕੋ (ਕੈਲੀਫੋਰਨੀਆ) ਦੀ ਹਿੱਲ ਸਟ੍ਰੀਟ ਵਿਚ ਇਕ ਮਕਾਨ ਕਿਰਾਏ 'ਤੇ ਲੈ ਕੇ ਬਣਾਇਆ ਗਿਆ, ਜਿਸ ਦਾ ਨਾਂ ਯੁਗਾਂਤਰ ਆਸ਼ਰਮ ਸੀ।

ਭਾਰਤੀ ਗਦਰ ਪਾਰਟੀ ਦੀ ਵਿਚਾਰਧਾਰਾ 1913 ਵਿਚਲੇ ਗਦਰ ਦੇ ਪਲੇਠੇ ਅੰਕ ਵਿਚ ਹੀ ਸਪਸ਼ਟ ਕੀਤੀ ਗਈ ਸੀ। ਇਸ ਦਾ ਮੁਖ ਮੰਤਵ ਬਰਤਾਨਵੀ ਹਕੂਮਤ ਦਾ ਤਖਤ ਪਲਟਾਉਣਾ ਅਤੇ ਹਥਿਆਰਬੰਦ ਘੋਲ ਦਾ ਰਸਤਾ ਅਖਤਿਆਰ ਕਰ ਹਿੰਦੁਸਤਾਨ ਵਿਚ ਗਣਤੰਤਰ ਸਥਾਪਿਤ ਕਰਨਾ ਸੀ। ਗਦਰ ਪਾਰਟੀ ਹਿੰਦੁਸਤਾਨ ਦੀ ਪੂਰਨ ਆਜ਼ਾਦੀ ਲਈ ਹਥਿਆਰਬੰਦ ਤਰੀਕਾ ਅਪਨਾਉਣਾ ਚਾਹੁੰਦੀ ਸੀ। ਉਨ੍ਹਾਂ ਦਾ ਮੰਤਵ ਇਸ ਕਾਵਿ ਟੋਟੇ ਵਿਚ ਪ੍ਰਗਟ ਹੁੰਦਾ ਹੈ,

ਕਦੇ ਮੰਗਿਆਂ ਮਿਲਣ ਆਜ਼ਾਦੀਆਂ ਨਾ,
ਹੁੰਦੇ ਤਰਲਿਆਂ ਨਾਲ ਨਾ ਰਾਜ ਲੋਕੋ।

ਉਹ ਸੰਘਰਸ਼ ਨੂੰ ਹੋਰ ਸਾਰੇ ਕੰਮਾਂ ਨਾਲੋਂ ਪਹਿਲ ਦਿੰਦੇ ਸਨ। ਕਿਸੇ ਗਦਰੀ ਵੀਰ ਦੀਆਂ ਇਹ ਕਾਵਿ ਸਤਰਾਂ ਇਸ ਭਾਵਨਾ ਨੂੰ ਪ੍ਰਗਟ ਕਰਦੀਆਂ ਹਨ,

ਸਾਨੂੰ ਲੋੜ ਨਾ ਪੰਡਿਤਾਂ ਕਾਜ਼ੀਆਂ ਦੀ,
ਨਹੀਂ ਸ਼ੌਂਕ ਹੈ ਬੇੜਾ ਡੁਬਾਵਣੇ ਦਾ।
ਜਪ ਤਪ ਦਾ ਵੇਲਾ ਬਤੀਤ ਹੋਇਆ,
ਵੇਲਾ ਆ ਗਿਆ ਤੇਗ ਉਠਾਵਣੇ ਦਾ।

ਗਦਰੀਆਂ ਦੀ ਮੁਖ ਵਿਚਾਰਧਾਰਾ ਧਰਮ ਨਿਰਪੇਖਤਾ ਸੀ। ਉਹ ਸਾਰੇ ਹਿੰਦੂ, ਸਿੱਖਾਂ, ਈਸਾਈਆਂ ਅਤੇ ਮੁਸਲਮਾਨਾਂ ਨੂੰ ਬਰਾਬਰ ਸਮਝਦੇ ਸਨ ਅਤੇ ਸੰਘਰਸ਼ ਲਈ ਸਾਰੇ ਧਰਮ ਦੀ ਇਕਮੁੱਠਤਾ ਅਤਿ ਜ਼ਰੂਰੀ ਸੀ। ਜਾਤ ਪਾਤ ਅਤੇ ਨਸਲਾਂ ਦੇ ਭੇਦ ਨੂੰ ਉਹ ਵਿਅਰਥ ਸਮਝਦੇ ਸਨ। ਆਸ਼ਰਮ ਦੇ ਅੰਦਰ ਸਾਰੇ ਹੀ ਆਪਣਾ ਆਪਣਾ ਖਾਣਾ ਆਪ ਤਿਆਰ ਕਰ ਇਕੋ ਹੀ ਮੇਜ਼ 'ਤੇ ਬੈਠ ਕੇ ਖਾਂਦੇ ਅਤੇ ਵਿਚਾਰ ਸਾਂਝੇ ਕਰਦੇ ਸਨ। ਉਨ੍ਹਾਂ ਦੀ ਵਿਚਾਰ ਚਰਚਾ ਵਿਚ ਛੂਤ ਛਾਤ ਦੀ ਨਿੰਦਾ ਅਤੇ ਗੈਰ ਸਮਾਜਕ ਵਿਤਕਰੇ ਦਾ ਵਿਰੋਧ ਹੋਇਆ ਕਰਦਾ। ਗਦਰ ਦੀ ਇੱਕ ਬਹੁਤ ਹੀ ਮਸ਼ਹੂਰ ਕਵਿਤਾ ਹੈ,

ਜਾਤ ਪਾਤ ਦੀਨ ਅਸੀਂ ਨਹੀਂ ਪਛਾਣਦੇ,
ਗੱਲ ਰੋਟੀ, ਪੇਟ ਦੀ ਅੱਗੇ ਰਖਾਂਵਦੇ।
ਝੰਡਾ ਏਕਤਾ ਦਾ ਅਸੀਂ ਨਵਾਂ ਗੱਡਿਆ,
ਨਰ-ਨਾਰ ਸਾਡੇ ਵਲ ਆਵੇ ਭੱਜਿਆ।
ਨਵਾਂ ਰੂਪ ਰਚਾ ਹਿੰਦ ਦੀ ਸਮਾਜ ਦਾ,
ਤੁਖਮ ਉੜਾਵਾਂ ਜ਼ਾਲਿਮਾਂ ਦੇ ਰਾਜ ਦਾ।
ਮੁੱਲਾਂ, ਪਾਂਧੇ, ਭਾਈਆਂ ਦੀ ਕਿਤੇ ਭੀ ਲੋੜ ਨਾ,
ਦਸੋ ਅਸੀਂ ਏਹਨਾਂ ਕਹਿੰਦੇ ਹੱਲ ਜੋੜਨਾ।

'ਗਦਰ' ਅਖਬਾਰ ਦੂਰ ਦੁਰੇਡੇ ਦੇਸ਼ਾਂ ਚੀਨ, ਜਪਾਨ, ਮਲਾਇਆ ਫਿਜੀ ਅਤੇ ਫਿਲੀਪੀਨਜ਼ ਆਦਿ ਤਕ ਪੁੱਜ ਗਿਆ। ਅਖਬਾਰ ਹਿੰਦੁਸਤਾਨ ਤਕ ਵੀ ਪੁੱਜਣਾ ਸ਼ੁਰੂ ਹੋ ਗਿਆ ਸੀ। ਅਖਬਾਰ ਹੀ ਨਹੀਂ, ਗਦਰ ਪਾਰਟੀ ਦੀ ਜਥੇਬੰਦੀ ਵੀ ਫੈਲਣ ਲੱਗੀ। ਅਮਰੀਕਾ ਅਤੇ ਕੈਨੇਡਾ ਵਿਚ ਪਾਰਟੀ ਦੀਆਂ ਕੋਈ 72 ਸ਼ਾਖਾਵਾਂ ਹੋ ਗਈਆਂ ਸਨ।

# ਔਰਤ ਦੀ ਮਾਨਸਿਕਤਾ ਦਾ ਪ੍ਰਤੀਬਿੰਬ-ਸਿੱਠਣੀਆਂ

ਲੋਕ ਸਾਹਿਤ

ਸਿਠਣੀਆਂ ਪੰਜਾਬਣਾਂ ਦਾ ਹਰਮਨ ਪਿਆਰਾ ਲੋਕ ਕਾਵਿ ਰੂਪ ਹੈ। ਹੇਅਰੇ, ਸਿਠਣੀਆਂ, ਸੁਹਾਗ ਅਤੇ ਘੋੜੀਆਂ ਮੰਗਣੇ ਤੇ ਵਿਆਹ ਦੀਆਂ ਰਸਮਾਂ ਨਾਲ ਸਬੰਧਤ ਲੋਕ ਗੀਤ ਹਨ।

ਮਨੋਰੰਜਨ ਦੇ ਮਨੋਰਥ ਨਾਲ ਸਿਠਣੀਆਂ ਰਾਹੀਂ ਇਕ ਧਿਰ ਦੂਜੀ ਧਿਰ ਦਾ ਵਿਅੰਗ ਰਾਹੀਂ ਮਖੌਲ ਉਡਾਉਂਦੀ ਹੈ। ਇਹ ਗੀਤ ਕਿਸੇ ਮੰਦਭਾਵਨਾ ਨਹੀਂ, ਸਗੋਂ ਸਦਭਾਵਨਾ ਨਾਲ ਹਾਸੇ ਠੱਠੇ ਲਈ ਗਾਏ ਜਾਂਦੇ ਹਨ। ਇਹ ਸੰਬੋਧਨੀ ਗੀਤ ਹਨ, ਜਿਨ੍ਹਾਂ ਨੂੰ ਔਰਤਾਂ ਦੂਜੀ ਧਿਰ ਨੂੰ ਸੰਬੋਧਿਤ ਹੋ ਕੇ ਗਾਉਂਦੀਆਂ ਹਨ। ਸਿਠਣੀਆਂ ਗਾਉਣ ਨੂੰ ਸਿਠਣੀਆਂ ਦੇਣਾ ਆਖਿਆ ਜਾਂਦਾ ਹੈ। ਸਿਠਣੀਆਂ ਕੇਵਲ ਔਰਤਾਂ ਹੀ ਦਿੰਦੀਆਂ ਹਨ, ਮਰਦ ਨਹੀਂ।



ਸੁਖਦੇਵ ਮਾਦਪੁਰੀ
ਫੋਨ: 91-94630-34472

ਮੰਗਣੇ ਅਤੇ ਵਿਆਹ ਦੇ ਮੌਕੇ ਨਾਨਕੀਆਂ ਦਾਦਕੀਆਂ ਵਲੋਂ ਇੱਕ ਦੂਜੇ ਨੂੰ ਦਿੱਤੀਆਂ ਸਿਠਣੀਆਂ ਅਤੇ ਜੰਞ ਤੇ ਬਰਾਤੀਆਂ ਦਾ ਸਿਠਣੀਆਂ ਨਾਲ ਕੀਤਾ ਸੁਆਗਤ ਦੋਹਾਂ ਧਿਰਾਂ ਨੂੰ ਖੁਸ਼ੀ ਦਿੰਦਾ ਹੈ।

ਵਿਆਹ ਮੌਕੇ ਪੰਜਾਬੀ ਆਪਣੇ ਖਿੜਵੇਂ ਰੌਂ ਵਿਚ ਨਜ਼ਰ ਆਉਂਦੇ ਹਨ। ਪੰਜਾਬੀਆਂ ਦਾ ਖੁਲ੍ਹਾ ਡੁਲ੍ਹਾ ਸੁਭਾਅ ਵਿਆਹ ਸਮੇਂ ਹੀ ਉਘੜਵੇਂ ਰੂਪ ਵਿਚ ਪ੍ਰਗਟ ਹੁੰਦਾ ਹੈ।

ਪੁਰਾਣੇ ਸਮੇਂ ਤੋਂ ਹੀ ਇਹ ਰਵਾਇਤ ਚਲੀ ਆ ਰਹੀ ਹੈ। ਮੁੰਡੇ ਵਾਲੇ ਧੀ ਵਾਲਿਆਂ ਨਾਲੋਂ ਆਪਣੇ ਆਪ ਨੂੰ ਸਮਾਜਕ ਤੌਰ 'ਤੇ ਉਤਮ ਸਮਝਦੇ ਹਨ ਤੇ ਧੀ ਵਾਲਿਆਂ ਨੂੰ ਦੂਜੈਲੇ ਹੋਣ ਦਾ ਦਰਜਾ ਦਿੱਤਾ ਜਾਂਦਾ ਹੈ, ਜਿਸ ਕਰਕੇ ਧੀ ਵਾਲਿਆਂ ਵਿਚ ਹੀਣ ਭਾਵਨਾ ਪੈਦਾ ਹੋ ਜਾਂਦੀ ਹੈ। ਇਸ ਹੀਣ ਭਾਵਨਾ ਨੂੰ ਦੂਰ ਕਰਨ ਲਈ ਔਰਤਾਂ ਮੁੰਡੇ ਵਾਲੀ ਧਿਰ ਦਾ ਮਖੌਲ ਉਡਾਉਣ ਲਈ ਸਿਠਣੀਆਂ ਨੂੰ ਇਕ ਹਥਿਆਰ ਵਜੋਂ ਵਰਤੀਆਂ ਹਨ। ਇਸ ਤੋਂ ਇਲਾਵਾ ਉਹ ਆਪਣੇ ਮਨਾਂ ਦੇ ਗੁੱਭ ਗੁਵਾੜ ਵੀ ਕੱਢਦੀਆਂ ਹਨ। ਉਂਜ ਤੀਵੀਆਂ ਨੂੰ ਕੌਣ ਕੁਸਕਣ ਦਿੰਦਾ ਹੈ। ਮਰਦ ਉਸ 'ਤੇ ਸਦਾ ਜ਼ੁਲਮ ਕਰਦਾ ਆਇਆ ਹੈ। ਸੱਸ-ਸਹੁਰੇ ਦਾ ਦਾਬਾ ਵੱਖਰਾ।

ਪੰਜਾਬਣ ਸਦਾ ਸੁੰਗੜੀ ਰਹੀ ਹੈ। ਸਿਰਫ ਵਿਆਹ ਦਾ ਹੀ ਮੌਕਾ ਹੁੰਦਾ ਹੈ, ਜਿੱਥੇ ਉਹ ਆਪਣੇ ਦੱਬੇ ਭਾਂਬੜ ਬਾਹਰ ਕੱਢਦੀ ਹੈ। ਉਹ ਸਿਠਣੀਆਂ ਦੇ ਰੂਪ ਵਿਚ ਲਾੜੇ ਨੂੰ, ਉਸ ਦੇ ਮਾਂ, ਬਾਪ, ਭੈਣਾਂ ਨੂੰ ਖੂਬ ਪੁਣਦੀ ਹੈ, ਉਨ੍ਹਾਂ ਦੀਆਂ ਕਮੀਆਂ ਦਾ ਮਖੌਲ ਉਡਾਉਂਦੀ ਹੈ। ਉਹ ਲਾੜੇ ਦੀ ਮਾਂ ਅਤੇ ਭੈਣ ਨੂੰ ਕਾਮੁਕ ਸਿਠਣੀਆਂ ਦੇ ਕੇ ਆਪਣੀਆਂ ਅਤ੍ਰਿਪਤ ਕਾਮੁਕ ਭਾਵਨਾਵਾਂ ਨੂੰ ਤ੍ਰਿਪਤ ਕਰਨ ਦਾ ਉਪਰਾਲਾ ਵੀ ਕਰਦੀ ਹੈ। ਹਰ ਪਾਸੇ ਮਖੌਲ ਹੀ ਮਖੌਲ, ਕੋਈ ਗੁੱਸਾ-ਗਿਲਾ ਨਹੀਂ। ਫੇਰ ਉਹ ਅਜਿਹੇ ਮੌਕੇ ਦਾ ਲਾਭ ਕਿਉਂ ਨਾ ਉਠਾਵੇ?

ਨਾਨਕਿਆਂ ਦੇ ਮੇਲ ਦਾ ਵਿਆਹ ਵਿਚ ਖਾਸ ਹੱਥ ਹੁੰਦਾ ਹੈ। ਨਾਨਕਾ ਮੇਲ ਸਿਠਣੀਆਂ ਦੇ ਪਿੜ 'ਚ ਮੁੱਖ ਨਿਸ਼ਾਨਾ ਬਣਦਾ ਹੈ। ਜਦੋਂ ਨਾਨਕਾ ਮੇਲ ਆਉਂਦਾ ਹੈ ਤਾਂ ਪਿੰਡੋਂ ਬਾਹਰ ਉਨ੍ਹਾਂ ਦੇ ਸੁਆਗਤ ਲਈ ਪਿੰਡ ਦੀਆਂ ਜਨਾਨੀਆਂ ਪੁੱਜ ਜਾਂਦੀਆਂ ਹਨ। ਦੋਵੇਂ ਧਿਰਾਂ ਸਿਠਣੀਆਂ ਦਿੰਦੀਆਂ ਹਨ:

ਕਿੱਥੋਂ ਆਈਆਂ ਵੇ ਸਰਵਣ
ਤੇਰੀਆਂ ਨਾਨਕੀਆਂ।
ਪੀਤੀ ਸੀ ਪਿੱਛ ਜੰਮੇ ਸੀ ਰਿੱਛ
ਹੁਣ ਕਲੰਦਰਾਂ ਵਿਹੜੇ
ਵੇ ਸਰਵਣਾ ਤੇਰੀਆਂ ਨਾਨਕੀਆਂ।
ਖਾਧੇ ਸੀ ਲੱਡੂ ਜੰਮੇ ਸੀ ਡੱਡੂ
ਹੁਣ ਛੱਪੜਾਂ ਦੇ ਕੰਢੇ
ਵੇ ਸਰਵਣਾ ਤੇਰੀਆਂ ਨਾਨਕੀਆਂ।
ਖਾਧੇ ਸੀ ਮਾਂਹ, ਜੰਮੇ ਸੀ ਕਾਂ
ਕਾਂ ਕਾਂ ਕਰਦੀਆਂ
ਵੇ ਸਰਵਣਾ ਤੇਰੀਆਂ ਨਾਨਕੀਆਂ।
ਖਾਧੇ ਸੀ ਖਜੂਰ, ਜੰਮੇ ਸੀ ਸੂਰ
ਹੁਣ ਸੂਰਾਂ ਦੇ ਗਈਆਂ
ਵੇ ਸਰਵਣਾ ਤੇਰੀਆਂ ਨਾਨਕੀਆਂ।
ਖਾਧੀਆਂ ਸੀ ਖਿੱਲਾਂ, ਜੰਮੀਆਂ ਸੀ ਇੱਲ੍ਹਾਂ
ਹੁਣ ਅੰਬਰ ਭੌਂਦੀਆਂ
ਵੇ ਸਰਵਣਾ ਤੇਰੀਆਂ ਨਾਨਕੀਆਂ।
ਖਾਧੇ ਸੀ ਪਕੌੜੇ, ਜੰਮੇ ਸੀ ਜੌੜੇ
ਹੁਣ ਜੋੜੇ ਖਿਡਾਉਣ ਗਈਆਂ
ਵੇ ਸਰਵਣਾਂ ਤੇਰੀਆਂ ਨਾਨਕੀਆਂ।

ਸਿਰਾਂ 'ਤੇ ਟਰੰਕ ਹੱਥਾਂ 'ਚ ਮੋਰਨੀਆਂ ਵਾਲੇ ਝੋਲੇ ਫੜੀ ਆਉਂਦੇ ਨਾਨਕਾ ਮੇਲ ਦਾ ਪਿੰਡ ਦੀ ਗਲੀ ਵਿਚ ਪ੍ਰਵੇਸ਼ ਕਰਨ 'ਤੇ ਗਲੀ ਦੀਆਂ ਔਰਤਾਂ ਹਾਸੇ-ਠੱਠੇ ਨਾਲ ਸੁਆਗਤ ਕਰਦੀਆਂ ਹਨ:

ਛੱਜ ਓਹਲੇ ਛਾਨਣੀ
ਪਰਾਤ ਓਹਲੇ ਤਵਾ ਓਏ
ਨਾਨਕਿਆਂ ਦਾ ਮੇਲ ਆਇਆ
ਸੂਰੀਆਂ ਦਾ ਰਵਾ ਓਏ।
ਛੱਜ ਓਹਲੇ ਛਾਨਣੀ
ਪਰਾਤ ਓਹਲੇ ਗੁੱਛੀਆਂ
ਨਾਨਕਿਆਂ ਦਾ ਮੇਲ ਆਇਆ
ਸੱਭੇ ਰੰਨਾਂ ਲੁੱਚੀਆਂ।
ਛੱਜ ਓਹਲੇ ਛਾਨਣੀ
ਪਰਾਤ ਓਹਲੇ ਛੱਜ ਓਏ
ਨਾਨਕਿਆਂ ਦਾ ਮੇਲ ਆਇਆ
ਗਾਉਣ ਦਾ ਨਾ ਚੱਜ ਓਏ।

ਵਿਆਹ ਵਾਲੇ ਘਰ ਹਾਸੇ ਦਾ ਮਾਹੌਲ ਹੁੰਦਾ ਹੈ। ਰੌਲੇ ਰੱਪੇ 'ਚ ਮਾਸੀ, ਭੂਆ ਦਾ ਪਰਿਵਾਰ ਤੇ ਨਾਨਕਾ ਮੇਲ ਘਰ ਵਿਚ ਪ੍ਰਵੇਸ਼ ਕਰਦਾ ਹੈ। ਉਹ ਆਪਣੀ ਪਹੁੰਚ ਸਿਠਣੀ ਦੇ ਰੂਪ ਵਿਚ ਦਿੰਦੇ ਹਨ:

ਸੁਰਜੀਤ ਕੁਰੇ ਕੁੜੀਏ
ਗੁੜ ਦੀ ਰੋੜੀ ਚਾਹ ਦੇ ਪੱਤੇ
ਦੁਧ ਬਜ਼ਾਰੋਂ ਲਿਆ ਦੇ
ਫੱਕਰ ਨੀ ਤੇਰੇ ਬਾਹਰ ਖੜੇ।
ਸਾਨੂੰ ਚਾਹ ਦੀ ਘੁੱਟ ਪਲਾ ਦੇ
ਫੱਕਰ ਨੀ ਤੇਰੇ ਬਾਹਰ ਖੜੇ।

ਨਾਨਕਾ ਮੇਲ ਦਾ ਗ੍ਰਹਿ ਪ੍ਰਵੇਸ਼ ਸ਼ਗਨਾਂ ਨਾਲ ਕੀਤਾ ਜਾਂਦਾ ਹੈ। ਵਿਆਹੁੰਦੜ ਮੁੰਡੇ-ਕੁੜੀ ਦੀ ਮਾਂ ਜਾਂ ਲਾਗਣ ਬੂਹੇ 'ਤੇ ਤੇਲ ਚੋਅ ਕੇ ਉਨ੍ਹਾਂ ਦਾ ਆਦਰ ਮਾਣ ਨਾਲ ਸੁਆਗਤ ਕਰਦੀ ਹੈ।

ਐਨੇ ਨੂੰ ਬਰਾਤ ਆਉਣ ਦਾ ਸਮਾਂ ਨੇੜੇ ਆ ਢੁਕਦਾ ਹੈ। ਹੁਣ ਭਾਵੇਂ ਜ਼ਮਾਨਾ ਬਦਲ ਚੁਕਾ ਹੈ ਤੇ ਬਰਾਤਾਂ ਕਾਰਾਂ ਤੇ ਬੱਸਾਂ 'ਤੇ ਜਾਣ ਲੱਗੀਆਂ ਹਨ ਪਰ ਪੁਰਾਣੇ ਵੇਲਿਆਂ ਵਿਚ ਬਰਾਤਾਂ ਰਥਾਂ, ਗੱਡੀਆਂ, ਊਠਾਂ ਤੇ ਘੋੜੀਆਂ ਦੀ ਧੂੜ ਪਿੰਡ ਦੀਆਂ ਬਰੂਹਾਂ ਤਕ ਪੁੱਜਦੀਆਂ ਤਾਂ ਸਭ ਮੇਲਣਾਂ 'ਕੱਠੀਆਂ ਹੋ ਆਪਣੇ ਘਰ ਦੇ ਦਰਵਾਜ਼ੇ ਮੂਹਰੇ ਖੜ੍ਹ ਕੇ ਸੁਆਗਤੀ ਗੀਤ ਗਾਉਂਦੀਆਂ:

ਲੋਕਾਂ ਦੀ ਬਾੜ ਕਰੋ ਜੀ ਜੰਞ ਨੇੜੇ ਨੇੜੇ
ਲੋਕਾਂ ਦੀ ਬਾੜ ਕਰੋ ਜੀ ਜੰਞ ਨੇੜੇ ਨੇੜੇ
ਬੀਬੀ ਦੇ ਬਾਬਲ ਨੂੰ ਖਬਰ ਕਰੋ
ਜੀ ਜੰਞ ਨੇੜੇ ਨੇੜੇ।
ਲੋਕਾਂ ਦੀ ਬਾੜ ਕਰੋ ਜੀ ਜੰਞ ਨੇੜੇ ਨੇੜੇ।
ਬੀਬੀ ਦੇ ਮਾਮੇ ਨੂੰ ਖਬਰ ਕਰੋ
ਜੀ ਜੰਞ ਨੇੜੇ ਨੇੜੇ
ਲੋਕਾਂ ਦੀ ਬਾੜ ਕਰੋ ਜੀ ਜੰਞ ਨੇੜੇ ਨੇੜੇ।

ਬਰਾਤ ਦੇ ਢੁਕਾ ਸਮੇਂ ਪਹਿਲਾਂ ਕੁੜਮਾਂ ਤੇ ਮਾਮਿਆਂ ਦੀ ਮਿਲਣੀ ਕਰਵਾਈ ਜਾਂਦੀ ਹੈ। ਮਿਲਣੀ ਪਿਛੋਂ ਸਾਰੇ ਮਾਹੌਲ ਵਿਚ ਖੁਸ਼ੀ ਦੀਆਂ ਫੁਹਾਰਾਂ ਵਹਿ ਟੁਰਦੀਆਂ ਹਨ ਤੇ ਸਾਰਾ ਮਾਹੌਲ ਖੁਲ੍ਹਾ ਖੁਲਾਸਾ ਬਣ ਜਾਂਦਾ ਹੈ। ਇਸੇ ਮਾਹੌਲ ਦਾ ਲਾਹਾ ਲੈਂਦੀਆਂ ਮੇਲਣਾਂ ਪਹਿਲਾਂ ਘੱਟ ਕਰਾਰੀਆਂ ਤੇ ਫਿਰ ਸਲੂਣੀਆਂ ਸਿਠਣੀਆਂ ਦਿੰਦੀਆਂ ਹਨ:

ਜਾਨੀ ਓਸ ਪਿੰਡੋਂ ਆਏ ਜਿੱਥੇ ਰੁੱਖ ਵੀ ਨਾ
ਇਨ੍ਹਾਂ ਦੇ ਤੋੜਿਆਂ ਵਰਗੇ
ਮੂੰਹ ਉਤੇ ਮੁੱਛ ਵੀ ਨਾ।
ਜਾਨੀ ਓਸ ਪਿੰਡੋਂ ਆਏ ਜਿੱਥੇ ਤੂਤ ਵੀ ਨਾ।
ਇਨ੍ਹਾਂ ਦੇ ਖੋਪੜਾਂ ਵਰਗੇ ਮੂੰਹ
ਉਤੇ ਰੂਪ ਵੀ ਨਾ।
ਜਾਨੀ ਓਸ ਪਿੰਡੋਂ ਆਏ
ਜਿੱਥੇ ਟਾਲ੍ਹੀ ਵੀ ਨਾ।
ਇਨ੍ਹਾਂ ਦੇ ਪੀਲੇ ਡੱਡੂ ਮੂੰਹ
ਉਤੇ ਲਾਲੀ ਵੀ ਨਾ।

ਉਹ ਜਾਨੀਆਂ ਦੇ ਨੁਕਸ ਛਾਂਟਦੀਆਂ ਹਨ:

ਚੰਨ ਚਾਨਣੀ ਰਾਤ ਤਾਰਾ ਕੋਈ ਕੋਈ ਐ
ਜੰਞ ਬੁੱਢਿਆਂ ਦੀ ਆਈ
ਮੁੰਡਾ ਕੋਈ ਕੋਈ ਐ।
ਚੰਨ ਚਾਨਣੀ ਰਾਤ ਤਾਰਾ ਇਕ ਵੀ ਨਾ
ਜੰਞ ਕਾਣਿਆਂ ਦੀ ਆਈ
ਸਾਬਤ ਇਕ ਵੀ ਨਾ।

ਇਥੇ ਹੀ ਬਸ ਨਹੀਂ:

ਸੱਦੇ ਸੀ ਅਸੀਂ ਪੰਜ ਪ੍ਰਾਹੁਣੇ
ਸੱਦੇ ਸੀ ਅਸੀਂ ਪੰਜ ਪ੍ਰਾਹੁਣੇ
ਟੋਲੇ ਬੰਨ੍ਹ ਬੰਨ੍ਹ ਆਏ
ਅਸੀਂ ਸੱਜਣ ਬੜੇ ਸਮਝਾਏ
ਧਰਮ ਨਾਲ ਸੱਜਣ ਬੜੇ ਸਮਝਾਏ।

ਸੱਦੇ ਸੀ ਅਸੀਂ ਸੋਹਣੇ ਮੋਹਣੇ
ਪੰਜ ਦਵੰਜੇ ਆਏ
ਧਰਮ ਨਾਲ ਪੰਜ ਦਵੰਜੇ ਆਏ।

ਸੱਦੇ ਸੀ ਅਸੀਂ ਗੱਭਰੂ ਗੱਭਰੂ
ਇਹ ਬੁਢੜੇ ਕਾਹਨੂੰ ਆਏ
ਅਸੀਂ ਸੱਜਣ ਬੜੇ ਸਮਝਾਏ
ਧਰਮ ਨਾਲ ਸੱਜਣ ਬੜੇ ਸਮਝਾਏ।

ਜਾਨੀਆਂ ਨੂੰ ਪਾਣੀ ਪੀਣ ਬਦਲੇ ਖੂਹਾਂ ਵਾਲਿਆਂ ਨੂੰ ਮਾਂਵਾਂ ਦੇਣ ਲਈ ਕਹਿੰਦੀਆਂ ਹਨ:

ਸਾਡੇ ਖੂਹਾਂ ਦਾ ਠੰਡਾ ਠੰਡਾ ਪਾਣੀ
ਵੇ ਜਾਨੀਓ ਪੀ ਕੇ ਜਾਇਓ
ਖੂਹਾਂ ਵਾਲਿਆਂ ਨੂੰ ਦੇ ਕੇ ਜਾਇਓ ਮਾਂ
ਵੇ ਜਾਨੀਓ ਪੀ ਕੇ ਜਾਇਓ।

ਸਾਡੀਆਂ ਬੇਰੀਆਂ ਦੇ ਮਿੱਠੇ ਮਿੱਠੇ ਬੇਰ
ਵੇ ਜਾਨੀਓ ਖਾ ਕੇ ਜਾਈਓ
ਬੇਰੀਆਂ ਵਾਲਿਆਂ ਨੂੰ ਦੇ ਕੇ ਜਾਇਓ ਮਾਂ
ਵੇ ਜਾਨੀਓ ਖਾ ਕੇ ਜਾਇਓ।

ਹੋਰ:

ਕੋਰੀ ਤੇ ਤੌੜੀ ਅਸੀਂ ਰਿੰਨ੍ਹੀਆਂ ਗੁੱਲੀਆਂ
ਭੁੱਖ ਲੱਗੀ ਲਾੜਾ ਕੱਢਦਾ ਬੁੱਲ੍ਹੀਆਂ
ਰੋਟੀ ਭਜਾਉਣੀ ਪਈ
ਨਿਲੱਜਿਓ ਲੱਜ ਤੁਹਾਨੂੰ ਨਹੀਂ।

ਭੈੜੇ ਭੈੜੇ ਤੁਸੀਂ ਕਰਦੇ ਹੋ ਕਾਰੇ
ਇਨ੍ਹੀਂ ਕਰਤੂਤੀਂ ਤੁਸੀਂ ਰਹੇ ਕੁਆਰੇ
ਕਰਤੂਤ ਤੇ ਛਿਪਦੀ ਨਹੀਂ
ਨਿਲੱਜਿਓ ਲੱਜ ਤੁਹਾਨੂੰ ਨਹੀਂ।

ਸਾਡੇ ਤਾਂ ਵਿਹੜੇ ਮੁੱਢ ਮੱਕਈ ਦਾ
ਦਾਣੇ ਤਾਂ ਮੰਗਦਾ ਉਧਲ ਗਈ ਦਾ
ਭੱਠੀ ਤਪਾਉਣੀ ਪਈ
ਨਿਲੱਜਿਓ ਲੱਜ ਤੁਹਾਨੂੰ ਨਹੀਂ।

ਸਾਡੇ ਤਾਂ ਵਿਹੜੇ ਤਾਣਾ ਤਣੀਂਦਾ
ਲਾੜੇ ਦਾ ਪਿਓ ਕਾਣਾ ਸੁਣੀਂਦਾ
ਐਨਕ ਲਵਾਉਣੀ ਪਈ
ਨਿਲੱਜਿਓ ਲੱਜ ਤੁਹਾਨੂੰ ਨਹੀਂ।

ਬਰਾਤੀਆਂ 'ਤੇ ਵਿਅੰਗ ਕੱਸੇ ਜਾਂਦੇ ਹਨ। ਨਾ ਉਨ੍ਹਾਂ ਵੱਲੋਂ ਲਿਆਂਦੀ ਵਰੀ ਪਸੰਦ ਹੈ ਤੇ ਨਾ ਹੀ ਆਏ ਬਰਾਤੀ ਉਨ੍ਹਾਂ ਨੂੰ ਚੰਗੇ ਲੱਗਦੇ ਹਨ। ਉਹ ਬਰਾਤੀਆਂ ਦਾ ਮਖੌਲ ਉਡਾਉਂਦੀਆਂ ਹਨ:

ਮੈਂ ਲਾਜ ਮੋਈ ਮੈਂ ਲਾਜ ਮੋਈ
ਇਹ ਵਰੀ ਪੁਰਾਣੀ ਲਿਆਏ
ਮੈਂ ਲਾਜ ਮੋਈ ਮੈਂ ਲਾਜ ਮੋਈ
ਇਹ ਕੀ ਕੀ ਵਸਤ ਲਿਆਏ
ਮੈਂ ਲਾਜ ਮੋਈ ਮੈਂ ਲਾਜ ਮੋਈ
ਇਹ ਬੁਢੜੇ ਕਾਹਨੂੰ ਆਏ
ਮੈਂ ਲਾਜ ਮੋਈ ਮੈਂ ਲਾਜ ਮੋਈ
ਇਹ ਗੱਭਰੂ ਕਿਉਂ ਨਾ ਲਿਆਏ
ਮੈਂ ਲਾਜ ਮੋਈ ਮੈਂ ਲਾਜ ਮੋਈ
ਇਹ ਸਾਰੇ ਆਂਦਲ ਆਏ।

ਪਹਿਲੇ ਸਮਿਆਂ ਵਿਚ ਬਰਾਤਾਂ ਤਿੰਨ ਦਿਨ ਠਹਿਰਦੀਆਂ ਸਨ। ਇਕ ਦਿਨ ਆਉਣ ਦਾ ਤੇ ਇਕ ਦਿਨ ਵਿਦਾਇਗੀ ਦਾ। ਫੇਰ ਦੋ ਦਿਨ ਠਹਿਰਨ ਲੱਗੀਆਂ ਤੇ ਅੱਜ ਕਲ ਤਾਂ ਇਕ ਦਿਨ ਕੀ ਕੁਝ ਘੰਟਿਆਂ 'ਚ ਹੀ ਸਾਰੇ ਕਾਰਜ ਪੂਰੇ ਹੋ ਜਾਂਦੇ ਹਨ।

ਜੰਞ ਦਾ ਉਤਾਰਾ ਜੰਞ-ਘਰ ਜਾਂ ਧਰਮਸ਼ਾਲਾ ਵਿਚ ਹੁੰਦਾ ਸੀ। ਪਹਿਲੀ ਰਾਤ ਦੀ ਰੋਟੀ ਘਿਉ-ਬੂਰੇ ਜਾਂ ਚੌਲ ਸ਼ੱਕਰ ਨਾਲ ਦਿੱਤੀ ਜਾਂਦੀ। ਇਸ ਨੂੰ 'ਕੁਆਰੀ ਰੋਟੀ' ਜਾਂ 'ਮਿੱਠੀ ਰੋਟੀ' ਆਖਦੇ। ਗੈਸਾਂ ਅਤੇ ਲਾਲਟੈਣਾਂ ਦੇ ਚਾਨਣ ਵਿਚ ਬਰਾਤੀ ਕੋਰਿਆਂ 'ਤੇ ਬੈਠ ਕੇ ਰੋਟੀ ਛਕਦੇ। ਵਰਤਾਵੇ ਜਿਨ੍ਹਾਂ ਨੂੰ ਮਾਲਵੇ ਵਿਚ ਪਰੀਹੇ ਆਖਿਆ ਜਾਂਦਾ ਹੈ, 'ਕੌਲੀ 'ਕੌਲੀ ਕਤਾਰ 'ਚ ਜਾ ਕੇ ਸ਼ੱਕਰ, ਬੂਰਾ ਤੇ ਘਿਓ ਆਦਿ ਵਰਤਾਉਂਦੇ। ਮਿੱਠੀ ਰੋਟੀ ਵੇਲੇ ਲਾੜਾ ਬਰਾਤ ਨਾਲ ਨਹੀਂ ਸੀ ਜਾਂਦਾ, ਉਸ ਦੀ ਰੋਟੀ ਡੇਰੇ ਭੇਜੀ ਜਾਂਦੀ ਸੀ। ਬਰਾਤੀਆਂ ਨੇ ਰੋਟੀ ਖਾਣੀ ਸ਼ੁਰੂ ਕਰਨੀ, ਓਧਰ ਬਨੇਰਿਆਂ 'ਤੇ ਬੈਠੀਆਂ ਸੁਆਣੀਆਂ ਨੇ ਸਿਠਣੀਆਂ ਦਾ ਨਿਸ਼ਾਨਾ ਕੁੜਮ ਨੂੰ ਬਣਾਉਣਾ:

ਕੁੜਮ ਚੱਲਿਆ ਗੰਗਾ ਨ੍ਹਾਉਣ
ਹਰ ਗੰਗਾ ਨਰੈਣ ਗੰਗਾ
ਪਹਿਲੇ ਗੋਤੇ ਗਿਆ ਪਤਾਲ
ਹਰ ਗੰਗਾ ਨਰੈਣ ਗੰਗਾ
ਮੱਛੀ ਨੇ ਫੜ੍ਹ ਲਿਆ ਮੁੱਛ ਦਾ ਵਾਲ
ਹਰ ਗੰਗਾ ਨਰੈਣ ਗੰਗਾ
ਛੱਡ ਦੇ ਮੇਰੀ ਮੁੱਛ ਦਾ ਵਾਲ
ਫੇਰ ਨਹੀਂ ਆਉਂਦਾ ਤੇਰੇ ਦਰਬਾਰ
ਏਥੇ ਕਰਦੂੰ ਬੇਬੇ ਦਾ ਦਾਨ
ਹਰ ਗੰਗਾ ਨਰੈਣ ਗੰਗਾ।

ਕੁੜਮ ਸਿਠਣੀਆਂ ਦਾ ਸ਼ਿਕਾਰ ਬਣਿਆ ਭਮੱਤਰ ਜਾਂਦਾ। ਕੋਈ ਉਸ ਦੇ ਸਰੀਰਕ ਨੁਕਸ ਲਭਦੀ, ਕੋਈ ਜੋਰੂ ਦੇ ਤਾਅਨੇ ਮਾਰਦੀ। ਬਰਾਤੀ ਮੁੱਛਾਂ ਵਿਚ ਮੁਸਕਾਉਂਦੇ ਅਨੂਠਾ ਅਨੰਦ ਮਾਣਦੇ। ਬਨੇਰੇ ਤੋਂ ਸਿੱਠਣੀਆਂ ਦੀਆਂ ਫੁਹਾਰਾਂ ਪੈਂਦੀਆਂ:

ਜੇ ਕੁੜਮਾਂ ਤੇਰੀਆਂ ਅੱਖਾਂ ਦੁਖਦੀਆਂ
ਮੋਗੇ ਲਾਜ ਕਰਾ ਲੈ ਵੇ ਕੁੱਛ ਫੈਦਾ ਹੋ ਜੂ।
ਇਕ ਗੁੜ ਦੀ ਡਲੀ ਇਕ ਤੇਲ ਦੀ ਪਲੀ
ਵਿਚ ਮਿਰਚਾਂ ਦੀ ਲੱਪ ਪਵਾ ਲੈ ਵੇ
ਕੁੱਛ ਫੈਦਾ ਹੋ ਜੂ।
ਮੋਗੇ ਲਾਜ ਕਰਾ ਲੈ ਵੇ ਕੁੱਛ ਫੈਦਾ ਹੋ ਜੂ।

ਕੁੜਮ ਦੀ ਜੋਰੂ ਬਾਰੇ ਅਨੇਕਾਂ ਸਿੱਠਣੀਆਂ ਦਿੱਤੀਆਂ ਜਾਂਦੀਆਂ ਹਨ, ਉਸ 'ਤੇ ਚਰਿੱਤਰਹੀਣ ਹੋਣ ਦੇ ਦੂਸ਼ਣ ਲਾਏ ਜਾਂਦੇ ਹਨ। ਭਲਾ ਕੌਣ ਮਸਤੀ ਦੀ ਮੌਜ ਵਿਚ ਗਾ ਰਹੀਆਂ ਸੁਆਣੀਆਂ ਦੇ ਮੂੰਹ ਫੜ ਸਕਦਾ ਹੈ:

ਵੇ ਜੋਰੂ ਤੇਰੀ ਕੁੜਮਾ ਕਰਦੀ ਪਾਣੀ ਪਾਣੀ
ਕੌਣ ਦਾਰੀ ਦਾ ਰਸੀਆ ਕੌਣ ਲਿਆਵੇ ਪਾਣੀ।
ਦਿਓਰ ਦਾਰੀ ਦਾ ਰਸੀਆ ਉਹੋ ਲਿਆਵੇ ਪਾਣੀ
ਨੀ ਸਰ ਸੁਕਗੇ ਨਖਰੋ ਕਿਥੋਂ ਲਿਆਵਾਂ ਪਾਣੀ।
ਵੇ ਇਕ ਬੱਦਲ ਵਰ੍ਹਿਆ ਵਿਚ ਰਾਹਾਂ ਦੇ ਪਾਣੀ
ਵੇ ਜੋਰੂ ਤੇਰੀ ਕੁੜਮਾ ਕਰਦੀ ਡੇਲੇ ਡੇਲੇ
ਕੌਣ ਦਾਰੀ ਦਾ ਰਸੀਆ
ਉਹਨੂੰ ਤੋੜ ਲਿਆਵੇ ਡੇਲੇ।
ਉਹਦਾ ਦਿਓਰ ਦਾਰੀ ਦਾ ਰਸੀਆ
ਉਹਨੂੰ ਤੋੜ ਲਿਆਵੇ ਡੇਲੇ।
ਨੀ ਬਣ ਸੁਕਗੇ ਨਖਰੋ ਕਿਥੋਂ ਲਿਆਵਾਂ ਡੇਲੇ।

ਕੁੜਮਣੀ 'ਤੇ ਕਈ ਤਰ੍ਹਾਂ ਦੇ ਦੋਸ਼ ਲਾਏ ਜਾਂਦੇ ਹਨ, ਵਿਦ ਵਿਦ ਕੇ ਸਿੱਠਣੀਆਂ ਦਿੰਦੀਆਂ ਹਨ:

ਨਿੱਕੀ ਜਿਹੀ ਕੋਠੜੀਏ ਤੈਂ ਵਿਚ ਮੇਰਾ ਆਟਾ
ਕੁੜਮਾ ਜੋਰੂ ਉਧਲ ਚੱਲੀ ਲੈ ਕੇ ਧੌਲਾ ਝਾਟਾ।
ਨਿੱਕੀ ਜਿਹੀ ਕੋਠੜੀਏ ਤੈਂ ਵਿਚ ਮੇਰੇ ਦਾਣੇ
ਕੁੜਮਾ ਜੋਰੂ ਉਧਲ ਚੱਲੀ ਲੈ ਕੇ ਨਿੱਕੇ ਨਿਆਣੇ।
ਨਿੱਕੀ ਜਿਹੀ ਕੋਠੜੀਏ ਤੈਂ ਵਿਚ ਮੇਰੀ ਭੇਲੀ
ਕੁੜਮਾ ਜੋਰੂ ਉਧਲ ਚੱਲੀ ਲੈ ਕੇ ਫੱਤੂ ਤੇਲੀ।

ਉਹ ਉਸ ਨੂੰ ਯਾਰ ਹੰਢਾਉਣ ਦਾ ਮਿਹਣਾ ਮਾਰਦੀਆਂ ਹਨ:

ਕਿੱਕਣ ਜੀਵੇਂਗੀ ਵੇ ਕੁੜਮਾ ਜੋਰੂ ਯਾਰ ਬਿਨਾ
ਤੂੰ ਤਾਂ ਐਂ ਸੁੰਨੀ
ਜਿਉਂ ਘੋੜਾ ਸੁੰਨਾ ਸਵਾਰ ਬਿਨਾ।
ਕਿੱਕਣ ਜੀਵੇਂਗੀ ਵੇ ਕੁੜਮਾ ਜੋਰੂ ਯਾਰ ਬਿਨਾ
ਤੂੰ ਐਂ ਸੁੰਨੀ ਜਿਉਂ ਰੋਹੀ ਸੁੰਨੀ ਬਘਿਆੜ ਬਿਨਾ।
ਕਿੱਕਣ ਜੀਵੇਂਗੀ ਵੇ ਕੁੜਮਾ ਜੋਰੂ ਯਾਰ ਬਿਨਾ
ਤੂੰ ਤਾਂ ਐਂ ਸੁੰਨੀ ਜਿਉਂ ਪਿੰਡ ਸੁੰਨਾ
ਚੌਕੀਦਾਰ ਬਿਨਾ।
ਕਿੱਕਣ ਜੀਵੇਂਗੀ ਵੇ ਕੁੜਮਾ ਜੋਰੂ ਯਾਰ ਬਿਨਾ
ਤੂੰ ਐਂ ਸੁੰਨੀ ਜਿਉਂ ਪਰਜਾ ਸੁੰਨੀ ਸਰਕਾਰ ਬਿਨਾ।
ਕਿੱਕਣ ਜੀਵੇਂਗੀ ਵੇ ਕੁੜਮਾ ਜੋਰੂ ਯਾਰ ਬਿਨਾ

ਕੁੜਮ ਵਿਚਾਰਾ ਪਾਣੀਓਂ ਪਾਣੀ ਹੋਇਆ ਇਕ ਹੋਰ ਤੱਤੀ ਤੱਤੀ ਸਿੱਠਣੀ ਸੁਣਦਾ ਹੈ। ਮੁਟਿਆਰਾਂ ਦਾ ਜਲੌਅ ਝੱਲਿਆ ਨ੍ਹੀਂ ਜਾਂਦਾ:

ਕੁੜਮਾ ਜੋਰੂ ਸਾਡੇ ਆਈ ਘੱਗਰੀ ਲਿਆਈ ਪਾਟੀ
ਸਮਾ ਲੈ ਨੀ ਸਮਾ ਲੈ ਯਾਰਾਂ ਪਾਟੀ।
ਕੌਣ ਜੁ ਉਹਦੇ ਧਾਗੇ ਵੱਟੇ ਕੌਣ ਜੁ ਲਾਵੇ ਟਾਕੀ
ਸਮਾ ਲੈ ਨੀ ਸਮਾ ਲੈ ਯਾਰਾਂ ਪਾਟੀ।
ਛੜੇ ਜੋ ਤੇਰੇ ਧਾਗੇ ਵੱਟਣ ਉਹੀ ਲਾਉਣ ਟਾਕੀ
ਸਮਾ ਲੈ ਨੀ ਸਮਾ ਲੈ ਯਾਰਾਂ ਪਾਟੀ।

ਦੂਜੀ ਭਲਕ, ਫੇਰਿਆਂ ਪਿੱਛੋਂ ਗੱਭਲੀ ਰੋਟੀ ਜਿਸ ਨੂੰ 'ਖੱਟੀ ਰੋਟੀ' ਵੀ ਆਖਦੇ ਹਨ, ਸਮੇਂ ਲਾੜਾ ਬਰਾਤ ਵਿਚ ਸ਼ਾਮਲ ਹੋ ਕੇ ਰੋਟੀ ਖਾਣ ਜਾਂਦਾ ਹੈ। ਜਾਨੀ ਪੂਰੀ ਟੌਹਰ ਵਿਚ ਹੁੰਦੇ ਹਨ, ਓਧਰ ਬਨੇਰਿਆਂ 'ਤੇ ਬੈਠੀਆਂ ਬੀਬੀਆਂ ਲਾੜੇ ਨੂੰ ਸਿੱਠਣੀਆਂ ਦਾ ਨਿਸ਼ਾਨਾ ਬਣਾਉਂਦੀਆਂ ਹਨ:

ਲਾੜਿਆ ਪੱਗ ਟੇਢੀ ਨਾ ਬੰਨ੍ਹ
ਵੇ ਸਾਨੂੰ ਹੀਣਤ ਆਵੇ
ਤੇਰੀ ਬੇਬੇ ਵੇ ਉਧਲੀ
ਸਾਡੇ ਮਹਿਲਾਂ ਨੂੰ ਆਵੇ।
ਤੇਰੀ ਬੇਬੇ ਵੇ ਬਦਣੀ ਬੈਠੀ ਜੋਕਾਂ ਵੇ ਲਾਵੇ
ਇਕ ਜੋਕ ਗਵਾਚੀ ਬੈਠੀ ਝਗੜਾ ਪਾਵੇ।
ਇਕ ਪੈਸਾ ਨੀ ਲੈ ਲੈ ਝਗੜਾ ਛੱਡ ਬਦਕਾਰੇ
ਪੈਸਾ ਨਹੀਓਂ ਲੈਣਾ ਝਗੜਾ ਜਾਊ ਸਰਕਾਰੇ।
ਸਾਡਾ ਚਾਚਾ ਛੈਲ ਝਗੜਾ ਜਿਤ ਘਰ ਆਵੇ।

ਉਹ ਲਾੜੇ ਦਾ ਬੜੀ ਬੇਰਹਿਮੀ ਨਾਲ ਮਖੌਲ ਉਡਾਉਂਦੀਆਂ ਹਨ:

ਅਸਾਂ ਨਾ ਲੈਣੇ ਪੱਤਾਂ ਬਾਝ ਕਰੇਲੇ
ਲਾੜਾ ਭੌਂਦੂ ਐਂ ਝਾਕੇ
ਜਿਮੇਂ ਚਾਮ ਚੜਿਕ ਦੇ ਡੇਲੇ।
ਅਸਾਂ ਨਾ ਲੈਣੇ ਪੱਤਾਂ ਬਾਝ ਕਰੇਲੇ।

ਉਹ ਉਸ ਦੀ ਭੈਣ ਅਤੇ ਭੂਆ 'ਤੇ ਚਰਿੱਤਰਹੀਣ ਹੋਣ ਦਾ ਇਲਜ਼ਾਮ ਲਾ ਕੇ ਉਸ ਨੂੰ ਠਿਠ ਕਰ ਦਿੰਦੀਆਂ ਹਨ:

ਪਿਛਲੇ ਅੰਦਰ ਹਨੇਰਾ ਸੱਪਾਂ ਦਾ ਡੇਰਾ
ਸੱਪਾਂ ਤੋਂ ਮੈਂ ਡਰਦੀ ਆਂ
ਲਾੜੇ ਦੀ ਭੈਣ ਛਨਾਲ।
ਖੇਲੇ ਮੁੰਡਿਆਂ ਨਾਲ ਮੁੰਡੇ ਇਹਦੇ ਯਾਰ
ਉਲਾਂਭੇ ਤੋਂ ਮੈਂ ਡਰਦੀ ਆਂ
ਪਿਛਲੇ ਅੰਦਰ ਹਨੇਰਾ
ਸੱਪਾਂ ਦਾ ਡੇਰਾ ਸੱਪਾਂ ਤੋਂ ਮੈਂ ਡਰਦੀ ਆਂ।
ਲਾੜੇ ਦੀ ਭੂਆ ਛਨਾਲ ਖੇਲੇ ਮੁੰਡਿਆਂ ਨਾਲ
ਮੁੰਡੇ ਇਹਦੇ ਯਾਰ
ਉਲਾਂਭੇ ਤੋਂ ਮੈਂ ਡਰਦੀ ਆਂ।

ਲਾੜੇ ਦੀ ਭੈਣ ਬਾਰੇ ਇਕ ਪ੍ਰਤੀਕਾਤਮਕ ਸਿੱਠਣੀ ਦਿੱਤੀ ਜਾਂਦੀ ਹੈ:

ਲਾੜੇ ਭੈਣ ਦੀ ਕੱਚੀ ਖੂਹੀ ਕੱਚੀ ਖੂਹੀ
ਡੋਲ ਫੜਾ ਗਿਆ ਕੋਈ ਹੋਰ।
ਹੋਰ ਭੈਣੇ ਹੋਰ ਬਾਗੀਂ ਕੂਕਦੇ ਸੀ ਮੋਰ
ਡੋਲ ਫੜਾ ਗਿਆ ਕੋਈ ਹੋਰ।

ਲਾੜੇ ਭੈਣ ਦੀ ਖਿੜ ਗਈ ਕਿਆਰੀ
ਖਿੜੀ ਕਿਆਰੀ ਅੱਧੀ ਰਾਤ
ਟੀਂਡਾ ਤੋੜ ਗਿਆ ਕੋਈ ਹੋਰ
ਬਾਗੀਂ ਬੋਲਦੇ ਸੀ ਮੋਰ
ਟੀਂਡਾ ਤੋੜ ਗਿਆ ਕੋਈ ਹੋਰ।

ਲਾੜੇ ਦੀ ਭੈਣ ਦੀ ਖੁਲ੍ਹੀ ਖਿੜਕੀ
ਖੁਲ੍ਹੀ ਖਿੜਕੀ ਅੱਧੀ ਰਾਤ
ਕੁੰਡਾ ਲਾ ਗਿਆ ਕੋਈ ਹੋਰ
ਬਾਗੀਂ ਬੋਲਦੇ ਸੀ ਮੋਰ
ਕੁੰਡਾ ਲਾ ਗਿਆ ਕੋਈ ਹੋਰ।

ਲਾੜੇ ਦੇ ਕੋਡਮੇ ਨੂੰ ਪੁਣਦੀਆਂ ਮੁਟਿਆਰਾਂ ਸਾਰੇ ਮਾਹੌਲ ਵਿਚ ਹਾਸੇ ਛਣਕਾ ਦਿੰਦੀਆਂ ਹਨ। ਕੋਈ ਵਡਾਰੂ ਕੁੜੀਆਂ ਨੂੰ ਸਲੂਣੀਆਂ ਸਿੱਠਣੀਆਂ ਦੇਣ ਤੋਂ ਵਰਜਣ ਲਗਦਾ ਹੈ ਤਾਂ ਅੱਗੋਂ ਕੋਈ ਰਸੀਆ ਆਖ ਦਿੰਦਾ ਹੈ, "ਦੇ ਲੋ ਭਾਈ ਦੇ ਲੋ, ਆਹ ਦਿਨ ਕਿਹੜਾ ਰੋਜ਼ ਰੋਜ਼ ਆਉਣੇ।" ਇੰਨੇ ਨੂੰ ਸਿੱਠਣੀ ਦੇ ਬੋਲ ਉਭਰਦੇ ਹਨ:

ਲਾੜਿਆ ਵੇ ਮੇਰਾ ਨੌਕਰ ਲਗ ਜਾ ਵੇ
ਟਕਾ ਮਜੂਰੀ ਦਵਾ ਦਿੰਨੀ ਆਂ।
ਮੇਰੇ ਅੰਦਰੋਂ ਸੁੰਭਰ ਮੇਰੇ ਬਾਹਰੋਂ ਸੁੰਭਰ
ਮੇਰੇ ਮਹਿਲੀਂ ਰੜਕਾ ਫੇਰ ਆਈਂ ਵੇ
ਟਕਾ ਮਜੂਰੀ ਦਵਾ ਦਿੰਨੀ ਆਂ।
ਮੇਰਾ ਉਤਲਾ ਧੋ
ਮੇਰੀ ਕੁੜਤੀ ਧੋ
ਚੀਰੇ ਵਾਲੇ ਦੀ ਜਾਕਟ ਧੋ ਲਿਆਈਂ ਵੇ
ਟਕਾ ਮਜੂਰੀ ਦਵਾ ਦਿੰਨੀ ਆ।
ਮੇਰੀ ਮੱਝ ਨਲ੍ਹਾ
ਚੀਰੇ ਵਾਲੇ ਦਾ ਘੋੜਾ ਨਲ੍ਹਾ ਲਿਆਈਂ ਵੇ
ਟਕਾ ਮਜੂਰੀ ਦਵਾ ਦਿੰਨੀ ਆਂ।

ਨਮੋਸ਼ੀ ਦਾ ਮਾਰਿਆ ਲਾੜਾ ਤਾਂ ਨਿਗਾਹ ਚੁੱਕ ਕੇ ਬਨੇਰਿਆਂ 'ਤੇ ਬੈਠੀਆਂ ਮੁਟਿਆਰਾਂ ਵਲ ਝਾਕਣ ਦੀ ਜੁਰਅਤ ਵੀ ਨਹੀਂ ਕਰ ਸਕਦਾ। ਜਦੋਂ ਵੇਖਦਾ ਹੈ, ਝਟ ਟੋਕਾ-ਟਾਕੀ ਸ਼ੁਰੂ ਹੋ ਜਾਂਦੀ ਹੈ:

ਲਾੜਿਆ ਆਪਣੀਆਂ ਵਲ ਵੇਖ ਵੇ
ਕਿਉਂ ਲਵੇਂ ਪਰਾਈਆਂ ਬਿੜਕਾਂ
ਘਰ ਭੈਣ ਜੁ ਤੇਰੀ ਕੰਨਿਆ ਕੁਆਰੀ
ਤੂੰ ਉਹਦਾ ਦੇ ਦੇ ਸਾਕ ਵੇ
ਕਿਉਂ ਲਵੇਂ ਪਰਾਈਆਂ ਬਿੜਕਾਂ
ਤੂੰ ਆਪਣੀਆਂ ਵਲ ਝਾਕ ਵੇ
ਕਿਉਂ ਲਵੇਂ ਪਰਾਈਆਂ ਬਿੜਕਾਂ।

ਸਿੱਠਣੀਆਂ ਦੇਣ ਦਾ ਰਿਵਾਜ਼ ਹੁਣ ਖਤਮ ਹੋ ਗਿਆ ਹੈ। ਇਕ ਦਿਨ ਦੇ ਵਿਆਹ ਨੇ, ਉਹ ਵੀ ਮੈਰਿਜ ਪੈਲੇਸਾਂ ਵਿਚ ਹੋਣ ਕਾਰਨ, ਵਿਆਹ ਦੀਆਂ ਸਾਰੀਆਂ ਰਸਮਾਂ ਤੇ ਰੌਣਕਾਂ ਖਤਮ ਕਰ ਦਿੱਤੀਆਂ ਹਨ। ਬਸ ਸ਼ੋਰ ਹੀ ਰਹਿ ਗਿਆ ਹੈ। ਸੈਂਕੜਿਆਂ ਦੀ ਗਿਣਤੀ ਵਿਚ ਸਿੱਠਣੀਆਂ ਹਨ। ਇਨ੍ਹਾਂ ਨੂੰ ਸਾਂਭਣ ਦੀ ਬੇਹਦ ਲੋੜ ਹੈ। ਇਹ ਸਾਡੀ ਵਿਰਾਸਤ ਦਾ ਵੱਡਮੁੱਲਾ ਸਰਮਾਇਆ ਹਨ।

ਕਹਾਣੀ

# ਤਕੀਆ ਕਲਾਮ

***ਪੁਰਾਣੇ ਵੇਲੇ ਦੀਆਂ ਕਦਰਾਂ-ਕੀਮਤਾਂ ਵਿਚ ਇਨਸਾਨੀਅਤ ਭਾਰੂ ਹੁੰਦੀ ਸੀ, ਪਰ ਸਮਾਂ ਬਦਲਣ ਨਾਲ ਪਦਾਰਥਵਾਦੀ ਯੁਗ ਵਿਚ ਪੈਸਾ ਹੀ ਪ੍ਰਧਾਨ ਹੋ ਗਿਆ। ਨਾਮੀ ਗਲਪਕਾਰ ਮਰਹੂਮ ਗੁਰਦਿਆਲ ਸਿੰਘ ਦੀ ਇਸ ਕਹਾਣੀ ਦੇ ਮੁੱਖ ਪਾਤਰ, ਜੋ ਪੇਸ਼ੇ ਵਜੋਂ ਡਾਕਟਰ ਸੀ, ਲਈ ਵੀ ਪੈਸੇ ਨਾਲੋਂ ਇਨਸਾਨੀ ਕਦਰਾਂ-ਕੀਮਤਾਂ ਮੁੱਖ ਰਹੀਆਂ, ਪਰ ਉਸ ਦੇ ਪਿਛੋਂ ਉਸ ਦੇ ਵਾਰਸ ਆਏ ਤਾਂ ਉਨ੍ਹਾਂ ਲਈ ਪੈਸਾ ਹੀ ਪ੍ਰਧਾਨ ਹੋ ਗਿਆ। ਇਹੋ ਬਦਲਾਓ ਇਸ ਕਹਾਣੀ ਦਾ ਆਧਾਰ ਹੈ। -ਸੰਪਾਦਕ***

ਆਜ਼ਾਦ ਹਿੰਦ ਫੌਜ ਵਿਚੋਂ ਆਉਣ ਮਗਰੋਂ ਸਰਕਾਰ ਨੇ ਉਹਦੀ ਫੌਜ ਦੀ ਨੌਕਰੀ ਬਹਾਲ ਕਰਕੇ ਉਹਨੂੰ ਪੰਜਾਬ ਦੀਆਂ ਦੇਸੀ ਰਿਆਸਤਾਂ ਦੇ ਸੰਘ 'ਪੈਪਸੂ' ਦੇ ਇਕ ਜਿਲੇ ਵਿਚ ਸਿਵਲ ਸਰਜਨ ਲਾ ਦਿੱਤਾ ਸੀ। ਉਥੋਂ ਰਿਟਾਇਰ ਹੋਣ ਮਗਰੋਂ ਉਹਨੇ ਉਸੇ ਮੰਡੀ ਵਿਚ ਆ ਕੇ ਆਪਣਾ ਪ੍ਰਾਈਵੇਟ ਕਲਿਨਿਕ ਖੋਲ੍ਹ ਲਿਆ ਸੀ, ਜਿਥੋਂ ਉਹਨੇ ਫੌਜ ਵਿਚ ਭਰਤੀ ਹੋਣ ਤੋਂ ਪਹਿਲਾਂ ਆਪਣੀ ਮੁੱਢਲੀ ਨੌਕਰੀ ਸ਼ੁਰੂ ਕੀਤੀ ਸੀ। ਇਹ ਛੋਟੀ ਜਿਹੀ ਮੰਡੀ ਉਹਦੇ ਲਈ 'ਯਾਦਾਂ ਦੀ ਪਟਾਰੀ' ਹੀ ਬਣ ਚੁਕੀ ਸੀ।

ਜਦੋਂ ਉਹ ਦੂਜੀ ਜੰਗ ਤੋਂ ਪਹਿਲਾਂ ਏਥੋਂ ਦੇ ਪੰਜ-ਛੇ ਕਮਰਿਆਂ ਦੇ ਛੋਟੇ-ਜਿਹੇ ਹਸਪਤਾਲ ਵਿਚ ਡਾਕਟਰ ਹੁੰਦਾ ਸੀ ਤਾਂ ਏਥੇ ਉਹ ਚਾਰ ਹੀ 'ਅਫਸਰ' ਹੁੰਦੇ ਸਨ। ਇਕ ਸੀ ਮਿਡਲ ਸਕੂਲ ਦਾ ਹੈਡਮਾਸਟਰ ਮਦਨ ਮੋਹਨ, ਦੂਜਾ ਡਾਕਖਾਨੇ ਦਾ ਪੋਸਟ ਮਾਸਟਰ ਤੇ ਤਾਰ ਬਾਬੂ ਸ਼ਾਦੀ ਰਾਮ, ਤੀਜਾ ਸਟੇਸ਼ਨ ਮਾਸਟਰ ਵਧਾਵਾ ਰਾਮ, ਤੇ ਚੌਥਾ ਅਫਸਰੇ-ਮੰਡੀ ਸਰਦਾਰ ਗੁਰਦਿਆਲ ਸਿੰਘ

**ਗੁਰਦਿਆਲ ਸਿੰਘ**

ਬਾਹੀਆ। ਇਹ ਚਾਰੇ ਜਿਧਰੋਂ ਵੀ ਲੰਘਦੇ, ਮੰਡੀ ਦੇ ਆੜ੍ਹਤੀਏ, ਦੁਕਾਨਦਾਰ, ਚੌਧਰੀ ਗੋਪੀ ਰਾਮ ਤੇ ਹਜ਼ਾਰੀ ਲਾਲ ਵਰਗੇ ਸਤਿਕਾਰਿਤ ਬੰਦੇ ਵੀ ਦੁਕਾਨਾਂ ਮੂਹਰੇ ਬੜਿਆਂ 'ਤੇ ਆ ਕੇ 'ਰਾਮ ਰਾਮ' ਬੁਲਾਉਂਦੇ।

ਇਹ ਉਹੋ ਜ਼ਮਾਨਾ ਸੀ, ਜਦੋਂ ਇਹ ਚਾਰੇ ਅਫਸਰ, ਸ਼ਾਮ ਵੇਲੇ ਸਕੂਲ ਦੇ ਗਰਾਊਂਡ ਵਿਚ ਟੈਨਿਸ ਖੇਡਣ ਜਾਂਦੇ। ਚੌਹਾਂ ਨੇ ਚਿੱਟੀਆਂ ਨਿੱਕਰਾਂ, ਚਿੱਟੇ ਕਮੀਜ਼, ਚਿੱਟੀਆਂ-ਦੁੱਧ ਜੁਰਾਬਾਂ ਤੇ ਫਲੀਟ ਪਹਿਨੇ ਹੁੰਦੇ। ਹੱਥਾਂ ਵਿਚ ਰੈਕਟ ਫੜੀ ਦਿਨ ਢਲ੍ਹੇ ਜਦੋਂ ਉਹ ਵਾਰੋ-ਵਾਰੀ ਛੋਟੇ ਛੋਟੇ ਬਾਜ਼ਾਰਾਂ ਵਿਚੋਂ ਲੰਘ ਕੇ ਸਕੂਲ ਵੱਲ ਜਾ ਰਹੇ ਹੁੰਦੇ ਤਾਂ ਉਨ੍ਹਾਂ ਵਿਚੋਂ ਤਿੰਨਾਂ ਦੇ ਅੰਗਰੇਜ਼ੀ ਟੋਪ ਸਾਰੀ ਮੰਡੀ ਵਿਚ ਜਿਵੇਂ ਹਲਚਲ ਜਿਹੀ ਮਚਾ ਦਿੰਦੇ। ਗਲੀਆਂ ਵਿਚ ਬੰਟੇ, ਰੀਠੇ, ਕੌਡੀਆਂ ਖੇਡਦੇ ਪਾੜ੍ਹੇ ਮੁੰਡੇ ਦੂਰੋਂ ਹੀ ਹੈਡਮਾਸਟਰ ਮਦਨ ਮੋਹਨ ਜੀ ਨੂੰ ਦੇਖ ਭੱਜਦੇ ਅੰਦਰੀਂ ਜਾ ਲੁਕਦੇ। ਬਾਣੀਏਂ ਤੇ ਸੇਠ ਹੋਰ ਝੁਕ ਕੇ ਤੇ ਉਚੀ ਆਵਾਜ਼ ਵਿਚ 'ਰਾਮ ਰਾਮ' ਤੇ 'ਨਮਸਤੇ' ਬੁਲਾਉਂਦੇ। ਚਹੁੰ ਅਫਸਰਾਂ ਵਿਚ ਇਕ ਅਫਸਰੇ-ਮੰਡੀ 'ਬਾਹੀਆ ਸਾਹਬ' ਸਨ, ਜੋ ਆਸੇ ਪਾਸੇ ਝਾਕੇ ਬਿਨਾ ਧੌਣ ਅਕੜਾ ਕੇ ਤੁਰਦੇ; ਐਵੇਂ ਰਸਮੀ ਤੌਰ 'ਤੇ ਸਿਰ ਨੂੰ ਮਾੜਾ ਜਿਹਾ ਝਟਕਾ ਦਿੰਦੇ, ਜਾਂ ਖੱਬਾ ਨਰੋਆ ਹੱਥ ਰਤਾ ਇੰਜ ਉਤਾਂਹ ਚੁੱਕਦੇ ਜਿਵੇਂ ਕੋਈ ਗੋਰਾ ਹਾਕਮ ਮੱਖੀ ਉਡਾਉਂਦਾ ਹੋਵੇ। ਬਾਕੀ ਤਿੰਨੇ, ਹਰੇਕ ਦੀ 'ਰਾਮ ਰਾਮ' ਦਾ ਉਤਰ ਠਰ੍ਹੰਮੇ ਨਾਲ ਦਿੰਦੇ ਤੇ ਕਈ ਮੋਹਤਬਰ ਬੰਦਿਆਂ ਦਾ ਹਾਲ-ਚਾਲ ਵੀ ਪੁੱਛ ਲੈਂਦੇ। ਜਿਹੜੇ ਚੌਧਰੀਆਂ, ਸੇਠਾਂ, ਸ਼ਾਹਾਂ ਨੂੰ ਇਹ 'ਅਫਸਰ' ਲੋਕ ਇੰਜ ਬੁਲਾਉਂਦੇ, ਆਮ ਲੋਕਾਂ ਦੇ ਮਨਾਂ ਵਿਚ ਉਨ੍ਹਾਂ ਦਾ ਇੱਜਤ-ਮਾਣ ਹੋਰ ਵਧ ਜਾਂਦਾ।

ਉਹ ਜ਼ਮਾਨਾ ਤਾਂ ਹੁਣ ਬੀਤ ਚੁੱਕਾ ਸੀ, ਪਰ ਸੀਤਾ ਰਾਮ ਬਹੁਤਾ ਨਹੀਂ ਸੀ ਬਦਲਿਆ। ਅੱਜ ਵੀ ਉਹ ਰੇਤ੍ਹੀਆਂ ਦੀ ਸੜੀ-ਗਲੀ ਸਬਜ਼ੀ ਓਵੇਂ ਸੁਟਵਾ ਸਕਦਾ ਸੀ, ਜਿਵੇਂ ਵੀਹ-ਤੀਹ ਸਾਲ ਪਹਿਲਾਂ ਇਸ ਮੰਡੀ ਵਿਚ ਮੈਡੀਕਲ ਅਫਸਰ ਹੁੰਦਿਆਂ ਸੁਟਵਾਉਂਦਾ ਸੀ। ਸਭ ਨੂੰ ਪਤਾ ਸੀ, ਹੁਣ ਉਹਦੀ ਪੁੱਛ-ਦੱਸ ਸਰਕਾਰੇ-ਦਰਬਾਰੇ ਪਹਿਲਾਂ ਤੋਂ ਵੱਧ ਸੀ। ਸਥਾਨਕ ਹਸਪਤਾਲ ਦਾ ਡਾਕਟਰ ਵੀ ਉਸ ਤੋਂ ਪੁੱਛੇ ਬਿਨਾ ਕੋਈ ਕੰਮ ਨਹੀਂ ਸੀ ਕਰਦਾ। ਡਾਕਟਰ ਸੀਤਾ ਰਾਮ ਕੌੜਾ ਦੀਆਂ ਪੁਰਾਣੀਆਂ ਆਦਤਾਂ ਮੁਤਾਬਕ ਉਹ ਹੁਣ ਵੀ ਗਲੀ, ਬਾਜ਼ਾਰ ਵਿਚ ਤੁਰਿਆ ਜਾਂਦਾ ਅੱਲ੍ਹੜ ਉਮਰ ਦੇ ਮੁੰਡਿਆਂ ਨੂੰ ਕੋਲ ਬੁਲਾ ਕੇ ਅਜੀਬ-ਅਜੀਬ ਸਵਾਲ ਪੁੱਛਣ ਲੱਗ ਪੈਂਦਾ। ਪਹਿਲਾਂ ਮੁੰਡੇ ਦਾ ਨਾਂ, ਪਿਉ ਦਾ ਨਾਂ ਪੁੱਛਦਾ ਤੇ ਮਗਰੋਂ ਉਹਦੇ ਖਾਨਦਾਨ ਨਾਲ ਆਪਣੀ ਪੁਰਾਣੀ ਜਾਣ-ਪਛਾਣ ਕੱਢ ਕੇ ਆਪਣੀ ਨਾਭੇ-ਪਟਿਆਲੇ ਦੀ ਬੋਲੀ 'ਚ ਕਹਿੰਦਾ, "ਮੈਨੇ ਤੇਰੀ ਦਾਦੀ ਕਾ ਇਲਾਜ ਬੀ ਕੀਆ ਥਾ। ਉਸ ਕਾ ਨਾਮ ਪ੍ਰਸਿੰਨੀ ਦੇਵੀ ਥਾ ਨਾ?"

ਅਕਸਰ ਹੀ ਮੰਡੀ ਦੇ ਮੁੰਡੇ-ਖੁੰਡੇ ਉਹਦੀ ਅਜਿਹੀ ਜਾਣਕਾਰੀ ਬਾਰੇ ਬਹੁਤ ਹੈਰਾਨ ਹੁੰਦੇ, ਜਦੋਂ ਉਹ ਦੱਸਦਾ, "ਤੇਰਾ ਬਾਬਾ ਦਸੌਂਧੀ ਰਾਮ ਬੜਾ ਕੰਜੂਸ ਥਾ। ਮੈਨੇ ਉਸੇ ਕਹਿਆ ਥਾ ਕਿ ਦਵਾਈ ਦੋ ਮਹੀਨੇ ਤੱਕ ਖਾਣੀ ਪੜੇਗੀ ਪਰ ਉਸ ਭਲੇਮਾਨਸ ਨੇ ਪੈਸੇ ਬਚਾਨੇ ਕੇ ਲੀਯੇ ਏਕ ਮਹੀਨੇ ਬਾਅਦ ਦਵਾਈ ਬੰਦ ਕਰ ਦੀ। ਉਹ ਵਿਚਾਰੀ ਮਰ ਗਈ।... ਐਸੇ ਤੋ ਸਭ ਲਾਲੇ ਕੰਜੂਸ ਹੁੰਨੇ ਐਂ ਪਰ ਤੇਰਾ ਬਾਬਾ ਕੁਛ ਬੇਵਕੂਫ ਵੀ ਥਾ- ਇਬ ਹੈ ਕਿ ਮਰ ਗਿਆ?"

ਫੇਰ ਅਚਾਨਕ ਹੀ ਗੱਲ ਬਦਲ ਕੇ ਕਹਿੰਦਾ, "ਤੇਰੇ ਘਰ-ਕੇ ਤੰਨੋਂ ਕੁਛ ਖਾਣ ਨੇ ਬੀ ਦਿਨੈਂ ਐਂ ਕਿ ਨਹੀਂ? ਦੇਖ ਤੇਰੀਆਂ ਅੱਖਾਂ ਕੈਸੇ ਪੀਲੀਆਂ ਹੋ ਰਹੀ ਐ। ਚਿਹਰੇ ਕਾ ਕਲਰ ਐਸੇ ਜੈਸੇ ਬਸਾਰ ਮਲਿਆ ਹੋਏ।" ਫੇਰ ਮੁੰਡੇ ਦੇ ਮੋਢੇ, ਬਾਹਾਂ ਛਾਤੀ ਨੂੰ ਟੋਂਹਦਾ ਕਹਿੰਦਾ, "ਇਹ ਕੋਈ ਜਵਾਨਾਂ ਕੀ ਬਾਡੀ ਐ!... ਏਸ ਉਮਰ ਮੇਂ ਆਹ ਹਾਲ! ਕੁਛ ਖਾਇਆ-ਪੀਆ ਕਰ। ਸੁਬਹ ਉਠ ਕਰ ਸਾਬਾ ਮੇਂ ਜਾਇਆ ਕਰ। ਕਿਤਨੇ ਬਜੇ ਉਠਿਆ ਕਰਦੈਂ?"

ਹੋਰ ਵੀ ਅਜੀਬ ਗੱਲ ਇਹ ਸੀ ਕਿ ਉਹਦੇ ਰੋਅਬ ਕਰਕੇ ਕੋਈ ਮੁੰਡਾ ਉਹਦੇ ਅੱਗੇ ਝੂਠ ਬੋਲਣ ਦੀ ਹਿੰਮਤ ਨਾ ਕਰਦਾ। ਜਦੋਂ ਉਹ ਜਾਗਣ ਦਾ ਸਮਾਂ ਦੱਸਦਾ ਤਾਂ ਡਾਕਟਰ ਕੌੜਾ ਜਿਵੇਂ ਉਹਨੂੰ ਫਟਕਾਰ ਪਾਉਂਦਾ ਕਹਿੰਦਾ, "ਦੇਖ, ਦੇਖ! ਸ਼ਰਮ ਤਾਂ ਨਹੀਂ ਆਂਦੀ!... ਜਵਾਨ ਉਮਰ ਮੇਂ ਦਿਨ ਚੜ੍ਹੇ ਉਠ ਕੇ ਤੂੰ ਕਿਆ ਪੂਰੀਆਂ ਪਾਏਂਗਾ।" ਫੇਰ ਆਪਣੇ ਵਲ ਉਹਨੂੰ ਝਾਕਣ ਲਈ ਕਹਿ ਕੇ ਉਹਦੀਆਂ ਅੱਖਾਂ ਦੇ ਛੱਪਰ ਉਂਗਲਾਂ ਨਾਲ ਉਤਾਂਹ ਕਰਕੇ ਦੇਖਦਿਆਂ ਕਹਿੰਦਾ, "ਤੂੰ ਮਸਟਰਬੇਸ਼ਨ ਕਰਦਾ ਹੁੰਨੈ?" ਜਿਹਨੂੰ ਉਹਦਾ ਅੰਗਰੇਜ਼ੀ ਸ਼ਬਦ ਸਮਝ ਨਾ ਆਉਂਦਾ, ਉਹਨੂੰ ਬਹੁਤ ਸਪਸ਼ਟ ਪੰਜਾਬੀ ਵਿਚ ਸਮਝਾ ਦਿੰਦਾ ਤੇ ਏਨੀ ਬੁਰੀ ਤਰ੍ਹਾਂ ਗੁੱਸੇ ਵਿਚ ਝਿੜਕਦਾ ਕਿ ਕਈ ਨੌਜਵਾਨ ਮੁੰਡੇ ਸੱਚੀ ਉਹਦੇ ਅੱਗੇ ਕੰਬਣ ਲੱਗ ਪੈਂਦੇ।

ਪੁਰਾਣੇ ਲੋਕ ਉਹਨੂੰ ਹੁਣ ਵੀ ਮੰਡੀ ਦਾ ਅਫਸਰ ਹੀ ਸਮਝਦੇ ਸਨ। ਓਵੇਂ ਉਹਦੀ ਇੱਜਤ ਕਰਦੇ ਸਨ। ਉਨ੍ਹਾਂ ਦਾ ਖਿਆਲ ਸੀ ਕਿ ਜੇ ਡਾਕਟਰ ਨੇ ਵੀਹ-ਤੀਹ ਸਾਲ ਪਹਿਲਾਂ ਉਨ੍ਹਾਂ ਨੂੰ ਸਿੱਧੇ ਪਾਸੇ ਨਾ ਲਾਇਆ ਹੁੰਦਾ ਤਾਂ ਪਤਾ ਨਹੀਂ ਉਨ੍ਹਾਂ ਦਾ ਕੀ ਹਾਲ ਹੁੰਦਾ। ਦਵਾਈ ਲੈਣ ਆਏ ਹਰੇਕ ਮਰੀਜ਼ ਨੂੰ ਉਹ ਦੋ-ਚਾਰ ਗੱਲਾਂ ਅਜਿਹੀਆਂ ਜ਼ਰੂਰ ਸਮਝਾ ਦਿੰਦਾ, ਜੋ ਉਹ ਆਪਣੇ 'ਡਾਕਟਰੀ ਅਸੂਲਾਂ' ਅਨੁਸਾਰ ਜ਼ਰੂਰੀ ਸਮਝਦਾ ਸੀ। ਨੌਜਵਾਨਾਂ ਨੂੰ 'ਭੋਗ-ਵਿਲਾਸ' ਵਿਚ ਸੰਜਮ ਵਰਤਣ ਲਈ ਕਹਿੰਦਾ। ਸਬਜ਼ੀਆਂ, ਫਲ, ਦਾਲਾਂ ਵੱਧ ਖਾਣ ਲਈ ਕਹਿੰਦਾ। ਮਿਰਚ-ਮਸਾਲੇ ਤੇ ਤਲੀਆਂ ਚੀਜ਼ਾਂ ਘੱਟ ਖਾਣ ਲਈ ਕਹਿੰਦਾ। ਦੁੱਧ-ਘਿਉ ਵੀ ਬਹੁਤਾ ਖਾਣ ਤੋਂ ਵਰਜਦਾ। ਨੇਮ ਨਾਲ ਕਸਰਤ ਤੇ ਸੈਰ ਦੀਆਂ ਹਦਾਇਤਾਂ ਕਰਦਾ। ਜਦੋਂ ਕੋਈ ਬਿਮਾਰੀ ਫੈਲ ਜਾਂਦੀ ਤਾਂ ਸਭ ਨੂੰ ਪਾਣੀ ਉਬਾਲ ਕੇ ਪੀਣ ਲਈ ਜ਼ਰੂਰ ਕਹਿੰਦਾ।

"ਓ ਭਾਈ ਇਹ ਤਾਂ ਮੰਡੀ ਦੇ ਕਰਮ ਚੰਗੇ ਐ ਜਿਹੜਾ ਡਾਕਟਰ ਫੇਰ ਏਥੇ ਆ ਗਿਆ। ਐਹੋ ਜੇ ਬੰਦੇ ਅੱਜ ਕੱਲ੍ਹ ਕਿਥੇ ਐ ਜਿਹੜੇ ਘਰੋਂ ਖਾ ਕੇ ਮੱਤ ਦੇਣ।" ਲੋਕ ਆਮ ਹੀ ਅਜਿਹੀਆਂ ਗੱਲਾਂ ਉਸ ਬਾਰੇ ਕਹਿੰਦੇ।

ਪਰ ਡਾਕਟਰ ਸੀਤਾ ਰਾਮ ਕੌੜਾ ਹੁਣ ਬੁੱਢਾ ਹੋ ਗਿਆ ਸੀ, ਸੱਠਾਂ ਤੋਂ ਉਤੇ। ਉਹਨੇ ਜਿਸ ਕਿਰਾਏ ਦੇ ਹਾਤੇ ਵਿਚ ਆਪਦਾ ਕਲਿਨਿਕ ਬਣਾਇਆ ਹੋਇਆ ਸੀ, ਉਸ ਦੇ ਆਲੇ-ਦੁਆਲੇ ਸੱਤ-ਅੱਠ ਅੱਧ-ਕੱਚੇ ਕਮਰੇ ਸਨ, ਜਿਥੇ ਕਦੇ ਸੇਠ ਮੁੰਨਾਂ ਲਾਲ ਦੇ ਪੱਲੇਦਾਰ ਰਹਿੰਦੇ ਸਨ। ਕਈ ਕੋਠਿਆਂ ਵਿਚ ਕਣਕ, ਛੋਲਿਆਂ ਤੇ ਬਾਜਰੇ ਦੀਆਂ ਧਾਂਕਾਂ ਲੱਗੀਆਂ ਹੁੰਦੀਆਂ। ਉਦੋਂ ਏਥੇ ਚਾਰੇ ਪਾਸੇ ਚੂਹਿਆਂ ਦੀਆਂ ਖੁੱਡਾਂ ਤੇ ਛੱਤਾਂ ਵਿਚ ਚਿੜੀਆਂ ਦੇ ਆਲ੍ਹਣੇ ਹੁੰਦੇ। ਅੰਦਰੋਂ ਹਰ ਵੇਲੇ ਸਿੱਲ੍ਹੇ ਗਲੇ-ਸੜੇ ਅਨਾਜ ਦੀ ਬਦਬੂ ਆਉਂਦੀ ਰਹਿੰਦੀ, ਪਰ ਜਦੋਂ ਦਾ ਸੇਠ ਨੇ ਇਹ ਹਾਤਾ ਡਾਕਟਰ ਕੌੜਾ ਨੂੰ 'ਧਰਮਖਾਤੇ' ਦਿੱਤਾ ਸੀ, ਉਹਨੇ ਇਸ ਦੀ ਮੁਰੰਮਤ ਉਤੇ ਕੋਈ ਪੈਸਾ ਨਹੀਂ ਸੀ ਲਾਇਆ। ਡਾਕਟਰ ਆਪਣੀ ਆਮਦਨ ਵਿਚੋਂ ਕਈ ਹਜ਼ਾਰ ਰੁਪਿਆ ਖਰਚ ਕੇ ਹਨੇਰ-ਕੋਠੜੀਆਂ ਦੀ ਮੁਰੰਮਤ ਕਰਵਾ ਚੁਕਾ ਸੀ। ਹੇਠ ਇੱਟਾਂ ਦੇ ਫਰਸ਼ ਲਵਾਏ ਸਨ ਤੇ ਨਵੇਂ ਮੇਜ਼-ਕੁਰਸੀਆਂ ਤੇ ਲੋਹੇ ਦੇ ਪਾਈਪਾਂ ਦੇ ਬਣੇ ਮੰਜੇ ਵੀ ਮਰੀਜ਼ਾਂ ਲਈ ਲਿਆਂਦੇ ਸਨ, ਪਰ ਜਿਹੋ-ਜਿਹਾ 'ਹਸਪਤਾਲ' ਉਹ ਚਾਹੁੰਦਾ ਸੀ, ਉਹਦੇ ਉਤੇ ਕਈ ਲੱਖ ਦਾ ਖਰਚਾ ਆਉਂਦਾ ਸੀ। ਉਹਦੀ ਆਪਣੀ ਕਮਾਈ ਮਸਾਂ ਟੱਬਰ ਦਾ ਖਰਚ ਤੋਰਨ ਜੋਗੀ ਸੀ। ਦੋ ਲੜਕੇ ਬਾਹਰ ਪੜ੍ਹਦੇ ਸਨ। ਇਕ ਡਾਕਟਰੀ ਦਾ ਤੇ ਦੂਜਾ ਇੰਜੀਨੀਅਰਿੰਗ ਦਾ ਕੋਰਸ ਕਰਦਾ ਸੀ। ਲੜਕੀ ਵੱਡੀ ਸੀ, ਉਹ ਵਿਆਹ ਦਿੱਤੀ ਸੀ। ਏਥੇ ਉਹ ਤੇ ਉਹਦੀ ਪਤਨੀ ਦੋਵੇਂ ਰਹਿੰਦੇ ਸਨ। ਉਹਦੇ ਡਾਕਟਰੀ ਅਸੂਲਾਂ ਅਨੁਸਾਰ ਸਫਾਈ, ਖੁਰਾਕ, ਕੱਪੜੇ-ਲੀੜੇ ਤੇ ਆਏ-ਗਏ ਦਾ ਖਰਚ ਦਿਨੋ-ਦਿਨ ਵਧਦਾ ਜਾਂਦਾ ਸੀ। ਸਿੱਟਾ ਇਹ ਨਿਕਲਿਆ ਕਿ ਜੋ ਕਮਾਈ ਹੁੰਦੀ, ਉਹ ਖੂਹ ਵਿਚ ਖਪਣ ਵਾਲੀ ਗੱਲ ਸੀ। ਫੇਰ ਵੀ ਉਹ ਹਿੰਮਤ ਨਹੀਂ ਸੀ ਹਾਰਦਾ।

"ਡਾਕਟਰ ਸਾਹਿਬ ਏਨੇ ਪੈਸੇ ਤਾਂ ਮੇਰੇ ਕੋਲ ਹੈਨੀ।" ਕੋਈ ਆਮ ਮਰੀਜ਼ ਕਹਿੰਦਾ ਤਾਂ ਉਹ ਰਤਾ ਗੁੱਸੇ ਨਾਲ ਉਸ ਵੱਲ ਝਾਕਦਾ ਪਰ ਕੁਝ ਸਕਿੰਟ ਬੋਲ ਨਾ ਸਕਦਾ। "ਜਾ ਭਾਗ ਜਾ।" ਬਸ ਏਨਾ ਕਹਿ ਕੇ ਹੋਰ ਮਰੀਜ਼ ਦੇਖਣ ਲੱਗ ਪੈਂਦਾ।



ਅਜਿਹਾ ਗੁੱਸਾ ਉਹਨੂੰ ਉਦੋਂ ਆਉਂਦਾ, ਜਦੋਂ ਇਹ ਪਤਾ ਹੋਵੇ ਕਿ ਇਹ ਬੰਦਾ ਝੂਠ ਬੋਲ ਰਿਹਾ ਹੈ। ਉਹ ਮੰਡੀ ਤੇ ਆਸੇ-ਪਾਸੇ ਦੇ ਪਿੰਡਾਂ ਦੇ ਆਪਣੇ ਸਭ ਮਰੀਜ਼ਾਂ ਤੇ ਉਨ੍ਹਾਂ ਦੇ ਘਰ-ਪਰਿਵਾਰਾਂ ਨੂੰ ਏਨੀ ਚੰਗੀ ਤਰ੍ਹਾਂ ਜਾਣਦਾ ਸੀ ਕਿ ਉਹਨੂੰ ਇਹ ਵੀ ਪਤਾ ਹੁੰਦਾ ਕਿਹੜਾ ਕਿੰਨਾ ਕੁ ਖਰਚ ਕਰਨ ਜੋਗਾ ਸੀ। ਅਤਿ ਗਰੀਬ ਲੋਕਾਂ ਤੋਂ ਉਹ ਪੈਸੇ ਮੰਗਦਾ ਹੀ ਨਹੀਂ ਸੀ। ਜੇ ਕੋਈ ਪੰਜ-ਸੱਤ ਦੇਣ ਦਾ ਯਤਨ ਵੀ ਕਰਦਾ ਤਾਂ ਉਹਨੂੰ ਕਹਿ ਦਿੰਦਾ, "ਇਸ ਕਾ ਫਰੂਟ ਲੇ-ਜੀਂ, ਬੱਚੇ ਕੀ ਖਾਤਰ, ਆਈ ਸਮਝ! ਪਰ ਜੇ ਅਧੀਆ-ਪਊਆ ਲੇ ਕੇ ਪੀ ਲੀਆ ਤੋ ਮੈਂ ਤੰਨੇ, ਬਜ਼ਾਰ ਮੇਂ ਖੜਾ ਕਰਕੇ ਜੁੱਤੀਆਂ ਗੈਲ ਕੁੱਟੂੰ, ਸਮਝਿਆ!"

ਤੇ ਇਸ ਤੋਂ ਸਾਰੇ ਜਾਣੂ ਸਨ ਕਿ ਉਹ ਸੱਚਮੁੱਚ ਹੀ ਜੁੱਤੀਆਂ ਨਾਲ ਕੁੱਟ ਸਕਦਾ ਸੀ; ਕਿਸੇ ਦੀ ਛੁਡਾਉਣ ਦੀ ਵੀ ਹਿੰਮਤ ਨਹੀਂ ਸੀ ਪੈ ਸਕਦੀ (ਕਿੰਨੇ ਹੀ ਸ਼ਰਾਬੀ ਬੰਦੇ ਉਹਨੇ ਕੁੱਟੇ ਵੀ ਸਨ)।

ਪਰ ਹੁਣ ਜਿਵੇਂ ਜਿਵੇਂ ਉਹਦੀ ਉਮਰ ਵਧ ਰਹੀ ਸੀ; ਹਿੰਮਤ ਵੀ ਜਵਾਬ ਦਿੰਦੀ ਜਾਂਦੀ ਸੀ। ਕਈ ਨਵੇਂ 'ਸੁਇਮਸੇਵਕ' ਬਣੇ ਨੌਜਵਾਨਾਂ ਨੇ ਉਹਦੀ ਮਦਦ ਲਈ 'ਸ਼ਹਿਰੀਆਂ' ਦੇ ਕਈ ਇਕੱਠ ਕੀਤੇ। ਵੱਡੀਆਂ-ਵੱਡੀਆਂ 'ਸਕੀਮਾਂ' ਵੀ ਬਣਾਈਆਂ। ਕਈ ਵਾਰ 'ਕੱਠੇ ਹੋ ਕੇ ਉਸ ਕੋਲ ਜਾ ਕੇ ਦੱਸਿਆ ਵੀ, "ਡਾਕਟਰ ਸਾਹਬ, ਅਸੀਂ ਚਾਰ-ਪੰਜ ਲੱਖ ਰੁਪਿਆ 'ਕੱਠਾ ਕਰਕੇ ਬਾਹਰ ਇਕ ਪਲਾਟ ਖਰੀਦ ਕੇ ਵੱਡਾ ਹਸਪਤਾਲ ਬਣਾਵਾਂਗੇ। ਤੁਸੀਂ ਉਹਦੇ 'ਡਾਇਰੈਕਟਰ' ਹੋਵੋਗੇ। ਫਿਜ਼ੀਸ਼ਨ, ਸਰਜਨ, ਡੈਂਟਿਸਟ- ਹਰ ਤਰ੍ਹਾਂ ਦੇ ਮਾਹਰ ਡਾਕਟਰ ਰੱਖਾਂਗੇ। ਨਵੀਆਂ ਐਕਸਰੇ ਮਸ਼ੀਨਾਂ ਲਿਆਵਾਂਗੇ, ਠੀਕ ਐ ਜੀ?"

ਪਹਿਲਾਂ ਪਹਿਲਾਂ ਉਹ ਉਨ੍ਹਾਂ ਨੂੰ 'ਸ਼ਾਬਾਸ਼ੇ' ਦਿੰਦਾ ਮੁਸਕਰਾ ਕੇ ਕਹਿੰਦਾ, "ਥਾਨੇ ਜੇ ਇਹ ਕੰਮ ਕਰ ਲੀਆ ਤੋਂ ਇਸ ਕਾ ਫਲ ਉਰੇ ਹੀ ਮਿਲੇਗਾ, ਮੇਰਾ ਅਗਲੇ ਜਹਾਨ ਮੇਂ ਕੋਈ ਯਕੀਨ ਨਹੀਂ, ਉਰੇ ਈ ਫਲ ਮਿਲੇ ਤੋ ਤਸੱਲੀ ਹੁੰਦੀ ਹੈ। ਐਛੇ ਕੰਮ ਕਰਨ ਵਾਲਿਆਂ ਨੂੰ ਫਲ ਲਾਜ਼ਮੀ ਮਿਲਿਆ ਕਰਦੈ, ਮੇਰਾ ਯਕੀਨ ਰਹਿਐ, ਉਮਰ ਭਰ।"

ਮਹੀਨੇ-ਵੀਹ ਦਿਨ ਬਾਅਦ ਜਦੋਂ ਕੁਝ ਨੌਜਵਾਨ ਆ ਕੇ ਦੱਸਦੇ ਕਿ ਉਨ੍ਹਾਂ ਨੇ ਜਗ੍ਹਾ ਖਰੀਦਣ ਦੀ ਸਲਾਹ ਬਣਾ ਲਈ ਹੈ ਤੇ ਬਸ ਥੋੜ੍ਹੇ ਜਿਹੇ ਪੈਸੇ ਘੱਟ ਹਨ, ਪੂਰੇ ਹੋਣ ਤੇ ਉਹ ਰਜਿਸਟਰੀ ਕਰਵਾ ਲੈਣਗੇ ਤਾਂ ਉਸ ਦਿਨ ਉਹ ਬਹੁਤ ਖੁਸ਼ ਹੁੰਦਾ। ਆਪਣੇ ਬੁੱਢੇ ਹੱਡਾਂ ਵਿਚ ਵੀ ਉਹਨੂੰ ਜਵਾਨੀ ਜਿੰਨਾ ਬਲ ਲੱਗਦਾ। ਰਾਤ ਨੂੰ ਨੀਂਦ ਨਾ ਆਉਂਦੀ। ਮਨ ਵਿਚ ਨਵੇਂ ਹਸਪਤਾਲ ਦੇ ਨਕਸ਼ੇ ਬਾਰੇ ਚਿਤਵਦਾ ਰਹਿੰਦਾ। ਬੜੀ ਫੁਰਤੀ ਨਾਲ ਏਧਰ-ਉਧਰ ਆ ਜਾ ਰਹੇ ਡਾਕਟਰਾਂ ਤੇ ਨਰਸਾਂ ਬਾਰੇ ਸੋਚਦਾ ਤੇ ਫੇਰ ਉਹਨੂੰ ਕਰਾਹ ਰਹੇ ਮਰੀਜ਼ਾਂ ਦੀਆਂ ਆਵਾਜ਼ਾਂ, ਸ਼ਾਂਤ ਹੁੰਦੀਆਂ ਸੁਣਦੀਆਂ।

ਤੇ ਅਜਿਹੇ ਵੇਲੇ ਉਹ ਬਹੁਤ ਭਾਵੁਕ ਹੋ ਜਾਂਦਾ।

ਸਮਾਂ ਬੀਤ ਗਿਆ। ਮੰਡੀ ਦੇ ਨੌਜਵਾਨਾਂ ਨੇ ਕਈ ਨਵੀਆਂ-ਨਵੀਆਂ ਕਲੱਬਾਂ ਬਣਾ ਲਈਆਂ। ਉਹ ਉਥੇ 'ਕੱਠੇ ਹੁੰਦੇ, ਸਭਿਆਚਾਰਕ ਪ੍ਰੋਗਰਾਮ ਰਚਾਉਂਦੇ, ਡਿਨਰ ਖਾਂਦੇ ਤੇ ਕਦੇ ਕਦੇ ਅੱਖਾਂ ਦੇ, ਦੰਦਾਂ ਦੇ ਜਾਂ ਹੱਡੀਆਂ ਦੀਆਂ ਬਿਮਾਰੀਆਂ ਦੇ ਇਲਾਜ ਲਈ ਕੈਂਪ ਵੀ ਲਾਉਂਦੇ। ਬਾਹਰੋਂ ਡਾਕਟਰ ਵੀ ਆਉਂਦੇ। ਅਜਿਹੇ ਵੇਲੇ ਉਹ ਡਾਕਟਰ ਸਾਹਬ ਨੂੰ ਪ੍ਰਧਾਨਗੀ ਕਰਨ ਲਈ ਵੀ ਸੱਦ ਲਿਜਾਂਦੇ ਪਰ ਬਾਹਰੋਂ ਆਏ ਨੌਜਵਾਨ ਡਾਕਟਰ ਉਸ ਨਾਲ ਇੰਜ ਮਿਲਦੇ, ਜਿਵੇਂ ਉਹ ਕਿਸੇ ਡਾਕਟਰ ਨਾਲ ਨਹੀਂ, ਮੰਡੀ ਦੇ ਕਿਸੇ ਹਟਵਾਣੀਏ ਨਾਲ ਮਿਲਦੇ ਹੋਣ। ਕੋਈ ਡਾਕਟਰ ਉਸ ਕੋਲੋਂ ਉਹਦੇ ਚਾਲੀ ਸਾਲ ਦੇ ਤਜਰਬਿਆਂ ਬਾਰੇ, ਦਵਾਈਆਂ, ਇਲਾਜ ਬਾਰੇ ਕੋਈ ਗੰਭੀਰ ਰਾਏ ਨਾ ਪੁੱਛਦਾ। ਅਜਿਹੇ ਇਕੱਠਾਂ ਵਿਚ ਬੋਲਣ ਦਾ ਉਸ ਦਾ ਕੋਈ ਅਭਿਆਸ ਨਹੀਂ ਸੀ। ਜਦੋਂ ਨੌਜਵਾਨ ਮੁੰਡੇ ਉਹਨੂੰ ਪ੍ਰਧਾਨ ਵਜੋਂ ਕੁਝ ਬੋਲਣ ਲਈ ਕਹਿੰਦੇ ਤਾਂ ਉਹ ਉਠ ਕੇ ਅਸ਼ੀਰਵਾਦ ਦਿੰਦਾ ਤੇ ਉਨ੍ਹਾਂ ਦੇ ਚੰਗੇ ਮਿਸ਼ਨ ਦੀ ਸਫਲਤਾ ਲਈ ਚਾਰ ਸ਼ਬਦ ਬੋਲ ਦਿੰਦਾ। ਇਸ ਤੋਂ ਵੱਧ ਕੁਝ ਕਹਿ ਨਹੀਂ ਸੀ ਸਕਦਾ।

ਅਜਿਹੇ ਸਮਾਗਮਾਂ ਤੋਂ ਵਾਪਸ ਪਰਤ ਕੇ ਡਾਕਟਰ ਕੌੜਾ ਹੋਰ ਵੀ ਉਦਾਸ ਹੋ ਜਾਂਦਾ। ਹੁਣ ਜਦੋਂ ਕਦੇ ਕੁਝ ਨੌਜਵਾਨ ਉਸ ਕੋਲ ਆ ਕੇ ਹਸਪਤਾਲ ਦੀਆਂ ਯੋਜਨਾਵਾਂ ਦੱਸਦੇ ਤਾਂ ਉਹ ਸੁੰਨਾ-ਸੁੰਨ ਉਨ੍ਹਾਂ ਦੇ ਚਿਹਰਿਆਂ ਵੱਲ ਝਾਕਦਾ, ਚੁੱਪ-ਚਾਪ ਸੁਣਦਾ ਰਹਿੰਦਾ। ਕਦੇ-ਕਦੇ ਬਸ ਏਨਾ ਕਹਿੰਦਾ, "ਕੁਛ ਕਰੋ ਬੀ ਨਾ! ਨੁਈਂ ਬਾਤਾਂ ਕਰਨ ਦਾ ਕਿਆ ਫਾਇਦਾ, ਬਾਤਾਂ ਗੈਲ ਤੋ ਕੁਛ ਨਹੀਂ ਹੁੰਦਾ।" ਪਰ ਜਦੋਂ ਉਹਨੂੰ ਅਹਿਸਾਸ ਹੋ ਗਿਆ ਕਿ ਨਵੀਂ ਪੀੜ੍ਹੀ ਦੇ ਨੌਜਵਾਨ, ਸਿਵਾਏ ਆਪਣੀ ਵਾਹ-ਵਾਹ ਖੱਟਣ ਦੇ ਹੋਰ ਕੁਝ ਕਰਨ ਜੋਗੇ ਨਹੀਂ ਤਾਂ ਉਹ ਬਹੁਤ ਹੀ ਨਿਰਾਸ਼ ਹੋ ਗਿਆ। ਆਪਣੇ 'ਕੌੜਾ ਕਲਿਨਿਕ' ਵਿਚ ਉਨ੍ਹਾਂ ਹੀ ਸਿੱਲ੍ਹੇ ਕਮਰਿਆਂ ਵਿਚ ਪਏ ਮਰੀਜ਼ਾਂ ਵੱਲ ਵੀ ਉਹਦਾ ਧਿਆਨ ਘਟ ਗਿਆ। ਜੋ ਤਿੰਨ-ਚਾਰ ਮੁੰਡੇ ਕੁੜੀਆਂ ਉਸ ਕੋਲੋਂ ਸਿਰਫ ਪ੍ਰੈਕਟਿਸ ਦੇ ਸਰਟੀਫਿਕੇਟ ਲੈਣ ਆਏ ਸਨ, ਉਨ੍ਹਾਂ ਨੇ ਦੋ-ਦੋ ਚਾਰ-ਚਾਰ ਸਾਲ ਬਾਅਦ, ਨਾਲ ਦੇ ਪਿੰਡਾਂ ਵਿਚ ਆਪਣੇ ਕਲਿਨਿਕ ਖੋਲ੍ਹ ਲਏ। ਉਨ੍ਹਾਂ ਹੀ ਪਿੰਡਾਂ ਦੇ ਵਿਗੜੇ ਕੇਸ ਜਦੋਂ ਉਸ ਕੋਲ ਆਉਂਦੇ ਤਾਂ ਉਹ ਹੈਰਾਨ ਹੋ ਜਾਂਦਾ ਕਿ ਉਸ ਕੋਲ ਕੰਪਾਊਡਰ ਲੱਗੇ ਮੁੰਡੇ ਹੁਣ 'ਡਾਕਟਰ' ਬਣ ਕੇ ਕਿੰਜ ਲੋਕਾਂ ਦੀ ਛਿੱਲ ਲਾਹ ਰਹੇ ਸਨ। ਕਈ ਸਕੂਟਰ, ਕਾਰਾਂ ਵੀ ਲਈ ਫਿਰਦੇ ਸਨ ਪਰ ਉਸ ਨੇ ਸਾਰੀ ਉਮਰ ਸਾਈਕਲ ਵੀ ਖਰੀਦ ਕੇ ਨਹੀਂ ਸੀ ਦੇਖਿਆ। ਉਨ੍ਹਾਂ ਦੇ ਗਲਤ ਦਵਾਈਆਂ ਦੇ ਕੇ ਬੇਲੋੜੇ ਟੀਕੇ ਲਾ ਕੇ ਵਿਗਾੜੇ ਕੇਸ ਉਸ ਕੋਲ ਆਉਂਦੇ, ਉਨ੍ਹਾਂ ਦਾ ਇਲਾਜ ਕਰਦਾ ਉਹ ਉਨ੍ਹਾਂ ਆਪੇ 'ਬਣਾਏ' ਡਾਕਟਰਾਂ ਨੂੰ ਬੁਰਾ-ਭਲਾ ਕਹਿੰਦਾ ਰਹਿੰਦਾ। ਉਹਦਾ ਜੀ ਕਰਦਾ, ਉਨ੍ਹਾਂ ਨੂੰ ਬੁਲਾ ਕੇ ਖੂਬ ਝਿੜਕ-ਝੰਭ ਕਰੇ ਕਿ ਉਹ ਕਿਉਂ ਉਸ ਦਾ ਨਾਂ ਬਦਨਾਮ ਕਰਨ ਲੱਗੇ ਸਨ, ਪਰ ਇਕ-ਦੋਹ ਨੂੰ ਛੱਡ ਕੇ ਕਦੇ ਕੋਈ ਪੁਰਾਣਾ ਸ਼ਾਗਿਰਦ ਉਸ ਕੋਲ ਨਹੀਂ ਸੀ ਆਇਆ। ਫੇਰ ਕੀਹਨੂੰ ਕੁਝ ਸਮਝਾਏ?

ਡਾਕਟਰ ਕੌੜਾ ਦੀ ਸਾਰੀ ਉਮਰ ਇਹ ਆਦਤ ਰਹੀ ਕਿ ਜਦੋਂ ਵੀ ਐਮਰਜੈਂਸੀ ਆਈ, ਉਹਨੇ ਬਿਨਾ ਆਪਣੇ ਆਰਾਮ ਦਾ ਖਿਆਲ ਕੀਤਿਆਂ ਸਾਰੀ-ਸਾਰੀ ਰਾਤ ਵੀ ਆਪਣੇ ਕਲਿਨਿਕ ਵਿਚ ਬਿਤਾਈ। ਹੁਣ ਵੀ ਅਜਿਹੇ ਵੇਲੇ ਉਹ ਨਾਂਹ ਨਹੀਂ ਸੀ ਕਰ ਸਕਦਾ। ਅੱਸੀ ਸਾਲ ਦੇ ਨੇੜੇ ਪਹੁੰਚਣ ਦੇ ਬਾਵਜੂਦ ਉਹ ਤੜਕਸਾਰ ਆਪਣੇ ਕਲਿਨਿਕ ਪਹੁੰਚ ਜਾਂਦਾ। ਦੁਪਹਿਰੇ ਵੀ ਘੱਟ ਹੀ ਆਰਾਮ ਕਰਦਾ। ਉਸ ਦੇ ਰੱਖੇ ਨਵੇਂ-ਨਵੇਂ ਕੰਪਾਊਡਰਾਂ ਤੇ ਨਰਸ ਕੁੜੀਆਂ ਨੂੰ ਬਹੁਤ ਹੀ ਚੰਗੀ ਤਰ੍ਹਾਂ ਹਦਾਇਤਾਂ ਕਰਦਾ; ਸਮਝਾਉਂਦਾ ਕਿ ਉਨ੍ਹਾਂ ਦੀ ਕੀ ਡਿਊਟੀ ਸੀ। ਜੇ ਕੋਈ ਮੁੰਡਾ, ਕੁੜੀ ਸਿਰਫ ਪਹਿਨਣ-ਪਚਰਨ 'ਚ ਸਮਾਂ ਬਰਬਾਦ ਕਰਕੇ ਮਰੀਜ਼ਾਂ ਵਲ ਬੇਧਿਆਨੀ ਕਰਦਾ, ਉਹਨੂੰ ਉਹ ਪਹਿਲਾਂ ਘੂਰ-ਘੱਪ ਕਰਦਾ, ਪਰ ਉਹਦੇ ਬਾਰ-ਬਾਰ ਗਲਤੀ ਕਰਨ ਉਤੇ ਕਲਿਨਿਕ 'ਚੋਂ ਕੱਢ ਦਿੰਦਾ ਤੇ ਹੋਰ ਰੱਖ ਲੈਂਦਾ (ਹੁਣ ਪੜ੍ਹੇ ਲਿਖੇ ਮੁੰਡੇ-ਕੁੜੀਆਂ ਦਾ ਕੋਈ ਘਾਟਾ ਵੀ ਨਹੀਂ ਸੀ ਰਿਹਾ। ਇਕ ਹਟਾ ਦਿੰਦਾ ਤਾਂ ਕਈ ਵਾਰ ਦਸ-ਦਸ ਮੁੰਡੇ-ਕੁੜੀਆਂ ਦੇ ਮਾਪੇ ਤੇ ਰਿਸ਼ਤੇਦਾਰ ਆ ਕੇ ਉਸ ਦੀਆਂ ਮਿੰਨਤਾਂ ਕਰਦੇ ਕਿ ਉਨ੍ਹਾਂ ਦੇ ਮੁੰਡੇ, ਕੁੜੀ ਨੂੰ ਕੰਮ ਲਈ ਰੱਖ ਲਵੇ)।

ਤੇ ਫੇਰ ਅਚਾਨਕ ਇਕ ਦਿਨ ਲੋਕਾਂ ਨੇ ਇਹ ਦੁਖਦਾਈ ਖਬਰ ਸੁਣੀ ਕਿ ਡਾਕਟਰ ਸੀਤਾ ਰਾਮ ਕੌੜਾ ਰਾਤੀਂ ਸੁੱਤਾ ਹੀ ਰਹਿ ਗਿਆ। ਸੈਂਕੜੇ ਲੋਕ ਉਹਦੇ ਅੰਤਿਮ ਸਸਕਾਰ ਲਈ 'ਕੱਠੇ ਹੋਏ। ਕਈ ਦਿਨ ਉਹਦੀਆਂ ਗੱਲਾਂ ਇੰਜ ਹੁੰਦੀਆਂ ਰਹੀਆਂ, ਜਿਵੇਂ ਕੋਈ ਭੁਚਾਲ ਆਇਆ ਹੋਵੇ। ਉਹਦੇ ਵੱਡੇ ਸ਼ਹਿਰਾਂ ਵਿਚ ਰਹਿੰਦੇ ਦੋਵੇਂ ਮੁੰਡੇ ਆਏ ਤੇ ਉਹਦੇ ਕਲਿਨਿਕ ਦਾ ਸਾਰਾ ਸਾਮਾਨ ਇਕ ਨਵੇਂ ਆਏ ਡਾਕਟਰ ਨੂੰ ਵੇਚ ਕੇ ਆਪਣੀ ਬੁੱਢੀ ਮਾਂ ਨੂੰ ਨਾਲ ਲੈ ਕੇ ਚਲੇ ਗਏ।

ਕੁਝ ਮਹੀਨੇ ਬਾਅਦ ਲੋਕ ਡਾਕਟਰ ਸੀਤਾ ਰਾਮ ਨੂੰ ਇੰਜ ਭੁੱਲ ਗਏ, ਜਿਵੇਂ ਉਹ ਏਥੇ ਕਦੇ ਹੁੰਦਾ ਹੀ ਨਹੀਂ ਸੀ। ਨਵੇਂ ਆਏ ਇਕ ਡਾਕਟਰ ਨੇ ਉਸੇ ਪੁਰਾਣੇ ਹਾਤੇ ਵਿਚ ਨਵਾਂ 'ਗੁਪਤਾ ਹਸਪਤਾਲ' ਖੋਲ੍ਹ ਲਿਆ। ਸੇਠ ਸ਼ਿਵ ਲਾਲ ਦੇ ਪੁੱਤ-ਪੋਤੇ ਸ਼ਾਇਦ ਕਲਕੱਤੇ ਜਾ ਵਸੇ ਸਨ। ਉਨ੍ਹਾਂ ਨੇ ਇਹ ਹਾਤਾ (ਜਿਥੇ ਕਦੇ 'ਕੌੜਾ ਕਲਿਨਿਕ' ਹੁੰਦਾ ਸੀ) ਡਾਕਟਰ ਗੁਪਤਾ ਨੂੰ ਵੇਚ ਦਿੱਤਾ ਸੀ। ਉਹਨੇ ਪੁਰਾਣੇ ਕਮਰੇ ਢਾਹ ਕੇ ਨਵੇਂ ਬੈਡ, ਨਵੀਆਂ ਸਕੈਨਿੰਗ ਮਸ਼ੀਨਾਂ ਤੇ ਲੈਬਾਰਟਰੀ ਦਾ ਸਾਮਾਨ ਲੈ ਆਂਦਾ ਸੀ। ਹੁਣ ਡਾਕਟਰ ਕੌੜਾ ਦੇ ਕਲਿਨਿਕ ਵਾਂਗ 'ਆਮ-ਖਾਸ' ਮਰੀਜ਼ ਏਥੇ ਦਾਖਲ ਨਹੀਂ ਸਨ ਕੀਤੇ ਜਾਂਦੇ। ਸਿਰਫ ਸਰਦੇ-ਪੁਜਦੇ ਲੋਕ ਹੀ ਦਾਖਲ ਹੋ ਸਕਦੇ।

ਫੇਰ ਇਕ ਦਿਨ ਲੋਕਾਂ ਨੇ ਦੇਖਿਆ ਕਿ ਪੁਰਾਣੇ 'ਕੌੜਾ ਕਲਿਨਿਕ' ਤੇ ਹੁਣ ਨਵੇਂ 'ਗੁਪਤਾ ਹਸਪਤਾਲ' ਦੇ ਸਾਹਮਣੇ ਥੜ੍ਹੇ ਉਤੇ ਇਕ ਬੰਦਾ ਮਰਿਆ ਪਿਆ ਸੀ। ਨਵੀਂ ਬਣੀ 'ਸਹਾਰਾ ਕਲੱਬ' ਦੇ ਨੌਜਵਾਨ ਮੁੰਡੇ ਉਹਦੇ ਸਸਕਾਰ ਦਾ ਪ੍ਰਬੰਧ ਕਰਦੇ ਫਿਰਦੇ ਸਨ (ਕਿਉਂਕਿ ਇਹ ਕੋਈ ਲਾਵਾਰਸ ਬੰਦਾ ਸੀ- ਸ਼ਾਇਦ ਬਿਹਾਰੀ ਮਜ਼ਦੂਰ ਜਾਂ ਉਤਰ ਪ੍ਰਦੇਸ਼ ਦਾ ਭੱਈਆ)। ਕੁਝ ਨੌਜਵਾਨਾਂ ਨੂੰ ਜਦੋਂ ਪਤਾ ਲੱਗਾ ਕਿ ਡਾਕਟਰ ਗੁਪਤਾ ਨੇ ਰਾਤ ਉਹਨੂੰ ਦਾਖਲ ਨਹੀਂ ਸੀ ਕੀਤਾ ਤੇ ਉਹ ਥੜ੍ਹੇ ਉਤੇ ਪਿਆ ਹੀ ਮਰ ਗਿਆ ਸੀ ਤਾਂ ਉਹ ਉਤੇਜਿਤ ਹੋ ਕੇ ਡਾਕਟਰ ਨਾਲ ਲੜਨ ਲੱਗ ਪਏ ਪਰ ਡਾਕਟਰ ਗੁਪਤਾ ਨੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਬੇਇੱਜਤ ਕਰਕੇ ਬਾਹਰ ਕੱਢ ਦਿੱਤਾ। ਉਹ 'ਘੁਰ-ਘੁਰ' ਕਰਦੇ ਮੁੜ ਆਏ (ਕਈਆਂ ਨੇ ਥਾਣੇ ਉਸ ਦੀ 'ਅਣਗਹਿਲੀ' ਦੀ ਰਿਪੋਰਟ ਵੀ ਕਰਨੀ ਚਾਹੀ ਪਰ ਥਾਣੇਦਾਰ ਨੇ ਕਾਨੂੰਨ ਸਮਝਾ ਕੇ ਮੋੜਨਾ ਚਾਹਿਆ ਤਾਂ ਝਗੜਾ ਵੀ ਹੋਇਆ। ਅਖੀਰ ਥਾਣੇਦਾਰ ਨੇ ਸਿਪਾਹੀਆਂ ਤੋਂ ਚਾਰ ਡੰਡੇ ਮਰਵਾ ਕੇ ਸਭ ਨੂੰ ਬਾਹਰ ਕੱਢ ਦਿੱਤਾ)।

ਸਾਰੀ ਕਾਨੂੰਨੀ ਕਾਰਵਾਈ ਪੂਰੀ ਕਰਨ ਮਗਰੋਂ ਜਦੋਂ ਨੌਜਵਾਨ ਮੁੰਡਿਆਂ ਨੇ ਉਸ ਲਾਵਾਰਸ ਬੰਦੇ ਦਾ ਸਸਕਾਰ ਕਰ ਦਿੱਤਾ ਤਾਂ ਇਕ ਵਾਰ ਮੰਡੀ ਤੇ ਆਸੇ-ਪਾਸੇ ਦੇ ਪਿੰਡਾਂ ਵਿਚ ਮੁੜ ਡਾਕਟਰ ਸੀਤਾ ਰਾਮ ਕੌੜਾ ਦੀ ਚਰਚਾ ਸ਼ੁਰੂ ਹੋ ਗਈ; ਪਰ ਇਹ ਚਰਚਾ ਬਿਲਕੁਲ ਇੰਜ ਸੀ, ਜਿਵੇਂ ਕਿਸੇ ਮੁੰਡੇ-ਖੁੰਡੇ ਨੇ ਛੱਪੜ ਵਿਚੋਂ ਮੱਝ ਕੱਢਣ

(ਅਗਲੇ ਸਫੇ 'ਤੇ ਜਾਰੀ)

# ਜੀਹਨੇ ਲਾਹੌਰ ਨਹੀਂ ਵੇਖਿਆ...

ਲਾਹੌਰ ਦੀ ਗੱਲ ਕਰਨੀ ਹੋਵੇ ਜਾਂ ਦਿੱਲੀ ਦੀ, ਵੱਡੇ ਪਾੜੇ ਵੀ ਮਿਲਦੇ ਹਨ ਤੇ ਸਾਂਝਾਂ ਵੀ। ਉਥੇ ਵੀ ਰਿੰਗ ਰੋਡ ਹੈ ਤੇ ਇਥੇ ਵੀ। ਉਥੇ ਦੀ 85 ਕਿਲੋਮੀਟਰ ਤੇ ਇਥੇ ਦੀ ਸਾਢੇ 47 ਕਿਲੋਮੀਟਰ। ਲਾਹੌਰ ਦੀ ਰਿੰਗ ਰੋਡ ਦੇ ਅੰਦਰ ਦਾ ਰਕਬਾ 1772 ਵਰਗ ਕਿਲੋਮੀਟਰ ਹੈ ਤੇ ਵੱਸੋਂ ਕੇਵਲ ਇਕ ਕਰੋੜ 10 ਲੱਖ। ਦਿੱਲੀ ਦਾ ਰਕਬਾ ਕੇਵਲ 1484 ਵਰਗ ਕਿਲੋਮੀਟਰ ਹੈ ਪਰ ਵਸੋਂ ਲਾਹੌਰ ਨਾਲੋਂ ਦੁਗਣੀ ਤੋਂ ਵਧ, ਦੋ ਕਰੋੜ 50 ਲੱਖ। ਭਾਵੇਂ ਦਿੱਲੀ ਦੀ ਵਸੋਂ ਦਾ ਵਾਧਾ 1947 ਵਿਚ ਪਾਕਿਸਤਾਨ ਤੋਂ ਆਏ ਸ਼ਰਨਾਰਥੀਆਂ ਕਾਰਨ ਸ਼ੁਰੂ ਹੋਇਆ ਹੋਵੇ, ਅੱਜ ਦੇ ਦਿਨ ਦਿੱਲੀ ਦੇ ਪ੍ਰਦੂਸ਼ਣ ਤੇ ਲਾਹੌਰ ਦੀਆਂ 'ਵਾਵਾਂ ਦੀ ਗੱਲ ਕਰਨੀ ਬਣਦੀ ਹੈ।



ਗੁਰਦੁਆਰਾ ਡੇਹਰਾ ਸਾਹਿਬ, ਪਾਕਿਸਤਾਨ

ਜੇ ਲਾਹੌਰ ਦਾ ਸਹੀ ਰੂਪ ਵੇਖਣਾ ਹੋਵੇ ਤਾਂ ਇਸ ਦੀ ਮਾਲ ਰੋਡ ਤੋਂ ਲੰਘਦੇ ਸਮੇਂ ਸੱਜੇ ਖਬੇ ਦੀਆਂ ਇਮਾਰਤਾਂ ਵੇਖਣਾ ਹੀ ਕਾਫੀ ਹੈ। ਕੀ ਅਸੈਂਬਲੀ ਹਾਲ ਤੇ ਮਿਉਂਸਿਪਲ ਕਾਰਪੋਰੇਸ਼ਨ ਹੈਡ ਕੁਆਰਟਰ, ਵੱਡਾ ਡਾਕਖਾਨਾ, ਸ਼ਾਦਮਾਨ ਚੌਕ, ਜੇਲ੍ਹ ਰੋਡ, ਹਾਈ ਕੋਰਟ, ਜਿਨਾਹ ਪਾਰਕ, ਸਟੇਟ ਬੈਂਕ ਆਫ ਪਾਕਿਸਤਾਨ, ਓਰੀਐਂਟਲ ਕਾਲਜ ਤੇ ਪੰਜਾਬ ਯੂਨੀਵਰਸਟੀ, ਦਿਆਲ ਸਿੰਘ ਮੈਨਸ਼ਨਜ਼, ਡਿੰਗਾ ਸਿੰਘ ਡੇਰਾ, ਸਰ ਗੰਗਾ ਰਾਮ ਮੈਨਸ਼ਨਜ਼, ਸ਼ਾਹਦੀਨ ਬਿਲਡਿੰਗ ਆਦਿ ਸਾਰੇ ਦੇ ਸਾਰੇ ਮਾਲ ਰੋਡ ਤੋਂ ਏਨੇ ਹਟਵੇਂ ਹਨ ਕਿ ਮਾਲ ਰੋਡ ਦੇ ਅੱਠ ਮਾਰਗੀ ਹੋਣ ਦਾ ਪ੍ਰਭਾਵ ਦਿੰਦੇ ਹਨ। ਭੀੜ ਭੜੱਕਾ ਨਾਂ-ਮਾਤਰ। ਮੌਜਾਂ ਹੀ ਮੌਜਾਂ। ਪੈਦਲ ਹੋਈਏ ਜਾਂ ਕਾਰ ਅਸਵਾਰ-ਖੁੱਲ੍ਹ ਖੇਡ ਦਾ ਅਹਿਸਾਸ ਰੂਹ ਨੂੰ ਨਸ਼ਿਆ ਦਿੰਦਾ ਹੈ।

ਇਕਬਾਲ ਪਾਰਕ ਵਿਚ ਮੀਨਾਰ-ਏ-ਪਾਕਿਸਤਾਨ ਉਸੇ ਥਾਂ ਹੈ, ਜੋ ਮੁਗਲ ਤੇ ਖਾਲਸਾ ਰਾਜ ਸਮੇਂ ਪਰੇਡ ਗਰਾਊਂਡ ਵਜੋਂ ਵਰਤੀ ਜਾਂਦੀ ਸੀ। ਕਾਂਗਰਸ ਪਾਰਟੀ ਦਾ 1929 ਵਾਲਾ ਇਤਿਹਾਸਕ ਇਜਲਾਸ ਵੀ ਇਥੇ ਹੀ ਹੋਇਆ ਸੀ, ਜਦੋਂ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਪਾਰਟੀ ਪ੍ਰਧਾਨ ਚੁਣਿਆ ਗਿਆ ਸੀ। ਇਹ ਥਾਂ ਮੁਸਲਿਮ ਲੀਗ ਦੇ 1940 ਵਾਲੇ ਤਿੰਨ ਰੋਜਾ ਇਜਲਾਸ ਲਈ ਵੀ ਜਾਣੀ ਜਾਂਦੀ ਹੈ, ਜਿਸ ਵਿਚ ਲੀਗੀਆਂ ਨੇ ਖੁਦਮੁਖਤਾਰ ਮੁਸਲਿਮ ਦੇਸ਼ ਬਣਾਉਣ ਦੀ ਮੰਗ ਉਠਾਈ ਸੀ। ਪਾਕਿਸਤਾਨ ਬਣਦਿਆਂ ਹੀ ਇਸ ਦੇ ਨੇੜਲੇ ਚੌਕ ਨੂੰ ਆਜ਼ਾਦੀ ਚੌਕ ਦਾ ਨਾਂ ਦਿੱਤਾ ਗਿਆ ਤੇ ਪਾਰਕ ਦਾ ਨਾਂ ਵੀ ਮਿੰਟੋ ਪਾਰਕ ਤੋਂ ਬਦਲ ਕੇ ਇਕਬਾਲ ਪਾਰਕ ਰੱਖ ਦਿੱਤਾ ਗਿਆ। ਅਜੋਕੇ ਪਾਕਿਸਤਾਨ ਦੀ ਖੂਬੀ ਇਹ ਹੈ ਕਿ ਇਸ ਵਿਚ ਮੁਹੰਮਦ ਅਲੀ ਜਿਨਾਹ ਤੇ ਫਾਤਿਮਾ ਜਿਨਾਹ ਦੇ ਬੁੱਤ ਤਾਂ ਹਨ ਪਰ ਇਨ੍ਹਾਂ ਦੀ ਮਹੱਤਤਾ ਪ੍ਰਸਿੱਧ ਸ਼ਾਇਰ ਮੁਹੰਮਦ ਇਕਬਾਲ ਵਾਲੀ ਹੀ ਹੈ। ਇਕਬਾਲ ਪਾਰਕ ਗਵਾਹ ਹੈ।

ਪਾਰਕ ਤੋਂ ਅਨਾਰਕਲੀ ਬਾਜ਼ਾਰ ਵੱਲ ਨੂੰ ਵਧੀਏ ਤਾਂ ਖੱਬੇ ਹੱਥ ਲਾਹੌਰ ਦਾ ਕਿਲਾ ਹੈ ਅਤੇ ਸੱਜੇ ਹੱਥ ਬਾਦਸ਼ਾਹੀ ਮਸਜਿਦ ਤੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾਲ ਸਬੰਧਤ ਦੇਹਰਾ ਸਾਹਿਬ ਦਾ ਦਰਬਾਰ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ। ਲਾਹੌਰ ਦਾ ਕਿਲਾ ਭਾਵੇਂ ਦਿੱਲੀ ਦੇ ਲਾਲ ਕਿਲੇ ਜਿੰਨਾ ਖੁੱਲ੍ਹਾ ਡੁੱਲ੍ਹਾ ਤਾਂ ਨਹੀਂ, ਪਰ ਇਸ ਦੇ ਤਿੰਨ ਵੱਡੇ ਭਾਗ ਧਿਆਨ ਮੰਗਦੇ ਹਨ। ਹਥਿਆਰ ਗੈਲਰੀ ਵਿਚ ਇਤਿਹਾਸਕ ਜੰਗਾਂ ਵਿਚ ਵਰਤੇ ਗਏ ਹਥਿਆਰ ਹਨ ਤੇ ਮੁਗਲ ਗੈਲਰੀ ਵਿਚ ਮੁਗਲ ਬਾਦਸ਼ਾਹਾਂ ਦੀ ਇਤਿਹਾਸਕ ਤੇ ਸਭਿਆਚਾਰਕ ਪੇਸ਼ਕਾਰੀ। ਅਜਿਹੀ ਪੇਸ਼ਕਾਰੀ ਦੇ ਪੱਖ ਤੋਂ ਸਿੱਖ ਗੈਲਰੀ ਵੀ ਬਰਾਬਰ ਦਾ ਸਥਾਨ ਰਖਦੀ ਹੈ, ਪਰ ਇਸ ਵਿਚ ਵਧੇਰੇ ਕਰਕੇ ਮਹਾਰਾਜਾ ਰਣਜੀਤ ਸਿੰਘ ਕਾਲ ਦੀ ਪ੍ਰਧਾਨਗੀ ਹੈ।

ਲਾਹੌਰ ਦੇ ਕਿਲੇ ਦੀ ਉਸਾਰੀ ਬਾਦਸ਼ਾਹ ਅਕਬਰ ਵੇਲੇ ਸ਼ੁਰੂ ਹੋਈ ਸੀ, ਜੋ ਜਹਾਂਗੀਰ ਤੇ ਸ਼ਾਹਜਹਾਂ ਵੇਲੇ ਵੀ ਚਲਦੀ ਰਹੀ। ਸਿੱਖ ਗੈਲਰੀ ਵਾਲਾ ਵਿਭਾਗ ਤਾਂ ਰਣਜੀਤ ਸਿੰਘ ਦੇ ਰਾਜ ਵਿਚ ਹੀ ਕੱਢਿਆ ਤੇ ਨਿਖਾਰਿਆ ਜਾਪਦਾ ਹੈ। ਧਾਰਨਾ ਤਾਂ ਇਹ ਵੀ ਹੈ ਕਿ ਸ਼ਾਹਜਹਾਂ ਨੂੰ ਲਾਲ ਕਿਲਾ ਸਥਾਪਤ ਕਰਨ ਦਾ ਖਿਆਲ ਲਾਹੌਰ ਦੇ ਕਿਲੇ ਤੋਂ ਹੀ ਆਇਆ ਸੀ। ਖੂਬੀ ਇਹ ਕਿ 1947 ਤੋਂ ਪਿਛੋਂ ਵਾਲੀਆਂ ਪਾਕਿਸਤਾਨ ਸਰਕਾਰਾਂ ਨੇ ਸਿੱਖ ਗੈਲਰੀ 'ਤੇ ਪਰਦਾ ਪਾਉਣ ਜਾਂ ਇਸ ਨੂੰ ਛੁਟਿਆਉਣ ਦਾ ਕੋਈ ਕਦਮ ਨਹੀਂ ਚੁੱਕਿਆ।

ਅੱਜ ਦੇ ਲਾਹੌਰ ਵਿਚ ਮਸਜਿਦਾਂ ਤੇ ਗੁਰਦੁਆਰੇ ਹੀ ਬਰੋ ਬਰਾਬਰ ਨਹੀਂ ਵਿਚਰਦੇ, ਕਿਲਾ ਗੁੱਜਰ ਸਿੰਘ, ਕ੍ਰਿਸ਼ਨ ਨਗਰ ਤੇ ਇਸਲਾਮਪੁਰਾ ਬਸਤੀਆਂ ਵੀ ਇੱਕ ਦੂਜੇ ਦੇ ਬਰਾਬਰ ਦੀ ਮਹੱਤਤਾ ਰਖਦੀਆਂ ਹਨ। ਇਸ ਬਰਾਬਰੀ ਦਾ ਇਕ ਹੋਰ ਰੂਪ ਤੱਕਣਾ ਹੋਵੇ ਤਾਂ ਲਾਹੌਰ ਦੇ ਬਾਹਰਵਾਰ ਵਾਲੇ ਦਾਤਾ ਦਰਬਾਰ ਦੀ ਸੁਣੋ। ਇਹ ਸਥਾਨ ਅਲੀ ਹੁਜਵੀਰੀ ਤੇ ਦਾਤਾ ਗੰਜ ਬਖਸ਼ ਦੀ ਸੂਫੀ ਧਾਰਨਾ ਨੂੰ ਪ੍ਰਣਾਇਆ ਹੋਇਆ ਹੈ। ਆਪਣੇ ਸਮੇਂ ਮਹਾਰਾਣੀ ਜਿੰਦਾਂ ਨੇ ਇਥੇ ਕੁਰਾਨ ਸ਼ਰੀਫ ਭੇਟ ਕੀਤਾ ਸੀ। ਡਾਂਵਾਡੋਲ ਅਵਸਥਾ ਵਿਚ ਬੇਨਜ਼ੀਰ ਭੁੱਟੋ ਨੂੰ ਵੀ ਇਥੇ ਚਾਦਰ ਚੜ੍ਹਾਉਣ ਪਿਛੋਂ ਹੀ ਪਾਕਿਸਤਾਨ ਦੀ ਪ੍ਰਧਾਨ ਮੰਤਰੀ ਬਣਨ ਦਾ ਸ਼ਰਫ ਹਾਸਲ ਹੋਇਆ ਸੀ। ਇਤਿਹਾਸ ਦੇ ਪੰਨੇ ਤਾਂ ਇਹ ਵੀ ਕਹਿੰਦੇ ਹਨ ਕਿ ਸ਼ਾਹਜਹਾਂ ਦਾ ਪੁੱਤਰ ਦਾਰਾ ਸ਼ਿਕੋਹ ਤਾਂ ਦਾਤਾ ਦਰਬਾਰ ਨੂੰ ਏਨਾ ਮੰਨਦਾ ਸੀ ਕਿ ਉਸ ਨੇ ਲਾਹੌਰ ਦੇ ਕਿਲੇ ਤੋਂ ਦਾਤਾ ਦਰਬਾਰ ਤੱਕ ਸਿੱਧੀ ਸੜਕ ਬਣਵਾਉਣ ਲਈ ਕਿਲੇ ਦੇ ਮੁੱਖ ਦਵਾਰ ਨੇੜੇ ਲੋੜੀਂਦੀ ਰੇਤ ਤੇ ਬਜਰੀ ਸੁਟਵਾ ਲਈ ਸੀ, ਪਰ ਇਨ੍ਹਾਂ ਦਿਨ੍ਹਾਂ ਵਿਚ ਹੀ ਉਸ ਦਾ ਕਤਲ ਹੋ ਗਿਆ ਤੇ ਸਾਰੀ ਵਿਉਂਤ ਠੱਪੀ ਗਈ। ਔਰੰਗਜ਼ੇਬ ਦੇ ਤਖਤ 'ਤੇ ਬੈਠਣ ਪਿਛੋਂ ਇਹ ਵਾਲੀ ਰੇਤ ਤੇ ਬਜਰੀ ਮਸਜਿਦ ਬਣਵਾਉਣ ਲਈ ਵਰਤੀ ਗਈ, ਜਿਸ ਦਾ ਨਾਂ ਬਾਦਸ਼ਾਹੀ ਮਸਜਿਦ ਰਖਿਆ ਗਿਆ।

ਲਾਹੌਰ ਦਾ ਜ਼ਿਕਰ ਅਨਾਰਕਲੀ ਬਾਜ਼ਾਰ ਦੇ ਹੋਂਦ ਵਿਚ ਆਉਣ ਦੇ ਕਿੱਸੇ ਬਿਨਾ ਅਧੂਰਾ ਹੈ। ਇੱਕ ਧਾਰਨਾ ਅਨੁਸਾਰ ਅਨਾਰਕਲੀ ਅਕਬਰ ਦੀ ਰਖੇਲ ਸੀ, ਪਰ ਜਹਾਂਗੀਰ ਉਰਫ ਸਲੀਮ ਉਤੇ ਡੋਰੇ ਪਾਉਣ ਲੱਗ ਪਈ ਸੀ। ਬਾਦਸ਼ਾਹ ਅਕਬਰ ਨੇ ਉਸ ਨੂੰ ਕਤਲ ਕਰਵਾ ਦਿੱਤਾ ਸੀ। ਉਸ ਦੇ ਕਤਲ ਪਿੱਛੋਂ ਉਸ ਦੀ ਕਬਰ ਦੇ ਨੇੜੇ ਬਾਜ਼ਾਰ ਹੋਂਦ ਵਿਚ ਆ ਗਿਆ। ਜਹਾਂਗੀਰ ਨੇ ਤਖਤ 'ਤੇ ਬੈਠਦਿਆਂ ਸਾਰ ਉਸ ਦੀ ਕਬਰ ਵਾਲੇ ਸਥਾਨ ਨੂੰ ਮਕਬਰੇ ਦਾ ਰੂਪ ਦੇ ਦਿੱਤਾ।

ਇਹ ਵੀ ਸੁਣਨ ਵਿਚ ਆਇਆ ਕਿ ਪਿਛਲੀ ਸਦੀ ਦੇ ਤੀਜੇ ਦਹਾਕੇ ਸਮੇਂ ਇਸ ਬਾਜ਼ਾਰ ਵਿਚ ਇਕ ਟੀ-ਹਾਊਸ ਵੀ ਸਥਾਪਤ ਹੋਇਆ, ਜਿਥੇ ਫੈਜ਼ ਅਹਿਮਦ ਫੈਜ਼, ਰਾਜਿੰਦਰ ਸਿੰਘ ਬੇਦੀ, ਸੱਜਾਦ ਜ਼ਹੀਰ, ਕ੍ਰਿਸ਼ਨ ਚੰਦਰ, ਸਆਦਤ ਹਸਨ ਮੰਟੋ ਤੇ ਅਹਿਮਦ ਨਦੀਮ ਕਾਸਮੀ ਆਮ ਹੀ ਆਉਂਦੇ ਸਨ। ਕਹਿਣ ਵਾਲੇ ਤਾਂ ਇਹ ਵੀ ਕਹਿੰਦੇ ਹਨ ਕਿ ਪ੍ਰਗਤੀਵਾਦੀ ਲੇਖਕਾਂ ਦੀ ਲਹਿਰ ਦਾ ਜਨਮ ਇਸੇ ਟੀ-ਹਾਊਸ ਵਿਚ ਹੀ ਹੋਇਆ ਸੀ। ਕਨਾਟ ਪਲੇਸ ਨਵੀਂ ਦਿੱਲੀ ਵਾਲਾ ਟੀ-ਹਾਊਸ ਵੀ ਇਸੇ ਟੀ-ਹਾਊਸ ਦੀ ਨਕਲ ਕਿਹਾ ਜਾ ਸਕਦਾ ਹੈ। ਦੋਹਾਂ ਸ਼ਹਿਰਾਂ ਦੇ ਟੀ-ਹਾਊਸ ਬੰਦ ਹੋ ਕੇ ਮੁੜ ਕਾਇਮ ਹੁੰਦੇ ਰਹੇ ਹਨ। 1947 ਤੋਂ ਪਿਛੋਂ ਉਧਰ ਵਾਲੇ ਟੀ-ਹਾਊਸ ਦਾ ਨਾਂ ਪਾਕਿ ਟੀ-ਹਾਊਸ ਹੋ ਗਿਆ, ਪਰ ਦਿੱਲੀ ਵਾਲਾ ਕੇਵਲ ਟੀ-ਹਾਊਸ ਹੀ ਰਿਹਾ, ਜੋ ਹੁਣ ਬੰਦ ਹੋ ਚੁਕਾ ਹੈ।

ਜਿਥੋਂ ਤੱਕ ਅਨਾਰਕਲੀ ਦਾ ਸਬੰਧ ਹੈ, ਉਸ ਨੇ ਸਲੀਮ ਨਾਲ ਇਸ਼ਕ ਕਰਕੇ ਆਪਣੀ ਜਾਨ ਤਾਂ ਗੰਵਾ ਲਈ, ਪਰ ਬਾਜ਼ਾਰ ਦੇ ਰੂਪ ਵਿਚ ਅਮਰ ਹੋ ਗਈ। ਲਾਹੌਰ ਵਿਚ ਹੀ ਨਹੀਂ, ਦਿੱਲੀ ਵਿਚ ਵੀ ਜਿੱਥੇ ਪਾਕਿਸਤਾਨ ਤੋਂ ਉਜੜ ਕੇ ਆਏ ਸ਼ਰਨਾਰਥੀਆਂ ਨੇ ਕਰੋਲ ਬਾਗ ਵਸਾਉਣ ਸਮੇਂ ਆਪਣੇ ਬਾਜ਼ਾਰ ਨੂੰ ਅਨਾਰਕਲੀ ਬਾਜ਼ਾਰ ਕਹਿਣਾ ਸ਼ੁਰੂ ਕਰ ਦਿੱਤਾ ਸੀ।

ਸੋ, ਲਾਹੌਰ ਦਾ ਕੱਲ ਤੇ ਅੱਜ ਇਸ ਧਾਰਨਾ 'ਤੇ ਪੂਰਾ ਉਤਰਦਾ ਹੈ, 'ਜਿਸ ਨੇ ਲਾਹੌਰ ਨਹੀਂ ਵੇਖਿਆ, ਉਹ ਜੰਮਿਆਂ ਹੀ ਨਹੀਂ।' ਪਰ ਇਥੇ ਇੱਕ ਹੋਰ ਗੱਲ ਦਾ ਜ਼ਿਕਰ ਕਰਨਾ ਵੀ ਬਣਦਾ ਹੈ, ਜਿਸ ਦਾ ਸਬੰਧ ਰਾਵੀ ਨਦੀ ਨਾਲ ਹੈ, ਨਦੀ ਦੀ ਮੌਜ ਮਸਤੀ ਨਾਲ। ਇਸ ਨੇ ਲਾਹੌਰ ਨੂੰ ਵਾਰ ਵਾਰ ਆਪਣਾ ਨਿਸ਼ਾਨਾ ਬਣਾਉਣ ਵਿਚ ਕੋਈ ਕਸਰ ਨਹੀਂ ਛੱਡੀ। ਲਾਹੌਰ ਦੀ ਤਵਾਰੀਖ ਦੇ ਜਾਣੂ ਜਾਣਦੇ ਹਨ ਕਿ ਰਾਵੀ ਨਦੀ ਨੇ ਇਸ ਨੂੰ ਉਜਾੜਨ ਤੇ ਮੁੜ ਵੱਸਣ ਵਿਚ ਕੋਈ ਕਸਰ ਨਹੀਂ ਛੱਡੀ। ਲਾਹੌਰ ਦੀ ਸ਼ਕਤੀ ਤੇ ਖੂਬਸੂਰਤੀ ਦਾ ਕਾਰਨ ਵੀ ਇਸ ਦਾ ਵਾਰ ਵਾਰ ਵੱਸਣਾ ਹੈ।

ਅੱਜ ਦੇ ਦਿਨ ਲਾਹੌਰ ਪਾਕਿਸਤਾਨ ਦੇ ਸਾਰੇ ਸੂਬਿਆਂ ਦੀਆਂ ਰਾਜਧਾਨੀਆਂ ਨਾਲੋਂ ਕਿਤੇ ਵੱਧ ਮਹੱਤਵ ਰਖਦਾ ਹੈ।

### ਰੌਲਟ ਐਕਟ : ਕੁਝ ਪ੍ਰਤੀਕਰਮ

ਸਾਕਾ ਜਲ੍ਹਿਆਂ ਵਾਲਾ ਬਾਗ ਦੇ ਸੌ ਸਾਲਾ ਸਮਾਗਮਾਂ ਨੇ ਗੋਰੀ ਸਰਕਾਰ ਦੇ ਘਾਤਕ ਦਿਨਾਂ ਦੀ ਯਾਦ ਦਿਵਾ ਦਿੱਤੀ ਹੈ। ਇਸ ਖੂਨੀ ਸਾਕੇ ਨੂੰ ਜਨਮ ਦੇਣ ਵਾਲਾ ਰੌਲਟ ਐਕਟ ਸੀ, ਜੋ 1919 ਦੇ ਸ਼ੁਰੂ ਵਿਚ ਇੰਡੀਅਨ ਕ੍ਰਿਮੀਨਲ ਲਾਅ ਵਿਚ ਸੋਧਾਂ ਕਰਕੇ ਪਾਸ ਕੀਤਾ ਗਿਆ ਸੀ। ਮਹਾਤਮਾ ਗਾਂਧੀ ਦੇ ਸ਼ਬਦਾਂ ਵਿਚ ਇਹ ਸੋਧਾਂ ਆਜ਼ਾਦੀ ਤੇ ਇਨਸਾਫ ਦੇ ਅਸੂਲਾਂ ਨੂੰ ਛਿੱਕੇ ਟੰਗ ਕੇ ਜਨਤਾ ਦੇ ਸ਼ਹਿਰੀ ਹੱਕਾਂ ਉਪਰ ਛਾਪਾ ਸਨ। ਗਾਂਧੀ ਜੀ ਨੇ ਇਸ ਐਕਟ ਨੂੰ ਸਾਂਤਮਈ ਢੰਗ ਨਾਲ ਨਜਿੱਠਣ ਦਾ ਪ੍ਰਣ ਲਿਆ। ਨਤੀਜੇ ਵਜੋਂ 6 ਅਪਰੈਲ ਨੂੰ ਇਸ ਐਕਟ ਦੇ ਵਿਰੋਧ ਵਿਚ ਉਸ ਵੇਲੇ ਦੇ ਸਮੁੱਚੇ ਪੰਜਾਬ ਨੇ ਸ਼ਾਂਤਮਈ ਹੜਤਾਲ ਕੀਤੀ, ਜੋ ਅੱਜ ਤੱਕ ਲਾਮਿਸਾਲ ਮੰਨੀ ਜਾਂਦੀ ਹੈ। ਉਸੇ ਸ਼ਾਮ ਲਾਹੌਰ ਵਿਖੇ ਬਦਰਉਲ ਇਸਲਾਮ ਅਲੀ ਖਾਂ ਦੀ ਪ੍ਰਧਾਨਗੀ ਹੇਠ ਇਕ ਵੱਡੇ ਇਕੱਠ ਨੇ ਇਸ ਐਕਟ ਨੂੰ ਵਾਪਸ ਲੈਣ ਦੀ ਮੰਗ ਉਠਾਈ।

ਉਸ ਵੇਲੇ ਦੇ ਹਿੰਦੁਸਤਾਨ ਵਿਚ ਅਜਿਹੀ ਮੰਗ ਉਠਾਉਣ ਵਾਲਿਆਂ ਵਿਚ ਲਾਲਾ ਕਾਂਸ਼ੀ ਰਾਮ, ਮੌਲਵੀ ਅਬਦੁਲ ਰਹਿਮਾਨ, ਪਰਸ ਰਾਮ, ਡਾ. ਸੈਫੂਦੀਨ ਕਿਚਲੂ, ਡਾ. ਸਤਿਆਪਾਲ, ਨਾਨਕ ਸਿੰਘ ਨਾਵਲਕਾਰ ਤੇ ਗੋਕਲ ਚੰਦ ਨਾਰੰਗ ਦੀ ਸ਼ਿਰਕਤ ਦਸਦੀ ਹੈ ਕਿ ਸਬੰਧਤ ਐਕਟ ਵਿਰੁਧ ਹਿੰਦੂ-ਮੁਸਲਿਮ ਸਾਂਝ ਦੀਆਂ ਤੰਦਾਂ ਕਿੰਨੀਆਂ ਪੀਡੀਆਂ ਸਨ। ਇਥੋਂ ਤੱਕ ਕਿ 9 ਅਪਰੈਲ 1919 ਨੂੰ ਕੱਢੇ ਗਏ ਰਾਮ ਨੌਮੀ ਦੇ ਜਲੂਸ ਦੀ ਅਗਵਾਈ ਡਾ. ਹਾਫਿਜ਼ ਮੁਹੰਮਦ ਬਸ਼ੀਰ ਨੇ ਘੋੜੇ ਉਤੇ ਸਵਾਰ ਹੋ ਕੇ ਕੀਤੀ। ਓਧਰ ਜਲੂਸ ਦੇ ਅੰਤ ਵਿਚ ਨੌਜਵਾਨਾਂ ਦੀ ਉਸ ਟੁਕੜੀ ਨੂੰ ਵੇਖ ਕੇ, ਜਿਸ ਨੇ ਤੁਰਕ ਫੌਜ ਵਰਗੇ ਵਸਤਰ ਪਹਿਨੇ ਹੋਏ ਸਨ, ਸ਼ਹਿਰ ਦੇ ਗੋਰੇ ਡਿਪਟੀ ਕਮਿਸ਼ਨਰ ਦੇ ਕਦਮ ਲੜਖੜਾ ਗਏ। ਨਾਅਰਾ ਇਹ ਕਿ ਹਥਕੜੀਆਂ ਤੇ ਬੇੜੀਆਂ ਨੂੰ ਗਹਿਣੇ ਸਮਝੋ ਤੇ ਜੇਲ੍ਹਾਂ ਨੂੰ ਮੰਦਿਰ ਤੇ ਮਸਜਿਦਾਂ।



ਲਾਹੌਰ ਕਿਲਾ, ਪਾਕਿਸਤਾਨ

ਇਸ ਧਾਰਮਿਕ ਜਲੂਸ ਨੂੰ ਰੋਹ ਦੀ ਰੰਗਤ ਦੇਣ ਵਾਲੀ ਡਾ. ਸਤਿਆਪਾਲ ਤੇ ਕਿਚਲੂ ਦੀ ਗ੍ਰਿਫਤਾਰੀ ਸੀ। ਡਿਪਟੀ ਕਮਿਸ਼ਨਰ ਨੇ ਉਨ੍ਹਾਂ ਨੂੰ ਆਪਣੇ ਘਰ ਬੁਲਾ ਕੇ ਗ੍ਰਿਫਤਾਰ ਹੀ ਨਹੀਂ ਕਰਵਾਇਆ ਸਗੋਂ ਦੋਹਾਂ ਨੂੰ ਧਰਮਸ਼ਾਲਾ ਦੇ ਪਹਾੜੀ ਖੇਤਰ ਵਿਚ ਭਿਜਵਾ ਦਿੱਤਾ। ਐਕਟ ਦੀ ਧਾਰਨਾ ਏਨੀ ਅਣਮਨੁੱਖੀ ਸੀ ਕਿ ਇਕ ਜਾਗਦੀ ਜ਼ਮੀਰ ਵਾਲੇ ਬੈਂਜਮਿਨ ਹਾਰਨੀਮਨ ਨਾਮੀ ਅੰਗਰੇਜ਼ ਪੱਤਰਕਾਰ ਨੇ ਇਸ ਨੂੰ ਬੰਬਈ ਕਾਰਨੀਕਲ ਤੇ ਹੋਰ ਅਖਬਾਰਾਂ ਵਿਚ ਖੂਬ ਉਛਾਲਿਆ। ਹੋਰ ਤਾਂ ਹੋਰ ਜਦੋਂ 2017 ਵਿਚ ਸਰ ਸਿਡਨੀ ਰੌਲਟ ਦਾ ਪੋਤਰਾ ਜਸਟਿਨ ਰੌਲਟ, ਸਾਊਥ ਏਸ਼ੀਆ ਦਾ ਬੀ. ਬੀ. ਸੀ. ਪ੍ਰਤੀਨਿਧ ਹੁੰਦਿਆਂ, ਦਿੱਲੀ ਤੋਂ ਜਲਿਆਂਵਾਲਾ ਬੋਰਡ ਦੇ ਚੇਅਰਮੈਨ ਸੁਕੁਮਾਰ ਮੁਖਰਜੀ ਨੂੰ ਮਿਲਿਆ ਤਾਂ ਉਸ ਦੇ ਦੱਸਣ ਅਨੁਸਾਰ, ਉਸ ਦੀਆਂ ਅੱਖਾਂ ਨਮ ਸਨ। 'ਮੇਰੇ ਹੰਝੂਆਂ ਦਾ ਕਾਰਨ ਵਿਸ਼ੇਸ਼ ਹੈ, ਹੋਰਨਾਂ ਤੋਂ ਵੱਖਰਾ', ਉਸ ਦੇ ਬੋਲ ਸਨ।

ਜਸਟਿਨ ਰੌਲਟ ਦਾ ਪਛਤਾਵਾ ਬੜਾ ਮਹੱਤਵ ਰਖਦਾ ਹੈ। ਹੈ ਹੀ ਵੱਖਰਾ ਤੇ ਵਿਸ਼ੇਸ਼।

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

**550ਵੇਂ ਵਰ੍ਹੇ ਦੇ ਪਿਛੋਕੜ ਵਿਚ ਵਿਸਾਖੀ:** ਮੇਰੀ ਕਰਤਾਰਪੁਰ ਤੇ ਨਨਕਾਣਾ ਸਾਹਿਬ ਦੀ ਫੇਰੀ ਨੇ ਮੈਨੂੰ ਬਾਬੇ ਨਾਨਕ ਦੀ ਵਿਸਾਖੀ ਦੀ ਕਲਪਨਾ ਕਰਨ ਲਾ ਦਿੱਤਾ ਹੈ, ਖਾਸ ਕਰਕੇ ਕਰਤਾਰਪੁਰ ਖੇਤਰ ਦੀਆਂ ਫਸਲਾਂ ਨੇ। ਉਦੋਂ ਵੀ ਵਿਸਾਖ ਵਿਚ ਫਸਲਾਂ ਪੱਕਣ ਉਤੇ ਵਾਹੀ ਖੇਤੀ ਨਾਲ ਜੁੜੇ ਲੋਕ ਖੁਸ਼ੀ ਮਨਾਉਂਦੇ ਹੋਣਗੇ। ਜਿਸ ਕਰਾਮਾਤੀ ਸ਼ਖਸੀਅਤ ਦੇ ਖੱਬੇ ਸੱਜੇ ਬਾਲਾ ਸੰਧੂ ਤੇ ਮਰਦਾਨਾ ਰਬਾਬੀ ਸੀ, ਉਸ ਦਾ ਵਜਦ ਵਿਚ ਆ ਜਾਣਾ ਕੁਦਰਤੀ ਹੋਵੇਗਾ। ਉਹ ਅੱਜ ਦੇ ਮੇਲਿਆਂ ਵਰਗੇ ਡਾਂਗ ਸੋਟੇ ਦੀ ਵਰਤੋਂ ਕਰਕੇ ਤਰਥੱਲੀ ਮਚਾਉਣ ਦੀ ਥਾਂ ਸ਼ਾਂਤ ਅਵਸਥਾ ਵਿਚ ਵਿਸਮਾਦੀ ਗਾਇਨ ਦੀ ਮਹਿਫਿਲ ਤਾਂ ਹਰ ਹਾਲਤ ਵਿਚ ਲਾਉਂਦੇ ਹੋਣਗੇ। ਇਤਿਹਾਸ ਗਵਾਹ ਹੈ ਕਿ ਕਰਤਾਰਪੁਰ ਸਾਹਿਬ ਵਿਖੇ ਗੁਰੂ ਸਾਹਿਬ ਵਲੋਂ ਕੀਤੀ ਵਾਹੀ ਖੇਤੀ ਦੇ ਦਿਨ ਵਿਚ ਵੀ ਬਾਲਾ ਤੇ ਮਰਦਾਨਾ ਦਾ ਸਾਥ ਉਨ੍ਹਾਂ ਨੂੰ ਪ੍ਰਾਪਤ ਸੀ।

ਨਿਸ਼ਚੇ ਹੀ ਬਾਬੇ ਨਾਨਕ ਦੀ ਵਿਸਾਖੀ ਕੀਰਤਨ ਮਈ ਹੋਵੇਗੀ। ਭਾਈ ਮਰਦਾਨੇ ਦਾ ਅਕਾਲ ਚਲਾਣਾ ਗੁਰੂ ਸਾਹਿਬ ਦੇ ਕਰਤਾਰਪੁਰ ਤੋਂ ਅਫਗਾਨਿਸਤਾਨ ਵੱਲ ਉਦਾਸੀ ਸਮੇਂ ਅਫਗਾਨਿਸਤਾਨ ਦੀ ਕੁੱਰਮ ਨਦੀ ਦੇ ਕਿਨਾਰੇ ਹੋਇਆ, ਜਿਥੇ ਗੁਰੂ ਸਾਹਿਬ ਨੇ ਖੁਦ ਹੀ ਮਰਦਾਨੇ ਨੂੰ ਦਫਨਾਇਆ। ਭਾਈ ਬਾਲਾ ਗੁਰੂ ਸਾਹਿਬ ਤੋਂ ਪੰਜ ਵਰ੍ਹੇ ਪਿਛੋਂ। ਨਿਸਚੇ ਹੀ ਭਾਈ ਮਰਦਾਨੇ ਤੋਂ ਪਿਛੋਂ ਵਾਲੀ ਵਿਸਾਖੀ ਦਾ ਰੰਗ ਪਹਿਲਾਂ ਵਾਲਾ ਨਹੀਂ ਹੋਵੇਗਾ। ਸੰਧੂ ਜੱਟਾਂ ਵਾਲਾ, ਜਿਸ ਕੁੱਲ ਵਿਚੋਂ ਭਾਈ ਬਾਲਾ ਸੀ, ਤਾਂ ਉਕਾ ਹੀ ਨਹੀਂ। ਉਂਜ ਵੀ ਸੁਰ ਸੰਗੀਤ ਬੰਦੇ ਦੇ ਸਿਰ ਚੜ੍ਹ ਕੇ ਬੋਲਦਾ ਹੈ। ਇਹੋ ਕਾਰਨ ਹੈ ਕਿ ਆਪਣੇ ਆਪ ਨੂੰ ਭਾਈ ਬਾਲਾ ਦੀ ਕੁੱਲ ਵਿਚੋਂ ਕਹਿਣ ਵਾਲਾ ਤਾਂ ਕੋਈ ਵੀ ਨਹੀਂ ਪਰ ਅੱਜ ਦੇ ਦਿਨ ਕੀਰਤਨ ਕਰਨ ਵਾਲਾ ਹਰ ਇੱਕ ਰਬਾਬੀ ਆਪਣੇ ਆਪ ਨੂੰ ਮਰਦਾਨੇ ਦੀ ਕੁੱਲ ਵਿਚੋਂ ਦਸਦਾ ਹੈ।

ਡੇਰਾ ਸਾਹਿਬ ਦੇ ਗੁਰਦੁਆਰੇ ਮੈਨੂੰ ਮਿਲਣ ਵਾਲਾ ਰਬਾਬੀ ਆਪਣੇ ਆਪ ਨੂੰ ਭਾਈ ਮਰਦਾਨਾ ਦੀ 18ਵੀਂ ਪੀੜ੍ਹੀ ਵਿਚੋਂ ਦਸਦਾ ਹੈ। ਉਸ ਦੇ ਕੋਲ ਆਪਣੇ ਨਾਂ ਦਾ ਵਿਜ਼ਟਿੰਗ ਕਾਰਡ ਵੀ ਸੀ। ਉਸ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਦਾ ਵਡੇਰਾ ਦੇਸ਼ ਵੰਡ ਤੋਂ ਪਹਿਲਾਂ ਗੋਇੰਦਵਾਲ (ਤਰਨਤਾਰਨ) ਦੇ ਬਾਉਲੀ ਸਾਹਿਬ ਗੁਰਦੁਆਰੇ ਵਿਚ ਕੀਰਤਨ ਕਰਦਾ ਸੀ।

**ਅੰਤਿਕਾ: ਧਨੀ ਰਾਮ ਚਾਤ੍ਰਿਕ**

ਤੂੜੀ ਤੰਦ ਸਾਂਭ ਹਾੜ੍ਹੀ ਵੇਚ ਵੱਟ ਕੇ
ਲੰਬੜਾ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ
ਕੱਛੇ ਮਾਰ ਵੰਝਲੀ ਅਨੰਦ ਛਾ ਗਿਆ
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।

ਦੇਖੇ ਦੇਖਣ ਵਾਲਾ ਜੇ ਏਸ ਚਮਨ ਦੇ ਤਾਈਂ,
ਰੰਗ ਬਰੰਗੇ ਫੁੱਲ ਵਿਚੋਂ ਤੇਰਾ ਕਰੇ ਨਜ਼ਾਰਾ।
*(ਮੌਲਾ ਬਖਸ਼ ਕੁਸ਼ਤਾ)*

# ਤਕੀਆ ਕਲਾਮ

*(ਪਿਛਲੇ ਸਫੇ ਦੀ ਬਾਕੀ)*

ਲਈ ਵਾਹਣ ਵਿਚੋਂ ਚੁੱਕ ਕੇ ਦੋ-ਚਾਰ ਡਲੇ ਚਲਾਏ ਹੋਣ। ਕੁਝ ਦਿਨਾਂ ਮਗਰੋਂ ਲੋਕ ਫੇਰ ਆਪੋ-ਆਪਣੇ ਕੰਮਾਂ-ਧੰਦਿਆਂ ਵਿਚ ਰੁਝ ਕੇ ਡਾਕਟਰ ਕੌੜਾ ਨੂੰ ਭੁੱਲ ਗਏ। ਬਸ ਇਕ ਬੁੱਢੇ ਆੜ੍ਹਤੀਏ ਫੁੰਮਣ ਮੱਲ ਨੇ ਹੀ ਆਪਣੇ ਇਕ ਹਾਣੀ ਕੋਲ ਇਕ ਦਿਨ ਏਨੀ ਗੱਲ ਛੇੜੀ, "ਕਿਉਂ ਬਈ ਸੰਤ ਰਾਮਾ, ਡਾਕਟਰ ਸੀਤਾ ਰਾਮ ਨੂੰ ਲੋਕ ਊਂਈਂ ਭੁੱਲਗੇ; ਐਂ ਬੀ ਕਦੇ ਹੁੰਦੀ ਸੁਣੀਂ ਸੀ! ਹੁਣ ਤਾਂ ਐਡੇ ਐਡੇ ਬੱਡੇ ਬੰਦਿਆਂ ਦਾ ਬੀ ਕੋਈ ਕੁੱਤੇ-ਬਿੱਲੇ ਜਿੰਨਾ ਮਸੋਸ ਨੀਂ ਕਰਦਾ, ਹੈਂ ਕਿ ਨਹੀਂ?"

ਸੰਤ ਰਾਮ ਦੁਕਾਨ ਦੇ ਥੜ੍ਹੇ ਉਤੇ ਡਾਹੀ ਮੰਜੀ 'ਤੇ ਪਿਆ ਖੰਘੀ ਗਿਆ, ਬੋਲ ਨਾ ਸਕਿਆ। ਉਹਦੀ ਹਾਲਤ ਦੇਖ ਕੇ ਫੁੰਮਣ ਮੱਲ ਢਿੱਲੀ ਜਿਹੀ ਆਵਾਜ਼ 'ਚ ਫੇਰ ਬੋਲਿਆ, "ਲੈ ਹੁਣ ਉਹ ਹੁੰਦਾ ਤਾਂ ਤੈਨੂੰ ਦਖਾ ਈ ਆਉਂਦੇ, ਹੁਣ ਜਾਈਏ ਕਿੱਥੇ!"

ਪਰ ਉਸੇ ਵੇਲੇ ਦੁਕਾਨ ਅੰਦਰੋਂ ਨਿਕਲ ਕੇ ਸੰਤ ਰਾਮ ਦਾ ਵੱਡਾ ਮੁੰਡਾ ਉਸ ਵੱਲ ਘੂਰਦਾ ਬੋਲਿਆ, "ਤਾਇਆ ਫੁੰਮਣ ਮੱਲਾ! ਕਿਉਂ ਸਾਰਾ ਦਿਨ ਭੌਂਕੀ ਜਾਨਾ ਹੁੰਨੈ! ਉਹ ਕੋਈ ਡਾਕਟਰ ਸੀ? ਕੱਲ੍ਹ ਗੁਪਤਾ ਡਾਕਟਰ, ਇਹਦੇ ਡੂਢ ਸੌ ਦਾ ਟੀਕਾ ਲਾ ਕੇ ਗਿਐ। ਅੱਸੀਆਂ ਦੀ ਦੁਆਈ ਦਿੱਤੀ ਐ। ਤੂੰ ਐਂ ਬੋਲੀ ਜਾਨੈ, ਜਿਵੇਂ ਇਹਨੂੰ ਅਸੀਂ ਬਾਹਰ ਕੱਢ ਕੇ ਮਰਨ ਨੂੰ ਬਹਾਇਆ ਹੁੰਦੈ। ਇਹਨੂੰ ਵੀ ਅੰਦਰ ਜਕ ਨ੍ਹੀਂ ਆਉਂਦੀ-ਬਾਹਰ ਥੜ੍ਹੇ 'ਤੇ ਆ ਕੇ ਲੋਕਾਂ ਨੂੰ ਤਮਾਸ਼ਾ ਦਖੌਂਦੈ, ਵੈਰੀ!"

ਫੁੰਮਣ ਮੱਲ ਦਾ ਮੂੰਹ ਅੱਡਿਆ ਰਹਿ ਗਿਆ। ਉਹ ਚੁੱਪ ਕਰਕੇ ਅੰਦਰ ਪੁਰਾਣੀ ਗੱਦੀ ਉਤੇ ਆ ਬੈਠਾ ਤੇ ਪਸ਼ੇਮਾਨ ਹੋਈ ਗਿਆ ਕਿ ਉਹਨੂੰ ਭਲਾ ਅਜਿਹੀ ਗੱਲ ਕਹਿਣ ਦੀ ਕੀ ਲੋੜ ਸੀ? ਸਿਰ ਨੀਵਾਂ ਪਾ ਕੇ ਉਹ ਵੀ ਖੰਘਣ ਲੱਗ ਪਿਆ। ਉਹਨੂੰ ਬਾਜ਼ਾਰ 'ਚ ਹਿਸਾਬ-ਕਿਤਾਬ ਕਰਨ ਗਏ ਆਪਣੇ ਮੁੰਡੇ ਰੂਪ ਕੁਮਾਰ ਦਾ ਖਿਆਲ ਸੀ ਕਿ ਜੇ ਭਲਾ ਉਹਨੂੰ ਮੁੜ ਕੇ ਆਏ ਨੂੰ ਸੰਤ ਰਾਮ ਦੇ ਮੁੰਡੇ ਨੇ ਦੱਸ ਦਿੱਤਾ ਤਾਂ ਫੇਰ ਰੂਪ ਉਹਦੀ ਲਾਹ-ਪਾਹ ਕਰੂ। ਇਹ ਸੋਚ ਕੇ ਉਹ ਸੱਚੀਂ ਡਰ ਗਿਆ ਕਿ ਜਿਵੇਂ ਕੋਈ ਵੱਡੀ ਖੁਨਾਮੀ ਕਰ ਬੈਠਾ ਹੋਵੇ।

"ਆਹ ਵੀ ਜ਼ਮਾਨੇ ਆਉਣੇ ਸੀ!" ਫੁੰਮਣ ਮੱਲ ਖੰਘ ਰੁਕਦਿਆਂ ਕੁਝ ਦੁਖੀ 'ਵਾਜ 'ਚ ਬੋਲਿਆ, "ਜੇ ਕਿਸੇ ਨਾਲ ਹਮਦਰਦੀ ਦੀ ਗੱਲ ਕਰੀਏ ਤਾਂ ਉਹ ਵੀ ਖਾਣ ਨੂੰ ਆਉਂਦੈ। ਆਹ ਵੀ ਕੋਈ ਗੱਲ ਬਣੀਂ! ਹੱਦ ਹੋ ਗਈ!" ਤੇ ਉਹਨੂੰ ਯਾਦ ਆਇਆ ਕਿ ਕਈ ਵਰ੍ਹਿਆਂ ਮਗਰੋਂ ਉਹਨੇ ਸ਼ਾਇਦ ਪਹਿਲੀ ਵਾਰੀ ਆਪਣਾ ਇਹ ਤਕੀਆ-ਕਲਾਮ ਬੋਲਿਆ ਸੀ ਜਿਹੜਾ ਮੁੰਡਿਆਂ ਨੇ ਹਰਖ ਨਾਲ ਝਿੜਕ ਕੇ ਉਹਨੂੰ ਬੋਲਣੋਂ ਹਟਾ ਦਿੱਤਾ ਸੀ; ਅਖੇ, "ਬਾਈ ਕੀ ਸਾਰਾ ਦਿਨ ਭੌਂਕੀ ਜਾਨੈ, 'ਹੱਦ ਹੋ-ਗੀ ਹੱਦ ਹੋ-ਗੀ', ਕਾਹਦੀ ਹੱਦ ਹੋ-ਗੀ?"

###

# ਅਨਮੋਲ ਅਦਾਕਾਰ ਅਤੇ ਫਿਲਮਸਾਜ਼ ਜ਼ਹੂਰ ਰਾਜਾ

ਪੰਜਾਬੀ ਫਿਲਮਾਂ ਤੋਂ ਅਦਾਕਾਰੀ ਸ਼ੁਰੂ ਕਰਨ ਵਾਲਾ ਜ਼ਹੂਰ ਰਾਜਾ ਸਿਰਫ ਅਦਾਕਾਰ ਹੀ ਨਹੀਂ ਸੀ, ਫਿਲਮੀ ਇਤਿਹਾਸ ਦਾ ਬਿਹਤਰੀਨ ਫਿਲਮਸਾਜ਼, ਕਹਾਣੀਕਾਰ ਅਤੇ ਗੁਲੂਕਾਰ ਸੀ। ਉਸ ਨੇ ਕੁੱਲ 19 ਫਿਲਮਾਂ ਵਿਚ ਕੰਮ ਕੀਤਾ, ਪਰ ਜੋ ਕੀਤਾ ਬਾਕਮਾਲ ਕੀਤਾ।

ਜ਼ਹੂਰ ਉਰਫ ਜ਼ਹੂਰ ਰਾਜਾ ਦਾ ਜਨਮ ਐਬਟਾਬਾਦ (ਹੁਣ ਪਾਕਿਸਤਾਨ) ਦੇ ਮੁਸਲਿਮ ਪੰਜਾਬੀ ਪਰਿਵਾਰ ਵਿਚ 7 ਜੁਲਾਈ 1918 ਨੂੰ ਹੋਇਆ। ਜ਼ਹੂਰ ਦੇ ਵਾਲਿਦ ਪੁਲਿਸ ਇੰਸਪੈਕਟਰ ਸਨ, ਜਿਨ੍ਹਾਂ ਕੋਲ ਪੱਚੀ ਪਿੰਡਾਂ ਦੀ ਮਾਲਕੀ ਸੀ। ਕਈ ਪੀੜ੍ਹੀਆਂ ਪਹਿਲਾਂ ਪਰਿਵਾਰ ਦੇ ਮੁਖੀ ਨੂੰ 'ਰਾਜਾ' ਦਾ ਖਿਤਾਬ ਮਿਲਿਆ ਸੀ। ਹੁਣ ਰਾਜਾ ਉਨ੍ਹਾਂ ਦੇ ਪਰਿਵਾਰ ਨਾਲ ਪੱਕੇ ਤੌਰ 'ਤੇ ਮਨਸੂਬ ਹੋ ਗਿਆ, ਜਿਸ ਸਦਕਾ ਜ਼ਹੂਰ ਵੀ ਜ਼ਹੂਰ ਰਾਜਾ ਬਣ ਗਿਆ।

ਇਕ ਭਰਾ ਅਤੇ ਦੋ ਭੈਣਾਂ ਦੇ ਵੀਰ ਜ਼ਹੂਰ ਰਾਜਾ ਨੇ ਐਬਟਾਬਾਦ ਤੋਂ ਦਸਵੀਂ ਅਤੇ ਗੌਰਡਨ ਮਿਸ਼ਨ ਕਾਲਜ ਰਾਵਲਪਿੰਡੀ ਤੋਂ ਬੀ. ਏ. ਪਾਸ ਕੀਤੀ। ਉਹ ਕਾਲਜ ਦਾ ਉਮਦਾ ਖਿਡਾਰੀ ਸੀ, ਜਿਸ ਨੇ ਫੁੱਟਬਾਲ ਤੋਂ ਲੈ ਕੇ ਪਿੰਗ-ਪੌਂਗ ਤਕ ਹਰ ਖੇਡ ਖੇਡੀ। ਉਹ ਡਿਸਕਸ ਥਰੋ ਵਿਚ ਚੈਂਪੀਅਨ ਅਤੇ ਸ਼ਾਟ ਪੁੱਟ ਦਾ ਮਾਹਿਰ ਸੀ। ਉਸ ਦਾ ਖੇਡਾਂ ਤੋਂ ਇਲਾਵਾ ਅਦਾਕਾਰੀ ਨਾਲ ਵੀ ਪਿਆਰ ਸੀ। ਜਦੋਂ ਉਹ ਸਕੂਲ ਪੜ੍ਹਦਾ ਸੀ ਤਾਂ ਕਾਓ-ਬੁਆਏ ਫਿਲਮਾਂ ਦੇਖਣ ਦਾ ਬੇਹੱਦ ਸ਼ੁਕੀਨ ਸੀ, ਜਿਸ ਦਾ ਉਸ ਦੇ ਬਾਲ ਮਨ 'ਤੇ ਅਸਰ ਪੈਣਾ ਸੁਭਾਵਿਕ ਸੀ। ਉਹ ਕਾਲਜ ਦੀ ਡਰਾਮਾ ਸੁਸਾਇਟੀ ਦਾ ਮੈਂਬਰ ਵੀ ਸੀ।


ਕਾਲਜ ਦੀ ਤਾਲੀਮ ਦੌਰਾਨ ਉਹ ਅਮੂਮਨ ਬੰਬਈ ਦੇ ਫਿਲਮ ਨਿਰਦੇਸ਼ਕਾਂ ਨੂੰ ਅਦਾਕਾਰੀ ਕਰਨ ਲਈ ਪੱਤਰ ਲਿਖਦਾ ਰਹਿੰਦਾ। ਉਧਰ ਜ਼ਹੂਰ ਦੇ ਵਾਲਿਦ ਉਸ ਨੂੰ ਭਾਰਤੀ ਫੌਜ ਵਿਚ ਲੈਫਟੀਨੈਂਟ ਬਣਨ ਲਈ ਦੇਹਰਾਦੂਨ ਭੇਜਣਾ ਚਾਹੁੰਦੇ ਸਨ ਪਰ ਉਸ ਦਾ ਮਨ ਤਾਂ ਫਿਲਮ ਫਲਕ 'ਤੇ ਪਰਵਾਜ਼ ਭਰਨ ਲਈ ਬੇਤਾਬ ਸੀ। ਲਿਹਾਜ਼ਾ ਉਹ ਫਿਲਮਾਂ ਦੇ ਵੱਡੇ ਮਰਕਜ਼ ਬੰਬੇ ਟੁਰ ਗਿਆ। ਉਸ ਕੋਲ ਇਕ ਖਤ ਸੀ, ਜੋ ਉਸ ਨੂੰ ਏ. ਆਰ. ਕਾਰਦਾਰ ਨੇ ਭੇਜਿਆ ਸੀ। ਜਦੋਂ ਜ਼ਹੂਰ ਬੰਬੇ ਜਾ ਕੇ ਕਾਰਦਾਰ ਨੂੰ ਮਿਲਿਆ ਤਾਂ ਉਸ ਦੀ ਸਟਾਈਲਿਸ਼ ਦਿੱਖ ਦੇਖਦਿਆਂ ਉਸ ਨੂੰ ਤੁਰੰਤ ਫਿਲਮ ਲਈ ਸਾਈਨ ਕਰ ਲਿਆ।

ਕਾਰਦਾਰ ਦੇ ਤੁਫੈਲ ਜ਼ਹੂਰ ਰਾਜਾ ਨੂੰ ਸ੍ਰੀ ਰਣਜੀਤ ਮੂਵੀਟੋਨ ਬੰਬੇ ਦੀ ਪਹਿਲੀ ਪੰਜਾਬੀ ਫਿਲਮ 'ਮਿਰਜ਼ਾ ਸਾਹਿਬਾਂ' (1939) ਵਿਚ ਹੀਰੋ ਦਾ ਕਿਰਦਾਰ ਨਿਭਾਉਣ ਦਾ ਮੌਕਾ ਮਿਲਿਆ। ਸੇਠ ਚੰਦੂਲਾਲ ਸ਼ਾਹ ਦੀ ਫਿਲਮਕਾਰੀ ਅਤੇ ਪੰਡਿਤ ਦੀਨਾ ਨਾਥ ਮਧੋਕ ਦੇ ਨਿਰਦੇਸ਼ਨ ਹੇਠ ਬਣੀ ਇਸ ਫਿਲਮ 'ਚ ਉਸ ਨੇ 'ਮਿਰਜ਼ੇ' ਅਤੇ ਹੀਰੋਇਨ ਇਲਾ ਦੇਵੀ ਨੇ 'ਸਾਹਿਬਾਂ' ਦਾ ਕਿਰਦਾਰ ਨਿਭਾਇਆ। ਮਨੋਹਰ ਦੀ ਮੌਸੀਕੀ 'ਚ ਡੀ. ਐਨ. ਮਧੋਕ ਦੇ ਲਿਖੇ 12 ਗੀਤਾਂ 'ਚੋਂ 4 ਗੀਤ ਜ਼ਹੂਰ ਰਾਜਾ ਨੇ ਗਾਏ, ਜੋ ਉਸੇ 'ਤੇ ਫਿਲਮਾਏ ਗਏ।

12 ਮਈ 1939 ਨੂੰ ਪ੍ਰਭਾਤ ਟਾਕੀਜ਼ ਲਾਹੌਰ ਵਿਖੇ ਰਿਲੀਜ਼ ਹੋਈ ਇਹ ਫਿਲਮ ਕਾਮਯਾਬ ਰਹੀ। ਇਸ ਤੋਂ ਬਾਅਦ ਫਿਲਮਸਾਜ਼ ਵੀ. ਸ਼ਾਂਤਾਰਾਮ ਉਸ ਨੂੰ ਪੂਨੇ ਦੀ ਪ੍ਰਭਾਤ ਫਿਲਮ ਕੰਪਨੀ ਵਿਚ ਲੈ ਗਏ, ਜਿਥੇ 3 ਸਾਲ ਲਈ ਉਸ ਨੂੰ ਸਾਈਨ ਕਰ ਲਿਆ ਪਰ ਕੰਮ ਨਾ ਦਿੱਤਾ। ਪੂਨੇ 10 ਮਹੀਨੇ ਗੁਜ਼ਾਰਨ ਪਿਛੋਂ ਅਬਦੁੱਲ ਰਸ਼ੀਦ ਕਾਰਦਾਰ ਜ਼ਹੂਰ ਨੂੰ ਨੈਸ਼ਨਲ ਸਟੂਡੀਓ ਲੈ ਆਏ। ਨੈਸ਼ਨਲ ਸਟੂਡੀਓ ਬੰਬਈ ਦੀ ਏ. ਆਰ. ਕਾਰਦਾਰ ਨਿਰਦੇਸ਼ਿਤ ਹਿੰਦੀ ਫਿਲਮ 'ਪੂਜਾ' (1940) 'ਚ ਉਸ ਨੂੰ 'ਦਰਪਨ' ਦਾ ਕਿਰਦਾਰ ਨਿਭਾਉਣ ਦਾ ਮੌਕਾ ਮਿਲਿਆ।

ਮਿਨਰਵਾ ਮੂਵੀਟੋਨ, ਬੰਬਈ ਦੀ ਤਾਰੀਖੀ ਫਿਲਮ 'ਸਿਕੰਦਰ' (1941) 'ਚ ਉਸ ਨੇ ਰਾਜਾ ਪੋਰਸ (ਸੋਹਰਾਬ ਮੋਦੀ) ਦੇ ਛੋਟੇ ਪੁੱਤਰ 'ਅਮਰ' ਦਾ ਕਿਰਦਾਰ ਅਦਾ ਕੀਤਾ। ਇਸ ਦੇ ਰੂਬਰੂ 'ਪ੍ਰਾਰਥਨਾ' ਦਾ ਰੋਲ ਨਿਭਾਉਣ ਵਾਲੀ ਅਦਾਕਾਰਾ ਮੀਨਾ ਸ਼ੋਰੀ ਨਾਲ ਫਿਲਮ ਰਿਲੀਜ਼ ਹੋਣ ਪਿਛੋਂ ਜ਼ਹੂਰ ਰਾਜਾ ਨੇ ਵਿਆਹ ਕਰਵਾ ਲਿਆ। ਜ਼ਹੂਰ ਰਾਜਾ ਨਿਰਦੇਸ਼ਿਤ ਫਿਲਮ 'ਬਾਦਲ' (1942) 'ਚ ਉਸ ਨੇ ਹੀਰੋਇਨ ਰਾਧਾ ਰਾਣੀ ਦੇ ਮੁਕਾਬਿਲ ਹੀਰੋ ਦਾ ਕਿਰਦਾਰ ਅਦਾ ਕੀਤਾ। ਧੀਰੂਭਾਈ ਬੀ. ਦੇਸਾਈ ਨਿਰਦੇਸ਼ਿਤ ਫਿਲਮ 'ਸੇਵਾ' (1942) 'ਚ ਉਸ ਨੇ ਅਦਾਕਾਰਾ ਸ਼ਾਂਤਾ ਨਾਲ ਹੀਰੋ ਦਾ ਰੋਲ ਅਦਾ ਕੀਤਾ।

ਅਦਾਕਾਰ ਅਤੇ ਗੁਲੂਕਾਰ ਵਜੋਂ ਇਨ੍ਹਾਂ



ਜ਼ਹੂਰ ਰਾਜਾ

ਫਿਲਮਾਂ 'ਚ ਨਾਮ ਅਤੇ ਸ਼ੋਹਰਤ ਕਮਾਉਣ ਪਿਛੋਂ ਉਸ ਨੇ ਬੰਬਈ ਦੀ ਦਾਦਰ ਰੋਡ 'ਤੇ ਆਪਣੇ ਜ਼ਾਤੀ ਬੈਨਰ ਰਾਜਾ ਮੂਵੀਟੋਨ ਦੀ ਬੁਨਿਆਦ ਰੱਖੀ। ਆਪਣੇ ਬੈਨਰ ਹੇਠ ਆਪਣੀ ਫਿਲਮਕਾਰੀ, ਨਿਰਦੇਸ਼ਨ ਅਤੇ ਅਦਾਕਾਰੀ ਵਿਚ ਪਹਿਲੀ ਹਿੰਦੀ ਫਿਲਮ 'ਮਜ਼ਾਕ' (1943) ਬਣਾਈ। ਫਿਲਮ ਦੀ ਕਹਾਣੀ ਅਤੇ ਸੰਵਾਦ ਕਮਾਲ ਅਮਰੋਹੀ, ਸੰਗੀਤ ਰਫੀਕ ਗਜ਼ਨਵੀ ਅਤੇ 10 ਗੀਤ ਆਬਿਦ ਗੁਲਰੇਜ਼ ਨੇ ਲਿਖੇ ਸਨ। ਫਿਲਮ 'ਚ 2 ਗੀਤ ਜ਼ਹੂਰ ਰਾਜਾ ਨੇ ਗਾਏ। ਜਨਵਰੀ 'ਚ ਕਾਰਵਾਂ ਪਿਕਚਰਜ਼, ਬੰਬਈ ਨੇ ਕ੍ਰਿਸ਼ਨ ਦੇਵ ਮਹਿਰਾ ਦੇ ਨਿਰਦੇਸ਼ਨ ਅਤੇ ਸਈਅਦ ਅਤਾਉਲਾ ਹਾਸ਼ਮੀ ਦੀ ਫਿਲਮਸਾਜ਼ੀ ਵਿਚ ਫਿਲਮ 'ਭਾਈ' (1944) ਸ਼ੁਰੂ ਕੀਤੀ। ਇਸ ਦੇ ਸੰਵਾਦ ਅਤੇ ਗੀਤ ਖਾਨ ਸ਼ਾਤਿਰ ਗਜ਼ਨਵੀ ਅਤੇ 6 ਗੀਤ ਭਾਈ ਗੁਲਾਮ ਹੈਦਰ ਅੰਮ੍ਰਿਤਸਰੀ ਤੇ 2 ਗੀਤ ਸ਼ਿਆਮ ਸੁੰਦਰ ਨੇ ਲਿਖੇ ਸਨ। ਫਿਲਮ 'ਚ ਅਦਾਕਾਰਾ ਮਨੋਰਮਾ ਤੇ ਸਤੀਸ਼ ਛਾਬੜਾ ਅਤੇ ਦੂਜੇ ਹੀਰੋ-ਹੀਰੋਇਨ ਵਜੋਂ ਜ਼ਹੂਰ ਰਾਜਾ ਤੇ ਰਾਧਾ ਰਾਣੀ ਮੌਜੂਦ ਸਨ।

ਆਪਣੇ ਨਿਰਦੇਸ਼ਨ ਅਤੇ ਅਦਾਕਾਰੀ ਵਿਚ ਉਸ ਨੇ ਦੂਜੀ ਹਿੰਦੀ ਫਿਲਮ 'ਓ ਪੰਛੀ' (1944) ਬਣਾਈ। ਫਿਲਮ 'ਚ ਉਸ ਦੇ ਸਨਮੁੱਖ ਹੀਰੋਇਨ ਦਾ ਕਿਰਦਾਰ ਰਾਧਾ ਰਾਣੀ ਨੇ ਅਦਾ ਕੀਤਾ। 11 ਗੀਤਾਂ ਵਾਲੀ ਇਸ ਫਿਲਮ ਦੇ ਮੌਸੀਕਾਰ ਬੀ. ਏ. ਬਲਸਾਰਾ ਅਤੇ ਕਹਾਣੀਕਾਰ ਆਬਿਦ ਗੁਲਰੇਜ਼ ਸਨ। ਉਸ ਦੀ ਆਪਣੇ ਬੈਨਰ ਦੀ ਤੀਜੀ ਫਿਲਮ 'ਗਜ਼ਲ' (1945) ਸੀ। ਇਸ ਦੇ ਨਿਰਦੇਸ਼ਕ ਅਤੇ ਅਦਾਕਾਰ ਜ਼ਹੂਰ ਰਾਜਾ ਖੁਦ ਸਨ, ਜਦੋਂ ਕਿ ਹੀਰੋਇਨ ਇਕ ਵਾਰ ਫਿਰ ਰਾਧਾ ਰਾਣੀ ਸੀ। ਫਿਲਮ ਦਾ ਮੰਜ਼ਰਨਾਮਾ, ਸੰਵਾਦ ਆਗਾ ਜਾਨੀ ਕਸ਼ਮੀਰੀ, ਸੰਗੀਤ ਗਿਆਨ ਦੱਤ ਅਤੇ ਗੀਤ ਡੀ. ਐਨ. ਮਧੋਕ, ਸ਼ਾਂਤ ਅਰੋੜਾ, ਖਾਬਰ ਜ਼ਮਾਂ ਤੇ ਆਬਿਦ ਗੁਲਰੇਜ਼ ਨੇ ਤਿਆਰ ਕੀਤੇ। ਫਿਲਮ ਦੇ 8 ਗੀਤਾਂ ਵਿਚੋਂ 2 ਗੀਤਾਂ ਦਾ ਹਾਵਾਲਾ ਮਿਲਿਆ ਹੈ। ਪਹਿਲਾ ਜ਼ਹੂਰ ਰਾਜਾ ਦਾ ਗਾਇਆ 'ਹੋਗਾ ਕੋਈ ਆਰਾਮ ਸੇ ਹਮਨੇ ਤੋ ਯੇ ਜਾਨਾ' ਅਤੇ ਦੂਜਾ ਨਸੀਮ ਅਖਤਰ ਦੀ ਆਵਾਜ਼ 'ਚ ਗਜ਼ਲ 'ਯੇ ਰੰਜ ਜੁਦਾਈ ਕੇ ਉਠਾਏ ਨਹੀਂ ਜਾਤੇ' ਹੈ।

ਬਤੌਰ ਨਿਰਦੇਸ਼ਕ ਅਤੇ ਅਦਾਕਾਰ ਜ਼ਹੂਰ ਰਾਜਾ ਦੇ ਆਪਣੇ ਬੈਨਰ ਦੀ ਚੌਥੀ ਤੇ ਆਖਰੀ ਹਿੰਦੀ ਫਿਲਮ 'ਧੜਕਨ' (1946) ਸੀ। ਹੀਰੋਇਨ ਦਾ ਕਿਰਦਾਰ ਜਯੋਤੀ ਨੇ ਨਿਭਾਇਆ। ਸੰਗੀਤ ਜੀ. ਐਮ. ਦੁਰਾਨੀ, ਗੀਤ ਤਨਵੀਰ ਨਕਵੀ ਤੇ ਜ਼ਹੂਰ ਰਾਜਾ, ਕਹਾਣੀ ਅਤੇ ਸੰਵਾਦ ਅਨਵਰ ਬਟਾਲਵੀ ਨੇ ਲਿਖੇ ਸਨ। ਜ਼ਹੂਰ ਰਾਜਾ ਦਾ ਲਿਖਿਆ ਤੇ ਉਸ 'ਤੇ ਫਿਲਮਾਇਆ ਗੀਤ 'ਹਮ ਮਸਤ ਹਵਾ ਕੇ ਝੋਂਕੋਂ ਸੇ ਲਹਿਰਾਤੇ ਹੈਂ' (ਜੀ. ਐਮ. ਦੁਰਾਨੀ) ਵੀ ਬੜਾ ਮਕਬੂਲ ਹੋਇਆ। ਹਿੰਦੋਸਤਾਨ ਵਿਚ ਉਸ ਦੀ ਆਖਰੀ ਫਿਲਮ 'ਅਨਮੋਲ ਘੜੀ' (1946) ਸੀ। ਨੌਸ਼ਾਦ ਅਲੀ ਦੇ ਸੰਗੀਤ 'ਚ ਨੂਰਜਹਾਂ ਅਤੇ ਸੁਰੇਂਦਰ ਨਾਥ ਦਾ ਗਾਇਆ 'ਆਵਾਜ਼ ਦੇ ਕਹਾਂ ਹੈ, ਦੁਨੀਆਂ ਮੇਰੀ ਜਵਾਂ ਹੈ' ਲਾਸਾਨੀ ਗੀਤ ਹੈ। ਫਿਲਮ 'ਜਾਦੂ' (1951) ਦੇ ਸੰਵਾਦ ਜ਼ਹੂਰ ਰਾਜਾ ਤੇ ਬੈਨਰਜੀ ਨੇ ਲਿਖੇ ਸਨ।

1947 ਵਿਚ ਹੋਈ ਦੇਸ਼ ਵੰਡ ਤੋਂ ਬਾਅਦ ਉਹ 1950 ਵਿਚ ਲਾਹੌਰ ਟੁਰ ਗਿਆ। ਲਾਹੌਰ ਵਿਚ ਨੈਸ਼ਨਲ ਸੁਪਰ ਆਰਟਸ ਦੇ ਬੈਨਰ ਹੇਠ ਪੰਚੋਲੀ ਸਟੂਡੀਓ 'ਚ ਬਣੀ ਪਹਿਲੀ ਉਰਦੂ ਫਿਲਮ 'ਜਹਾਦ' (1950) ਸੀ, ਜਿਸ ਦਾ ਉਹ ਨਿਰਦੇਸ਼ਕ, ਅਦਾਕਾਰ, ਗੀਤਕਾਰ ਅਤੇ ਗੁਲੂਕਾਰ ਵੀ ਸੀ। ਉਰਦੂ ਫਿਲਮ 'ਗੁਮਰਾਹ' (1959) 'ਚ ਉਸ ਨੇ ਨਾਗਰਾਜ 'ਨਰੀਮਾਨ' ਦਾ ਰੋਲ ਨਿਭਾਇਆ। ਫਿਲਮ 'ਗੁਲਫਰੋਸ਼' (1961) 'ਚ ਉਸ ਨੇ ਅਦਾਕਾਰੀ ਦੇ ਨਾਲ ਨਾਲ ਫਿਲਮ ਦੀ ਕਹਾਣੀ, ਮੰਜ਼ਰਨਾਮਾ, ਮੁਕਾਲਮੇ ਤੇ ਗੀਤ ਲਿਖੇ, ਪਰ ਇਹ ਫਿਲਮ ਫਲਾਪ ਹੋ ਗਈ। ਉਸ ਦੀ ਫਿਲਮ 'ਗਾਜ਼ੀ ਬਿਨ ਆਬਾਸ' (1961) ਵੀ ਨਾਕਾਮ ਸਾਬਤ ਹੋਈ।

ਇਸ ਪਿਛੋਂ ਉਹ ਆਲ੍ਹਾ ਦਰਜੇ ਦੀਆਂ ਫਿਲਮਾਂ ਬਣਾਉਣ ਅਤੇ ਨਵੀਂ ਤਕਨੀਕ ਸਿੱਖਣ ਦੇ ਮਕਸਦ ਨਾਲ ਇੰਗਲੈਂਡ ਚਲਾ ਗਿਆ, ਜਿਥੇ ਉਹ ਆਪਣੇ ਕਾਰੋਬਾਰ ਵਿਚ ਅਜਿਹਾ ਮਸਰੂਫ ਹੋਇਆ ਕਿ ਫਿਲਮਾਂ ਯਾਦਾਂ ਵਿਚ ਸਿਮਟ ਗਈਆਂ। ਭਾਰਤ-ਪਾਕਿਸਤਾਨ ਦੀਆਂ ਫਿਲਮਾਂ ਦਾ ਇਹ ਸਿਤਾਰਾ ਇੰਗਲੈਂਡ ਦੇ ਰਾਮਸਗੇਟ ਕੇਂਟ ਵਿਚ 1992 ਵਿਚ 74 ਸਾਲਾਂ ਦੀ ਉਮਰ 'ਚ ਵਫਾਤ ਪਾ ਗਿਆ।

*-ਮਨਦੀਪ ਸਿੰਘ ਸਿੱਧੂ*

# ਨਸ਼ਾ ਸਮੱਗਲਰਾਂ ਦੁਆਲੇ ਘੁੰਮਦੀ ਫਿਲਮ 'ਬਲੈਕੀਆ'

ਪੰਜਾਬੀ ਫਿਲਮ ਇੰਡਸਟਰੀ ਨਾਲ ਜੁੜੀ ਨਾਮੀ ਸ਼ਖਸੀਅਤ ਨਿਰਮਾਤਾ ਅਤੇ ਡਿਸਟੀਬਿਊਟਰ ਵਿਵੇਕ ਓਹਰੀ ਦੀ ਬਣਾਈ



ਪੰਜਾਬੀ ਫਿਲਮ 'ਬਲੈਕੀਆ' 3 ਮਈ ਨੂੰ ਰਿਲੀਜ਼ ਹੋ ਰਹੀ ਹੈ। ਇੰਦਰਜੀਤ ਸਿੰਘ ਦੀ ਲਿਖੀ ਅਤੇ ਸੁਖਮਿੰਦਰ ਧੰਜਲ ਦੀ ਨਿਰਦੇਸ਼ਤ ਇਸ ਫਿਲਮ 'ਚ ਦੇਵ ਖਰੌੜ ਤੇ ਇਹਾਨਾ ਢਿੱਲੋਂ ਮੁੱਖ ਭੂਮਿਕਾ ਵਿਚ ਨਜ਼ਰ ਆਉਣਗੇ। ਨਾਮੀ ਪੰਜਾਬੀ ਕਲਾਕਾਰਾਂ ਅਸ਼ੀਸ਼ ਦੁੱਗਲ, ਰਾਣਾ ਜੰਗ ਬਹਾਦਰ, ਨਗਿੰਦਰ ਗੱਖੜ, ਲੱਕੀ ਧਾਲੀਵਾਲ, ਰਵਿੰਦਰ ਮੰਡ ਅਤੇ ਪ੍ਰਮੋਦ ਪੱਬੀ ਦੀ ਅਦਾਕਾਰੀ ਵਾਲੀ ਇਸ ਫਿਲਮ ਦਾ ਬਹੁਤਾ ਹਿੱਸਾ ਬਠਿੰਡਾ ਅਤੇ ਫਰੀਦਕੋਟ 'ਚ ਫਿਲਮਾਇਆ ਗਿਆ ਹੈ। ਫਿਲਮ ਦੇ ਟ੍ਰੇਲਰ ਨੂੰ ਹਰ ਪਾਸਿਓਂ ਸ਼ਾਨਦਾਰ ਹੁੰਗਾਰਾ ਮਿਲ ਰਿਹਾ ਹੈ।

ਫਿਲਮ ਦੀ ਟੀਮ ਮੁਤਾਬਕ ਇਹ ਫਿਲਮ ਸਾਲ 1975 ਦੇ ਨੇੜੇ ਤੇੜੇ ਦੇ ਦੌਰ ਦੀ ਹੈ। ਉਸ ਦੌਰ 'ਚ ਭਾਰਤ, ਪਾਕਿਸਤਾਨ ਸਰਹੱਦ 'ਤੇ ਖੂਬ ਸਮੱਗਲਿੰਗ ਹੁੰਦੀ ਸੀ। ਸਮੱਗਲਰ ਘੜੀਆਂ, ਰੇਡੀਓ, ਟੇਪ ਰਿਕਾਰਡਰਾਂ ਦੇ ਨਾਲ ਨਾਲ ਵੱਖ ਵੱਖ ਨਸ਼ਿਆਂ ਦੀ ਸਮੱਗਲਿੰਗ ਵੀ ਕਰਦੇ ਸਨ। ਇਹ ਫਿਲਮ ਇਸੇ ਸਮੱਗਲਿੰਗ ਦੇ ਵਿਸ਼ੇ 'ਤੇ ਹੈ। ਪੀਰੀਅਡ ਫਿਲਮ ਹੋਣ ਕਾਰਨ ਇਸ ਦੇ ਹਰ ਪਹਿਲੂ 'ਤੇ ਅਹਿਮ ਧਿਆਨ ਦਿੱਤਾ ਗਿਆ ਹੈ। ਇਸ ਫਿਲਮ ਜ਼ਰੀਏ ਦੇਵ ਖਰੌੜ ਇਕ ਵੱਖਰੇ ਰੂਪ 'ਚ ਨਜ਼ਰ ਆਵੇਗਾ। 'ਡਾਕੂਆਂ ਦਾ ਮੁੰਡਾ' ਫਿਲਮ ਨਾਲ ਚਮਕੇ ਦੇਵ ਨੇ ਇਸ ਫਿਲਮ ਲਈ ਬੇਹੱਦ ਮਿਹਨਤ ਕੀਤੀ ਹੈ। ਉਸ ਨੇ ਨਾ ਸਿਰਫ ਆਪਣੀ ਲੁੱਕ 'ਤੇ ਖਾਸ ਕੰਮ ਕੀਤਾ ਹੈ, ਬਲਕਿ ਅਦਾਕਾਰੀ 'ਚ ਵੀ ਵੱਡਾ ਬਦਲਾਓ ਲਿਆਂਦਾ ਹੈ।

ਦੇਵ ਮੁਤਾਬਕ ਇਹ ਫਿਲਮ ਉਸ ਦੇ ਦਿਲ ਦੇ ਬਹੁਤ ਨਜ਼ਦੀਕ ਹੈ। ਫਿਲਮ ਦੀ ਕਹਾਣੀ ਲੇਖਕ ਇੰਦਰਪਾਲ ਨੇ ਉਸ ਨੂੰ ਕਰੀਬ ਚਾਰ ਸਾਲ ਪਹਿਲਾਂ ਸੁਣਾਈ ਸੀ। ਉਸ ਵੇਲੇ ਉਹ ਇਸ ਮੁਕਾਮ 'ਤੇ ਨਹੀਂ ਸੀ, ਜਿਥੇ ਅੱਜ ਹੈ। ਬਤੌਰ ਅਦਾਕਾਰ ਸਫਲਤਾ ਮਿਲਣ ਪਿਛੋਂ ਹੀ ਉਸ ਨੇ ਇਸ ਫਿਲਮ ਵਿਚ ਕੰਮ ਕਰਨ ਦਾ ਨਿਰਣਾ ਲਿਆ। ਫਿਲਮ ਦੇ ਵਿਸ਼ੇ 'ਤੇ ਉਸ ਨੇ ਲੇਖਕ ਇੰਦਰਪਾਲ ਨਾਲ ਬੇਹੱਦ ਮਿਹਨਤ ਕੀਤੀ ਹੈ। ਉਸ ਨੂੰ ਵਿਸ਼ਵਾਸ ਹੈ ਕਿ ਇਹ ਫਿਲਮ ਪੰਜਾਬੀ ਦੀ ਇਕ ਵੱਖਰੇ ਕਿਸਮ ਦੀ ਫਿਲਮ ਹੋਵੇਗੀ, ਜਿਸ ਨੂੰ ਦਰਸ਼ਕ ਵਧੀਆ ਹੁੰਗਾਰਾ ਦੇਣਗੇ।

ਨਿਰਦੇਸ਼ਕ ਸੁਖਮਿੰਦਰ ਧੰਜਲ ਮੁਤਾਬਕ ਨੈਸ਼ਨਲ ਐਵਾਰਡ ਜੇਤੂ ਫਿਲਮ 'ਬਾਗੀ' ਤੋਂ ਬਾਅਦ ਕਿਸੇ ਅਜਿਹੇ ਵਿਸ਼ੇ ਦੀ ਭਾਲ 'ਚ ਸਨ, ਜੋ ਸਾਰਥਕ ਹੋਣ ਦੇ ਨਾਲ ਨਾਲ ਪੰਜਾਬ ਨਾਲ ਜੁੜਿਆ ਹੋਵੇ। ਅਜਿਹੇ ਵਿਸ਼ੇ ਦੀ ਭਾਲ 'ਚ ਹੀ ਉਹ ਕਈ ਸਾਲਾਂ ਦੇ ਅੰਤਰਾਲ ਨਾਲ ਇਹ ਫਿਲਮ ਬਣਾਉਣ ਲੱਗੇ ਹਨ। ਉਨ੍ਹਾਂ ਮੁਤਾਬਕ ਇਹ ਫਿਲਮ ਪੰਜਾਬੀ ਦੀਆਂ ਕਲਾਸਿਕ ਫਿਲਮਾਂ 'ਚ ਗਿਣੀ ਜਾਵੇਗੀ। ਪੰਜਾਬੀ ਅਤੇ ਹਿੰਦੀ ਫਿਲਮਾਂ ਦੀ ਅਦਾਕਾਰ ਇਹਾਨਾ ਢਿੱਲੋਂ ਇਸ ਫਿਲਮ ਜ਼ਰੀਏ ਪਹਿਲੀ ਵਾਰ ਲੀਕ ਤੋਂ ਹਟਵੇਂ ਕਿਰਦਾਰ ਵਿਚ ਨਜ਼ਰ ਆਵੇਗੀ। ਫਿਲਮ 'ਚ ਉਸ ਦਾ ਪਹਿਰਾਵਾ ਅਤੇ ਅੰਦਾਜ਼ ਦਰਸ਼ਕਾਂ ਨੂੰ ਪ੍ਰਭਾਵਿਤ ਕਰੇਗਾ। ਫਿਲਮ ਦੀ ਕਹਾਣੀ ਦੇ ਨਾਲ ਨਾਲ ਇਸ ਦਾ ਸੰਗੀਤ ਵੀ ਦਰਸ਼ਕਾਂ ਦੀ ਕਸਵੱਟੀ 'ਤੇ ਖਰਾ ਉਤਰੇਗਾ।



ਵਿਵੇਕ ਓਹਰੀ

ਇਸ ਫਿਲਮ ਦਾ ਨਿਰਮਾਤਾ ਵਿਵੇਕ ਓਹਰੀ ਪੰਜਾਬੀ ਫਿਲਮ ਖੇਤਰ ਵਿਚ ਪਿਛਲੇ 10 ਸਾਲਾਂ ਤੋਂ ਬਤੌਰ ਨਿਰਮਾਤਾ ਅਤੇ ਫਿਲਮ ਡਿਸਟਰੀਬਿਊਟਰ ਸਰਗਰਮ ਹੈ। ਉਹ ਹੁਣ ਤੱਕ 'ਮੇਲ ਕਰਾਦੇ ਰੱਬਾ', 'ਜਿਹਨੇ ਮੇਰਾ ਦਿਲ ਲੁੱਟਿਆ', 'ਯਾਰ ਅਨਮੁੱਲੇ', 'ਵਿਆਹ 70 ਕਿਲੋਮੀਟਰ', 'ਮੁਖਤਿਆਰ ਚੱਢਾ', 'ਸ਼ਰੀਕ', 'ਜਿੰਦੂਆ', 'ਡੰਗਰ ਡਾਕਟਰ', 'ਬਣਜਾਰਾ' ਫਿਲਮਾਂ ਦਰਸ਼ਕਾਂ ਨੂੰ ਦੇ ਚੁਕਾ ਹੈ।

*-ਬਲਜਿੰਦਰ ਉਪਲ*
*-ਸੁਰਜੀਤ ਜੱਸਲ*

# ਬਚਪਨੀ ਨਕਲਾਂ ਦੇ ਸ਼ੌਕ ਤੋਂ ਬਣਿਆ ਅਦਾਕਾਰ ਰਘਵੀਰ ਬੋਲੀ

ਜਿਲਾ ਬਰਨਾਲਾ 'ਚ ਪੈਂਦੇ ਪਿੰਡ ਹਰੀਗੜ੍ਹ ਦਾ ਜੰਮਪਲ ਕਾਮੇਡੀਅਨ, ਅਦਾਕਾਰ ਤੇ ਗਾਇਕ ਰਘਬੀਰ ਸਿੰਘ ਉਰਫ ਰਘਬੀਰ ਬੋਲੀ ਪੰਜਾਬੀ ਮਨੋਰੰਜਨ ਜਗਤ 'ਚ ਤੇਜ਼ੀ ਨਾਲ ਅੱਗੇ ਵਧਦਾ ਜਾ ਰਿਹਾ ਹੈ ਤੇ



ਇਸ ਖੇਤਰ 'ਚ ਆਪਣੀ ਪਛਾਣ ਗੂੜ੍ਹੀ ਕਰਦਾ ਜਾ ਰਿਹਾ ਹੈ। ਬਚਪਨ 'ਚ ਪਿੰਡ ਦੇ ਲੋਕਾਂ ਦੀਆਂ ਨਕਲਾਂ ਲਾਉਣ ਦਾ ਸ਼ੌਕੀ ਰਘਬੀਰ ਸਿੰਘ ਇੱਕ ਦਿਨ ਕਲਾਕਾਰ ਬਣ ਕੇ ਉਭਰੇਗਾ, ਇਸ ਦਾ ਅੰਦਾਜ਼ਾ ਉਸ ਨੂੰ ਵੀ ਨਹੀਂ ਸੀ। ਦਰਸਅਲ ਉਹ ਬਚਪਨ 'ਚ ਸ਼ੌਕੀਆ ਯਾਰਾਂ ਦੋਸਤਾਂ ਨਾਲ ਮਿਲ ਕੇ ਪਿੰਡ ਦੇ ਲੋਕਾਂ ਦੀਆਂ ਨਕਲਾਂ ਲਾਉਂਦਾ ਰਹਿੰਦਾ ਸੀ ਤੇ ਕਾਮੇਡੀ ਕਰਕੇ ਯਾਰਾਂ ਦੋਸਤਾਂ ਦਾ ਮਨੋਰੰਜਨ ਕਰਦਾ ਸੀ। ਫਿਰ ਉਹ ਸਕੂਲ ਦੀਆਂ ਸਟੇਜਾਂ 'ਤੇ ਵੀ ਅਕਸਰ ਅਜਿਹਾ ਕਰਦਾ ਰਹਿੰਦਾ। ਸਕੂਲ ਦੀਆਂ ਸਟੇਜਾਂ ਨੇ ਉਸ ਦੇ ਇਸ ਸ਼ੌਕ ਨੂੰ ਹੋਰ ਹੁਲਾਰਾ ਦਿੱਤਾ ਤੇ ਉਹ ਹੋਰ ਅੱਗੇ ਵਧਿਆ। ਬਰਨਾਲਾ ਕਾਲਜ 'ਚ ਪੜ੍ਹਦਿਆਂ ਵੀ ਉਹ ਅਕਸਰ ਸਟੇਜ ਪ੍ਰੋਗਰਾਮਾਂ ਵਿਚ ਹਿੱਸਾ ਲੈਂਦਾ ਰਹਿੰਦਾ। ਉਸ ਨੂੰ ਬੋਲੀਆਂ ਪਾਉਣ ਤੇ ਗੀਤ ਗਾਉਣ ਦਾ ਵੀ ਸ਼ੌਕ ਸੀ। ਉਹ ਅਕਸਰ ਭੰਗੜੇ ਤੇ ਬੋਲੀਆਂ ਪਾਉਂਦਾ। ਉਹ ਕਾਲਜ 'ਚ ਹੁੰਦੇ ਮੇਲਿਆਂ 'ਤੇ ਬੋਲੀਆਂ ਲਈ ਮਸ਼ਹੂਰ ਹੋ ਗਿਆ ਅਤੇ ਉਸ ਦੇ ਨਾਂ ਨਾਲ ਬੋਲੀ ਪੱਕੇ ਤੌਰ 'ਤੇ ਜੁੜ ਗਿਆ ਤੇ ਉਹ ਰਘਬੀਰ ਸਿੰਘ ਤੋਂ ਰਘਬੀਰ ਬੋਲੀ ਦੇ ਨਾਂ ਨਾਲ ਜਾਣਿਆ ਜਾਣ ਲੱਗਾ।

ਪੀ. ਟੀ. ਸੀ. ਪੰਜਾਬੀ ਚੈਨਲ ਦੇ ਸ਼ੋਅ 'ਲਾਫਟਰ ਦਾ ਮਾਸਟਰ' ਰਾਹੀਂ ਉਸ ਨੂੰ ਅਸਲ ਪਛਾਣ ਮਿਲੀ। ਉਹ ਇਸ ਸ਼ੋਅ ਵਿਚ ਫਸਟ ਰਨਰ ਅੱਪ ਬਣਿਆ। ਇਸ ਨਾਲ ਉਸ ਦੀ ਪਛਾਣ ਹੋਰ ਵੀ ਗੂੜ੍ਹੀ ਹੋ ਗਈ। ਇੱਥੋਂ ਹੀ ਉਸ ਦਾ ਅਸਲ ਸਫਰ ਸ਼ੁਰੂ ਹੋਇਆ ਤੇ ਉਹ ਫਿਲਮਾਂ ਵੱਲ ਆ ਗਿਆ। ਉਸ ਦੀ ਪਹਿਲੀ ਫਿਲਮ 'ਯਾਰ ਪਰਦੇਸੀ' ਸੀ। ਇਸ ਫਿਲਮ ਵਿਚਲੇ ਬੋਲੀ ਦੇ ਕਿਰਦਾਰ ਨੂੰ ਦਰਸ਼ਕਾਂ ਨੇ ਪਸੰਦ ਕੀਤਾ, ਜਿਸ ਨਾਲ ਬੋਲੀ ਦਾ ਹੌਸਲਾ ਹੋਰ ਵੱਧ ਗਿਆ। ਉਹ ਹੁਣ ਤੱਕ 'ਸਾਡੀ ਗਲੀ ਆਇਆ ਕਰੋ', 'ਕੰਟਰੋਲ ਭਾਜੀ ਕੰਟਰੋਲ', 'ਤੂੰ ਮੇਰਾ ਬਾਈ ਮੈਂ ਤੇਰਾ ਬਾਈ', 'ਪੁਲਿਸ ਇੰਨ ਪਾਲੀਵੁੱਡ', 'ਮੁੰਡੇ ਕਮਾਲ ਦੇ', 'ਮੰਜੇ ਬਿਸਤਰੇ', 'ਬਾਈ ਜੀ ਤੁਸੀ ਘੈਂਟ ਹੋ', 'ਲਾਵਾਂ ਫੇਰੇ' ਆਦਿ ਕਈ ਫਿਲਮਾਂ 'ਚ ਆਪਣੀ ਅਦਕਾਰੀ ਦੇ ਰੰਗ ਵਿਖਾ ਚੁਕਾ ਹੈ।

ਬਤੌਰ ਗਾਇਕ ਬੋਲੀ ਦੇ ਗੀਤ 'ਫਾੜੀ ਫਾੜੀ' ਅਤੇ 'ਮੁੰਡੇ ਮਰ ਜਾਣਗੇ' ਵੀ ਆਏ, ਜਿਨ੍ਹਾਂ ਨੂੰ ਭਰਵਾਂ ਹੁੰਗਾਰਾ ਮਿਲਿਆ ਤੇ ਉਸ ਦਾ ਹੌਸਲਾ ਬੁਲੰਦ ਕੀਤਾ। ਬੋਲੀ ਗਿੱਪੀ ਗਰੇਵਾਲ ਦੀ ਫਿਲਮ 'ਮੰਜੇ ਬਿਸਤਰੇ-2' ਤੇ ਨਿਰਦੇਸ਼ਕ ਰਾਕੇਸ਼ ਮਹਿਤਾ ਦੀ ਫਿਲਮ 'ਯਾਰਾਂ ਵੇ' ਵਿਚ ਵੀ ਨਜ਼ਰ ਆਵੇਗਾ। ਇਸ ਫਿਲਮ 'ਚ ਉਸ ਨੇ ਆਪਣੇ ਪਹਿਲੇ ਕਿਰਦਾਰਾਂ ਤੋ ਹੱਟ ਕੇ ਮੁੱਖ ਭੂਮਿਕਾ ਨਿਭਾਈ ਹੈ। ਫਿਲਮ 'ਚ ਬੋਲੀ ਯੁਵਰਾਜ ਹੰਸ ਤੇ ਗਗਨ ਕੋਕਰੀ ਨਾਲ ਮੁੱਖ ਭੂਮਿਕਾ 'ਚ ਨਜ਼ਰ ਆਵੇਗਾ। ਤਿੰਨ ਦੋਸਤਾਂ ਦੀ ਕਹਾਣੀ 'ਤੇ ਆਧਾਰਿਤ ਇਹ ਫਿਲਮ ਭਾਰਤ ਅਤੇ ਪਾਕਿਸਤਾਨ ਦੀ ਵੰਡ ਤੋਂ ਪਹਿਲਾਂ ਦੀ ਕਹਾਣੀ ਹੈ। ਫਿਲਮ ਰਘਬੀਰ ਬੋਲੀ ਨੂੰ ਇੱਕ ਵੱਖਰੀ ਪਛਾਣ ਦੇਵੇਗੀ ਅਤੇ ਕਾਮੇਡੀ ਤੋਂ ਹੱਟ ਉਸ ਦੇ ਅੰਦਰਲੇ ਅਸਲ ਕਲਾਕਾਰ ਨੂੰ ਵੀ ਉਭਾਰੇਗੀ।

*-ਸਾਕਾ ਨੰਗਲ, ਫੋਨ: 91-70094-76970*

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ

# Golden State Realty

**Real Estate and Loans Under One Roof**

ਪਿਛਲੇ 32 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Selling Homes from Gilroy to Sacramento, CA**

**Call us before visiting new model homes to save big time.**

**Time to buy new home in Tracy, Manteca, Lothrop and Stockton**

## Lot For Sale

Ready to built lot for sale on Karina Ct., Hayward, CA. Gated community with great view. Asking Price: $459k



Jaswinder (Jassi) Gill
M.Sc (PAU)
CA BRE# 00966763
Broker/Owner/Notary

**Call for Listing Special 2019**

**Ph: 510-304-9292**
**408-666-8279**

E-mail: jassi@jassigill.com
or
Visit us @ www.jassigill.com
for hot listings

**Follow us on zillow.com and trulia.com**



Anmol Singh Gill
REALTOR
Bre. # 02062952

Pinnacle Award Winner
2014, 2015, 2016 & 2017
Grand Master Award Winner 2012, 2013 & 2018

Fremont Office:
86 Pilgrim Loop, Fremont CA 94539
Tel: 510-440-9292

## Recent Sales

1. 2270 Northington Dr., Tracy, CA 95377
2. 3086 Knickerson Dr., San Jose, CA 95148
3. 4378 Planet Cir., Union City, CA 94587
4. 2884 Milo Way San Ramon, CA 94583
5. 1651 Riverview Way Tracy, CA 95377
6. 32466 Woodland Dr. Union City, CA 94587
7. 7669 Cardigan Ct., Dublin, CA 94568
8. 3132 San Andreas Dr, Union City, CA 94587
9. 2696 Beachwood Street, Hayward, CA 94545
10. 2805 Danwood Ct., San Jose, CA 95148

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

# Purchase Loan and Refinance

15 & 30 Yr Fixed Rates Are Still Better!!!
5/1, 7/1 ARM are also attractive Refinance Now At Zero Cost

Call Sukhveer (Sukhi) Gill Ph: 510-207-9067
DHMS, Loan Broker
CA BRE Lic.#01180969
NMLS# 352095